Digitized by Arya Samaj Foundation Chennai and eGangotri

DONATION

# ਗੁਰਮੀਤ ਸਿਪਾਹੀ

ਦੀਵਾਨ ਸਿੰਘ

CC-0. In Public Domain. Gurukul Kangri Collection, Haridwar

Samaj Foundation Chen

# आत्मनि विजयाय

## वर्तमान शिक्षा

main. Gurukul Kangri C

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

NATION

Forwarded free of Cost, and with the
Compliments of Deptt. of Education
Govt. of India, New Delhi.

7821

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰਮਤਿ ਸਿਧਾਂਤ

DONATION

Forwarded by the Dept. of Cost, and with Compliments of Deptt. of Education Govt. of India, New Delhi.

7821

ਦੀਵਾਨ ਸਿੰਘ
ਪੀਐਚ. ਡੀ.
ਭਾਵਪੂਰਵ ਪ੍ਰੋਫੈਸਰ ਤੇ ਮੁੱਖੀ
ਪੰਜਾਬੀ ਅਧਿਐਨ ਸਕੂਲ ਅਤੇ ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ
ਲੁਧਿਆਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# GURMAT SIDHANT

*by Dr. Dewan Singh*

ਪਹਿਲੀ ਵਾਰ : 1988

ਮੁੱਲ : 65 ਰੁਪਏ

ਪ੍ਰਾਪਤੀ ਸਥਾਨ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ

42, ਗੁਰੂ ਤੇਗ਼ ਬਹਾਦਰ ਨਗਰ
ਅੰਮ੍ਰਿਤਸਰ-143002

345-ਏ ਮਾਡਲ ਟਾਊਨ, ਐਕਸ.
ਲੁਧਿਆਣਾ-2

ਛਾਪਕ

ਚੰਨ ਪ੍ਰਿੰਟਿੰਗ ਪ੍ਰੈਸ

ਗੁਰੂ ਨਾਨਕ ਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the Compliments of Deptt. of Education, Govt. of India, New Delhi.

ਤਰਤੀਬ

## ਭਾਗ ਪਹਿਲਾ


1. ਗੁਰਮਤਿ ਸਿਧਾਂਤ
2. ਸਿੱਖ ਧਰਮ ਅਤੇ ਪ੍ਰਚਾਰ 5
3. ਸਿੱਖ ਧਰਮ ਵਿਚ ਸੰਗਤ ਦਾ ਸੰਕਲਪ 24
4. ਸਿੱਖ ਧਰਮ ਵਿਚ ਗੁਰੂ ਦਾ ਸੰਕਲਪ 29
5. ਸਿੱਖ ਧਰਮ ਵਿਚ ਜੀਵਨ ਜਾਂਚ 35
6. ਗੁਰਮਤਿ ਵਿਚ ਮਾਇਆ ਦਾ ਸੰਕਲਪ 43
7. ਕੱਚੀ ਬਾਣੀ ਦਾ ਖੰਡਨ 49
8. ਅੰਮ੍ਰਿਤਸਰ ਦੇ ਬਾਨੀ : ਗੁਰੂ ਰਾਮਦਾਸ ਜੀ 59
9. ਸਿੱਖ ਧਰਮ ਵਿਚ ਇਸਤ੍ਰੀ ਦਾ ਸੰਕਲਪ 64
10. ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ 68
11. ਸਿੱਖ ਧਰਮ ਵਿਚ ਨਾਸ਼ਮਾਨਤਾ ਦਾ ਸੰਕਲਪ 74


## ਭਾਗ ਦੂਜਾ


1. ਗੁਰਬਾਣੀ ਅਧਿਆਪਨ ਦੀਆਂ ਸਮੱਸਿਆਵਾਂ 9
2. ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ 12
3. ਗੁਰੂ ਨਾਨਕ ਦਾ ਰਹੱਸਵਾਦ 21
4. ਗੁਰੂ ਨਾਨਕ ਦੀ ਕਵਿਤਾ ਵਿਚ ਚਿੰਨ੍ਹਵਾਦ 39
5. ਜਪੁਜੀ ਦਾ ਵਿਸ਼ਾ ਵਸਤੂ 44
6. ਜਪੁਜੀ ਦੀ ਸ਼ੈਲੀ 64
7. ਆਸਾ ਦੀ ਵਾਰ : ਸਾਹਿਤਕ ਅਧਿਐਨ 69
8. ਅਨੰਦ ਸਾਹਿਬ : ਵਿਸ਼ੇਗਤ ਅਧਿਐਨ 87
9. ਗੁਰੂ ਅਰਜਨ : ਕਾਵਿ ਮੁਲੰਕਣ 95
10. ਸੁਖਮਨੀ : ਇਕ ਸੰਖੇਪ ਅਧਿਐਨ 104
11. ਭਾਈ ਗੁਰਦਾਸ ਦੀ ਕਾਵਿ ਵਿਸ਼ੇਸ਼ਤਾ 111
12. ਭਾਈ ਗੁਰਦਾਸ ਤੇ ਗੁਰਮਤਿ 118
13. ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਬਾਣੀ 128


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰਮਤਿ ਸਿਧਾਂਤ

ਗੁਰਮਤਿ ਇਕ ਮੌਲਿਕ ਵਿਚਾਰਧਾਰਾ ਹੈ, ਸੁਤੰਤਰ ਤੇ ਵਿਹਾਰਕ। ਇਸ ਦਾ ਨਿੱਗਰ ਸਮਾਜਕ ਸੰਦਰਭ ਇਸ ਨੂੰ ਦਰਸ਼ਨ ਫਿਲਾਸਫੀ ਦੇ ਖਲਜਗਨ ਤੋਂ ਦੂਰ ਰੱਖਦਾ ਹੈ। ਅਸੀਂ ਇਸ ਨੂੰ ਗੁਰਮਤਿ ਸਿਧਾਂਤ ਦਾ ਨਾਂ ਦਿੱਤਾ ਹੈ ਕਿਉਂਕਿ ਇਸ ਵਿਚ ਰਹੱਸਵਾਦ ਦੇ ਨਾਲ ਵਿਚਾਰਸ਼ੀਲਤਾ ਨੂੰ ਵੀ ਮੁੱਖ ਰੱਖਿਆ ਹੈ।

ਸਿੱਖ ਧਰਮ ਹੋਰ ਪੁਰਾਤਨ ਧਰਮਾਂ ਦੇ ਮੁਕਾਬਲੇ ਵਿਚ ਬਹੁਤ ਨਵੀਨ ਤੇ ਆਧੁਨਿਕ ਹੈ। ਹੁਣ ਤੱਕ ਇਸ ਦੀ ਸਿਧਾਂਤਕ ਚਰਚਾ ਬਹੁਤ ਘੱਟ ਹੋਈ ਹੈ। ਗੁਰਬਾਣੀ ਦੇ ਗੋਝ ਵਿਚਾਰਾਂ ਤੇ ਸਿਧਾਤਾਂ ਦੀ ਵਿਆਖਿਆ ਗੁਰੂ ਸਾਹਿਬਾਨ ਦੇ ਸਮਕਾਲੀ ਮਹਾਨ ਕਵੀ ਭਾਈ ਗੁਰਦਾਸ ਨੇ ਕਾਵਿਕ ਢੰਗ ਨਾਲ ਕੀਤੀ ਜੋ ਬਹੁਤ ਸਾਰਥਕ ਤੇ ਉਪਯੋਗੀ ਹੈ। ਉਸ ਤੋਂ ਬਾਅਦ ਵੀਹਵੀਂ ਸਦੀ ਵਿਚ ਭਾਈ ਕਾਹਨ ਸਿੰਘ ਨਾਭਾ ਦੇ 'ਮਹਾਨ ਕੋਸ਼' ਵਿਚ ਭਾਸ਼ਕ ਆਧਾਰ ਤੇ ਕੀਤੀ ਸੰਖੇਪ ਵਿਆਖਿਆ ਮਿਲਦੀ ਹੈ। ਇਸ ਤੋਂ ਇਲਾਵਾ ਪ੍ਰਸਿੱਧ ਸਿੱਖ ਚਿੰਤਕ ਤੇ ਮਹਾਨ ਸਾਹਿੱਤਕਾਰ ਭਾਈ ਵੀਰ ਸਿੰਘ ਦੀਆਂ ਪੁਸਤਕਾਂ, ਵਿਸ਼ੇਸ਼ ਕਰਕੇ ਰਾਣਾ ਸੂਰਤ ਸਿੰਘ ਅਤੇ ਬਾਬਾ ਨੌਧ ਸਿੰਘ ਵਿਚ ਗੁਰਮਤਿ ਸਿਧਾਂਤ ਦੀ ਭਰਪੂਰ ਵਿਆਖਿਆ ਉਪਲਬਧ ਹੈ। ਕੁਝ ਹੋਰ ਵਿਦਵਾਨਾਂ ਨੇ ਵੀ ਇਸ ਪਾਸੇ ਵੱਲ ਜਤਨ ਕੀਤੇ ਹਨ ਜਿਵੇਂ ਡਾ. ਸ਼ੇਰ ਸਿੰਘ (ਅੰਗਰੇਜ਼ੀ ਵਿਚ, 'ਸਿੱਖ ਦਰਸ਼ਨ') ਡਾ. ਭਾਈ ਜੋਧ ਸਿੰਘ ('ਗੁਰਮਤਿ ਨਿਰਣਯ') ਡਾ. ਅਵਤਾਰ ਸਿੰਘ (ਅੰਗਰੇਜ਼ੀ ਵਿਚ, 'ਸਿੱਖ ਨੈਤਿਕਤਾ') ਡਾ. ਸੁਰਿੰਦਰ ਸਿੰਘ ਕੋਹਲੀ (ਅੰਗਰੇਜ਼ੀ ਵਿਚ, 'ਸਿੱਖ ਵਿਚਾਰਧਾਰਾ') ਡਾ. ਹਿਊ ਮੈਕਲੋਡ (ਅੰਗਰੇਜ਼ੀ ਵਿਚ 'ਗੁਰੂ ਨਾਨਕ ਅਤੇ ਸਿੱਖ ਧਰਮ') ਡਾ. ਪ੍ਰੇਮ ਪ੍ਰਕਾਸ਼ ਸਿੰਘ ('ਗੁਰੂ ਨਾਨਕ ਅਤੇ ਨਿਰਗੁਣ ਵਿਚਾਰਧਾਰਾ') ਡਾ. ਰਤਨ ਸਿੰਘ ਜੱਗੀ ('ਗੁਰੂ ਨਾਨਕ ਵਿਚਾਰਧਾਰਾ') ਡਾ. ਤਾਰਨ ਸਿੰਘ ('ਗੁਰੂ ਨਾਨਕ ਚਿੰਤਨ ਤੇ ਕਲਾ') ਸ. ਦਲਜੀਤ ਸਿੰਘ (ਅੰਗਰੇਜ਼ੀ ਵਿੱਚ 'ਸਿੱਖ ਵਿਚਾਰਧਾਰਾ') ਪ੍ਰੋ. ਹਰਬੰਸ ਸਿੰਘ (ਅੰਗਰੇਜ਼ੀ ਵਿਚ 'ਸਿੱਖ ਵਿਰਸਾ') ਡਾ. ਦੀਵਾਨ ਸਿੰਘ (ਅੰਗਰੇਜ਼ੀ ਵਿਚ, 'ਗੁਰੂ ਨਾਨਕ ਅਤੇ ਭਾਰਤੀ ਰਹੱਸਵਾਦੀ ਪਰੰਪਰਾ') ਆਦਿ। ਇਹ ਸਾਰੇ ਜਤਨ ਸਿੱਧ ਕਰਦੇ ਹਨ ਕਿ ਗੁਰਮਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਧਾਂਤ ਇਕ ਸਾਰਥਕ ਵਿਸ਼ਾ ਹੈ। ਇਸ ਹਥਲੇ ਲੇਖ ਵਿਚ ਸੰਖੇਪ ਢੰਗ ਨਾਲ ਸਿੱਖ ਸਿਧਾਂਤ ਸਥਾਪਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਜਿਵੇਂ ਉਪਰ ਕਿਹਾ ਹੈ, ਗੁਰਮਤਿ ਸਿਧਾਂਤ ਵਿਚ ਸ਼ਾਸਤਰਵਾਦ ਦੀ ਅਣਹੋਂਦ ਹੈ। ਸੰਸਾਰ ਕਦੋਂ ਤੇ ਕਿਵੇਂ ਰਚਿਆ ਗਿਆ ? ਇਸ ਦੇ ਰਚਨਾ-ਤੱਤ ਕਿਹੜੇ ਹਨ ? ਇਸ ਦਾ ਰਚਣਹਾਰ ਕੌਣ ਹੈ ? ਸੰਸਾਰ ਦੇ ਕਰਤਾ (ਰੱਬ) ਦਾ ਸਰੂਪ ਕੀ ਹੈ ? ਕੀ ਕੋਈ ਉਸ ਦਾ ਪ੍ਰਤੀ-ਰੂਪ ਵੀ ਹੈ ਜਿਵੇਂ ਸ਼ੈਤਾਨ ਜਾਂ ਮਾਇਆ ਦਾ ਸੰਕਲਪ ? ਪਹਿਲਾ ਮਨੁੱਖ ਤੇ ਇਸਤ੍ਰੀ ਕਿਵੇਂ ਪੈਦਾ ਹੋਏ ? ਮਨੁੱਖੀ ਜੀਵਨ ਦਾ ਮੰਤਵ ਕੀ ਹੈ ? ਜੀਵਨ ਕੀ ਹੈ, ਮੌਤ ਕੀ ਹੈ ? ਮੌਤ ਤੋਂ ਬਾਅਦ ਕੀ ਵਾਪਰਦਾ ਹੈ ? ਆਵਾਗਾਉਣ ਕੀ ਹੈ ? ਪੁੰਨ ਪਾਪ ਕੀ ਹੈ, ਕਰਮ ਕੀ ਹੈ, ਧਰਮ ਕੀ ਹੈ, ਮੁਕਤੀ ਕੀ ਹੈ ? ਇਤਿ ਆਦਿ ਕਿੰਨੇ ਹੀ ਪ੍ਰਸ਼ਨ ਪੁਰਾਤਨ ਧਰਮਾਂ ਨੇ ਉਠਾਏ ਅਤੇ ਇਨ੍ਹਾਂ ਦੇ ਵਿਸਤ੍ਰਿਤ ਉੱਤਰ ਦਿੱਤੇ। ਸਿੱਖ ਧਰਮ ਵਿਚ ਇਨ੍ਹਾਂ ਪ੍ਰਸ਼ਨਾਂ ਬਾਰੇ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਕੁਝ ਮੌਲਿਕ ਵਿਚਾਰ ਪ੍ਰਗਟ ਕੀਤੇ ਹਨ ਜਿਨ੍ਹਾਂ ਨੂੰ ਦਰਸ਼ਨ ਦੇ ਘੇਰੇ ਵਿਚ ਲਿਆਉਣਾ ਗਲਤੀ ਹੋਵੇਗੀ। ਉਹ ਵਿਚਾਰ ਅਸਲ ਵਿਚ ਰਹੱਸਵਾਦੀ ਅਨੁਭਵ ਦਾ ਪ੍ਰਗਟਾ ਹਨ, ਕਾਵਿਕ ਸੰਕੇਤਾਂ ਰਾਹੀਂ ਪ੍ਰਗਟ ਕੀਤੇ ਹੋਏ ਵਿਚਾਰ।

ਪੁਰਾਤਨ ਧਰਮ ਦੋ ਵਰਗਾਂ ਵਿਚ ਵੰਡੇ ਗਏ ਹਨ, ਆਰੀਆ ਤੇ ਸਾਮੀ। ਆਰੀਆ ਧਰਮਾਂ ਵਿਚ ਵਿਸ਼ੇਸ਼ ਹਨ ਹਿੰਦੂ ਧਰਮ, ਬੁਧ ਧਰਮ, ਜੈਨ ਧਰਮ ਆਦਿ। ਸਾਮੀ ਧਰਮਾਂ ਵਿਚ ਯਹੂਦੀ ਧਰਮ, ਜ਼ਰਤੁਸ਼ਤੀ (ਪਾਰਸੀ) ਧਰਮ, ਈਸਾਈ ਧਰਮ ਤੇ ਇਸਲਾਮ। ਹਿੰਦੂ ਧਰਮ ਸ਼ਾਇਦ ਸਭ ਤੋਂ ਪੁਰਾਤਨ ਹੈ ਜਿਸ ਦੀ ਪਹਿਲੀ ਰਚਨਾ 'ਰਿਗਵੇਦ' ਮੰਨੀ ਜਾਂਦੀ ਹੈ। ਸੰਸਾਰ ਦੀ ਰਚਨਾ, ਸੰਸਾਰ ਦੇ ਕਰਤਾ (ਬ੍ਰਹਮ), ਅਨਾਦੀ ਮਾਇਆ, ਕਰਮ ਧਰਮ, ਪੁੰਨ ਪਾਪ, ਆਵਾਗਉਣ, ਅਵਤਾਰਵਾਦ ਆਦਿ ਬਾਰੇ ਬਹੁਤ ਵਿਸਥਾਰ ਨਾਲ ਵੇਦਾਂ ਸ਼ਾਸਤ੍ਰਾਂ, ਸਿਮਰਤੀਆਂ, ਪੁਰਾਣਾਂ ਵਿਚ ਬਹੁਤ ਕੁਝ ਲਿਖਿਆ ਮਿਲਦਾ ਹੈ। ਹਿੰਦੂ ਧਰਮ ਦੇ ਛੇ ਪ੍ਰਸਿੱਧ ਦਰਸ਼ਨ ਜਾਂ ਵਿਚਾਰ ਸ਼ਾਸਤਰ ਹਨ, ਉਨ੍ਹਾਂ ਦਾ ਬਹੁਤ ਕੁਝ ਵਿਸਤਾਰ ਧਾਰਮਕ ਗ੍ਰੰਥਾਂ ਵਿਚ ਵਿਆਖਿਆ ਦੇ ਰੂਪ ਵਿਚ ਮਿਲਦਾ ਹੈ। ਗੁਰੂ ਸਾਹਿਬਾਨ ਨੇ ਇਨ੍ਹਾਂ ਵਿਚਾਰਾਂ ਬਾਰੇ ਆਪਣਾ ਮੌਲਿਕ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ, ਬਹੁਤ ਕੁਝ ਰੱਦ ਕੀਤਾ ਹੈ, ਬਹੁਤ ਥੋੜਾ ਆਪਣੇ ਆਸ਼ੇ ਅਨੁਕੂਲ ਸਵੀਕਾਰ ਕੀਤਾ ਹੈ।

ਸਾਮੀ (ਸੈਮਿਟਿਕ) ਧਰਮਾਂ ਦੇ ਆਪਣੇ ਵੱਖਰੇ ਕਿਸਮ ਦੇ ਵਿਚਾਰ ਤੇ ਸਿਧਾਂਤ ਹਨ। ਜ਼ਰਤੁਸ਼ਤ ਨੇ ਦੋ ਰੱਬ ਮੰਨੇ ਹਨ ਤੇ ਅੱਗ ਦੀ ਪੂਜਾ ਉਤੇ ਜ਼ੋਰ ਦਿੱਤਾ ਹੈ। ਯਹੂਦੀਆਂ ਨੇ ਬੁੱਧ ਧਰਮ ਵਾਂਗ ਸਮਾਜ-ਤਿਆਗ ਅਤੇ ਮੱਠਵਾਦ ਨੂੰ ਧਾਰਮਕ ਸਿੱਧੀ ਲਈ ਜ਼ਰੂਰੀ ਮੰਨਿਆ ਹੈ, ਰੱਬ ਦੀ ਹੋਂਦ ਤਾਂ ਮੰਨੀ ਹੈ ਪਰ ਉਸ ਨੂੰ ਸੰਸਾਰ ਤੋਂ ਪਰੇ ਅਸਮਾਨਾਂ ਵਿਚ ਰਹਿਣ ਵਾਲਾ ਮੰਨਿਆ ਹੈ। ਈਸਾਈ ਧਰਮ ਅਤੇ ਇਸਲਾਮ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਦੀ ਰਚਨਾ ਬਾਰੇ ਨਿਸ਼ਚਿਤ ਸਿਧਾਂਤ ਪੇਸ਼ ਕੀਤੇ ਗਏ ਹਨ। ਅੰਗਰੇਜ਼ੀ ਕਵੀ ਮਿਲਟਨ ਦੀਆਂ ਪੁਸਤਕਾਂ (ਅੰਗਰੇਜ਼ੀ ਵਿਚ 'ਗੁਆਚਾ ਸੁਰਗ' ਤੇ 'ਮੁੜ-ਲਭਿਆ ਸੁਰਗ') ਵਿਚ ਸੰਸਾਰ ਦੀ ਘਾੜਤ ਇਕ ਹਫਤੇ ਵਿਚ ਕੀਤੀ ਦੱਸੀ ਗਈ ਹੈ ਅਰਥਾਤ ਛੇ ਦਿਨਾਂ ਵਿਚ ਰੱਬ ਨੇ ਦੁਨੀਆਂ ਬਣਾਈ ਤੇ ਸਤਵੇਂ ਦਿਨ ਆਰਾਮ ਕੀਤਾ। ਇਸ ਤੋਂ ਇਲਾਵਾ ਰੱਬ ਦੇ ਵਿਰੁੱਧ ਸ਼ੈਤਾਨ (ਅਜ਼ਾਜ਼ੀਲ ਫਰਿਸ਼ਤੇ) ਦੀ ਬਗਾਵਤ, ਆਦਮ ਦਾ ਸੁਰਗ ਵਿਚੋਂ ਪਹਿਲੀ ਔਰਤ (ਹੱਵਾ) ਦੀ ਭੈੜੀ ਸਿਖਿਆ ਕਾਰਨ ਕੱਢੇ ਜਾਣਾ ਆਦਿ ਕਲਪਿਤ ਜਾਪਦੀਆਂ ਘਟਨਾਵਾਂ ਨੂੰ ਧਾਰਮਕ ਵਿਸ਼ਵਾਸ ਦੇ ਸੱਚੇ ਵਿਚ ਢਾਲ ਕੇ ਪੇਸ਼ ਕੀਤਾ ਹੈ। ਮਿਲਟਨ ਤੋਂ ਪਹਿਲਾਂ, ਸੁਰਗ, ਨਰਕ ਆਦਿ ਦੈਵੀ ਖੇਤਰਾਂ ਦਾ ਉਲੇਖ ਇਟਲੀ ਦੇ ਪ੍ਰਸਿੱਧ ਕਵੀ ਦਾਤੇ ਨੇ 'ਦੈਵੀ ਸੁਖਾਂਤ' ਨਾਮੀ ਮਹਾਂਕਾਵਿ ਵਿਚ ਕੀਤਾ ਸੀ। ਉਹ ਵੀ ਬਹੁਤ ਕੁਝ ਕਾਵਿ-ਕਲਪਨਾ ਉਤੇ ਆਧਾਰਿਤ ਹੈ। ਇਸਲਾਮ ਦੇ ਧਾਰਮਕ ਗ੍ਰੰਥ 'ਕੁਰਆਨ' ਵਿਚ ਵੀ ਸ੍ਰਿਸ਼ਟੀ ਰਚਨਾ ਬਾਰੇ ਲਗਪਗ ਈਸਾਈ ਧਰਮ ਨਾਲ ਮਿਲਦੇ ਜੁਲਦੇ ਵਿਚਾਰ ਤੇ ਬਿਰਤਾਂਤ ਲਿਖੇ ਹਨ। ਇਸਲਾਮ ਵਿਚ ਭਾਵੇਂ ਇਕ-ਰੱਬ ਦੀ ਮਾਨਤਾ ਉਤੇ ਸਖਤੀ ਨਾਲ ਪਾਬੰਦ ਕੀਤਾ ਗਿਆ ਹੈ ਪਰੰਤੂ ਰੱਬ ਨੂੰ ਹਰ ਥਾਂ ਮੌਜੂਦ ਹੁੰਦੇ ਹੋਏ ਵੀ ਸਤਵੇਂ ਅਸਮਾਨ (ਅਰਸ਼ਿ ਮੁਅੱਲਾ) ਦਾ ਵਾਸੀ ਮੰਨਿਆ ਹੈ। ਇਸਲਾਮ ਵਿਚ ਸੱਤ ਅਸਮਾਨ ਤੇ ਸੱਤ ਪਾਤਾਲ ਮੰਨੇ ਗਏ ਹਨ। ਈਸਾਈ ਧਰਮ ਵਿਚ ਸੰਸਾਰ ਦਾ ਗੋਲ ਹੋਣਾ ਮੰਨਣ ਦੀ ਥਾਂ ਚਪਟਾ ਰੂਪ ਮੰਨਿਆ ਹੈ ਤੇ ਇਸ ਦਾ ਸਾਰਾ ਆਕਾਰ ਵੀ ਨਿਸਚਿਤ ਕੀਤਾ ਹੈ ਜੋ ਨਵੀਂ ਵਿਗਿਆਨਕ ਰੌਸ਼ਨੀ ਵਿਚ ਮੰਨਣਯੋਗ ਨਹੀਂ ਰਿਹਾ।

ਇਸਲਾਮ ਵਿਚ 'ਸਬਿਮਿਅਰਾਜ' ਅਰਥ ਮੁਹੰਮਦ ਸਾਹਿਬ ਦਾ ਜਬਰਈਲ ਫਰਿਸ਼ਤੇ ਦੀ ਅਗਵਾਈ ਵਿਚ ਅਸਮਾਨਾਂ ਉਤੇ ਇਕ ਰਾਤ ਦੇ ਸਮੇਂ ਉੱਡ ਕੇ ਜਾਣਾ ਅਤੇ ਸਤਵੇਂ ਅਸਮਾਨ (ਅਰਸ਼) ਉਤੇ ਰੱਬ ਦਾ ਦੀਦਾਰ ਕਰਨਾ ਤੇ ਫਿਰ ਅੱਧ ਘੰਟੇ ਵਿਚ ਵੀ ਵਾਪਸ ਆ ਜਾਣਾ ਮੰਨਿਆ ਹੈ। ਫਿਰ ਸਾਮੀ ਧਰਮਾਂ ਵਿਚ ਹੋਰ ਕਈ ਨਿਸ਼ਚਿਤ ਵਿਸ਼ਵਾਸ ਹਨ ਜਿਵੇਂ ਕਿਆਮਤ (ਹਸ਼ਰ) ਦਾ ਦਿਨ ਜਦ ਸਾਰੇ ਮੁਰਦੇ ਕਬਰਾਂ ਵਿਚੋਂ ਉੱਠ ਖਲੋਣਗੇ ਤੇ ਉਨ੍ਹਾਂ ਪਾਸੋਂ ਹਿਸਾਬ ਮੰਗਿਆ ਜਾਏਗਾ। ਬੜੀ ਪ੍ਰੇਸ਼ਾਨੀ ਤੇ ਘਬਰਾਹਟ ਹੋਵੇਗੀ, ਕੋਈ ਕਿਸੇ ਨੂੰ ਨਹੀਂ ਪੁੱਛੇਗਾ। ਫਿਰ ਮੁਹੰਮਦ ਸਾਹਿਬ ਜਿਨ੍ਹਾਂ ਦੀ ਸਿਫਾਰਸ਼ ਕਰਨਗੇ, ਉਹ ਖਿਮਾ ਕਰ ਦਿੱਤੇ ਜਾਣਗੇ। ਉਰਦੂ ਦੇ ਮਹਾਨ ਕਵੀ ਇਕਬਾਲ ਦਾ ਸਿਅਰ ਹੈ :

ਰੋਜ਼ਿ ਹਿਸਾਬ ਜਬ ਮੇਰਾ ਪੇਸ਼ ਹੋ ਦਫਤਰਿ ਅਮਲ
ਤੂ ਖੁਦ ਭੀ ਸ਼ਰਮਸਾਰ ਹੋ ਮੁਝੇ ਭੀ ਸ਼ਰਮਸਾਰ ਕਰ।

ਅਰਥਾਤ ਰੱਬ ਨੂੰ ਕਿਹਾ ਹੈ ਕਿ ਕਿਆਮਤ ਦੇ ਦਿਨ ਮੇਰੇ ਗੁਨਾਹਾਂ ਦੀ ਤੈਨੂੰ ਵੀ ਕੁਝ ਸ਼ਰਮ ਜ਼ਰੂਰ ਮਹਿਸੂਸ ਹੋਵੇਗੀ। ਏਸੇ ਤਰ੍ਹਾਂ ਪ੍ਰਸਿੱਧ ਕਵੀ ਮੀਰ ਕਹਿੰਦਾ ਹੈ :

ਫਿਰਤੇਂ ਹੈਂ ਦਾਦਖਾਹ ਤੇਰੇ ਹਸ਼ਰ ਮੇਂ ਖਰਾਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਵੀ ਨੇ ਮੁਹੰਮਦ ਸਾਹਿਬ ਬਾਰੇ ਕਿਹਾ ਹੈ ਕਿ ਜੇ ਉਹ ਉਸ ਦਿਨ ਨ ਪੁੱਛਣ ਤਾਂ ਕੋਈ ਪੁੱਛਣ ਤੇ ਬਚਾਣ ਵਾਲਾ ਨਹੀਂ ।

ਸਰ ਮੁਹੰਮਦ ਇਕਬਾਲ ਨੇ ਆਪਣੇ ਮਹਾਂਕਾਵਿ 'ਜਾਵੈਦਨਾਮਾ' ਵਿਚ ਮੁਹੰਮਦ ਸਾਹਿਬ ਦੇ ਆਸਮਾਨਾਂ ਤੇ ਜਾਣ ਦਾ ਹਾਲ ਵੇਰਵੇ ਸਾਹਿਤ ਲਿਖਿਆ । ਭਾਈ ਵੀਰ ਸਿੰਘ ਨੇ ਵੀ ਕਾਵਿ-ਕਲਪਨਾ ਦੇ ਜ਼ੋਰ ਤੇ ਉਡਾਰੀ ਲਾ ਕੇ 'ਸੱਚ ਖੰਡ' ਦਾ ਚਿੱਤਰ ਪੇਸ਼ ਕੀਤਾ ਅਤੇ ਰਾਣਾ ਸੂਰਤ ਸਿੰਘ ਨੂੰ ਸੱਚਖੰਡ ਵਿਚ ਪਰਵੇਸ਼ ਕਰਦਾ ਦਿਖਾਇਆ ਹੈ । ਪਰੰਤੂ ਕਵੀਆਂ ਦੇ ਇਹ ਸਾਰੇ ਕਾਵਿਕ-ਜਤਨ ਧਾਰਮਕ ਅਕੀਦਿਆਂ ਨੂੰ ਖੁਲ੍ਹੇ ਤੇ ਰੋਚਕ ਰੂਪ ਵਿਚ ਪੇਸ਼ ਕਰਨ ਦੀਆਂ ਦਿਮਾਗੀ ਕਾਢਾਂ ਹਨ ।

ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂ ਸਾਹਿਬਾਨ ਨੇ ਰੱਬ, ਸੰਸਾਰ ਤੇ ਮਨੁੱਖ ਦੀ ਹੋਂਦ ਆਦਿ ਨਾਲ ਸੰਬੰਧਤ ਸਿਧਾਂਤ ਨਿਸਚਿਤ ਦੀ ਥਾਂ ਅਨਿਸ਼ਚਿਤ ਰੂਪ ਵਿਚ ਪੇਸ਼ ਕੀਤੇ ਹਨ । ਉਦਾਹਰਣ ਵਜੋਂ :--

(ੳ) ਗੁਰੂ ਨਾਨਕ ਸਾਹਿਬਾਨ ਨੇ ਆਕਾਸ਼ ਤੇ ਪਾਤਾਲ ਚੌਦਾਂ ਦੀ ਥਾਂ ਬੇਸ਼ੁਮਾਰ ਮੰਨੇ ਹਨ :

ਪਾਤਾਲਾ ਪਾਤਾਲ ਲਖ ਆਗਾਸਾ ਅਗਾਸ ॥ (ਜਪੁਜੀ, 22)

(ਅ) ਸ੍ਰਿਸ਼ਟੀ ਦੀ ਸਾਜਨਾ ਬਾਰੇ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਜਦ ਕਰਤਾ ਨੇ ਸ੍ਰਿਸ਼ਟੀ ਸਾਜੀ, ਕਿਸੇ ਨੂੰ ਪਤਾ ਨਹੀਂ ਹੋ ਸਕਦਾ :

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੇ ਸੋਈ ॥ (ਜਪੁਜੀ, 21)

(ੲ) ਹਿੰਦੂ ਧਰਮ ਦਾ ਵਿਸ਼ਵਾਸ ਹੈ ਕਿ ਦੁਨੀਆਂ ਇਕ ਬਲਦ (ਧੌਲ) ਦੇ ਸਿੰਗਾਂ ਤੇ ਖਲੋਤੀ ਹੈ । ਗੁਰੂ ਸਾਹਿਬ ਕਹਿੰਦੇ ਹਨ ਇਹ ਮਿਥਿਹਾਸਕ ਧੌਲ ਅਸਲ ਵਿਚ 'ਧਰਮ' ਹੈ ਜਿਸ ਦੇ ਸਹਾਰੇ ਦੁਨੀਆਂ ਕਾਇਮ ਹੈ । ਇਹ ਧਰਮ ਦਇਆ ਦਾ ਪੁੱਤਰ ਹੈ ਤੇ ਸੰਤੋਖ ਦੇ ਰੱਸੇ ਨਾਲ ਬੱਧਾ ਹੈ :

ਧੌਲ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ (ਜਪੁਜੀ, 16)

(ਸ) ਗੁਰਮਤਿ ਦਾ ਵਿਸ਼ਵਾਸ ਸੰਸਾਰ ਦੀ ਉਤਪਤੀ ਬਾਰੇ ਇਹ ਹੈ ਕਿ ਸੱਚੇ ਰੱਬ ਨੇ ਪਹਿਲਾਂ ਪਉਣ ਪੈਦਾ ਕੀਤੀ, ਪਉਣ (ਹਵਾ) ਤੋਂ ਜਲ (ਪਾਣੀ) ਪੈਦਾ ਹੋਇਆ, ਫਿਰ ਇਹ ਸੰਸਾਰ ਬਣਿਆ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ (19)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਬੀਰ ਸਾਹਿਬ ਦਾ ਵਿਚਾਰ ਇਹ ਹੈ ਕਿ ਪਹਿਲਾਂ ਰੱਬ ਨੇ ਨੂਰ (ਰੌਸ਼ਨੀ) ਪੈਦਾ ਕੀਤੀ, ਫਿਰ ਇਹ ਸ੍ਰਿਸ਼ਟੀ ਸਾਜੀ ।

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (1346)

ਇਹ ਵਿਚਾਰ ਈਸਾਈ ਮੱਤ ਤੇ ਇਸਲਾਮ ਦੇ ਰੌਸ਼ਨੀ ਦੇ ਸਿਧਾਂਤ ਨਾਲ ਮਿਲਦਾ ਹੈ । ਅਰਬੀ ਸ਼ਬਦ ਇਸ ਲਈ 'ਤਜੱਲੀ' ਹੈ ।

(ਹ) ਗੁਰੂ ਨਾਨਕ ਸਾਹਿਬ ਨੇ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਹਾਲਤ ਦੱਸਦੇ ਹੋਏ ਫ਼ਰਮਾਇਆ ਹੈ ਕਿ ਲੱਖਾਂ ਕਰੋੜਾਂ ਸਾਲਾਂ ਤਕ ਬ੍ਰਹਿਮੰਡ ਵਿਚ 'ਧੁੰਧੂਕਾਰ' ਰਿਹਾ । ਓਦੋਂ ਨਾ ਧਰਤੀ ਸੀ ਨਾ ਆਕਾਸ਼, ਨਾ ਦਿਨ, ਨਾ ਰਾਤ, ਨਾ ਚੰਦ, ਨਾ ਸੂਰਜ, ਕੁਝ ਵੀ ਨਹੀਂ ਸੀ, ਕੇਵਲ ਧੁੰਧ ਤੇ ਗ਼ੁਬਾਰ ਹੀ ਸੀ, ਉਦੋਂ ਨਿਰਗੁਣ ਬ੍ਰਹਮ ਸੁੰਨ ਸਮਾਧ ਅਵਸਥਾ ਵਿਚ ਸੀ, ਕੇਵਲ ਆਪੇ ਆਪ ਮੌਜੂਦ ਸੀ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਆਪਾਰਾ ॥
ਨਾ ਦਿਨੁ ਰੈਨਿ ਨਾ ਚੰਦੁ ਨਾ ਸੂਰਜੁ ਸੁੰਨ ਸਮਾਧਿ ਲਗਾਇਦਾ ॥ (1035)

(ਕ) ਗੁਰੂ ਸਾਹਿਬ ਦਾ ਵਿਚਾਰ ਹੈ ਕਿ ਪਹਿਲਾਂ ਰੱਬ ਨੇ ਆਪਣੇ ਆਪ ਨੂੰ ਪੈਦਾ ਕੀਤਾ, ਫਿਰ 'ਨਾਮ' ਦੀ ਰਚਨਾ ਕਰਕੇ ਦੂਜੈਗੀ ਪੈਦਾ ਕਰਨ ਵਾਲੀ ਕੁਦਰਤ (ਸ੍ਰਿਸ਼ਟੀ) ਸਾਜੀ ਅਤੇ ਇਸ ਤਰ੍ਹਾਂ ਉਸ ਨੇ ਸੰਸਾਰ ਨੂੰ ਆਪਣਾ ਆਸਣ ਬਣਾ ਕੇ ਆਪਣੀ ਖੁਸ਼ੀ ਪ੍ਰਗਟ ਕੀਤੀ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਆਸਾ ਦੀ ਵਾਰ)

ਗੁਰੂ ਅਰਜਨ ਦੇਵ ਨੇ ਲਿਖਿਆ ਹੈ ਕਿ ਨਾਮ ਤੋਂ ਹੀ ਖੰਡ ਬ੍ਰਹਮੰਡ ਤੇ ਹੋਰ ਸਭ ਕੁਝ ਪੈਦਾ ਕੀਤਾ ਗਿਆ ਹੈ :

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥...
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥ (ਸੁਖਮਨੀ, 16)

ਰੱਬ ਨੇ ਆਪਣੇ ਆਪ ਨੂੰ ਕਿਵੇਂ ਸਾਜਿਆ । ਫਿਰ 'ਨਾਮ' ਕਿਵੇਂ ਪੈਦਾ ਕਰਕੇ ਕੁਦਰਤ ਸਾਜੀ, ਇਸ ਬਾਰੇ ਗੁਰੂ ਸਾਹਿਬ ਨੇ ਕੁਝ ਨਹੀਂ ਕਿਹਾ ਕਿਉਂਕਿ ਇਹ ਰੱਬੀ ਭੇਤ ਦੀਆਂ ਗੱਲਾਂ ਰੱਬ ਆਪ ਹੀ ਜਾਣਦਾ ਹੈ, ਮਨੁੱਖ ਕੀ ਕਹਿ ਸਕਦਾ ਹੈ ? ਗੁਰੂ ਨਾਨਕ ਸਾਹਿਬ ਦਾ ਕਥਨ ਹੈ ਕਿ ਅਜਿਹੇ ਭੇਤਾਂ ਬਾਰੇ ਜੇ ਉਹ ਜਾਣਦੇ ਵੀ ਹੋਣ ਤਾਂ ਵੀ ਨਹੀਂ ਕਹਿਣਗੇ, ਕਿਉਂਕਿ ਮਨੁੱਖੀ ਬੋਲੀ ਇਸ ਲਈ ਅਸਮਰੱਥ ਹੈ :

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ (ਜਪੁਜੀ, 5)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਿੱਖ ਧਰਮ ਅਤੇ ਪ੍ਰਚਾਰ

ਪ੍ਰਚਾਰ ਇਕ ਸਮਾਜਕ[1] ਲੋੜ ਹੈ। ਇਹ ਧਾਰਮਕ ਵੀ ਹੋ ਸਕਦਾ ਹੈ, ਸਦਾਚਾਰਕ ਵੀ ਤੇ ਰਾਜਸੀ ਵੀ। ਜੋ ਧਰਮ ਤੇ ਸਰਦਾਰ ਦਾ ਪ੍ਰਚਾਰ ਹੋਵੇ ਤਾਂ ਇਸਨੂੰ 'ਉਪਦੇਸ਼' ਕਹਿੰਦੇ ਹਨ, ਜੇ ਰਾਜਸੀ ਹੋਵੇ ਤਾਂ 'ਪ੍ਰਾਪੇਗੰਡਾ' ਦੂਜਿਆਂ ਨਾਲ ਆਪਣੇ ਵਿਚਾਰ, ਆਪਣੇ ਅਨੁਭਵ ਤੇ ਆਪਣੇ ਦ੍ਰਿਸ਼ਟੀਕੋਨ ਨੂੰ ਸਾਂਝਾ ਕਰਨਾ ਪ੍ਰਚਾਰ ਹੈ। ਇਕ ਵਿਅਕਤੀ ਦਾ ਦੂਜਿਆਂ ਨੂੰ ਪ੍ਰਭਾਵਿਤ ਕਰਨਾ, ਦੂਜਿਆਂ ਨੂੰ ਪ੍ਰੇਰਿਤ ਕਰਨਾ ਜਾਂ ਦੂਜਿਆਂ ਨੂੰ ਉਤੇਜਿਤ ਕਰਨਾ, ਇਹ ਸਭ ਪ੍ਰਚਾਰ ਹੈ।

ਸੋ ਪ੍ਰਚਾਰ ਹੈ ਦੂਜਿਆਂ ਦਾ ਹਿੱਤ, ਦੂਜਿਆਂ ਦੀ ਕਲਿਆਨ, ਦੂਜਿਆਂ ਦੀ ਹਮਦਰਦੀ, ਇਕ ਵਿਅਕਤੀ ਦਾ ਆਪਣੇ ਸੀਮਤ ਆਪੇ ਵਿਚ ਬਾਹਰ ਨਿਕਲਣਾ, ਇਕ ਤੋਂ ਅਨੇਕਤਾ ਦੀ ਚਾਹ। ਇਸ ਤਰ੍ਹਾਂ ਪ੍ਰਚਾਰ ਮਨੁੱਖਤਾ ਦੀ ਸੇਵਾ ਹੈ, 'ਸਰਬਤ ਦਾ ਭਲਾ' ਹੈ। ਦੂਜਿਆਂ ਦਾ ਭਲਾ ਸੋਚਣਾ, ਨਿੰਮ੍ਰਤਾ-ਭਰੀ ਮਿੱਠੀ ਬੋਲੀ ਵਿਚ ਦੂਜਿਆਂ ਨੂੰ ਪ੍ਰੇਰਨਾ, ਦੂਜਿਆਂ ਲਈ ਨਿਸ਼ਕਾਮ ਕੰਮ ਕਰਨਾ, ਇਹ ਤਿੰਨੇ ਮਨੁੱਖੀ ਕਾਰਜ ਪ੍ਰਚਾਰ ਦੇ ਸੂਚਕ ਹਨ।

ਪ੍ਰਚਾਰ ਇਕ ਅਵੱਸ਼ਕਤਾ ਹੈ, ਇਹ ਕੋਈ ਨਿੰਦਨੀਅ ਰੁਚੀ ਨਹੀਂ; ਸਗੋਂ ਇੱਕ ਸ਼ੁਭ ਗੁਣ ਤੇ ਸ਼ੁਭ ਕਰਮ ਹੈ, ਪਰ ਸ਼ਾਂਤੀ ਭਰੀ ਪ੍ਰੇਰਨਾ ਤੇ ਸਦਭਾਵਨਾ ਹਰ ਪ੍ਰਕਾਰ ਦੇ ਪ੍ਰਚਾਰ ਦੀਆਂ ਆਤਮਾ ਹਨ। ਜ਼ੋਰ ਤੇ ਹਿੰਸਾ ਪ੍ਰਚਾਰ ਦੇ ਨਾਸਕ ਹਨ। ਸੰਗਠਨ (Organisation) ਪ੍ਰਚਾਰ ਲਈ ਹਾਨੀਕਾਰਕ ਨਹੀਂ ਸਗੋਂ ਉਚਿਤ ਹੈ, ਪ੍ਰੰਤੂ ਸੰਗਠਿਤ ਹਿੱਸਾ ਕਦੀ ਵੀ (ਸਿਵਾਏ ਸਵੈ-ਰੱਖਿਆ ਦੇ) ਉਚਿਤ ਨਹੀਂ। ਪ੍ਰਚਾਰ ਦਾ ਮੂਲ, ਅਵੱਸ਼, ਸ਼ਾਂਤੀ ਤੇ ਅਮਨ ਦਾ ਵਰਤਾਰਾ ਹੈ। ਜਾਂ ਹੋਰ ਵੱਡੇ ਦੈਵੀ ਗੁਣਾਂ ਦੀ ਹੋਂਦ ਜਿਵੇਂ ਦਇਆ, ਸੰਤੋਖ, ਨਿਆਂ, ਸੁਚ, ਸੰਜਮ, ਖਿਮਾਂ ਆਦਿ। ਧਰਮ-ਪ੍ਰਚਾਰ ਹੋ ਵੀ ਵਧੇਰੇ ਇਨ੍ਹਾਂ ਗੁਣਾਂ ਦੇ ਵਰਤਾਰੇ ਦੀ ਮੰਗ ਕਰਦਾ ਹੈ। ਰਾਜਸੀ-ਪ੍ਰਚਾਰ ਦਾ ਖੇਤਰ, ਧਰਮ ਪ੍ਰਚਾਰ ਤੋਂ ਬਹੁਤ ਦੂਰੇਡਾ ਹੈ। ਉਸ ਵਿਚ ਹਿੰਸਾ ਤੇ ਜ਼ੋਰ ਦਾ ਮੁੱਖ ਰਖੇ ਜਾਣਾ ਕੋਈ ਵੱਡੀ ਗੱਲ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਚਾਰ ਵਿਅਕਤੀਗਤ ਸਚਾਈ ਦੀ ਮੰਗ ਕਰਦਾ ਹੈ। ਕੇਵਲ ਉਹ ਵਿਅਕਤੀ, ਜਿਸਦਾ ਨਿਜੀ ਵਿਕਾਸ ਹੋ ਚੁਕਿਆ ਹੈ, ਜਿਸਦਾ ਜੀਵਨ-ਅਨੁਭਵ ਡੂੰਘਾ ਤੇ ਸਾਰਥਕ ਹੈ, ਪ੍ਰਚਾਰ ਕਰਨ ਦਾ ਅਧਿਕਾਰੀ ਹੈ। ਹਰ ਵਿਅਕਤੀ ਨੂੰ ਇਹ ਹੱਕ ਨਹੀਂ ਮਿਲ ਸਕਦਾ। ਜੋ ਆਪ ਅਗਿਆਤ ਹੈ, ਉਹ ਦੂਜਿਆਂ ਨੂੰ ਕੀ ਦੱਸੇਗਾ? ਜੋ ਆਪ ਅਨੁਭਵੀ ਨਹੀਂ, ਉਹ ਦੂਜਿਆਂ ਨੂੰ ਕੀ ਪ੍ਰੇਰਨਾ ਕਰੇਗਾ? ਜੋ ਆਪ ਗਿਆਨ ਜਾਂ ਕਾਰਜ ਦੇ ਰਸਤੇ ਉਤੇ ਨਹੀਂ ਚਲਿਆ, ਉਹ ਦੂਜਿਆਂ ਨੂੰ ਕੀ ਰਾਹ ਵਿਖਾਵੇਗਾ? ਸੋ ਆਸ਼ੇ ਦੀ ਸਚਾਈ[2] (Sincerity) ਪ੍ਰਚਾਰ ਦੀ ਮੁੱਢਲੀ ਅਵੱਸ਼ਕਤਾ ਹੈ। ਏਸੇ ਤਰ੍ਹਾਂ ਪ੍ਰਚਾਰ ਇਕ ਵਿਅਕਤੀ ਪਾਸੋਂ ਕਾਫੀ ਤਿਆਗ ਤੇ ਕੁਰਬਾਨੀ ਦੀ ਮੰਗ ਕਰਦਾ ਹੈ। ਦੂਜਿਆਂ ਲਈ ਅਣਗਿਣਤ ਕਸ਼ਟ ਤੇ ਦੁੱਖ ਸਹਿਣੇ ਪੈਂਦੇ ਹਨ। ਦੂਜਿਆਂ ਦੀ ਵਧੀਕੀ ਜਾਂ ਹਿੰਸਾ ਵੀ ਸਹਾਰਣੀ ਪੈਂਦੀ ਹੈ। ਕੋਈ ਲਾਲਚੀ ਜਾਂ ਦੰਭੀ ਮਨੁੱਖ ਏਸੇ ਕਾਰਨ ਚੰਗਾ ਤੇ ਸਫਲ ਪ੍ਰਚਾਰਕ ਨਹੀਂ ਬਣ ਸਕਦਾ। ਉਹ ਪ੍ਰਚਾਰਕ[3] ਧੰਨ ਹੈ ਜਾਂ ਸਤਿਕਾਰਿਤ ਹੈ ਜੋ ਸਹਿਣ-ਸ਼ੀਲਤਾ ਨਹੀਂ ਛੱਡਦਾ, ਜੋ ਭੁੱਖਾ ਰਹਿ ਸਕਦਾ ਹੈ, ਜੋ ਸੁੱਖ ਅਰਾਮ ਦੀ ਪਰਵਾਹ ਨਹੀਂ ਕਰਦਾ, ਜੋ ਦੂਜਿਆਂ ਲਈ ਰਾਤ ਦਿਨ ਇਕ ਕਰ ਦੇਂਦਾ ਹੈ। ਜੋ ਆਪਾ ਵਾਰੂ ਰੂਚੀ ਰਖਦਾ ਹੈ, ਜੋ ਨਿਮਾਣਾ ਹੋ ਕੇ ਹੰਕਾਰੀਆਂ ਨੂੰ ਜਿੱਤ ਲੈਂਦਾ ਹੈ। ਅਜਿਹਾ ਮਨੁੱਖ ਅਸਲ ਅਰਥਾਂ ਵਿਚ ਧਾਰਮਿਕ ਹੁੰਦਾ ਹੈ, ਕੇਵਲ ਕਹਿਣ ਮਾਤਰ ਨਹੀਂ[4]।

## ਸਿੱਖ ਇਤਿਹਾਸ ਅਤੇ ਪ੍ਰਚਾਰ :

ਸਿੱਖ ਧਰਮ ਦਾ ਆਸ਼ਾ ਨਿਰੋਲ ਸਮਾਜਕ ਹੈ। ਵਿਅਕਤੀ ਦਾ ਆਤਮਕ ਵਿਕਾਸ ਕੋਈ ਅਰਥ ਨਹੀਂ ਰੱਖਦਾ ਜਦ ਤਕ ਇਸ ਵਿਚ ਸਮਾਜਕ ਅੰਸ਼ ਨਾ ਹੋਵੇ। ਪਰਮਾਣ ਤੇ ਕਸਵੱਟੀ ਸਮਾਜ ਦੀ ਹੈ, ਵਿਅਕਤੀ ਦੀ ਨਹੀਂ। ਨਿਬੇੜਾ ਕਰਨੀ ਤੇ ਹੈ, ਕਥਨੀ ਤੇ ਨਹੀਂ। ਗੱਲਾਂ ਬਾਤਾਂ ਨਾਲ ਕੋਈ ਉੱਚਾ ਆਚਰਨ ਨਹੀਂ ਉਸਰ ਸਕਦਾ, ਜਿਵੇਂ ਤੀਲੇ ਇਕੱਠੇ ਕਰਕੇ ਆਲ੍ਹਣਾ ਤਾਂ ਬਣ ਸਕਦਾ ਹੈ, ਪਰ ਸ਼ਾਹੀ ਤਾਜ ਨਹੀਂ ਬਣ ਸਕਦਾ। ਗੁਰਮਤਿ ਵਿਚ ਆਚਰਣ ਦੀ ਪਛਾਣ ਲਈ ਸ਼ਬਦ 'ਤਪਾਵਸ' ਵਰਤਿਆ ਗਿਆ ਹੈ। ਜਿਵੇ ਸੋਨਾ ਕੁਠਾਲੀ ਵਿਚ ਤਾਅ ਕੇ ਪਰਖਿਆ ਜਾਂਦਾ ਹੈ, ਤਿਵੇਂ ਸੰਘਰਸ਼ ਤੇ ਜੀਵਨ ਘੋਲ ਦੀ ਕੁਠਾਲੀ ਵਿਚ ਆਚਰਨ ਦੀ ਸ਼ੁੱਧਤਾ ਪਰਖੀ ਜਾਂਦੀ ਹੈ, ਹੋਰ ਕੋਈ ਢੰਗ ਜਾਂ ਸਾਧਨ ਇਸ ਗੱਲ ਦਾ ਨਹੀਂ। ਉੱਚੀ ਵਿਅਕਤੀ ਉਹ ਹੈ ਜੋ ਸਮਾਜਕ ਖੇਤਰ ਵਿਚ, ਲੋਕ-ਆਸ਼ੇ ਵਿਚ, ਲੋਕ-ਸੇਵਾ ਵਿਚ, ਪਰਉਪਕਾਰ ਤੇ ਕੁਰਬਾਨੀ ਵਿਚ ਉਚੀ ਹੈ, ਨਾਂ ਕਿ ਉਹ ਜਿਸ ਪਾਸ ਧਨ ਵਧੇਰੇ ਹੈ, ਜਾਂ ਪ੍ਰਭਤਾ, ਜਾਂ ਰਾਜ-ਪਦਵੀ, ਜਾਂ ਸਿਆਣਪ ਤੇ ਚਿਰੰਜੀਵਾਤ, ਚਤੁਰਤਾ ਜਾਂ ਸੁੰਦਰਤਾ ਤੇ ਸਰੀਰਕ ਸ਼ਕਤੀ ਜਾਂ ਸੈਨਕ ਯੋਗਤਾ ਤੇ ਬਲ।

ਸਿੱਖ ਧਰਮ ਇਕ ਨਿਰੋਲ ਸਮਾਜਕ ਆਸ਼ੇ ਦੀ ਅਤਿਆਤਮਕ ਲਹਿਰ ਸੀ। ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਸੰਗਤ, ਪੰਗਤ (ਲੰਗਰ) ਭ੍ਰਾਤਰੀਅਤਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਭਾਈਚਾਰਾ) ਸਾਂਝੀਵਾਲਤਾ (ਮਿਲਵਰਤਨ) ਕਿਰਤ ਵਿਰਤ, ਗ੍ਰਿਹਸਤ, ਪਰਉਪਕਾਰ (ਸੇਵਾ, ਦਾਨ) ਪ੍ਰੇਮ ਭਾਵ, ਕੁਰਬਾਨੀ. ਸਦਭਾਵਨਾ, ਸਹਿਣ-ਸ਼ੀਲਤਾ ਆਦਿ ਸਮਾਜਕ ਗੁਣਾਂ ਉਤੇ ਰੱਖੀ। ਗੁਰੂ ਸਾਹਿਬ ਨੂੰ ਕੋਈ ਵੀ ਵਿਅਕਤੀਗਤ ਆਸ਼ਾ, ਭਾਵੇਂ ਉਹ ਕਿੰਨਾ ਹੀ ਵਿਸ਼ੇਸ਼ ਤੇ ਅਲੱਭ ਕਿਉਂ ਨਾ ਹੋਵੇ, ਪਰਵਾਨ ਨਹੀਂ ਸੀ, ਪੁੱਗੇ ਹੋਏ ਕਰਾਮਾਤੀ, ਚਿਰੰਜੀਵੀ, ਨਾਥ ਜੋਗੀ ਗੁਰੂ ਸਾਹਿਬ ਲਈ ਸਮਾਜ ਤੋਂ ਵੱਖ ਹੋ ਕੇ, ਸਮਾਜ ਤੋਂ ਟੁੱਟ ਕੇ, ਸੁਮੇਰ ਪਰਬਤ ਦੇ ਪੱਥਰਾਂ ਤੋਂ ਵੱਧ ਕੀਮਤ ਨਹੀਂ ਸਨ ਰੱਖਦੇ। ਹਰ ਤਿਆਗੀ ਤੇ ਬੈਰਾਗੀ ਸਾਧੂ, ਸਮਾਜ ਨੂੰ ਛੱਡ ਕੇ, ਗੁਰਮਿਤ ਅਨੁਸਾਰ, ਇਕ ਅਣਹੋਣੀ ਸਮੱਸਿਆ ਹੈ, ਇਕ ਅਸੰਭਵਤਾ, ਇਕ ਮਹਾਨ ਤੁੱਛਤਾ।

ਪ੍ਰਚਾਰ ਸੁਤੇ ਸਿੱਧ ਵੀ ਹੁੰਦਾ ਹੈ ਤੇ ਉਚੇਚਾ ਵੀ। ਸਿੱਖ ਧਰਮ ਦੇ ਆਗਮਨ ਕਾਲ ਤੋਂ ਹੀ ਇਹ ਦੋਵੇਂ ਪ੍ਰਚਾਰ ਦੇ ਅੰਗ ਹੋਂਦ ਵਿਚ ਆਏ। ਸਾਂਝੀਵਾਲਤਾ ਦਾ ਲਖਾਇਨ ਇਹ ਧਰਮ ਕਿਵੇਂ ਪ੍ਰਚਾਰ ਤੋਂ ਵਿਰਵਾ ਰਹਿ ਸਕਦਾ ਸੀ? ਪਰਚਾਰ ਤਾਂ ਇਸ ਧਰਮ ਦੀ ਪ੍ਰਕਿਰਤੀ ਵਿਚ ਸੀ। ਇਸ ਧਰਮ ਦਾ ਮੁੱਢਲਾ ਆਸ਼ਾ ਹੀ ਜਨਤਕ ਸੀ। ਇਹ ਧਰਮ ਅਸਲੋਂ ਵਿਹਾਰਕ ਤੇ ਕਿਰਿਆਸ਼ੀਲ (Dynamic) ਸੀ। ਇਸ ਵਿਚ 'ਮਿਲਬੇ ਕੀ ਮਹਿਮਾ' ਸੀ। ਇਕੱਤ੍ਰ ਹੋ ਕੇ ਮਿਲਣ ਦੀ[5] ਇਸ ਵਿਚ ਡੂੰਘੀ ਪ੍ਰੇਰਨਾ ਸੀ। ਆਪ ਜਪਣ ਤੇ ਦੂਜਿਆਂ ਨੂੰ ਨਾਮ ਜਪਾਉਣ ਦਾ ਇਸ ਵਿਚ ਉਪਦੇਸ਼ ਸੀ। ਨਿਸ਼ਕਾਮ ਸੇਵਾ ਤੇ ਕੁਰਬਾਨੀ ਇਸ ਦਾ ਵੱਡਾ ਸਾਧਨ ਸੀ। ਸੋ ਇਕ ਸਵੱਛ ਪਾਣੀ ਦੇ ਸੋਮੇਂ ਵਾਂਗ ਇਹ ਸਮਾਜਕ ਧਰਮ ਆਪਣੇ ਆਪ ਉਛਾਲੇ ਖਾਣ ਲੱਗਾ। ਹਰ ਪਾਸੇ ਆਪ ਮੁਹਾਰਾ ਪ੍ਰਭਾਵ ਇਸ ਦਾ ਫੈਲਣ ਲੱਗਾ। ਪਿਛੋਂ ਜਦ ਸੰਗਠਨ ਦੀ ਵਾਰੀ ਆਈ ਤਾਂ ਪ੍ਰਚਾਰ ਦੇ ਕੁਝ ਉਚੇਚੇ ਯਤਨ ਵੀ ਆਰੰਭੇ ਗਏ; ਪਰ ਉਜ ਵੀ ਸਹਿਜ ਸੁਭਾ, ਸਮਾਜਕ ਆਸ਼ੇ ਦੀ ਫੈਲਵੀਂ, ਵਿਸਤ੍ਰਿਤ ਰੁਚੀ ਨੂੰ ਮੁੱਖ ਰੱਖ ਕੇ।

ਗੁਰੂ ਨਾਨਕ ਸਾਹਿਬ ਆਪ ਪਹਿਲੇ ਪ੍ਰਚਾਰਕ ਸਨ, ਅਰਥਾਤ ਪਹਿਲੇ ਮਿਸ਼ਨਰੀ। ਉਹ ਪੂਰਨ ਮਨੁੱਖ ਸਨ, 'ਪਰਮ-ਮਨੁੱਖ'[6]—ਆਤਮਕ ਤੇ ਸਰਬ ਪੱਖੀ ਵਿਕਾਸ ਦੀ ਸ਼ਿਖਰ ਤੇ ਪੁੱਜੇ ਹੋਏ ਮਨੁੱਖ ਨੇਤਾ, ਗਿਆਨ-ਧਿਆਨ, ਚਿੰਤਨ-ਰਹੱਸ, ਧਰਮ-ਕਰਮ, ਪ੍ਰਵਿਰਤ-ਨਿਵਰਤ, ਅਗਮ-ਨਿਗਮ, ਕਥਨ-ਬਚਨ, ਰਸ-ਚੋਜ, ਸਭ ਮਨੁੱਖੀ ਤੇ ਦੈਵੀ ਗੁਣਾਂ ਤੇ ਪ੍ਰਾਪਤੀਆਂ ਦੇ ਸੁਆਮੀ।

ਗੁਰੂ ਸਾਹਿਬ ਨੂੰ ਸਾਰਾ ਜਗਤ[7] ਵਿਸ਼ੇ ਵਿਕਾਰਾਂ ਦੀ ਅੱਗ ਵਿਚ ਸੜਦਾ ਦਿਸਿਆ। ਸਾਰੀ ਪ੍ਰਿਥਵੀ ਪੁਕਾਰ ਕਰਦੀ[8] ਭਾਸੀ। ਧਰਮ ਲੁਕਾਈ ਨੂੰ ਸੋਧਣ ਦੀ ਇਕ-ਦਮ ਲੋੜ ਪ੍ਰਤੀਤ ਹੋਈ। ਸਮਾਜ ਦੀ ਹਾਲਤ ਬਹੁਤ ਨੀਵੀਂ ਸੀ। ਬ੍ਰਾਹਮਣ ਜਨ-ਸਧਾਰਨ ਨੂੰ ਲੁੱਟ ਰਹੇ ਸਨ। ਦੇਸ਼ ਗੁਲਾਮੀ ਦੇ ਪੰਜੇ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ। ਖੱਤਰੀ ਆਪਣਾ ਧਰਮ ਛੱਡ ਚੁੱਕੇ ਸਨ। ਰਾਜੇ ਜ਼ਾਲਮ ਤੇ ਹਾਕਮ ਰਿਸ਼ਵਤੀ ਸਨ। ਇਸਤ੍ਰੀ ਦੀ ਅਤਿਅੰਤ ਦੁਰਗਤੀ ਸੀ। ਹਰ ਪਾਸੇ ਦੁੱਖਾਂ ਕਲੇਸ਼ਾਂ ਦਾ ਹਨੇਰਾ ਹੀ ਹਨੇਰਾ ਸੀ। ਇਸ ਘੋਰ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨੇਰੇ ਨੂੰ ਦੂਰ ਕਰਨ ਲਈ ਗੁਰੂ ਨਾਨਕ ਸੂਰਜ ਬਣਕੇ ਚਮਕੇ ਤੇ ਹਰ ਪਾਸੇ ਸੱਚੇ ਨਾਮ ਦੀ ਰੌਸ਼ਨੀ ਫੈਲਾਈ। ਸੰਸਾਰ ਜਗਮਗਾ ਦਿਤਾ। ਗੁਰੂ ਸਾਹਿਬ ਦੀ ਆਵਾਜ਼ ਸ਼ੇਰ ਦੀ ਗਰਜ ਸੀ। ਸਭ ਪਾਪਾਂ, ਕਲੇਸ਼ਾਂ, ਦੁੱਖਾਂ, ਦਲਿੱਦਰਾਂ ਦੀ ਮਿਰਗਾਵਲੀ ਭੱਜ ਉਠੀ। ਇਕ ਮਹਾਨ ਜੋਤਿ ਪ੍ਰਗਟ ਹੋ ਗਈ। ਇਕ ਜੁਗ ਪਲਟਾਊ ਮਨੁੱਖ, ਇਕ ਮਰਦੇ-ਕਮਾਲ (ਪੂਰਨ ਪੁਰਖ), ਇਕ ਗੁਰਮੁਖ ਸੰਸਾਰ ਦੀ ਨਾਟਸ਼ਾਲਾ ਦੇ ਰੰਗ ਮੰਚ ਉਤੇ ਪੂਰਨ ਭਾਂਤ ਜਲਵਾਗਰ (ਪ੍ਰਕਾਸ਼ਮਾਨ) ਹੋਇਆ।

ਭਾਵੇਂ ਸ੍ਰੀ ਗੁਰੂ ਨਾਨਕ ਸਾਹਿਬ ਨੇ, ਭਾਈ ਗੁਰਦਾਸ ਜੀ ਅਨੁਸਾਰ[9] ਸਿਧਾਂ ਨੂੰ ਕਰਾਮਾਤ ਦਿਖਾਣ ਤੋਂ ਸੰਕੋਚ ਕੀਤਾ ਅਤੇ ਕਿਹਾ ਕਿ ਸਾਡੇ ਪਾਸ ਦੋ ਹੀ ਕਰਾਮਾਤਾਂ ਹਨ, ਗੁਰਬਾਣੀ ਅਤੇ ਸੰਗਤ (ਅਰਥਾਤ ਅਸੀਂ ਅਹਿੱਲ ਕਿਤਾਬ ਅਤੇ ਅਹਿੱਲ ਜਮਾਇਤ ਹਾਂ, ਦੋਵੇਂ ਵਡੇ ਲੱਛਣ, ਸਾਮੀ ਧਰਮਾਂ ਦੀ ਵਿਸ਼ੇਸ਼ਤਾ ਦੱਸਣ ਵਾਲੇ ਸਾਡੇ ਵਿਚ ਹਨ, ਹੋਰ ਕੋਈ ਅਧਾਰ ਇਨ੍ਹਾਂ ਤੋਂ ਬਿਨਾਂ ਨਹੀਂ) ਪਰ ਅਸਲੀਅਤ ਇਹ ਹੈ ਕਿ ਗੁਰੂ ਸਾਹਿਬ ਦੀ ਆਪਣੀ ਮਹਾਨ ਸ਼ਖਸੀਅਤ ਸਭ ਤੋਂ ਵੱਡੀ ਕਰਾਮਾਤ ਸੀ ਜੋ ਅਣਗਿਣਤ ਸਦੀਆਂ ਤੋਂ ਬਾਅਦ ਅਚਾਨਕ ਪੰਦਰਵੀਂ ਸਦੀ ਵਿਚ ਬ੍ਰਹਮੰਡ ਦੇ ਇਕ ਸੁਭਾਗੇ ਖੰਡ ਪੰਜਾਬ ਵਿਚ "ਨਿਰੰਕਾਰੀ ਜੋਤਿ" ਬਣ ਕੇ ਪ੍ਰਗਟ ਹੋਈ। ਇਹ ਜੋਤਿ 'ਆਪਿ ਨਰਾਇਣੁ ਕਲਾਧਾਰਿ'[10] ਦਾ ਰੂਪ ਸੀ ਜਾਂ 'ਅਕਾਲ ਰੂਪ'[11] ਕੋਈ ਅਗੰਮੀ ਨੂਰ ਸੀ, ਕੋਈ 'ਵਿਸ਼ਵ-ਨੂਰ'[12] ਜੋ ਸਦੀਵ ਕਾਲ ਲਈ ਹਨੇਰੇ ਵਿਚ ਭਟਕਦੇ ਸੰਸਾਰ ਨੂੰ ਰੌਸ਼ਨ[13] ਕਰ ਗਿਆ।

ਅਜਿਹੀ ਮਹਾਨ ਤੇ ਆਕਰਸ਼ਕ ਸ਼ਖਸੀਅਤ, ਆਪਣੇ ਆਪ ਅਤੇ ਧਰਮ ਪ੍ਰਚਾਰ (ਸੇਵਾ-ਉਪਕਾਰ) ਦਾ ਇਕ ਅਮੁੱਕ ਸੋਮਾ[14] ਹੁੰਦੀ ਹੈ। ਜਿਸ ਕਿਸੇ ਨੂੰ ਗੁਰੂ ਸਾਹਿਬ ਦੀ ਜੀਵਨ-ਛੋਹ ਪ੍ਰਾਪਤ ਹੋਈ, ਭਾਵੇਂ ਜਗਿਆਸੂ ਸੀ ਭਾਵੇਂ ਪਾਪੀ ਮਨੁੱਖ[15] ਉਸ ਦਾ ਸੁਤੇ-ਸਿਧ ਤੇ ਅਵੱਸ਼ ਉਧਾਰ ਹੋ ਗਿਆ। ਹਰ ਕੋਈ ਵਰੋਸਾਇਆ ਗਿਆ, ਕਿਉਂਕਿ ਗੁਰੂ ਸਾਹਿਬ ਦਾ ਜੀਵਨ ਮਨੋਰਥ ਹੀ ਇਹੋ ਸੀ[16]।

ਜਿਥੇ ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਸੰਪੂਰਨ ਤੇ ਬਹੁ-ਪੱਖੀ ਸ਼ਖਸੀਅਤ ਸੀ ਉਥੇ ਜੀਵਨ ਵੀ ਬਹੁਪੱਖੀ ਤੇ ਵਿਆਪਕ ਆਸ਼ੇ ਦਾ ਸੀ। ਉਹ ਕੋਈ ਤਿਆਗੀ ਤੇ ਬੈਰਾਗੀ ਪੁਰਸ਼ ਨਹੀਂ ਸਨ, ਸਗੋਂ ਗ੍ਰਿਹਸਤੀ ਤੇ ਸਮਾਜਿਕ ਵਿਅਕਤੀ ਸਨ, ਲੋਕ-ਕਲਿਆਨ ਨੂੰ ਹਰ ਵੇਲੇ ਮੁੱਖ ਰੱਖਦੇ ਸਨ। ਸਾਰਾ ਜੀਵਨ ਤੇ ਜੀਵਨ ਦਾ ਹਰ ਖਿਨ ਏਸੇ ਕਰਤੱਵ ਲਈ ਅਰਪਤਿ ਸੀ। ਇਸ ਲਈ ਗੁਰੂ ਸਾਹਿਬ ਦੇ ਜੀਵਨ-ਸਮੇਂ ਵਿਚ ਹੀ ਸਿੱਖ ਧਰਮ ਦੇ ਪ੍ਰਚਾਰ ਦੇ ਕੁਝ ਪ੍ਰਤੱਖ ਤੇ ਠੋਸ ਸਾਧਨ ਨਿਸਚਤ ਹੋ ਗਏ। ਬਾਕੀ ਨੌਂ ਗੁਰੂ ਸਾਹਿਬਾਨ ਨੇ ਇਨ੍ਹਾਂ ਪੱਕੀਆਂ ਲੀਹਾਂ ਤੇ ਚੱਲ ਕੇ ਅਤੇ ਇਨ੍ਹਾਂ ਮੁੱਢਲੇ ਸਿਧਾਤਾਂ ਜਾਂ ਰਹੁਰੀਤਾਂ ਦਾ ਵਿਕਾਸ਼ ਕਰਕੇ ਸਿੱਖ ਧਰਮ ਨੂੰ ਸੰਗਠਿਤ ਅਤੇ ਪ੍ਰਫੁੱਲਤ ਕੀਤਾ। ਗੁਰੂ ਨਾਨਕ ਸਾਹਿਬ ਦਾ ਲਗਾਇਆ ਹੋਇਆ ਸਿੱਖੀ ਦਾ ਇਹ ਆਤਮਕ ਬੂਟਾ ਬਾਕੀ ਗੁਰੂ ਸਾਹਿਬਾਂ ਦੀ ਦੇਖ ਭਾਲ ਅਤੇ ਮਿਹਨਤ ਘਾਲ ਦੇ ਸਦਕੇ ਲਗਪਗ ਦੋ ਸਦੀਆਂ ਦੇ ਸਮੇਂ ਵਿਚ ਵਿਕਾਸ਼ ਕਰਕੇ ਇਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਰ, ਅਟੱਲ ਅਤੇ ਤਨਾਵਰ (ਵੱਡਾ ਅਕਾਰੀ) ਵਿਰੱਛ ਬਣ ਗਿਆ। ਜਿਸ ਦੀ ਸ਼ਾਨ, ਪ੍ਰਭਾ ਅਤੇ ਸੁਗੰਧੀ ਦੂਰ ਦੂਰ ਤਕ ਸਭ ਸੰਸਾਰ ਦੇ ਦੇਸ਼ਾਂ ਵਿਚ ਫੈਲੀ ਅਤੇ ਫੈਲ ਰਹੀ ਹੈ।

## ਸਿੱਖ ਪ੍ਰਚਾਰ ਦੇ ਮੂਲ ਸਾਧਨ

ਗੁਰੂ ਨਾਨਕ ਸਾਹਿਬ ਦੇ ਪ੍ਰਤਿਪਾਦਿਕ (ਚਲਾਏ ਹੋਏ) ਪ੍ਰਚਾਰ ਦੇ ਸਾਧਨ ਹੇਠ ਲਿਖੇ ਹਨ :—

### 1. ਗੁਰਬਾਣੀ ਦੀ ਰਚਨਾ ਅਤੇ ਇਸ ਦਾ ਖੁੱਲ੍ਹਾ ਉਪਦੇਸ਼ ਤੇ ਪਰਸਾਰ

ਇਕ ਪਾਸੇ ਤਾਂ ਇਹ 'ਸੱਚੀ ਬਾਣੀ' ('ਬਾਣੀਆਂ ਸਿਰਿ ਬਾਣੀ', ਰਾਮ: ਅਨੰਦ ਮ: 3) ਹਰ ਪ੍ਰਕਾਰ ਦੀ ਕਾਵਿ-ਰਚਨਾ ਦੀ ਸਿਖਰ ਤੇ ਉੱਚਤਮ ਰੂਪ ਸੀ, ਸ਼ਬਦ ਤੇ ਨਾਮ ਨੂੰ ਪ੍ਰਗਟ ਕਰਨ ਵਾਲੀ ਕਲਿਜੁਗ ਵਿਚ ਨਾਮ ਦੀ ਵਡਿਆਈ[17] ਦੱਸਣ ਵਾਲੀ ਸੀ, ਦੂਜੇ ਪਾਸੇ ਇਹ ਦਿਗਵਿਜੈ ਕਰਨ ਵਾਲੀ, ਸਿੱਧਾਂ ਜੋਗੀਆਂ, ਮੁੱਲਾਂ, ਕਾਜ਼ੀਆਂ, ਪੰਡਤਾਂ, ਜੈਨੀਆਂ, ਮੌਨੀਆਂ, ਭੇਖੀਆਂ, ਸਭਨਾਂ ਨੂੰ ਸੰਬਾਦਾਂ ਤੇ ਗੋਸ਼ਟਾਂ ਵਿਚ ਜਿੱਤਣ ਵਾਲੀ, (ਸਿੱਧ ਗੋਸਟਿ, ਓਅੰਕਾਰ, ਜਪੁਜੀ ਅਤੇ ਹੋਰ ਬਾਣੀਆਂ ਦੇ ਰੂਪ ਵਿਚ) ਅਤੇ ਸੱਜਣ ਦੇ ਕੌਡੇ ਵਰਗੇ ਘੋਰ ਪਾਪੀਆਂ ਦੇ ਪਾਪ ਹਰਨ ਵਾਲੀ, ਵਲੀ ਕੰਧਾਰੀ, ਭਾਗੋ, ਬਾਬਰ ਮੀਰ ਅਤੇ ਜੀਵਨ ਵਰਗਿਆਂ ਦੇ ਹੰਕਾਰ ਤੋੜਨ ਵਾਲੀ ਸੀ। ਇਹ ਬਾਣੀ ਗੁਰੂ ਸਾਹਿਬ ਨੇ ਆਪ ਸਾਂਭੀ ਤੇ ਪੋਥੀ ਦੇ ਰੂਪ ਵਿਚ ਗੁਰੂ ਅੰਗਦ ਦੇਵ ਜੀ ਨੂੰ ਦਿਤੀ। ਇਸ ਤਰ੍ਹਾਂ ਇਕੱਤ੍ਰ ਹੋ ਕੇ ਇਹ 'ਪਿਉ ਦਾਦੇ ਦਾ ਖਜ਼ਾਨਾ' ਗੁਰੂ ਅਰਜਨ ਸਾਹਿਬ ਤਕ ਪੁੱਜਾ ਤੇ ਆਦਿ ਬੀੜ ਸੰਕਲਿਤ ਹੋਈ।

### 2. ਉਦਾਸੀਆਂ ਅਤੇ ਦੇਸ਼ ਰਟਨ

ਗੁਰੂ ਸਾਹਿਬ ਦਾ ਦੇਸ ਦੇਸ਼ਾਂਤਰ ਰਟਨ ਕੇਵਲ ਲੋਕ ਸੁਧਾਰ ਅਤੇ ਲੋਕ ਕਲਿਆਨ ਹਿਤ ਸੀ। ਮਨੁੱਖਤਾ ਦੇ ਡੂੰਘੇ ਦਰਦ ਤੇ ਕਰੁਣਾ ਨੇ ਗੁਰੂ ਸਾਹਿਬ ਨੂੰ ਜਗਤ ਉਧਾਰ ਅਤੇ ਇਸ ਨਾਲ ਸੰਬੰਧਤ ਕਸ਼ਟ ਝੱਲਣ ਲਈ ਮਜਬੂਰ ਕੀਤਾ, ਜਦ ਕਿ ਵਡੇ ਵਡੇ ਜੋਗੀ ਤੇ ਸਿੱਧ ਪੁਰਸ਼[18] ਪਰਬਤਾਂ ਵਿਚ ਲੁਕ ਬੈਠੇ ਸਨ ਅਤੇ ਸੰਸਾਰ ਤੋਂ ਮੂੰਹ ਫੇਰ ਬੈਠੇ ਸਨ। ਏਸੇ ਤਰ੍ਹਾਂ ਗੁਰੂ ਅਮਰਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ ਬਹਾਦਰ ਜੀ ਅਤੇ ਦਸਮੇਸ਼ ਗੁਰੂ ਜੀ ਦੇ ਭਾਰਤ ਦੇ ਦੂਰ ਦੂਰ ਭਾਗਾਂ ਵਿਚ ਸਫਰ ਜਾਂ ਯਾਤਰਾ-ਉੱਦਮ ਸਿੱਖ ਧਰਮ ਨੂੰ ਪ੍ਰਚਾਰਨ ਦੇ ਸਾਧਨ ਬਣੇ। ਗੁਰੂ ਨਾਨਕ ਸਾਹਿਬ ਤਾਂ ਸੰਸਾਰ ਦੇ ਸਭ ਤੋਂ ਵਡੇ ਵਡੇ ਯਾਤਰੂਆਂ ਵਿਚੋਂ ਹੋਏ ਹਨ।

### 3. ਪ੍ਰਚਾਰ ਕੇਂਦਰ

ਚਾਰ ਉਦਾਸੀਆਂ[19] ਦੇ ਦੌਰਾਨ ਵਿਚ ਥਾਂ ਪਰ ਥਾਂ ਪ੍ਰਚਾਰ ਦੇ ਕੇਂਦਰ ਨਿਸਚਿਤ ਕੀਤੇ ਗਏ, ਜਿਨ੍ਹਾਂ ਦੇ ਸੰਚਾਲਕ ਗੁਰੂ ਸਾਹਿਬ ਦੇ ਵਰੋਸਾਏ ਹੋਏ ਮੁੱਖੀ ਸਿੱਖ ਸਨ। ਇਹੋ ਕੇਂਦਰ ਪਿਛੋਂ ਗੁਰੂ ਅਮਰਦਾਸ ਜੀ ਦੇ ਵੇਲੇ 'ਮੰਜੀਆਂ'[20] ਅਖਵਾਏ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ 'ਮਸੰਦਾਂ[21] ਦੀ ਸੰਸਥਾ ਦੇ ਰੂਪ ਵਿਚ ਪ੍ਰਗਟੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## 4. ਸੰਗਤ ਦੀ ਸਥਾਪਨਾ

ਗੁਰੂ ਚੇਲੇ ਦੀ ਸੰਗਤ (ਸਾਧ ਸੰਗਤ) ਤੋਂ ਸ਼ੁਰੂ ਕਰਕੇ (ਜਿਸ ਨੂੰ ਭਾਈ ਗੁਰਦਾਸ ਨੇ 'ਪੀਰ ਮੁਰੀਦਾਂ ਪਿਰਹੜੀ' ਕਹਿਆ ਹੈ ਅਤੇ ਜਿਸ ਵਿਚ ਗੁਰੂ ਚੇਲੇ ਦੀ ਪੂਰਨ ਏਕਤਾ[22] ਦਾ ਆਸ਼ਾ ਹੈ) ਸਿੱਖਾਂ ਦਾ ਗੁਰੂ ਦੀ ਹਜ਼ੂਰੀ ਵਿਚ ਮਿਲ ਬੈਠਣਾ, ਕਥਾ ਕੀਰਤਨ ਸੁਣਨਾ ਅਤੇ ਗੁਰੂ ਦੀ ਸਰੀਰਕ ਹੋਂਦ ਤੋਂ ਬਿਨਾਂ ਵੀ ਆਤਮਕ ਹਜ਼ੂਰੀ ਵਿਚ ਜੁੜਨਾ ਸਿਖ ਸੰਗਤ ਦਾ ਮੁੱਢਲਾ ਆਸ਼ਾ ਸੀ ਜੋ ਸੰਨ 1708 (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ) ਉਪ੍ਰੰਤ ਸਦਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਨਾਲ ਸੰਬੰਧਤ ਹੋ ਗਿਆ। ਦੋ ਸਿੱਖ ਮਿਲੇ ਤਾਂ ਸੰਗਤਿ ਅਤੇ ਪੰਜ ਸਿੱਖ ਮਿਲੇ ਤਾਂ ਪੰਥ ਜਾਂ ਪਰਮੇਸ਼ਰ ਦਾ ਆਪਣਾ ਰੂਪ ਸਥਾਪਤ ਹੋ ਗਿਆ[23]। 'ਪੰਚ ਪਰਵਾਨ' ਵਾਲਾ ਆਸ਼ਾ ਗੁਰੂ ਨਾਨਕ ਸਾਹਿਬ ਦਾ ਹੀ ਪ੍ਰਚਲਤ ਕੀਤਾ ਹੋਇਆ ਸੀ, ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ 1689 ਦੀ ਵੈਸਾਖੀ ਦੇ ਸਮੇਂ ਇਕ ਖਾਸ ਇਤਿਹਾਸਿਕ ਤੇ ਸੈਨਕ ਮਨੋਰਥ ਲਈ ਵਰਤਿਆ। ਇਹ ਸੰਗਤ ਦੀ ਮਹਾਨ ਤੇ ਆਵੱਸ਼ਕ ਸੰਸਥਾ ਗੁਰੂ ਨਾਨਕ ਸਾਹਿਬ ਨੇ ਆਪ ਕਾਇਮ ਕੀਤੀ, ਜਦ ਉਨ੍ਹਾਂ ਨੇ ਸ੍ਰੀ ਕਰਤਾਰਪੁਰ ਰਾਵੀ ਦੇ ਕੰਢੇ ਤੇ ਵਸਾਇਆ ਤੇ ਉਥੇ ਕਿਰਸਾਨੀ ਦਾ ਕੰਮ ਕਾਜ ਕਰਦੇ ਹੋਏ ਸਵੇਰੇ ਸ਼ਾਮ ਸੰਗਤ ਦੇ ਜੁੜਨ ਦੀ ਪਰਪਾਟੀ ਤੋਰੀ।

## 5. ਪੰਗਤ ਜਾਂ ਲੰਗਰ ਦੀ ਸੰਸਥਾ

ਇਹ ਵੀ ਸ੍ਰੀ ਕਰਤਾਰ ਪੁਰ ਵਿਚ ਹੀ ਗੁਰੂ ਨਾਨਕ ਸਾਹਿਬ ਦੀ ਚਲਾਈ ਇਕ ਪ੍ਰਥਾ ਸੀ ਜੋ ਸਭ ਤੋਂ ਵੱਧ ਆਚਰਣਕ ਦਲੇਰੀ ਅਤੇ ਸਮਾਜਕ ਪ੍ਰੀਵਰਤਨ ਦੀ ਸੂਚਕ ਸੀ। ਉਚ ਨੀਚ, ਸ਼ੂਦਰ, ਬ੍ਰਹਮਨ ਤੇ ਹੋਰ ਵਰਣਾਂ ਦੇ ਭਰਮ ਮਿਟਾਉਣ ਵਾਲੀ, ਸਾਂਝੀਵਾਲਤਾ[24] ਦਾ ਅਮਲੀ ਹੋਕਾ ਦੇਣ ਵਾਲੀ, ਅਮੀਰ-ਗਰੀਬ, ਕਿਰਤੀ-ਸ਼ਾਹੂਕਾਰ ਦਾ ਭੇਦ ਮਿਟਾਉਣ ਵਾਲੀ, ਸੇਵਾ, ਦਾਨ, ਉਪਕਾਰ, ਉਦਾਰਤਾ, ਸਬਰ, ਨਿੰਮ੍ਰਤਾ ਵਾਲੇ ਮਹਾਨ ਗੁਣ ਸਿਖਲਾਉਣ ਵਾਲੀ ਸੰਸਥਾ[25]। ਇਹੋ ਲੰਗਰ ਸੀ ਜਿਸਨੇ ਸਿੱਖ ਧਰਮ ਦੀ ਉੱਚਤਾ ਤੇ ਵਿਸ਼ੇਸ਼ਤਾ ਨੂੰ ਸਾਰੇ ਜਗਤ ਵਿਚ ਸੂਰਜ ਦੀ ਰੋਸ਼ਨੀ ਵਾਂਗ ਫੈਲਾ ਦਿੱਤਾ।

## 6. ਧਰਮਸਾਲਾਂ ਤੇ ਗਿਰਾਵਾਂ ਦੀ ਉਸਾਰੀ

'ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ[26]' ਵਾਲੀ ਗਲ ਕੋਈ ਵਾਸ਼ੁਕਤ ਅਤਿਕਥਨੀ ਨਹੀਂ, ਇਕ ਠੋਸ ਸਚਾਈ ਹੈ। ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਹੀ ਉਨ੍ਹਾਂ ਦੀਆਂ ਯਾਦਗਾਰਾਂ ਬਹੁਤ ਥਾਵਾਂ ਤੇ ਬਣ ਗਈਆਂ ਸਨ। ਇਸ ਨਾਲ ਪ੍ਰਚਾਰ ਦਾ ਕੰਮ ਸੁਖੈਨ ਤੇ ਪੱਕਾ ਹੁੰਦਾ ਗਿਆ। ਕਰਤਾਰਪੁਰ ਪਿੰਡ ਗੁਰੂ ਜੀ ਨੇ ਆਪ ਵਸਾਇਆ। ਇਹ ਪਰਿਪਾਟੀ ਪਿਛੋਂ ਬਹੁਤ ਵਿਕਸਤ ਹੋਈ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ, ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ (ਅੰਮ੍ਰਿਤਸਰ), ਗੁਰੂ ਅਰਜਨ ਸਾਹਿਬ ਜੀ ਨੇ ਤਰਨ ਤਾਰਨ, ਕਰਤਾਰਪੁਰ (ਜ਼ਿਲਾ ਜਲੰਧਰ), ਗੁਰੂ ਹਰਗੋਬਿੰਦ ਜੀ ਨੇ ਕੀਰਤਪੁਰ, ਗੁਰੂ ਤੇਗ ਬਹਾਦਰ ਸਾਹਿਬ ਨੇ ਅਨੰਦਪੁਰ, ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਆਦਿ ਨਗਰ ਵਸਾਏ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਗਰਾਂ ਤੋਂ ਛੁਟ ਚਾਰ ਤਖਤਾਂ ਦੀ ਸਥਾਪਨਾ ਇਕ ਵਡਾ ਪ੍ਰਚਾਰ ਸਾਧਨ ਬਣਿਆ। ਗੁਰੂ ਸਾਹਿਬਾਨ ਦੇ ਕਈ ਜ਼ਰੂਰੀ ਯਾਦਗਾਰੀ ਸਥਾਨ ਕਾਇਮ ਹੋਏ, ਜਿਵੇਂ ਦਰਬਾਰ ਸਾਹਿਬ, ਅਕਾਲ ਤਖਤ, ਨਨਕਾਣਾ ਸਾਹਿਬ, ਪੰਜਾ ਸਾਹਿਬ, ਨਾਨਕ ਮਤਾ, ਪਟਨਾ ਸਾਹਿਬ, ਹਜ਼ੂਰ ਸਾਹਿਬ, ਮੁਕਤਸਰ, ਤਲਵੰਡੀ ਸਾਬੋਕੇ ਆਦਿ।

## 7. ਦਸਵੰਧ ਜਾਂ ਚੜ੍ਹਤ-ਭੇਟ ਦੀ ਪ੍ਰਥਾ

ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸਿੱਖਾਂ ਦਾ ਦੂਰੋਂ ਨੇੜਿਓਂ ਗੁਰੂ ਦਰਸ਼ਨ ਲਈ ਆਉਣਾ ਅਤੇ ਦਰਸ਼ਨ ਭੇਟ ਸਮੇਂ ਮਾਇਆ ਜਾਂ ਕੋਈ ਵਸਤੂ ਭੇਟ ਕਰਨਾ, ਵਧਕੇ 'ਗੁਰੂ ਕੀ ਗੋਲਕ' ਜਾਂ ਸਿੱਖ ਧਰਮ ਦੀ ਆਰਥਕ ਸੁਤੰਤਰਤਾ ਤੇ ਖੁਸ਼ਹਾਲੀ ਦਾ ਰੂਪ ਧਾਰ ਗਿਆ। ਇਸ ਨਾਲ ਸਿੱਖਾਂ ਨੂੰ ਵੰਡ ਕੇ ਛਕਣ ਅਤੇ ਦਾਨ ਕਰਨ ਦੀ ਜਾਚ ਆਈ। ਇਸ ਨਾਲ ਹੀ ਸਿੱਖ ਸੰਸਥਾਵਾਂ, ਗੁਰਦੁਆਰੇ ਅਤੇ ਲੰਗਰ ਪੱਕੇ ਪੈਰਾਂ ਤੇ ਅਤੇ ਸੁਰੱਖਿਅਤ ਰੂਪ ਵਿਚ ਸਥਾਪਤ ਹੋਏ। ਸਿਖ ਧਰਮ ਦਾ ਪ੍ਰਚਾਰ ਇਸ ਮਾਇਆ-ਤਿਆਗ ਤੋਂ ਪੈਦਾ ਹੋਇਆ, ਸਾਂਝੇ ਤੇ ਅਖੁੱਟ ਸਿੱਖੀ ਖਜ਼ਾਨੇ ਦੀ ਸਹਾਇਤਾ ਨਾਲ ਬਹੁਤ ਵਧਿਆ ਤੇ ਪੱਲਰਿਆ। ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਸਿੱਖ ਨੂੰ ਆਪਣੀ ਕਿਰਤ ਕਮਾਈ ਦਾ ਦਸਵਾਂ ਹਿੱਸਾ[27] ਗੁਰੂ ਕੇ ਖਜ਼ਾਨੇ, ਖਾਲਸਾ ਪੰਥ ਜਾਂ ਸੰਗਤ ਦੇ ਅਰਪਣ ਕਰਨ ਦੀ ਪ੍ਰੇਰਨਾ ਕੀਤੀ, ਸਗੋਂ ਜਮਾਂ ਕਰਾਉਣ ਦੀ ਆਗਿਆ ਕੀਤੀ।

## 8. ਚਰਣਾਂਮ੍ਰਿਤ ਜਾਂ ਪਾਹੁਲ ਦੀ ਮ੍ਰਿਯਾਦਾ

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਹੀ ਆਪਣੇ ਸਿੱਖਾਂ ਨੂੰ ਆਪ ਦੀਖਿਆ-ਉਪਦੇਸ਼-ਦੇਣ ਦਾ ਇਕ ਵਿਸ਼ੇਸ਼ ਢੰਗ ਅਪਣਾਇਆ, ਜਿਸ ਦੀ ਤਹਿ ਵਿਚ ਗੁਰਮੰਤ੍ਰ ਦੱਸਣ ਦੀ ਲੋੜ, ਨਾਮ ਜਪਣ ਦੀ ਮਹੱਤਤਾ ਪ੍ਰਗਟ ਕਰਨ ਦਾ ਰਹੱਸ ਅਤੇ 'ਮਾਇਆ ਵਿਚ ਉਦਾਸ' ਰਹਿਣ ਦੀ ਆਤਮਕ ਰਮਜ਼ ਸਮਝਾਉਣ ਦੇ ਆਸ਼ੇ ਸਨ। ਇਹ 'ਗੁਰਪ੍ਰਸਾਦਿ', ਇਹ ਕਿਰਪਾ ਦ੍ਰਿਸ਼ਟੀ, ਇਹ 'ਨਦਰ ਨਿਹਾਲ' ਕਰਨ ਵਾਲਾ 'ਅਨੁਗ੍ਰਹਿ' ਗੁਰੂ ਸਾਹਿਬ ਵਲੋਂ ਆਪਣੇ ਪਵਿਤ੍ਰ ਚਰਨ ਧੋ ਕੇ ਪਿਲਾਉਣ ਦੇ ਰੂਪ ਵਿਚ ਪ੍ਰਚਲਤ ਸੀ, (ਅਤੇ ਨੌ ਗੁਰੂ ਸਾਹਿਬਾਨ ਦੇ ਸਮੇਂ ਤਕ, ਸਗੋਂ 1699 ਦੀ ਵਿਸਾਖੀ ਤਕ ਪ੍ਰਚਲਤ ਰਿਹਾ)। ਪਿਛੋਂ ਦਸਮ ਗੁਰੂ ਜੀ ਨੇ ਖੰਡੇ ਦਾ 'ਅੰਮ੍ਰਿਤ' ਛਕਾਉਣ ਦੀ ਵਿਸਤ੍ਰਿਤ ਤੇ ਵਿਆਪਕ ਸੰਸਥਾ ਵਿਚ ਇਸ ਨੂੰ ਸਦਾ ਲਈ ਸੁਰੱਖਿਅਤ ਕਰ ਦਿਤਾ। ਇਹ 'ਦੀਖਿਆ' ਜਾਂ 'ਧਰਮ ਪ੍ਰਵੇਸ਼' (Baptism) ਸਿੱਖ ਪ੍ਰਚਾਰ ਦੀ ਸਭ ਤੋਂ ਜ਼ਰੂਰੀ ਆਤਮਕ ਰਸਮ ਹੈ, ਜਿਸ ਤੋਂ ਬਿਨਾਂ ਕੋਈ ਸਿੱਖ, ਸਿੰਘ ਨਹੀਂ ਬਣ ਸਕਦਾ। 'ਗੁਰਮਤਿ', 'ਗੁਰਮੁਖ', 'ਗੁਰਦੁਆਰਾ' ਆਦਿ ਮੁੱਢਲੀ ਸਿੱਖ ਸ਼ਬਦਾਵਲੀ, ਸਪਸ਼ਟ ਭਾਂਤ ਏਸੇ ਰਸਮ ਵਲ ਸੰਕੇਤ ਕਰ ਰਹੀ ਹੈ।

## 9. ਸਿੱਖ ਧਰਮ ਦਾ ਨਿਵੇਕਲਾਪਨ ਜਾਂ ਵੱਖਰਾਪਨ

ਸ੍ਰੀ ਗੁਰੂ ਨਾਨਕ ਸਾਹਿਬ ਦੇ ਪਹਿਲੇ ਉਪਦੇਸ਼-ਰੂਪਸ਼ਬਦ ਜੋ ਸਾਡੇ ਪਾਸ ਪੁੱਜੇ ਹਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਜਨਮ ਸਾਖੀਆਂ ਦੇ ਆਧਾਰ ਤੇ) ਉਹ ਹਨ, 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ'[28]। ਸਿੱਖ ਧਰਮ ਦਾ ਮੂਲ ਉਪਦੇਸ਼ ਜਾਂ 'ਮਿਸ਼ਨ' ਇਥੋਂ ਹੀ ਸ਼ੁਰੂ ਹੁੰਦਾ ਹੈ। ਇਹੋ ਸਿੱਖ ਪ੍ਰਚਾਰ ਦਾ ਧੁਰਾ ਹੈ। ਗੁਰੂ ਸਾਹਿਬ ਨੇ ਇਕ ਨਵਾਂ ਧਰਮ[29] ਚਲਾਇਆ। ਇਕ ਨਿਰਾਲਾ (ਨਿਆਰਾ)[30] ਪੰਥ ਕਾਇਮ ਕੀਤਾ, ਹਿੰਦੂ ਮਤ ਤੇ ਇਸਲਾਮ ਤੇ ਹੋਰ ਸਭ ਧਰਮਾਂ ਤੋਂ ਵੱਖਰਾ! ਸਿੱਖ ਧਰਮ ਨੂੰ ਹਿੰਦੂ ਧਰਮ ਦੀ ਇਕ ਸ਼ਾਖਾ ਸਮਝਣਾ ਇਕ ਬਹੁਤ ਭਾਰੀ ਗ਼ਲਤੀ ਹੈ[31]। ਵੱਧ ਤੋਂ ਵੱਧ, ਸੰਸਕ੍ਰਿਤੀ ਦਾ ਪਿਛੋਕੜ ਅਤੇ ਕੁਝ ਢਾਂਚਾ ਕਿਸੇ ਹੱਦ ਤਕ ਹਿੰਦੂ ਧਰਮ ਤੇ ਸਿੱਖ ਧਰਮ ਦਾ ਸਾਂਝਾ ਹੈ। ਇਸ ਤੋਂ ਵੱਧ ਸਾਂਝ ਲੱਭਣੀ, ਖਾਸ ਕਰਕੇ ਧਾਰਮਕ ਤੇ ਰਹੱਸਵਾਦੀ ਆਸ਼ੇ ਤੋਂ, ਅਸੰਭਵ ਹੈ। ਕਾਨੂੰਨ, ਮੁਰਦੇ ਜਲਾਉਣ ਦੀ ਰਸਮ, ਗਊ-ਰੱਖਿਆ, ਦਾਨ-ਇਸ਼ਨਾਨ ਆਦਿ ਕੁਝ ਗੱਲਾਂ ਦੀ ਸਾਂਝ ਜ਼ਰੂਰ ਹੈ ਪਰ ਅੰਤਰ ਤੇ ਭਿੰਨਤਾ ਇਸ ਤੋਂ ਬਹੁਤ ਅਧਿਕ ਹੈ।

ਪ੍ਰਚਾਰ ਦਾ ਆਸ਼ਾ ਇਹ ਨਹੀਂ ਕਿ ਲੋਕਾਂ ਨੂੰ ਕੇਵਲ ਅੰਮ੍ਰਿਤ ਛਕਾ ਕੇ ਜਾਂ ਸਹਿਜਧਾਰੀ ਸਿੱਖ ਬਣਾ ਦਿੱਤਾ ਜਾਵੇ ਤੇ ਬੱਸ। ਅਸਲ ਪ੍ਰਚਾਰ ਇਹ ਹੈ ਕਿ ਸਿੱਖ ਧਰਮ ਦਾ ਰਹੱਸ ਜਾਂ ਮੁੱਢਲੀ ਅਸਲੀਅਤ ਪ੍ਰਗਟ ਕੀਤੀ ਜਾਵੇ ਅਤੇ ਸਿੱਖ ਜਨਤਾ ਨੂੰ ਦ੍ਰਿੜ੍ਹ ਕਰਾਈ ਜਾਵੇ। ਹਿੰਦੂ ਧਰਮ ਵਿਚ ਭਰਮ, ਵਹਿਮ, ਬੁੱਤ-ਪੂਜਾ, ਦੇਵੀ ਦੇਵਤਿਆਂ ਦੀ ਉਪਾਸ਼ਨਾ, ਵਾਧੂ ਕਰਮ ਕਾਂਡ ਆਦਿ ਕਈ ਧਾਰਮਿਕ ਦੋਸ਼ ਸਨ। ਇਸਲਾਮ ਵਿਚ ਕੱਟੜਵਾਦ, ਹਿੰਸਾਵਾਦ, ਦੂਜਿਆਂ ਲਈ ਘ੍ਰਿਣਾ, ਜ਼ੋਰ ਜ਼ੁਲਮ ਆਦਿ ਧਾਰਮਿਕ ਔਗੁਣ ਸਨ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਸ਼ਕਤੀਸ਼ਾਲੀ ਗਿਆਨ-ਅਨੁਭਵ ਦਾ ਖੜਗ ਲੈ ਕੇ ਇਨ੍ਹਾਂ ਸਭ ਦੋਸ਼ਾਂ ਤੇ ਔਗੁਣਾਂ ਦਾ ਵਿਨਾਸ਼ ਕਰ ਦਿਤਾ ਅਤੇ ਆਪਣਾ ਸਤਿ-ਮਾਰਗ, ਸਹਿਜ-ਮਾਰਗ, ਗੁਰਮਤਿ-ਮਾਰਗ, ਭਾਰਤ ਵਿਚ ਉਜਾਗਰ ਕਰ ਦਿੱਤਾ। ਇਕ ਅਕਾਲ ਪੁਰਖ ਦੀ ਉਪਾਸ਼ਨਾਂ, ਨਾਮ ਜਪਣ ਦਾ ਵੱਡਾ ਸਾਧਨ ਅਤੇ ਵਰਣ ਰਹਿਤ ਉਚੇ ਸਮਾਜਕ ਸਦਾਚਾਰਕ ਜੀਵਨ ਦੀ ਲੋੜ ਗੁਰੂ ਸਾਹਿਬ ਦੇ ਨਵੇਂ ਧਰਮ ਦੇ ਮੁੱਖ ਸਿਧਾਂਤ ਸਨ ਜੋ ਸਿੱਖ ਧਰਮ ਨੂੰ ਹੋਰ ਧਰਮਾਂ ਤੋਂ ਭਿੰਨ ਅਤੇ ਵਿਸ਼ੇਸ਼ ਕਰਦੇ ਹਨ। ਇਹੋ ਬੀਜ ਰੂਪ ਸਿੱਖਿਆ ਜਾਂ ਉਪਦੇਸ਼ ਗੁਰੂ ਨਾਨਕ ਸਾਹਿਬ ਤੋਂ ਪਿਛੋਂ ਬਾਕੀ ਗੁਰੂ ਸਾਹਿਬਾਨ ਨੇ ਵਿਕਸਿਤ ਕੀਤਾ ਅਤੇ ਅਖੀਰ, ਗੁਰੂ ਗੋਬਿੰਦ ਸਿੰਘ ਜੀ ਨੇ ਅਸਲੋਂ ਹੀ ਸਿੱਖ ਧਰਮ ਦੀ ਇਕ ਨਿਵੇਕਲੀ ਰੂਪ-ਰੇਖਾ ਅਤੇ ਰਹਿਤ ਮਰਿਯਾਦਾ ਕਾਇਮ ਕਰਕੇ ਇਸ ਨੂੰ ਖਾਲਸਾ ਪੰਥ ਦਾ ਨਾਮ ਦੇ ਦਿੱਤਾ। ਕੋਈ ਸਿੱਖੀ ਪ੍ਰਚਾਰ ਇਸ ਉਪਰੋਕਤ ਵਿਚਾਰ ਨੂੰ ਗ੍ਰਹਿਣ ਕੀਤੇ ਬਿਨਾਂ ਸਾਰਥਕ ਤੇ ਸਫਲ ਨਹੀਂ ਹੋ ਸਕਦਾ।

## 10. ਗ੍ਰਿਹਸਤ ਅਤੇ ਕਿਰਤ ਉਤੇ ਜ਼ੋਰ

ਹਿੰਦੂ, ਇਸਲਾਮ, ਬੁਧ, ਜੈਨ ਅਤੇ ਯੋਗ ਸਭ ਮਤਾਂ ਵਿਚ ਇਸਤ੍ਰੀ, ਨਿਖੇਧੀ ਅਤੇ ਭੰਡੀ ਦਾ ਪਾਤਰ ਸੀ। ਇਸ ਦਾ ਸਤਿਕਾਰ ਜਾਂ ਸਨਮਾਨ ਨਹੀਂ ਸੀ। ਸਿੱਖ ਮਤ ਵਿਚ ਗੁਰੂ ਨਾਨਕ ਸਾਹਿਬ ਨੇ ਇਸਤ੍ਰੀ ਨੂੰ ਉਸ ਦੀ ਯੋਗ ਪਦਵੀ ਦਿੱਤੀ, ਕੇਵਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਥਨ ਮਾਤ੍ਰ ਨਹੀਂ (ਜਿਵੇਂ ਆਸਾ ਦੀ ਵਾਰ ਦੇ ਪ੍ਰਸਿੱਧ ਸਲੋਕ 'ਭੰਡ ਜੰਮੀਐ, ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ' ਵਿਚ ਦਸਿਆ ਹੈ) ਸਗੋਂ ਅਮਲੀ ਤੌਰ ਤੇ ਗ੍ਰਿਹਸਤ ਮਾਰਗ ਨੂੰ ਪ੍ਰਧਾਨਤਾ ਦਿੱਤੀ, ਇਸਤ੍ਰੀ ਨੂੰ ਉਚਿਆ ਕੇ, ਵਡਿਆ ਕੇ, ਮਨੁੱਖ ਦੇ ਸਮਾਨ ਅਤੇ ਤੁੱਲ ਦਰਸਾ ਕੇ। ਗ੍ਰਿਹਸਤੀ ਅਵੱਸ਼ ਕਿਰਤੀ ਹੋਵੇਗਾ ਨਹੀਂ ਤਾਂ ਇਸਤ੍ਰੀ ਬੱਚੇ ਕਿਵੇਂ ਪਾਲੇਗਾ ? ਇਸ ਤਰ੍ਹਾਂ ਕਿਰਤ ਦੀ ਵੀ ਮਹੱਤਾ ਵਧ ਗਈ। ਹਿੰਦ ਤੇ ਬੋਧੀ ਸਾਧੂ, ਬ੍ਰਾਹਮਣ ਤੇ ਸੂਫੀ ਬਹੁਤ ਗਿਣਤੀ ਵਿਚ ਵਿਹਲੜ ਹੁੰਦੇ ਸਨ। ਸਿੱਖ ਕੋਈ ਵਿਹਲੜ ਨਹੀ ਹੋ ਸਕਦਾ। ਕਿਰਤ ਉਸ ਲਈ ਆਵੱਸ਼ਕ ਹੈ। ਕਿਰਤ ਕਮਾਈ ਕਰਨ ਨਾਲ ਸਿੱਖ ਪਦਾਰਥ ਦਾ ਮਾਲਕ ਹੋ ਜਾਂਦਾ ਹੈ। ਫਿਰ ਦਾਨ ਕਰਨ ਦੇ ਸਮਰਥ ਹੋ ਜਾਂਦਾ ਹੈ[32]। ਇਸ ਤਰ੍ਹਾਂ ਸਿੱਖ ਧਰਮ ਤੇ ਸਮਾਜ ਦੀ ਉੱਨਤੀ ਦੇ ਵਿਸ਼ੇਸ਼ ਸਾਧਨ ਉਪਜੇ। ਗ੍ਰਿਹਸਤ ਵਿਚੋਂ ਕਿਰਤ, ਕਿਰਤ ਵਿਚੋਂ ਦਾਨ, ਦਾਨ ਵਿਚੋਂ ਸੇਵਾ ਇਹ ਚਾਰ ਸਿੱਖ ਧਰਮ ਦੇ ਅਤਿ ਜ਼ਰੂਰੀ ਸਿੱਧਾਂਤ ਮੰਨੇ ਜਾਂਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਪਰਚਲਤ ਕੀਤੇ ਉਪਰਾਲੇ ਦਸ ਪ੍ਰਚਾਰ ਸਾਧਨਾਂ ਨਾਲ ਹੀ ਸਿੱਖ ਧਰਮ ਦੀ ਉੱਨਤੀ ਅਤੇ ਬ੍ਰਿਧੀ ਹੋਂਦ ਵਿਚ ਆਈ। ਇਨ੍ਹਾਂ ਦੇ ਆਧਾਰ ਤੇ ਹੀ ਸਿੱਖ ਧਰਮ ਦਾ ਵਿਕਾਸ਼ ਹੋਇਆ। ਇਨ੍ਹਾਂ ਦੇ ਆਸਰੇ ਹੀ ਸਿੱਖ ਇਤਿਹਾਸ ਵਿਚ ਸ਼ਾਨਦਾਰ ਕਾਰਨਾਮੇ ਵਾਪਰੇ। ਇਨ੍ਹਾਂ ਦੇ ਸਦਕੇ ਹੀ ਸਿੱਖ ਰਾਜ ਦੀ ਸਥਾਪਨਾ ਤੇ ਨਿਰਮਾਣ ਹੋਇਆ। ਇਹੋ ਸਿੱਖ ਸੈਨਕ ਤੇ ਸਮਾਜਕ ਸ਼ਕਤੀ ਦਾ ਸੋਮਾ ਹੈ।

## ਸੈਨਿਕ ਸ਼ਕਤੀ ਅਤੇ ਪ੍ਰਚਾਰ

ਸੈਨਿਕ ਸ਼ਕਤੀ ਰਾਜ ਸ਼ਕਤੀ ਦਾ ਮੂਲ ਹੈ। ਇਸੇ ਤੋਂ ਸਮਾਜਕ ਸ਼ਕਤੀ ਦੀ ਨੀਂਹ ਬੱਝਦੀ ਹੈ। ਗੁਰੂ ਨਾਨਕ ਸਾਹਿਬ ਨੇ ਆਪ ਹੀ ਇਸ ਸਚਾਈ ਨੂੰ ਗੁਰਬਾਣੀ ਵਿਚ ਪ੍ਰਗਟ ਕੀਤਾ ਹੈ[33]। ਨਾਲ ਹੀ ਅਜੇਹੀ ਸ਼ਕਤੀ ਨੂੰ ਵਿਅਰਥ ਦੱਸਿਆ, ਜੇ ਉਹ ਧਰਮ ਜਾਂ ਆਤਮਕ ਸੱਚ ਤੇ ਆਧਾਰਿਤ ਨਾ ਹੋਵੇ। ਸਿੱਖ ਧਰਮ ਪਹਿਲਾ ਇਕ ਧਾਰਮਕ ਸਮਾਜ ਜਾਂ ਅੰਦੋਲਨ ਸੀ, ਫਿਰ ਸੰ: 1606 ਈਸਵੀਂ (ਅਰਥਾਤ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ) ਤੋਂ ਇਸ ਦੀ ਨੁਹਾਰ ਬਦਲ ਗਈ[34]। ਆਤਮਕ ਤੇ ਸਮਾਜਕ ਸੁਧਾਰ ਦੀ ਲਹਿਰ ਤੋਂ ਪਲਟ ਕੇ ਇਹ ਇਕ ਸੈਨਿਕ ਸ਼ਕਤੀ ਦਾ ਰੂਪ ਧਾਰ ਗਈ। ਮੀਰੀ ਤੇ ਪੀਰੀ ਦੋਵੇਂ ਇਕੱਠੀਆਂ ਹੋ ਗਈਆਂ, ਸਰਦਾਰੀ ਤੇ ਫ਼ਕੀਰੀ, ਰਾਜ ਤੇ ਯੋਗ। ਗੁਰੂ ਹਰਿ ਗੋਬਿੰਦ ਜੀ ਇਸ ਕ੍ਰਾਂਤੀ ਦੇ ਮੋਢੀ ਸਨ। ਇਸ ਦਾ ਇਸ਼ਾਰਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਵਲੋਂ ਹੋਇਆ ਸੀ, ਜੋ ਸ਼ਾਂਤੀ ਤੇ ਕੁਰਬਾਨੀ ਦੇ ਅਵਤਾਰ ਸਨ। ਇਸ ਦਾ ਭਾਵ ਇਹ ਹੈ ਕਿ ਇਹ ਪ੍ਰੀਵਰਤਨ ਅਨਿਵਾਰਯ ਸੀ। ਸਮੇਂ ਦੀ ਆਵੱਸ਼ਕ ਲੋੜ ਸੀ। ਕੋਈ ਬਾਹਰੋਂ ਉਪਜਿਆ ਵਾਧੂ ਜਤਨ ਨਹੀਂ ਸੀ। ਇਹ ਸਿੱਖ ਧਰਮ ਦੀ ਇਕ ਅੰਦਰਲੀ ਤਬਦੀਲੀ ਸੀ, ਜਿਸ ਦੇ ਸਾਧਨ ਬਾਹਰੋਂ ਉਪਜੇ। ਮੁਗਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜ ਦਾ ਅਤਿਆਚਾਰ ਇਸ ਦੀ ਉਤੇਜਨਾ ਦਾ ਸੋਮਾ ਬਣਿਆ। ਮੁਗਲ ਰਾਜ ਦੇ ਨਾਲ ਹਿੰਦੂ ਕੱਟੜਪਨ, ਬ੍ਰਹਮਣਵਾਦ ਅਤੇ ਮੁੱਲਾਂਵਾਦ ਸ਼ਾਮਲ ਹੋ ਗਏ । ਗੱਲ ਕੀ ਇਕ ਨਵੇਂ ਉਸਰ ਰਹੇ ਸਮਾਜ ਦਾ ਇਹ ਜੀਵਨ ਮੌਤ ਦਾ ਸਵਾਲ ਸੀ। ਇਹ ਇਕ ਸਵੈ ਰੱਖਿਆ ਦੀ ਸਮੱਸਿਆ ਸੀ, ਜਿਸ ਨੇ ਸਿੱਖ ਸਮਾਜ ਨੂੰ ਸੈਨਿਕ ਤੌਰ ਤੇ ਸੰਗਠਿਤ ਕਰ ਦਿਤਾ। 'ਧਰਮ ਯੁੱਧ' ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।

ਇਸ ਤਰ੍ਹਾਂ ਜੀਵਨ ਦਾ ਇਕ ਜ਼ਰੂਰੀ ਨਿਯਮ ਹੋਂਦ ਵਿਚ ਆਇਆ, ਕਿ ਸੰਘਰਸ਼ ਵਿਕਾਸ ਦਾ ਸਭ ਤੋਂ ਵੱਡਾ ਸਾਧਨ ਹੈ। ਡਾ: ਮੁਹੰਮਦ ਇਕਬਾਲ, ਉਰਦੂ ਦੇ ਮਹਾਨ ਕਵੀ, ਦਾ ਵਿਚਾਰ ਹੈ ਕਿ ਕੌਮਾਂ ਤਲਵਾਰ ਦੇ ਨੇਜ਼ੇ ਦੀ ਸ਼ਕਤੀ ਤੋਂ ਬਣਦੀਆਂ ਅਤੇ ਨਾਚ ਗਾਣੇ ਦੀ ਮਜਲਸ ਵਿਚ ਖਤਮ ਹੁੰਦੀਆਂ ਹਨ[35]। ਗੁਰੂ ਹਰਿ ਗੋਬਿੰਦ ਸਾਹਿਬ ਪਹਿਲਾਂ ਗੁਰੂ-ਪੀਰ ਸਨ, ਸੰਤ ਫ਼ਕੀਰ ਸਨ, ਹੁਣ ਜੋਧਾ ਤੇ ਵੀਰ ਬਣ ਗਏ, ਸੈਨਿਕ ਤੇ ਸੈਨਾਪਤੀ ਹੋ ਗਏ। ਉਨ੍ਹਾਂ ਨੇ ਮੁਗਲ ਫੌਜਾਂ ਨੂੰ ਹਾਰ ਦਿੱਤੀ, ਜੁੱਧ ਲੜੇ ਤੇ ਜਿੱਤੇ। ਗੁਰੂ ਹਰਿ ਰਾਏ ਸਾਹਿਬ ਨੇ ਵੀ ਸੈਨਾ ਰਖੀ। ਗੁਰੂ ਤੇਗ ਬਹਾਦਰ ਜੀ ਵੀ ਸ਼ਸਤਰ ਧਾਰੀ ਸਨ। ਗੁਰੂ ਗੋਬਿੰਦ ਸਿੰਘ ਜੀ ਨੂੰ ਤਾਂ ਨਵੇਂ ਸਿਰਿਓਂ ਆਪਣੇ ਗੁਰੂ-ਪਿਤਾ ਜੀ ਦੀ ਸ਼ਹੀਦੀ ਤੋਂ ਉਤੇਜਤ ਹੋ ਕੇ ਸੈਨਿਕ ਯੋਗਤਾ ਦਾ ਉਚੇਚਾ ਪ੍ਰਬੰਧ ਕਰਨਾ ਪਿਆ। ਉਨ੍ਹਾਂ ਨੇ ਸਦਾ ਲਈ ਸਿੱਖ ਕੌਮ ਨੂੰ ਪੰਥ ਖਾਲਸਾ ਦਾ ਰੂਪ ਦੇ ਕੇ ਭਾਰਤ ਦੀ ਆਜ਼ਾਦੀ ਦਾ ਸਭ ਤੋਂ ਮਹਾਨ ਕਦਮ ਉਠਾਇਆ ਸੀ, ਜਿਸ ਲਈ ਛੇ ਸੱਤ ਸਦੀਆਂ ਤੋਂ ਭਾਰਤੀ ਤਰਸ ਰਹੇ ਸਨ।

ਸਿੱਖ ਗੁਰੂ ਸਾਹਿਬਾਨ ਅਮਨ ਦੇ ਪੈਗ਼ੰਬਰ ਸਨ। ਇਹ ਗੱਲ ਸਭ ਇਤਿਹਾਸਕਾਰਾਂ ਨੇ ਮੰਨੀ ਹੈ। ਫਿਰ ਉਹਨਾਂ ਨੂੰ ਤਲਵਾਰ ਕਿਉਂ ਚੁੱਕਣੀ ਪਈ? ਇਹ ਇਕ ਬਹੁਤ ਜ਼ਰੂਰੀ ਪ੍ਰਸ਼ਨ ਹੈ। ਨੈਪੋਲੀਅਨ ਦਾ ਕਥਨ ਹੈ ਕਿ ਸੈਨਿਕ ਸ਼ਕਤੀ ਅਮਨ ਦੀ ਪਹਿਰੇਦਾਰ ਹੈ[36]। ਸ਼ਕਤੀ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਸ਼ਕਤੀ ਤੋਂ ਬਿਨਾਂ ਧਰਮ ਕਾਇਮ ਨਹੀਂ ਰਹਿ ਸਕਦਾ। ਬੁਧ ਧਰਮ ਕਿਉਂ ਨਾਸ਼ ਹੋਇਆ? ਰਾਜ-ਸ਼ਕਤੀ ਦੇ ਨਾਸ ਹੋ ਜਾਣ ਨਾਲ, ਅਹਿੰਸਾ ਦੇ ਅੱਤ ਭਾਵੀ ਪ੍ਰਚਾਰ ਨਾਲ। ਰੱਬ ਦੀ ਆਪਣੀ ਨਿਜੀ ਸ਼ਕਤੀ 'ਆਕਰਖਮਈ' ਜਾਂ ਵਿਨਾਸ਼ਕਾਰੀ-ਪ੍ਰਲੈਕਾਰੀ ਸ਼ਕਤੀ ਹੈ। ਰਬ ਦੀ ਸ਼ਕਤੀ ਦੁਸ਼ਟ-ਦਮਨ, ਦੈਂਤ-ਸੰਘਾਰ ਸ਼ਕਤੀ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਤਿਹਾਸਕ ਪ੍ਰਸੰਗ ਅਤੇ ਪਰਸਥਿਤੀ ਨੂੰ ਠੀਕ ਠੀਕ ਸਮਝਕੇ ਨਿਰਣਾ ਕੀਤਾ ਕਿ ਸੈਨਿਕ ਸ਼ਕਤੀ ਪ੍ਰਾਪਤ ਕੀਤੇ ਬਿਨਾਂ ਤੇ ਇਸ ਦਾ ਪ੍ਰਯੋਗ ਕੀਤੇ ਬਿਨਾਂ ਨਾ ਕੇਵਲ ਸਿੱਖ ਕੌਮ ਸੁਰੱਖਿਅਤ ਨਹੀਂ ਸੀ ਹੋ ਸਕਦੀ ਸਗੋਂ ਭਾਰਤ ਦੀ ਹਿੰਦੂ ਕੌਮ, ਜੋ ਸਮੂੱਚੇ ਤੌਰ ਤੇ ਬਿਨਾਸ ਹੋ ਜਾਣ ਦੇ ਕਰੀਬ ਸੀ, ਉਸ ਨੂੰ ਬਚਾਉਣ ਦਾ ਬੀ ਇਕੋ ਇਕ ਸਾਧਨ ਘੋਰ ਸੰਘਰਸ਼, ਬਲੀਦਾਨ, ਨਿੱਤ ਦਾ ਯੁੱਧ ਅਤੇ ਅਮੁੱਕ ਬੀਰ ਰਸ ਦਾ ਵਰਤਾਰਾ ਹੀ ਸੀ। ਜਦ ਹੋਰ ਕੋਈ ਚਾਰਾ ਨਾ ਬਣੇ ਤਾਂ ਤਲਵਾਰ ਪਕੜਨਾ ਉਚਿਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ–ਇਹ ਗੁਰੂ ਦੇਸਮੇਸ਼ ਜੀ ਦਾ ਨਵਾਂ ਨਾਹਰਾ ਜਾਂ ਏਲਾਨ ਸੀ[37] ।

ਸਿੱਖ ਧਰਮ ਦਾ ਇਹ ਇਤਿਹਾਸਕ ਮੋੜ ਜਾਂ ਇਤਿਹਾਸਕ ਪ੍ਰੀਵਰਤਨ ਜਿਥੇ ਅਤੀ ਆਵੱਸ਼ਕ ਸੀ, ਉਥੇ ਸਿੱਖ ਕੌਮ ਦੇ ਵਾਧੇ, ਵਿਕਾਸ਼, ਧਰਮ-ਪ੍ਰਚਾਰ, ਸਮਾਜਕ ਸ਼ਕਤੀ ਅਤੇ ਰਾਜਸੀ ਸ਼ਕਤੀ ਸਥਾਪਤ ਕਰਨ ਦਾ ਵੀ ਮੂਲ ਕਾਰਨ ਬਣਿਆ। ਸਦਾ ਲਈ ਸਿੱਖ ਧਰਮ ਅਤੇ ਰਾਜਨੀਤੀ ਇਕ ਦੂਜੇ ਲਈ ਅਨਿਵਾਰਯ (ਲਾਜ਼ਮ ਮਲਜ਼ੂਮ-Indispensable) ਹੋ ਗਏ । ਭਾਵੇਂ ਸਿੱਖ ਕੌਮ ਨੂੰ 1675 ਈ: (ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਦਸਮ ਗੁਰੂ ਜੀ ਦੀ ਗੱਦੀ-ਨਸ਼ੀਨੀ) ਤੋਂ ਲੈ ਕੇ 1765 ਈ: (ਸਿੱਖ ਰਾਜ ਦੀ ਮੁੱਢਲੀ ਸਥਾਪਤੀ ਤੇ ਨਵਾਬ ਕਪੂਰ ਸਿੰਘ ਦੇ ਰਾਜ-ਅਧਿਕਾਰੀ ਹੋਣ) ਤਕ ਇਕ ਲੰਮੇ ਰਾਜਸੀ ਤੇ ਸੈਨਿਕ ਸੰਘਰਸ਼ ਵਿਚੋਂ ਲੰਘਣਾ ਪਿਆ, ਜਿਸ ਵਿਚੋਂ ਉਹ ਅਤਿਅੰਤ ਖ਼ੂਨ ਦੀ ਆਹੂਤੀ ਦੇ ਕੇ ਹੀ ਸੁਰੱਖਿਅਤ ਰਹਿ ਸਕੀ, ਪਰ ਇਹੋ ਖ਼ੂਨ ਦੀ ਆਹੂਤੀ ਉਸ ਦੇ ਸਦੀਵੀ ਅਮਨ ਅਤੇ ਸ਼ਕਤੀ-ਸ਼ਾਲੀ ਹੋਣ ਦਾ ਕਾਰਨ ਬਣੀ। ਸਚਮੁਚ ਸ਼ਹੀਦਾਂ ਦਾ ਖ਼ੂਨ, ਧਾਰਮਕ ਸਮਾਜ ਦੀ ਉਸਾਰੀ ਵਿਚ ਚੂਨੇ ਤੇ ਗਾਰੇ ਦਾ ਕੰਮ ਦੇ ਦਾ ਹੈ[38] । ਜਿਸ ਸਿੱਖੀ ਮਹੱਲ ਦੀਆਂ ਨੀਹਾਂ ਗੁਰੂ ਸਾਹਿਬਾਨ ਦੋ ਸੌ ਸਾਲ ਤੱਕ ਪੱਕੀਆਂ ਕਰਦੇ ਰਹੇ ਅਤੇ ਜਿਸ ਦੀ ਮਜ਼ਬੂਤ ਉਸਾਰੀ ਲਈ ਘਾਲਣਾ ਘਾਲਦੇ ਰਹੇ, ਇਸ ਦੀ ਪ੍ਰੀਖਿਆ ਦਾ ਸਮਾਂ ਅਠਾਰਵੀਂ ਸਦੀ ਵਿਚ ਅਜੇਹੀ ਸ਼ਿੱਦਤ ਤੇ ਸਖ਼ਤੀ ਨਾਲ ਆਇਆ ਕਿ ਇਹ ਮਹੱਲ ਭੁਚਾਲਾਂ ਤੇ ਰਾਜ-ਗਰਦੀਆਂ ਦੇ ਹੱਲੇ ਸਹਿ ਸਹਿ ਕੇ ਸਦਾ ਲਈ ਧ੍ਰੁ ਤਾਰੇ ਵਾਂਗ ਅਟਲ ਤੇ ਅਡੋਲ ਹੋ ਗਿਆ। ਔਕੜਾਂ ਔਕੜਾਂ ਨਾ ਰਹੀਆਂ, ਕਸ਼ਟ ਕਸ਼ਟ ਨਾ ਰਹੇ, ਖਤਰੇ ਖਤਰੇ ਨਾ ਰਹੇ[39] ।

ਇਸ ਉਪਰਲੀ ਵਿਚਾਰ ਤੋਂ ਇਕ ਅਤੀ ਜ਼ਰੂਰੀ ਸਿੱਧਾਂਤ ਇਹ ਨਿਕਲਦਾ ਹੈ ਕਿ ਪ੍ਰਚਾਰ ਕੇਵਲ ਜ਼ਬਾਨੀ ਤੇ ਲਿਖਤੀ ਪ੍ਰੇਰਨਾ ਨਹੀਂ, ਇਸ ਦਾ ਅਸਲੀ ਰੂਪ ਜੀਵਨ-ਕਰਤੱਵ ਹੈ, ਜਾਂ ਦੂਜੇ ਸ਼ਬਦਾਂ ਵਿਚ 'ਆਚਰਨ' ਪ੍ਰਚਾਰ ਦਾ ਵੱਡਾ ਸਾਧਨ ਹੈ। ਕਿਸੇ ਆਲੋਚਕ ਦਾ ਕਥਨ ਹੈ ਕਿ ਆਚਰਨ ਹੀ ਹੋਣੀ ਹੈ। ਆਚਰਨ ਕੌਮਾਂ ਦੀ ਹੋਣੀ ਉਚੀ ਕਰ ਦੇਂਦਾ ਹੈ ਅਤੇ ਆਚਰਨ ਦੀ ਅਣਹੋਂਦ ਕੌਮਾਂ ਨੂੰ ਡੇਗ ਦੇਂਦੀ ਹੈ। ਜਿਥੇ ਆਚਰਨ ਹੈ, ਜੀਵਨ ਕਰਤੱਵ ਹੈ, ਜੀਵਨ ਚਿਣੰਗ (Spirit) ਹੈ, ਉਥੇ ਰਸਮੀ ਪ੍ਰਚਾਰ ਜਾਂ ਬਾਹਰਲੇ, ਉਚੇਚੇ ਪ੍ਰਚਾਰ ਦੀ ਕੀ ਲੋੜ ਹੋ ਸਕਦੀ ਹੈ। ਅਸਲੀ ਪ੍ਰਚਾਰ ਹੀ ਉਹ ਹੈ ਜੋ ਨਕਲ ਜਾਂ ਅਨੁਕਰਨ ਤੋਂ ਪੈਦਾ ਹੋਵੇ। ਦੀਵੇ ਤੋਂ ਦੀਵਾ ਜਗੇ। ਇਕ ਚੰਗੀ ਮਿਸਾਲ ਸ਼ਮਅ ਵਾਂਗ ਸਾਰੀ ਮਹਿਫਲ ਰੌਸ਼ਨ ਕਰ ਦੇਵੇ। ਸੋ ਸਿੱਖ ਕੌਮ ਨੇ ਦੋ ਤਿੰਨ ਆਚਰਣਕ ਪ੍ਰੀਖਿਆ ਵਾਲੀਆਂ ਸਦੀਆਂ ਵਿਚ ਜੋ ਆਪਣਾ ਉੱਚਾ ਸੁੱਚਾ ਇਤਿਹਾਸ ਬਣਾਇਆ, ਘੜਿਆ ਤੇ ਉਸਾਰਿਆ ਉਹ ਸਿੱਖੀ ਪ੍ਰਚਾਰ ਦਾ ਸਭ ਤੋਂ ਮਹਾਨ ਤੇ ਪ੍ਰਭਾਵ-ਸ਼ਾਲੀ ਸਾਧਨ ਬਣ ਗਿਆ ਹੈ[40] । ਕੌਮਾਂ ਆਪਣੇ ਇਤਿਹਾਸ ਤੇ ਹੀ ਜਿਉਂਦੀਆਂ ਹਨ, ਇਸ ਵਿਚ ਕੋਈ ਸ਼ੱਕ ਨਹੀਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਖ ਇਤਿਹਾਸ ਨੇ ਕੁਰਬਾਨੀ ਤੇ ਸੰਘਰਸ਼ ਦੇ ਸਮੇਂ ਵੀ ਵੇਖੇ ਤੇ ਪਿਛੋਂ ਸਿੱਖੀ ਸ਼ਾਨ ਤੇ ਪ੍ਰਭੁਤਾ ਦੇ ਅਵਸਰ ਵੀ ਵੇਖੇ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖ ਕੌਮ ਦੀ ਉੱਨਤੀ ਦਾ ਸੁਨਹਿਰੀ ਕਾਲ ਸੀ, ਇਹ ਸ਼ਾਨ ਤੇ ਪ੍ਰਭੁਤਾ ਵੀ ਸਿੱਖ ਇਤਿਹਾਸ ਨੇ ਸਾਂਭ ਕੇ ਰੱਖਣੀ ਹੈ ਤੇ ਇਸ ਵਿਚੋਂ ਸਿੱਖੀ ਕੌਮ ਨੇ ਆਪਣੇ ਉੱਜਲੇ ਭਵਿੱਖ ਦੇ ਸੁਪਨੇ ਘੜਨੇ ਹਨ। ਅਜੇਹਾ ਹੋਣਾ ਆਵੱਸ਼ਕ ਹੈ। ਸਿੱਖ ਇਤਿਹਾਸ ਨੂੰ ਪਰਸਾਰਨਾ, ਪਰਚਲਤ ਕਰਨਾ, ਖੋਜ ਦਾ ਪਾਤ੍ਰ ਬਣਾਉਣਾ, ਅਤੇ ਇਸ ਦਾ ਠੀਕ ਆਸ਼ਾ ਨਿਸਚਿਤ ਕਰਨਾ, ਸਿੱਖ ਧਰਮ ਦੇ ਪ੍ਰਚਾਰ ਦੀ ਸ਼ਾਇਦ ਸਭ ਤੋਂ ਵੱਡੀ ਅਜੋਕੀ ਸਮੱਸਿਆ ਹੈ।

## ਅਜੋਕੀ ਸਥਿਤੀ ਅਤੇ ਪ੍ਰਚਾਰ

ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਸਿੱਖ ਪੰਥ ਦੇ ਐਸ਼੍ਵਰਜ ਤੇ ਸ਼ਾਨੋ-ਸ਼ੌਕਤ ਦਾ ਸਮਾਂ ਸੀ। ਪ੍ਰਭੁਤਾ ਦੇ ਸਦਕੇ ਸਿੱਖਾਂ ਦੀ ਗਿਣਤੀ ਉਸ ਵੇਲੇ ਬਹੁਤ ਵਧ ਗਈ। ਧਰਮ ਪ੍ਰਚਾਰ ਆਪਣੇ ਆਪ ਸਮਾਜਿਕ ਰਹੁ-ਰੀਤਿ ਦੇ ਰੂਪ ਵਿਚ ਹੋ ਰਿਹਾ ਸੀ, ਪ੍ਰੰਤੂ ਆਤਮਕ ਜੀਵਨ ਜਾਂ ਉਪਦੇਸ਼ ਉਸ ਵੇਲੇ ਅਠਾਰ੍ਹਵੀਂ ਸਦੀ ਦੇ ਟਾਕਰੇ ਤੇ ਬਹੁਤ ਘਟ ਗਿਆ ਸੀ। ਖ਼ੁਦ ਮਹਾਰਾਜੇ ਨੂੰ ਤੇ ਸਿੱਖ ਸਰਦਾਰਾਂ ਨੂੰ ਰਾਜ-ਕਾਜ ਦੇ ਜ਼ਰੂਰੀ ਕਾਰਜਾਂ ਅਤੇ ਸੈਨਿਕ ਰੁਝੇਵਿਆਂ ਤੋਂ ਕਿੱਥੇ ਵਿਹਲ ਮਿਲਦਾ ਸੀ? ਫਿਰ ਵੀ ਮਹਾਰਾਜੇ ਦਾ ਵਿਹਾਰ ਤੇ ਨਿਤ-ਕਰਮ ਚੰਗੇ ਗੁਰਸਿੱਖਾਂ ਵਾਲਾ ਸੀ ਅਤੇ ਉਹ ਹਰ ਤਰ੍ਹਾਂ ਸਿੱਖ ਧਰਮ ਦੀ ਉੱਨਤੀ ਅਤੇ ਇਸ ਦੇ ਮੁਢਲੇ ਆਸ਼ੇ ਦੀ ਪੂਰਤੀ ਵਿਚ ਤਤਪਰ ਰਹਿੰਦਾ ਸੀ। ਧਾਰਮਕ ਕੱਟੜਤਾ ਅਤੇ ਤੰਗ-ਦਿਲੀ ਮਹਾਰਾਜੇ ਨੇ ਰਾਜ-ਨੀਤੀ ਦੇ ਪੱਖੋਂ ਹਾਨੀਕਾਰਕ ਸਮਝ ਕੇ ਉੱਕੀ ਹੀ ਆਪਣੇ ਕਰਤੱਵ ਵਿਚ ਸ਼ਾਮਲ ਨਹੀਂ ਕੀਤੀ ਸੀ। ਉਸ ਦਾ ਰਾਜ ਪੰਜਾਬ ਵਿਚ ਪਹਿਲਾ ਸਰਬ-ਲੌਕਿਕ (Secular) ਰਾਜ ਸੀ, ਜੋ ਸਭ ਧਰਮਾਂ ਤੇ ਜਾਤੀਆਂ ਦਾ ਸਾਂਝਾ ਰਾਜ ਸੀ। ਪੰਜਾਬੀਆਂ ਦਾ ਮਾਨੋ ਇਹ ਪਹਿਲਾ ਸੁਤੰਤਰ ਰਾਜ ਸੀ ਜੋ ਪੰਜਾਬ ਦੇ ਲੰਮੇ ਇਤਿਹਾਸ ਵਿਚ ਕਦੀ ਵੀ ਵੇਖਣ ਵਿਚ ਆਇਆ।

ਪਰ ਸ਼ੋਕ! ਏਡਾ ਵਡਾ ਰਾਜ ਮਹਾਰਾਜੇ ਦੇ ਦੇਹਾਂਤ ਨਾਲ ਹੀ ਨਸ਼ਟ ਹੋ ਗਿਆ। ਅਜੇ ਇਸ ਦੀਆਂ ਧੁੰਮਾਂ ਏਸ਼ੀਆ ਤੇ ਯੂਰਪ ਦੇ ਸਾਰੇ ਮਹਾਨ ਦੇਸ਼ਾਂ ਵਿਚ ਫੈਲ ਹੀ ਰਹੀਆਂ ਸਨ ਕਿ ਨੈਪੋਲੀਅਨ ਦੀ ਅਦੁਤੀ 'ਸਲਤਨਤ' (Empire) ਵਾਂਗ ਇਹ ਸ਼ਾਨਦਾਰ ਰਾਜ-ਮਹੱਲ ਰਾਜਨਾਇਕ ਦੇ ਅੱਖ ਮੀਟਦੇ ਸੀ ਢਹਿ ਢੇਰੀ ਹੋ ਗਿਆ, ਜਿਵੇਂ ਕਿ ਤਾਸ਼ ਦੇ ਪੱਤਿਆਂ ਦਾ ਬਣਾਇਆ ਮਹੱਲ ਹੋਵੇ। ਸਿੱਖ ਕੌਮ ਇਕ-ਦਮ ਅਕਾਸ਼ ਤੋਂ ਧਰਤੀ ਤੇ ਆ ਢੱਠੀ। ਗਿਰਾਵਟ ਤੇ ਪਤਨ ਦੇ ਘੋਰ ਹਨੇਰੇ ਫੈਲਣ ਲੱਗੇ। ਕਿਸੇ ਨੂੰ ਕੋਈ ਸਲਾਮਤੀ ਜਾਂ ਸੁਰੱਖਿਆ ਦਾ ਰਾਹ ਨਹੀਂ ਸੀ ਲੱਭਦਾ। ਉਨ੍ਹੀਵੀਂ ਸਦੀ ਦਾ ਦੂਜਾ ਅੱਧ ਏਸੇ ਅਧੋਗਤੀ ਦਾ ਸਮਾਂ ਸੀ, ਸਿਵਾਏ ਬਾਬਾ ਰਾਮ ਸਿੰਘ ਜੀ ਦੇ ਦੇਸ਼ ਪਿਆਰ ਦੇ ਕੰਮਾਂ ਤੇ ਯਤਨਾਂ ਦੇ, ਸਿੱਖਾਂ ਪਾਸੋਂ, ਸਗੋਂ ਪੰਜਾਬੀਆਂ ਪਾਸੋਂ, ਕੁਝ ਬਣ ਸਰ ਨਾ ਆਇਆ। ਅਖੀਰ ਇਸ ਸਦੀ ਦੇ ਅੰਤਲੇ ਦਹਾਕਿਆਂ ਵਿਚ ਆਰੀਆ ਸਮਾਜ ਲਹਿਰ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਲੀਗੜ੍ਹ ਲਹਿਰ ਦੀ ਰੀਸੇ ਸਿੱਖ ਧਰਮ ਦੀ ਜਾਗ੍ਰਿਤ ਦਾ ਬੀੜਾ ਸਿੰਘ ਸਭਾ ਲਹਿਰ ਨੇ ਚੁੱਕਿਆ। ਚੀਫ ਖਾਲਸਾ ਦੀਵਾਨ ਅਤੇ ਸਿੱਖ ਐਜੂਕੇਸ਼ਨਲ ਕਾਨਫਰੰਸ ਨੇ ਇਸ ਵਿਚ ਚੋਖਾ ਹਿੱਸਾ ਪਾਇਆ। ਇਹ ਅਸਲੋਂ ਇਕ ਸਮਾਜ ਸੁਧਾਰ ਤੇ ਵਿਦਿਆ ਧਰਮ ਪ੍ਰਚਾਰ ਦੀ ਲਹਿਰ ਸੀ। ਸਿੱਖ ਕੌਮ ਇਕ ਸਦੀ ਦੀ ਗਫਲਤ ਦੀ ਨੀਂਦ ਵਿਚੋਂ ਫਿਰ ਜਾਗ ਉੱਠੀ ਅਤੇ ਉੱਨਤੀ ਦੇ ਸਾਜ਼ੋ ਸਾਮਾਨ ਇਕੱਠੇ ਕਰਨ ਲਗੀ ਅਤੇ ਕੁਰੀਤੀਆਂ ਦੇ ਕੰਡੇ ਆਪਣੇ ਰਾਹ ਵਿਚੋਂ ਹਟਾਉਣ ਲਗੀ। ਅਕਾਲੀ ਲਹਿਰ ਜੋ 1920 ਦੇ ਲਗ ਭਗ ਹੋਂਦ ਵਿਚ ਆਈ, ਏਸੇ ਪਹਿਲੀ ਲਹਿਰ ਦਾ ਇਕ ਵਿਕਸਤ ਰਾਜਸੀ ਆਸ਼ੇ ਦਾ ਪਰਿਣਾਮ ਸੀ।

ਭਾਰਤ ਦੀ ਅਜ਼ਾਦੀ ਦੇ ਜਤਨਾਂ ਵਿਚ ਅਤੇ ਆਪਣੀ ਨਵੀਂ ਹੋਣੀ ਢਾਲਣ ਦੇ ਕੰਮਾਂ ਵਿਚ, ਸਿੰਘ ਸਭਾ ਲਹਿਰ ਦੇ ਸਮੇਂ ਤੋਂ ਹੀ, ਸਿੱਖ ਕੌਮ ਪੂਰੀ ਤਰ੍ਹਾਂ ਰੁੱਝੀ ਰਹੀ ਹੈ। ਪਹਿਲਾਂ ਦੇਸ਼ ਭਗਤਾਂ ਦੀ ਗਦਰ ਲਹਿਰ, ਫਿਰ 'ਕਾਂਗ੍ਰਸ' ਨਾਲ ਮਿਲ ਕੇ ਦੇਸ਼ ਆਜ਼ਾਦ ਕਰਾਉਣ ਦਾ ਅੰਦੋਲਨ, ਸਿੱਖ ਕੌਮ ਦੀ ਦੇਸ਼ ਨੂੰ ਇਕ ਵੱਡੀ ਦੇਣ ਹੈ, ਜੋ ਭਾਰਤੀ ਰਾਜਨੀਤਕ ਖੇਤਰਾਂ ਵਿਚ ਆਪਣੀ ਮਿਸਾਲ ਨਹੀਂ ਰੱਖਦੀ। 1956 ਤੋਂ ਪੰਜਾਬੀ ਸੂਬੇ ਦੀ ਪ੍ਰਾਪਤੀ ਦੇ ਜਤਨ ਵਧੇਰੇ ਤਿੱਖੇ ਅਤੇ ਜੋਸ਼ੀਲੇ ਰੂਪ ਵਿਚ ਪ੍ਰਗਟ ਹੋਏ। ਅਜੇ ਤਕ ਇਸ ਆਸ਼ੇ ਵਿਚ ਪੂਰਨ ਸਫਲਤਾ ਪ੍ਰਾਪਤ ਨਹੀਂ ਹੋ ਸਕੀ। ਇਉਂ ਜਾਪਦਾ ਹੈ ਕਿ ਮਹਾਨ ਗੁਰੂ ਸਾਹਿਬਾਨ ਨੇ ਸਿੱਖ ਕੌਮ ਦੀ ਪ੍ਰਕਿਰਤੀ ਅਤੇ ਅਸਲੀਅਤ ਹੀ ਸੰਘਰਸ਼ ਦੀਆਂ ਨੀਂਹਾਂ ਉਤੇ ਉਸਾਰੀ ਸੀ।

ਅਜੋਕੇ ਰਾਜਸੀ ਰੁਝੇਵਿਆਂ ਤੇ ਝਮੇਲਿਆਂ ਵਿਚ ਫਸ ਕੇ ਸਿੱਖ ਕੌਮ ਵਿਚ ਧਰਮ ਪ੍ਰਚਾਰ ਵਲੋਂ ਕਾਫੀ ਅਵੇਸਲਾਪਨ ਅਤੇ ਢਿੱਲ ਵਾਪਰ ਗਈ ਹੈ। ਜੇ ਇਸ ਉਚੇ ਆਤਮਕ ਰਹੱਸ, ਮਹਾਨ ਕਰਤੱਵ, ਅਦੁਤੀ ਸਦਾਚਾਰ ਅਤੇ ਸ਼ਾਨਦਾਰ ਇਤਿਹਾਸ ਰੱਖਣ ਵਾਲੀ ਕੌਮ ਨੇ ਆਪਣੀ ਪੁਰਾਤਨ ਸ਼ਾਨ ਅਤੇ ਸੋਭਾ ਕਾਇਮ ਰੱਖਣੀ ਹੈ ਅਤੇ ਸਮਾਜਕ ਤੇ ਸੰਸਕ੍ਰਿਤਕ (Cultural) ਉੱਨਤੀ ਦੀਆਂ ਨਵੀਆਂ ਮੰਜ਼ਲਾਂ ਤੈਅ ਕਰਨੀਆਂ ਹਨ ਤਾਂ ਅਵੱਸ਼ ਐਸ ਵੇਲੇ ਸਤਿਗੁਰੂ ਸਾਹਿਬਾਨ ਦੇ ਦਰਸਾਏ ਹੋਏ ਸਿੱਖ ਧਰਮ ਦੇ ਪ੍ਰਚਾਰ ਦੀ ਸਖਤ ਲੋੜ ਹੈ। ਏਸ ਨਿਸ਼ਾਨੇ ਦੀ ਪ੍ਰੇਰਨਾ ਕਰਨ ਲਈ ਹੀ ਇਹ ਲਿਖਤ ਹੋਂਦ ਵਿਚ ਆਈ ਹੈ। ਕਾਸ਼ ਕਿ ਸਿੱਖ ਕੌਮ ਦੇ ਧਾਰਮਕ ਤੇ ਰਾਜਸੀ ਆਗੂ ਬਹੁਤ ਛੇਤੀ ਇਸ ਜ਼ਰੂਰੀ ਸਮੱਸਿਆ ਵਲ ਧਿਆਨ ਦੇਣ, ਪ੍ਰਚਾਰ ਦੀ ਅਵੱਸ਼ਕਤਾ ਨੂੰ ਮਹਿਸੂਸ ਕਰਕੇ ਇਸ ਵਲ ਲੋੜੀਂਦੇ ਕਦਮ ਉਠਾਉਣ! ਸਿੱਖ ਕੌਮ ਵਿਚ ਧਨ ਤੇ ਪਦਾਰਥ ਦੀ ਕਮੀ ਨਹੀਂ, ਸ਼ਰਧਾ ਤੇ ਧਾਰਮਕ ਭਾਵ ਦੀ ਘਾਟ ਨਹੀਂ। ਲੋੜ ਕੇਵਲ ਪ੍ਰਬੰਧ ਦੀ ਹੈ, ਸੰਗਠਨ ਦੀ ਹੈ, ਇਕੱਠੇ ਮਿਲ ਕੇ ਕੰਮ ਕਰਨ ਦੀ ਹੈ, ਪਰਸਪਰ ਫੁੱਟ ਨੂੰ ਦੂਰ ਕਰਨ ਦੀ ਹੈ।

ਕੁਝ ਜ਼ਰੂਰੀ ਸੁਝਾਅ, ਪ੍ਰਚਾਰ ਦੇ ਆਸ਼ੇ ਤੋਂ, ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਚੀਫ ਖਾਲਸਾ ਦੀਵਾਨ ਤੇ ਹੋਰ ਸੰਸਥਾਵਾਂ ਦੇ ਮੁਖੀ ਆਗੂਆਂ ਅਤੇ ਸੁਝਵਾਨ ਵਿਅਕਤੀਆਂ ਦੇ ਧਿਆਨ ਗੋਚਰ ਕੀਤੇ ਜਾਂਦੇ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਪੰਥ ਵਿਚ ਪੂਰਨ ਏਕਤਾ ਤੇ ਇਕ-ਸੁਰਤਾ ਕਾਇਮ ਕੀਤੀ ਜਾਏ। ਅਠਾਰ੍ਹਵੀਂ ਸਦੀ ਵਿਚ ਸਿੱਖ ਸਭ ਇਕੱਠੇ ਸਨ, 'ਗੁਰਮਤਾ' ਕਰਕੇ ਆਪਣਾ ਕਰਤੱਵ ਨਿਸਚਿਤ ਕਰ ਸਕਦੇ ਹਨ। ਹੁਣ ਕਿਉਂ ਨਹੀਂ ਕਰ ਸਕਦੇ ? 'ਏਕਤਾ' ਸਾਡਾ ਆਦਰਸ਼ ਹੈ। ਇਕੱਠ ਵਿਚ ਅਸੀਂ ਜੀਉਂਦੇ ਰਹਿ ਸਕਦੇ ਹਾਂ। ਭਾਰਤ ਦੀ ਪੁਰਾਣੀ ਬੀਮਾਰੀ, ਫੁੱਟ ਤੇ ਈਰਖਾ, ਸਾਡੇ ਵਿਚੋਂ ਨਿਕਲ ਜਾਣੀ ਚਾਹੀਦੀ ਹੈ, ਨਹੀਂ ਤੇ ਸਾਡਾ ਭਵਿੱਖ, ਸਰਦਾਰ ਖੁਸ਼ਵੰਤ ਸਿੰਘ ਦੇ ਵਿਚਾਰ ਅਨੁਸਾਰ, ਉੱਕਾ ਹੀ ਉੱਜਲਾ ਨਹੀਂ। (ਦੇਖੋ ਪੁਸਤਕ The Sikhs ਦਾ ਪਹਿਲਾ ਵਾਕ)।

2. ਸਿੱਖ ਵਿਦਿਅਕ ਸੰਸਥਾਵਾਂ ਨੂੰ, ਕਾਲਜਾਂ ਤੇ ਸਕੂਲਾਂ ਨੂੰ, ਧਰਮ ਪ੍ਰਚਾਰ ਦੇ ਨਿਸ਼ਾਨੇ ਉਤੇ ਕੇਂਦਰਤ ਕਰਨਾ ਜ਼ਰੂਰੀ ਹੈ। ਇਕੋ ਸਾਂਝਾ ਧਾਰਮਕ ਉਪਦੇਸ਼ ਦਾ ਆਸ਼ਾ ਇਨ੍ਹਾਂ ਵਿਚ ਪ੍ਰਚਲਤ ਕੀਤਾ ਜਾਏ। ਥਾਂ ਥਾਂ ਵਿਦਿਅਕ ਕਾਨਫਰੰਸਾਂ ਬੜੇ ਉਤਸ਼ਾਹ ਨਾਲ ਕੀਤੀਆਂ ਜਾਣ।

3. 'ਸਿੱਖ ਮਿਸ਼ਨਰੀ ਕਾਲਜ' ਤੇ ਖਾਲਸਾ ਪ੍ਰਚਾਰਕ ਵਿਦਿਆਲੇ ਨੂੰ ਬਹੁਤ ਵਧਾਇਆ ਤੇ ਵਿਕਸਤ ਕੀਤਾ ਜਾਏ। ਪ੍ਰਚਾਰਕ, ਗ੍ਰੰਥੀ ਤੇ ਰਾਗੀ ਬੜੀ ਸੁਚੱਜੀ ਚੋਣ, ਵਧੀਆ ਸਿਖਲਾਈ ਅਤੇ ਚੰਗੇ ਨੌਕਰੀ-ਪ੍ਰਬੰਧ (ਆਰਥਕ ਪੱਖ) ਤੋਂ ਬਾਅਦ ਕੌਮ ਵਿਚ, ਭਾਰਤ ਦੇ ਹੋਰ ਦੇਸ਼ਾਂ ਵਿਚ, ਪ੍ਰਚਾਰ ਲਈ ਸਥਾਪਤ ਕੀਤੇ ਜਾਣ। ਪ੍ਰਚਾਰ ਲਈ ਵਿਦੇਸ਼ਾਂ ਵਿਚ ਕੇਂਦਰ ਜਾਂ ਮਿਸ਼ਨ ਕਾਇਮ ਕੀਤੇ ਜਾਣ।

4. ਸਿੱਖ ਇਤਿਹਾਸ ਪੂਰਨ ਖੋਜ ਅਤੇ ਯੋਗਤਾ ਨਾਲ ਹਕੀਕਤ ਦੇ ਆਧਾਰ ਤੇ ਵਿਸਥਾਰ ਨਾਲ ਲਿਖਵਾਇਆ ਜਾਏ। ਇਸ ਦੇ ਹੋਰ ਬੋਲੀਆਂ ਵਿਚ ਅਨੁਵਾਦ ਹੋਣ। ਹਰ ਸਿੱਖ ਤੇ ਪੰਜਾਬੀ ਲਈ ਇਸ ਦਾ ਪੜ੍ਹਨਾ ਆਵੱਸ਼ਜਕ (Compulsory) ਹੋਵੇ। ਛੋਟੇ ਛੋਟੇ ਇਤਿਹਾਸਿਕ ਟ੍ਰੈਕਟ ਵੀ ਜਾਪੇ ਜਾਣ।

5. ਗੁਰਬਾਣੀ ਪੂਰੇ ਸ਼ੁੱਧ ਰੂਪ ਵਿਚ ਪ੍ਰਕਾਸ਼ਿਤ ਕੀਤੀ ਜਾਏ ਅਤੇ ਘੱਟ ਤੋਂ ਘੱਟ ਕੀਮਤ ਪਰ ਦਿਤੀ ਜਾਏ। ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀਆਂ, ਗੁਟਕੇ ਆਦਿ ਬਹੁਤ ਚੰਗੀ ਗੈੱਟ-ਅੱਪ (ਸੁੰਦਰ ਛਪਾਈ, ਜਿਲਦ ਆਦਿ) ਵਾਲੇ ਹੋਣ। ਗੁਰਪੁਰਬਾਂ ਤੇ ਨਿੱਤ ਨੇਮ ਦੇ ਗੁਟਕੇ ਮੁਫ਼ਤ ਵੰਡੇ ਜਾਣ, ਹੋਰ ਦੇਸ਼ਾਂ ਵਿਚ ਭੀ ਭੇਜੇ ਜਾਣ। ਉੱਚੇ ਪੱਧਰ ਦੇ ਹੋਰ ਧਾਰਮਿਕ ਗ੍ਰੰਥ ਵੀ ਏਸੇ ਕੇਂਦਰੀ ਸੰਸਥਾ ਵਲੋਂ ਛਾਪੇ ਤੇ ਪ੍ਰਚਾਰੇ ਜਾਣ। ਰਾਮਾ ਕ੍ਰਿਸ਼ਨਾ ਮਿਸ਼ਨ ਅਤੇ ਕਾਦੀਆਨੀ ਮਿਸ਼ਨ ਦੇ ਪ੍ਰਕਾਸ਼ਨ ਵਿਭਾਗਾਂ ਦੇ ਸਫਲ ਢੰਗ ਅਪਣਾਏ ਜਾਣ।

6. ਅੰਮ੍ਰਿਤ ਪ੍ਰਚਾਰ ਵਲ ਉਚੇਚਾ ਧਿਆਨ ਦਿਤਾ ਜਾਏ। ਹਰ ਸਿੱਖ ਵਿਦਿਆਰਥੀ ਨਾਵੀਂ ਸ਼੍ਰੇਣੀ ਤੋਂ ਉਪਰੰਤ ਜ਼ਰੂਰ ਹੀ ਅੰਮ੍ਰਿਤ ਛਕ ਲਵੇ। ਏਸੇ ਤਰ੍ਹਾਂ ਹਰ ਸ਼ਹਿਰੀ ਤੇ ਪੇਂਡੂ ਬਾਲਗ (ਜਵਾਨ) ਅੰਮ੍ਰਿਤ ਧਾਰੀ ਹੋਵੇ। ਘੱਟ ਤੋਂ ਘੱਟ ਹਰ ਸਿੱਖ ਪਰਵਾਰ ਦਾ ਮੁਖੀ (Head) ਅਵੱਸ਼ ਅੰਮ੍ਰਿਤ ਛਕੇ ਅਤੇ ਆਪਣੇ ਪਰਵਾਰ ਵਿਚ ਸਿੱਖੀ ਦੇ ਵਾਧੇ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਤਨ ਕਰੇ । ਸ੍ਰੋਮਣੀ ਕਮੇਟੀ ਇਸ ਮਹਾਨ ਕੰਮ ਦੇ ਸਫਲਤਾ ਸਹਿਤ ਲਾਗੂ ਕਰਨ ਲਈ ਹਰ ਸ਼ਹਿਰ ਵਿਚ ਇਕ ਧਰਮ-ਪ੍ਰਚਾਰ ਕੇਂਦਰ ਕਾਇਮ ਕਰੇ ਤਾਂ ਜੋ ਅੰਮ੍ਰਿਤ ਧਾਰੀਆਂ ਦੀ ਗਿਣਤੀ ਦੇ ਅੰਕੜੇ ਇਕੱਠੇ ਕੀਤੇ ਜਾ ਸਕਣ ਅਤੇ ਪੰਜ ਪਿਆਰਿਆਂ ਦਾ ਤੇ ਹੋਰ ਲੋੜੀਂਦਾ ਪ੍ਰਬੰਧ ਹੋ ਸਕੇ ।

7. ਗੁਰਪੁਰਬ ਪੂਰਣ ਉਤਸ਼ਾਹ ਨਾਲ ਮਨਾਏ ਜਾਣ । ਧਰਮ ਪ੍ਰਚਾਰ ਨੂੰ ਇਨ੍ਹਾਂ ਸਮਾਗਮਾਂ ਵਿਚ ਮੁੱਖ ਰਖਿਆ ਜਾਏ । ਸਤਿਸੰਗ, ਕਥਾ, ਕੀਰਤਨ, ਵਖਿਆਨ ਜ਼ਰੂਰ ਹੋਣ ਪਰ ਨਾਲ ਹੀ ਉਚੇਚਾ ਜ਼ੋਰ ਰਹਿਤ ਦੀ ਪਾਬੰਦੀ, ਨਿੱਤ ਨੇਮ ਦੀ ਪਾਬੰਦੀ ਅਤੇ ਪੰਜ ਕਕਾਰ ਰੱਖਣ ਅਤੇ ਸਭ ਤੋਂ ਵਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੜ੍ਹਨ ਸੁਣਣ ਤੇ ਨਾਮ ਜਪਣ ਦੀ ਪ੍ਰੇਰਨਾ ਉੱਤੇ ਜ਼ੋਰ ਦਿਤਾ ਜਾਏ ।

8. ਸਿੱਖ ਧਰਮ ਦੀ ਨਿਰੋਲਤਾ ਤੇ ਸ਼ੁੱਧਤਾ ਕਾਇਮ ਰਖੀ ਜਾਏ । ਬੁਤ ਪੂਜਾ, ਤਸਵੀਰ ਪੂਜਾ, ਦੇਹਧਾਰੀ ਗੁਰੂ ਦੀ ਪੂਜਾ, ਫੋਕਾ ਕਰਮਕਾਂਡ ਜਿਸ ਵਿਚ ਨਾਮ ਸਿਮਰਨ ਤੇ ਸਦਾਚਾਰ ਦਾ ਆਤਮਕ ਅੰਸ਼ ਨਾ ਹੋਵੇ, ਵਹਿਮਾਂ ਭਰਮਾਂ ਦਾ ਮੰਨਣਾ ਜਿਵੇਂ ਜੋਤਸ਼, ਸ਼ਰਾਧ, ਨੌਰਾਤੇ, ਮਸਿਆ, ਪੂੰਨਿਆਂ, ਤੇ ਹੋਰ ਉਚੇਚੇ ਵਾਰ ਤੇ ਥਿੱਤਾਂ, ਸੂਤਕ ਪਾਤਕ ਆਦਿ, ਏਕਾਦਸ਼ੀ ਆਦਿ ਵਰਤ, ਨਵੇਂ ਚੰਨ ਨੂੰ ਨਮਸਕਾਰ, ਸੂਰਜ ਨੂੰ ਨਸਕਮਾਰ, ਦੇਵੀ ਦੇਵਤਿਆਂ ਦੀ ਪੂਜਾ, ਮੜੀ ਮਸਾਣਾਂ ਦੀ ਪੂਜਾ, ਛੂਤ-ਛਾਤ ਮੰਨਣਾ ਇਤਿਆਦਿਕ ਫੋਕੇ ਤੇ ਦੰਭ-ਰੂਪ ਕਰਮ ਜੋ ਸਿੱਖ ਧਰਮ ਅਨੁਸਾਰ ਉੱਕੇ ਹੀ ਵਰਜਿਤ ਹਨ, ਪੂਰੇ ਜ਼ੋਰ ਤੇ ਦ੍ਰਿੜਤਾ ਨਾਲ ਸਿੱਖਾਂ ਵਿਚ ਬੰਦ ਕੀਤੇ ਜਾਣ ਅਤੇ ਗੁਰਬਾਣੀ ਦੀ ਅਗਬਾਈ ਵਿਚ ਇਨ੍ਹਾਂ ਦੀ ਨਿਖੇਧੀ ਤੇ ਖੰਡਨ ਕੀਤਾ ਜਾਏ । ਜਦ ਤੱਕ ਇਹ ਜ਼ਰੂਰੀ ਪ੍ਰਚਾਰ ਦਾ ਪੱਖ ਉਜਾਗਰ ਨਾ ਕੀਤਾ ਗਿਆ ਸਿੱਖ ਧਰਮ ਨੂੰ ਹਿੰਦੂ ਧਰਮ ਜਾਂ ਇਸਲਾਮ ਤੇ ਹੋਰ ਧਰਮਾਂ ਨਾਲੋਂ ਨਿਖੇੜਨਾ ਅਸੰਭਵ ਹੋ ਜਾਏਗਾ ।

9. ਇਤਿਹਾਸਕ ਤੇ ਹੋਰ ਗੁਰਦੁਆਰਿਆਂ ਦੀ ਦੇਖ ਭਾਲ ਤੇ ਪ੍ਰਬੰਧ ਬਹੁਤ ਸੁਚੱਜਾ ਹੋਣਾ ਚਾਹੀਦਾ ਹੈ । ਹਰ ਇਕ ਵਡੇ ਗੁਰਦੁਆਰੇ ਵਿਚ ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਪੂਰਨ ਮਰਿਯਾਦਾ ਅਨੁਸਾਰ ਕੀਤਾ ਜਾਏ ਇਕ ਖੋਜ-ਭਰਪੂਰ ਪੁਸਤਕ ਵਿਚ ਸਾਰੇ ਇਤਿਹਾਸਕ ਤੇ ਪ੍ਰਸਿੱਧ ਗੁਰਧਾਮਾਂ ਦੀ ਸੰਖੇਪ ਜਾਣਕਾਰੀ ਇਕੱਠੀ ਕਰ ਕੇ ਪ੍ਰਕਾਸ਼ਿਤ ਕੀਤੀ ਜਾਏ । ਏਸੇ ਤਰ੍ਹਾਂ ਇਕ ਪੁਸਤਕ ਸਿੱਖ ਸ਼ਹਿਰਾਂ ਤੇ ਨਗਰਾਂ ਅਤੇ ਹੋਰ ਇਤਿਹਾਸਕ ਸਥਾਨਾਂ ਤੇ ਯਾਦਗਾਰਾਂ ਬਾਰੇ ਵੀ ਪ੍ਰਕਾਸ਼ਿਤ ਕੀਤੀ ਜਾਏ ।

10. ਸਿੱਖਾਂ ਵਿਚ ਪਰਸਪਰ ਪ੍ਰੇਮ ਭਾਵਨਾ ਨਵੇਂ ਸਿਰਿਓਂ ਸੁਰਜੀਤ ਕੀਤੀ ਜਾਏ । "ਸੇਵਕ ਕਾ ਹੋਇ ਸੇਵਕੁ ਵਰਤਾ".....(ਸੂਹੀ ਮ. 4) ਅਤੇ "ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥" (ਸੂਹੀ ਮ. 5) ਦਾ ਮੁੱਢਲਾ ਆਸ਼ਾ ਫਿਰ ਹੁਣ ਪ੍ਰਗਟ ਕੀਤਾ ਜਾਏ । ਸਿੱਖ ਗੱਜ ਕੇ ਫ਼ਤਹਿ ਬੁਲਾਉਣ : 'ਵਾਹਿਗੁਰੂ ਜੀ ਕਾ ਖਾਲਸਾ; ਸ੍ਰੀ ਵਾਹਿਗੁਰੂ ਜੀ ਫ਼ਤਹਿ' ਜਾਂ 'ਸਤਿ ਸ੍ਰੀ ਅਕਾਲ', ਆਖਣ ਵਿਚ ਮਾਣ ਤੇ ਖੁਸ਼ੀ ਪ੍ਰਤੀਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ। ਇਸ ਨੂੰ ਫਿਰਕੂਪਨ ਨਾ ਸਮਝਣ, ਕਿਉਂਕਿ ਇਨ੍ਹਾਂ ਮਹਾਂ ਬੋਲਾਂ ਵਿਚ ਕੇਵਲ ਰਬ ਦੀ ਉਸਤਤਿ ਹੈ; ਹੋਰ ਕੁਝ ਨਹੀਂ। ਸਿੱਖ ਕੇਸ ਰੱਖਣ ਜਾਂ ਦਾੜਾ ਖੁਲ੍ਹਾ ਰੱਖਣ ਵਿਚ ਕੋਈ ਓਪਰਾ-ਪਨ ਜਾਂ ਫਿਰਕੂ-ਪਨ ਮਹਿਸੂਸ ਨਾ ਕਰਨ। ਨਾ ਹੀ ਕੰਘਾ, ਕੜਾ, ਕਛਿਹਰਾ, ਜਾਂ ਕਿਰਪਾਨ ਧਾਰਨ ਵਿਚ ਸੁਸਤੀ ਕਰਨ। ਸਿੱਖਾਂ ਵਿਚ ਰਲ ਕੇ ਬੈਠਣ, ਪਾਠ ਕਰਨ, ਪੰਥ ਦੀ ਉਨਤੀ ਬਾਰੇ ਖੁੱਲ੍ਹੀ ਵਿਚਾਰ ਕਰਨ ਦਾ ਹੀਆ ਤੇ ਉਤਸ਼ਾਹ ਹੋਣਾ ਚਾਹੀਦਾ ਹੈ।

11. ਸਿੱਖਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਸਿੱਧ ਸ਼ਬਦ, 'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ' ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਏ ਅਤੇ ਇਸ ਉਤੇ ਅਮਲ ਕਰਨ ਦੀ ਪੂਰੀ ਪੂਰੀ ਪਾਕੀਦ ਕੀਤੀ ਜਾਏ। ਏਸੇ ਤਰ੍ਹਾਂ ਜਪੁਜੀ ਸਾਹਿਬ ਹਰ ਸਿੱਖ ਨੂੰ ਜ਼ਰੂਰ ਯਾਦ ਹੋਵੇ, ਪਾਠ ਦਾ ਨੇਮੀ ਹੋਵੇ ਅਤੇ ਇਸ ਦੇ ਅਰਥ ਆਉਂਦੇ ਹੋਣ।

12. ਆਧੁਨਿਕ ਸਮੇਂ ਦੀ ਨਵੀਂ ਵਿਗਿਆਨਕ ਸਥਿਤੀ ਅਤੇ ਸਭਿਅਤਾ ਦੇ ਆਸ਼ੇ ਅਨੁਸਾਰ ਨਵੀਂ ਟੈਕਨੀਕਲ ਵਿਦਿਆ ਦਾ ਪ੍ਰਚਾਰ ਕੀਤਾ ਜਾਏ। ਮੈਡੀਕਲ ਕਾਲਜ, ਐਨਜੀਨੀਰਿੰਗ ਕਾਲਜ, ਤੇ ਦਸਤਕਾਰੀ ਸਕੂਲ ਖੋਲ੍ਹੇ ਜਾਣ। ਵਿਗਿਆਨਕ ਦ੍ਰਿਸ਼ਟੀਕੋਣ ਸਿੱਖ ਧਰਮ ਤੇ ਆਤਮਕ ਆਸ਼ੇ ਨੂੰ ਰੱਦ ਕਰਨ ਵਾਲਾ ਨਹੀਂ। ਲੋੜ ਕੇਵਲ ਵਾਧੂ ਕਰਾਮਾਤਾਂ, ਭਰਮਾਂ ਜਾਂ ਅੰਧ ਵਿਸ਼ਵਾਸ਼ ਨੂੰ ਦੂਰ ਕਰਨ ਦੀ ਹੈ। ਨਵੀਂ ਰੌਸ਼ਨੀ ਵਿਚ ਸਿੱਖ ਧਰਮ ਨੂੰ ਨਵੀਨ ਢੰਗ ਨਾਲ ਪੇਸ਼ ਕਰਨ ਦੀ ਲੋੜ ਹੈ। ਇਹ ਕੰਮ ਅਜੋਕੇ ਵਿਦਵਾਨਾਂ ਦੇ ਕਰਨ ਦਾ ਹੈ ਪਰ ਤਾਂ ਜੇ ਉਹ ਸਿੱਖ ਧਰਮ ਦੀ ਮੁੱਢਲੀ ਅਧਿਆਤਮਕ ਫਿਲਾਸਫੀ ਜਾਂ ਰਹੱਸ ਨੂੰ ਅਨੁਭਵ ਕਰਨ ਵਾਲੇ ਹੋਣ। ਇਕ ਅਨੁਭਵੀ ਸੱਚਾ ਸੁੱਚਾ ਸਿੱਖ ਸੌ ਬਾਹਰਮੁਖੀ ਤੇ ਪਦਾਰਥ ਗਿਆਨ ਰੱਖਣ ਵਾਲੇ ਵਿਦਵਾਨਾਂ ਨਾਲੋਂ ਡੂੰਘੇਰੀ ਧਾਰਮਕ ਸੂਝ ਰਖਦਾ ਹੈ। ਇਸ ਲਈ ਵਿਸ਼ਵਾਸ਼, ਅਨੁਭਵ, ਸ਼ਰਧਾ, ਭਗਤੀ, ਲਗਨ ਪ੍ਰੇਮ ਸਿੱਖੀ ਦੇ ਮਲੂਕ ਗੁਣ ਹਨ।

ਸਿੱਖੀ ਪ੍ਰਚਾਰ ਦੇ ਹੋਰ ਵੀ ਕਈ ਨਵੇਂ ਸਾਧਨ ਸੋਚੇ ਜਾ ਸਕਦੇ ਹਨ। ਇਸ ਲੇਖ ਦਾ ਮਨੋਰਥ ਕੇਵਲ ਸਿੱਖ ਆਗੂਆਂ ਦਾ ਧਿਆਨ ਪ੍ਰਚਾਰ ਦੀ ਲੋੜ ਵਲ ਮੋੜਨ ਦਾ ਹੈ; ਨਾ-ਕੇਵਲ ਆਗੂਆਂ ਦਾ, ਸਗੋਂ ਹਰ ਸਿੱਖ ਦਾ ਧਿਆਨ ਇਸ ਸਿੱਖੀ ਕਰਤੱਵ ਦੀ ਪੂਰਤੀ ਵਲ ਰੁਚਿਤ ਹੋਣਾ ਜ਼ਰੂਰੀ ਹੈ। ਇਸ ਲਈ ਇਸ ਲੇਖ ਦਾ ਹਰ ਸੂਝਵਾਨ ਸਿੱਖ ਤੱਕ ਪਹੁੰਚਣਾ ਲਾਭਕਾਰੀ ਹੋਵੇਗਾ। ਗੁਰੂ ਸਾਹਿਬਾਨ ਸਦਾ ਹੀ ਪੰਥ ਦੇ ਸਹਾਈ ਹਨ। ਉਹ ਆਪਣੀ ਅਪਾਰ ਕ੍ਰਿਪਾ ਵਿਚੋਂ ਸਿੱਖੀ ਮਾਰਗ ਹਰ ਸਿੱਖ ਨੂੰ ਪ੍ਰਦਾਨ ਕਰਨ। ਇਹੋ ਸਾਡੀ ਦਿਲੀ ਅਰਦਾਸ ਹੈ।

ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਹਵਾਲੇ ਤੇ ਟਿੱਪਣੀਆਂ

1. ਦੇਖੋ ਲੇਖ 'ਸੰਸਥਾਵਾਦ ਦਾ ਵਿਚਾਰ ਤੇ ਮਹੱਤਾ', ਪੁਸਤਕ Outspoken Essays by Inge.
2. ਕਾਰਲਾਈਲ ਨੇ ਆਸ਼ੇ ਦੀ ਸਚਾਈ (Sincerity) ਨੂੰ ਹਰ ਪ੍ਰਕਾਰ ਦੇ ਨਾਇਕ (hero) ਦਾ ਪਹਿਲਾ ਲੱਛਣ ਮੰਨਿਆ ਹੈ। ਖਾਸ ਕਰਕੇ ਧਾਰਮਕ ਨਾਇਕ ਦਾ (ਨਾਇਕ ਤੇ ਨਾਇਕ ਪੂਜਾ ਪੰ: 60)
3. ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਅਜਿਹੇ ਕਠਿਨ ਕਰਤੱਵ ਦਾ ਇਕ ਜਗਤ ਪ੍ਰਸਿੱਧ ਤੇ ਆਦਰਸ਼ਕ ਚਿੱਤ੍ਰ ਪੇਸ਼ ਕਰਦੀਆਂ ਹਨ।
4. "In some, religion exists as a dull habit, in others as an acute fever". W. James as quoted by T. R. Kelly in A Testament of Devotion page. 53.
5. ਹੋਇ ਇਕੱਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

7821

[ਬਸੰਤ ਮ. 5-19
6. ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਪੁਸਤਕ 'ਪਰਮ ਮਨੁੱਖ'।
7. ਜਗਤੁ ਜਲੰਦਾ ਰਾਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ [ਸਲੋਕ ਮ. 3, ਵਾਰ ਬਿਲਾਵਲ
8. ਉਕਤ ਅੰਕ 7 ਵਾਲੇ ਵਾਕ ਵਿਚ ਤੇ ਅਗਲੇਰੇ ਕੁਝ ਵਾਕਾਂ ਵਿਚ ਗੁਰਬਾਣੀ ਵਿਚੋਂ ਅਤੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚੋਂ ਕਈ ਪੰਕਤੀਆਂ ਦੇ ਸੰਕੇਤ ਮਿਲਦੇ ਹਨ, ਜੋ ਪ੍ਰਸਿਧ ਤੇ ਪ੍ਰਚਲਤ ਹੋਣ ਕਰ ਕੇ ਹਰ ਕੋਈ ਜਾਣ ਸਕਦਾ ਹੈ।
9. "ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ ॥" [ਵਾਰ 1-42
10. ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ' ॥ [ਸਵਯੇ ਮ. 3
11. ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।
[ਭਾ. ਗੁਰਦਾਸ ਵਾਰ 1, 35
12. ਅਵਤਾਰ ਸਿੰਘ ਆਜ਼ਾਦ ਦੇ ਗੁਰੂ ਨਾਨਕ ਚਿੱਤਰ ਬਾਰੇ ਪ੍ਰਸਿੱਧ ਮਹਾਂ ਕਾਵਿ ਦਾ ਸਿਰਲੇਖ।
13. ਮੇਰੀ ਉਰਦੂ ਨਜ਼ਮ 'ਬੁਲਬੁਲੇ ਤੌਹੀਦ' ਦਾ ਪਹਿਲਾ ਸ਼ਿਅਰ : ਫਿਰ ਚਰਾਗੋ-ਹੱਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਨੇ ਰੌਸ਼ਨ ਕਰ ਦੀਆ, ਕੁਫ਼ਰ ਆਬਾਦੇ-ਜਹਾਂ ਮਾਨਿੰਦੇ ਗੁਲਸ਼ਨ ਕਰ ਦੀਆ। (ਖਾਲਸਾ ਕਾਲਜ ਅੰਮ੍ਰਿਤਸਰ ਮੈਗਜ਼ੀਨ 'ਦਰਬਾਰ' ਨਵੰਬਰ 43)

14. ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥ [ਸੋਰਠ ਮ. 5

15. ਮੈਂ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੂ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥
[ਸੋਰਠਿ ਮ. 5

16. 'ਕਲਿ ਤਾਰਣ ਗੁਰ ਨਾਨਕ ਆਯਾ ॥'
[ਭਾ. ਗੁਰਦਾਸ ਵਾਰ 1, 23

17. 'ਨਾਨਕ ਕੈ ਘਰਿ ਕੇਵਲ ਨਾਮੁ' ॥ [ਭੈਰਉ ਮ. 5
ਤਥਾ—'ਕਲਿਜੁਗ ਨਾਵੈ ਕੀ ਵਡਿਆਈ' [ਭਾ. ਗੁਰਦਾਸ, ਵਾਰ 1, 16

18. ਸਿਧ ਛਪਿ ਬੈਠੇ ਪਰਬਤੀ ਕੌਣ ਜਗਤ ਕਉ ਪਾਰ ਉਤਾਰਾ ॥
[ਭਾ. ਗੁਰਦਾਸ ਵਾਰ 1, 29

19. ਪ੍ਰੋ: ਸਾਹਿਬ ਸਿੰਘ ਅਨੁਸਾਰ ਕਈ ਲੇਖਕਾਂ ਨੇ ਤਿੰਨ ਉਦਾਸੀਆਂ ਮੰਨੀਆਂ ਹਨ।

20. ਸ੍ਰੀ ਗੁਰੂ ਅਮਰਦਾਸ ਜੀ ਦੀਆਂ 22 ਮੰਜੀਆਂ। 'ਮੰਜੀ' ਤੋਂ ਭਾਵ ਹੈ ਪ੍ਰਚਾਰ ਸਥਾਨ, ਪ੍ਰਚਾਰਕ ਸਿੱਖ ਦੀ ਬੈਠਣ ਵਾਲੀ ਥਾਂ। ਅਰਥਾਤ ਪ੍ਰਚਾਰ ਦਾ ਚਿੰਨ੍ਹ ਜਾਂ ਸੰਕੇਤ-ਪ੍ਰਚਾਰ ਕੇਂਦਰ।

21. 'ਮਸੰਦ' ਸ਼ਬਦ ਫ਼ਾਰਸੀ ਸ਼ਬਦ 'ਮਸਨਦ' ਤੋਂ ਵੱਟ ਕੇ ਬਣਿਆ ਹੈ, ਭਾਵ ਕੁਰਸੀ ਜਾਂ ਤਖਤ ਜਾਂ ਸਤਿਕਾਰ ਦੀ ਥਾਂ। ਮੰਜੀ ਸ਼ਬਦ ਵਾਂਗ ਇਸ ਦਾ ਭਾਵ ਵੀ ਪ੍ਰਚਾਰਕ ਦਾ ਕਰਤੱਵ ਦਰਸਾਉਣ ਤੋਂ ਸੀ; ਅਰਥਾਤ ਪ੍ਰਚਾਰ ਦੀ ਸੰਸਥਾ ਜਾਂ ਕੇਂਦਰ।

22. 'ਗੁਰ ਚੇਲੇ ਕੀ ਸੰਧਿ ਮਿਲਾਏ' ॥ [ਰਾਮ. ਮ. 1-5

23. ਇਕ ਸਿੱਖ, ਦੋਇ ਸਾਧ ਸੰਗਤ, ਪੰਜੀਂ ਪਰਮੇਸ਼ਰ ॥

24. ਸਭੇ ਸਾਂਝੀਵਾਲ ਸਦਾਇਨਿ,
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ [ਮਾਝ ਮ. 5-9

25. ਪ੍ਰੋ. ਪ੍ਰਕਾਸ਼ ਸਿੰਘ, ਦੀ ਅੰਗ੍ਰੇਜ਼ੀ ਪੁਸਤਕ Temple of Bread ਲੰਗਰ ਦੇ ਸੁਨਿਹਰੀ ਆਦਰਸ਼ ਨੂੰ ਸੁਹਣੀ ਤਰ੍ਹਾਂ ਪ੍ਰਗਟ ਕਰਨ ਵਾਲੀ ਪੁਸਤਕ ਹੈ।

26. ਭਾਈ ਗੁਰਦਾਸ, ਵਾਰ 1, 27

27. ਰਹਿਤਨਾਮਾ ਭਾਈ ਨੰਦ ਲਾਲ ਤੇ ਭਾਈ ਚੌਪਾ ਸਿੰਘ

28. ਨਾ ਹਮ ਹਿੰਦੂ ਨਾ ਮੁਸਲਮਾਨ ॥
ਅਲਹੁ ਰਾਮ ਕੇ ਪਿੰਡ ਪਰਾਨ ॥ [ਭੈਰਉ ਮਹਲਾ 5-3

29. ਏਸੇ ਲੇਖ ਦੇ ਸੰਕੇਤ ਨੰ. 1 ਵਿਚ ਉਲੇਖਿਤ ਉਰਦੂ ਨਜ਼ਮ ਦਾ ਇਕ ਹੋਰ ਸ਼ਿਅਰ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੰਦੂ ਮੁਸਲਿਮ ਕੇ ਤਫਰਕੋਂ ਸੇ ਨਿਕਾਲੀ ਰਾਹੇ ਨੌ,
ਏਕ ਹੀ ਮਹਿਫਲ ਮੇ ਬਾਹਮ ਦੋਸਤ ਦੁਸ਼ਮਨ ਕਰ ਦੀਆ ।

ਪੰਜਾਬੀ ਅਨੁਵਾਦ :

ਹਿੰਦੂ ਮੁਸਲਿਮ ਝਗੜਾ ਛੱਡ ਕੇ ਰਾਹ ਇਕ ਨਵਾਂ ਚਲਾ ਦਿੱਤਾ ।
ਇੱਕੋ ਮਜਲਸ ਵਿੱਚ ਇਕੱਠਾ ਦੋਸਤ ਦੁਸ਼ਮਨ ਕਰ ਦਿੱਤਾ ।

30. 'ਜਬ ਲਗ ਰਹੇ ਖਾਲਸਾ ਨਿਆਰਾ ॥
ਤਬ ਲਗ ਤੇਜ ਦੀਓ ਮੈ ਸਾਰਾ ॥'

31. ਪੁਸਤਕ 'ਹਮ ਹਿੰਦੂ ਨਹੀਂ', ਰਚਿਤ ਭਾ. ਕਾਹਨ ਸਿੰਘ ਨਾਭਾ ।

32 ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥

[ਵਾਰ ਸਾਰੰਗ ਮ. 1–22

33. ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥

[ਸਿਰੀ ਰਾਗ ਮ. 1–1

34. Transformation of Sikhism by Dr. G. C. Narang.

35. 'ਆ ਤੁਝ ਪੇ ਕਰੂੰ ਜ਼ਾਹਿਰ ਤਕਦੀਰੇ ਉੱਮਮ ਕਜ਼ਾ ਹੈ,
ਸਮਸ਼ੀਰੋ ਸਨਾਂ ਅੱਵਲ, ਤਾਊਸੋ ਰਬਾਬ ਆਖ਼ਿਰ ।'

36. If you want peace be prepared for war. [Napoleon

37. 'ਚੁ ਕਾਰ ਅਜ਼ ਹਮਹ ਹੀਲਤੇ ਦਰ-ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥' [ਜ਼ਫਰਨਾਮਾ

38. 'Blood of martyrs is the seed of the Church' Emerson.

39. 'ਰੰਜ ਸੇ ਖ਼ੂਗਰ ਹੂਆ ਇਨਸਾਂ ਤੋਂ ਮਿਟ ਜਾਤਾ ਹੈ ਰੰਜ ।
ਮੁਸ਼ਕਲੋਂ ਮੁਝ ਪਰ ਪੜੀਂ ਇਤਨੀ ਕਿ ਆਸਾਂ ਹੋ ਗਈਂ । [ਗ਼ਾਲਿਬ

40. ਪੁਸਤਕ 'ਅਮਰ ਖਾਲਸਾ' ਰਚਿਤ ਕਰਮ ਸਿੰਘ ਹਿਸਟੋਰੀਅਨ ਇਸ ਗੱਲ ਦਾ ਇਕ ਵਧੀਆ ਪ੍ਰਮਾਣ ਹੈ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਿੱਖ ਧਰਮ ਵਿਚ ਸੰਗਤ ਦਾ ਸੰਕਲਪ

ਭਾਈ ਗੁਰਦਾਸ ਅਨੁਸਾਰ ਇਕ ਹੋਵੇ ਤਾਂ ਸਿੱਖ, ਦੋ ਸਿੱਖ ਇਕੱਠੇ ਹੋ ਜਾਣ ਤਾਂ ਸੰਗਤ ਅਤੇ ਪੰਜ ਸਿੱਖ ਹੋਣ ਤਾਂ ਪਰਮੇਸ਼ਵਰ ਰੂਪ ਹੋ ਜਾਂਦੇ ਹਨ (ਇਕ ਸਿੱਖ ਦੋਇ ਸਾਧ ਸੰਗ ਪੰਜੀਂ ਪਰਮੇਸ਼ਰ)। ਇਸ ਕਥਨ ਅਨੁਸਾਰ, ਸਿੱਖਾਂ ਦੇ ਇਕੱਠ ਨੂੰ ਸੰਗਤ ਕਿਹਾ ਜਾਂਦਾ ਹੈ। ਜਿਵੇਂ ਇਸਲਾਮ ਵਿਚ ਉਮੱਤ ਤੇ ਜਮਾਤ ਆਦਿ ਸ਼ਬਦ ਪ੍ਰਚਲਿਤ ਹਨ ਅਤੇ ਬੁੱਧ ਧਰਮ ਵਿਚ ਸੰਘ, ਤਿਵੇਂ ਸਿੱਖ ਧਰਮ ਵਿਚ ਸੰਗਤ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਮਨੁੱਖ ਮੁਢਲੇ ਤੌਰ ਤੇ ਇਕ ਸਮਾਜਕ ਜੀਵ ਹੈ, ਜਿਵੇਂ ਅਰੱਸਤੂ ਨੇ ਕਿਹਾ ਹੈ ਕਿ ਆਪਸ ਵਿਚ ਮਿਲ ਜੁਲ ਕੇ ਤੇ ਇਕ ਦੂਜੇ ਦੀ ਸਹਾਇਤਾ ਕਰਕੇ ਹੀ ਮਨੁਖੀ ਕਾਰ ਵਿਹਾਰ ਚਲਦਾ ਹੈ। ਇਕੱਲਾ ਮਨੁੱਖ ਤਾਂ ਕਿਸੇ ਸਰਾਪ ਜਾਂ ਬਿਪਤਾ ਦਾ ਹੀ ਲੱਛਣ ਮੰਨਿਆ ਜਾਂਦਾ ਹੈ। ਇਸ ਦੇ ਉਲਟ ਕਹਿੰਦੇ ਹਨ, ਏਕੇ ਭਾਵ ਇਕੱਠ ਵਿਚ ਬਰਕਤ ਹੁੰਦੀ ਹੈ। ਧਰਮ ਦੇ ਆਮ ਅਰਥ ਪੱਛਮੀ ਅਤੇ ਭਾਰਤੀ ਭਾਸ਼ਾਵਾਂ ਵਿਚ ਮਨੁੱਖਾਂ ਨੂੰ ਆਪਸ ਵਿਚ ਅਤੇ ਪ੍ਰਮਾਤਮਾ ਨਾਲ ਜੋੜਨ ਦੇ ਹੀ ਲਏ ਜਾਂਦੇ ਹਨ।

ਸੰਗਤ ਸ਼ਬਦ ਦੇ ਸ਼ਬਦੀ ਅਰਥ ਵੀ ਸੰਗ ਸਾਥ ਦੇ ਹਨ ਅਰਥਾਤ companionship company or society. ਸੰਗ ਸ਼ਬਦ ਵੀ ਸੰਗਤ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਜਿਵੇਂ ਗੁਰੂ ਅਰਜਨ ਸਾਹਿਬ ਦਾ ਕਥਨ ਹੈ।

ਗੁਰੂ ਮੇਰੇ ਸੰਗਿ ਸਦਾ ਹੈ ਨਾਲੇ।
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ। ਪੰ. 394

ਜਦ ਤੋਂ ਮਨੁੱਖ ਜਾਤੀ ਹੋਂਦ ਵਿਚ ਆਈ ਹੈ, ਮਨੁੱਖ ਟੱਬਰ ਜਾਂ ਕਬੀਲੇ (tribe) ਦੇ ਰੂਪ ਵਿਚ ਹੀ ਇਕੱਠੇ ਮਿਲ ਕੇ ਰਹਿੰਦੇ ਆਏ ਹਨ। ਆਦਿ ਕਾਲ ਤੋਂ ਪ੍ਰਾਕਿਰਤੀ ਦੇ ਮੁਕਾਬਲੇ ਵਿਚ ਆਪਣੀ ਹੋਂਦ ਨੂੰ ਸੁਰੱਖਿਅਤ ਕਰਨ ਲਈ ਜੀਵਨ ਨਿਰਬਾਹ ਦੇ ਸਾਧਨ ਇਕੱਠੇ ਕਰਨ ਲਈ ਇਹ ਮਿਲ ਜੁਲ ਕੇ ਰਹਿਣ ਦਾ ਪ੍ਰਬੰਧ ਜ਼ਰੂਰੀ ਸਮਝਿਆ ਗਿਆ। ਅਜੇਹੀ ਸੰਗਤ ਜਾਂ ਇਕੱਠੇ ਰਹਿਣ ਸਹਿਣ ਦੀ ਤਹਿ ਵਿਚ ਸਦਾ ਹੀ ਇਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਧਾਰਮਿਕ ਭਾਵਨਾ ਕੰਮ ਕਰਦੀ ਰਹੀ ਪ੍ਰਤੀਤ ਹੁੰਦੀ ਹੈ, ਭਾਵੇਂ ਉਹੋ ਧਰਮ ਕਿੰਨਾ ਹੀ ਮੁਢਲੀ ਅਵਸਥਾ ਵਿਚ ਸੀ ਜਿਸ ਵਿਚ ਕੇਵਲ ਪ੍ਰਕਿਰਤੀ ਦੀਆਂ ਸ਼ਕਤੀਆਂ ਸੂਰਜ, ਚੰਦ, ਬੱਦਲ ਆਦਿ ਨੂੰ ਹੀ ਦੈਵੀ ਸ਼ਕਤੀਆਂ ਮੰਨ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਸੀ। ਇਸ ਤਰ੍ਹਾਂ ਸਮਾਜਕ ਉਨਤੀ ਮਨੁੱਖ ਜਾਤੀ ਦੇ ਧਾਰਮਿਕ ਵਿਕਾਸ ਦੇ ਆਸ਼ੇ ਨਾਲ ਅਨਿਖੜ ਰੂਪ ਵਿਚ ਜੁੜੀ ਹੋਈ ਹੈ।

2

ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦੇ ਆਰੰਭ ਤੋਂ ਹੀ ਸੰਗਤ ਦੇ ਆਸ਼ੇ ਨੂੰ ਮੁੱਖ ਰਖਿਆ। ਜਦ ਆਪ ਉਦਾਸੀਆਂ ਤੇ ਚੱਲੇ ਤਾਂ ਇਕ ਸਾਥੀ ਮਰਦਾਨਾ ਆਪਣੇ ਨਾਲ ਰਖਿਆ। ਜਿਥੇ ਵੀ ਗੁਰੂ ਸਾਹਿਬ ਆਏ ਉਥੇ ਹੀ ਇਕ ਸੰਗਤ ਕਾਇਮ ਕੀਤੀ। ਸਿਖ ਇਤਿਹਾਸ ਤੋਂ ਇਹ ਜਾਣਕਾਰੀ ਭਲੀ ਭਾਂਤ ਮਿਲ ਜਾਂਦੀ ਹੈ ਕਿ ਹਰ ਥਾਂ ਸਿੱਖ ਸੰਗਤ ਦੀ ਸਹੂਲਤ (ਸੁਖੈਣਤਾ) ਲਈ ਧਰਮਸਾਲ ਕਾਇਮ ਕੀਤੀ ਜਿਸ ਨੂੰ ਬਾਅਦ ਵਿਚ 'ਗੁਰਦੁਵਾਰ' ਦਾ ਨਾਮ ਦਿਤਾ ਗਿਆ। ਭਾਈ ਗੁਰਦਾਸ ਦੇ ਸ਼ਬਦਾਂ ਵਿਚ :

ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ।
ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ।
ਘਰ ਘਰ ਅੰਦਰ ਧਰਮ ਸਾਲ ਹੋਵੈ ਕੀਰਤਨ ਸਦਾ ਵਿਸੋਆ। (27.1)

ਗੁਰੂ ਨਾਨਕ ਸਾਹਿਬ ਨੇ ਆਪਣੇ ਧਾਰਮਿਕ ਦਰਸ਼ਨ ਦੇ ਦੋ ਸਭ ਤੋਂ ਜ਼ਰੂਰੀ ਸਿਧਾਂਤ ਗੁਰਬਾਣੀ ਅਤੇ ਸੰਗਤ ਹੀ ਮੰਨੇ ਹਨ। ਜਦ ਅਚਲ ਵਟਾਲੇ ਵਿਚ ਗੁਰੂ ਸਾਹਿਬ ਦੀ ਜੋਗੀਆਂ ਨਾਲ ਗੋਸਟ ਹੋਈ ਤਾਂ ਜੋਗੀਆਂ ਨੇ ਗੁਰੂ ਸਾਹਿਬ ਨੂੰ ਕਰਾਮਾਤ ਦਿਖਾਣ ਲਈ ਕਿਹਾ ਤਾਂ ਗੁਰੂ ਜੀ ਨੇ ਉਤਰ ਦਿਤਾ ਕਿ ਸਾਡੇ ਪਾਸ ਕੇਵਲ ਦੋ ਹੀ ਕਰਾਮਾਤਾਂ ਹਨ, ਇਕ ਗੁਰਬਾਣੀ ਤੇ ਦੂਜੀ ਸੰਗਤ। ਭਾਈ ਗੁਰਦਾਸ ਦੇ ਵਰਨਣ ਅਨੁਸਾਰ :

ਸਿਧ ਬੋਲੇ ਸੁਣ ਨਾਨਕਾ ਤੁਹਿ ਜੱਗ ਨੂੰ ਕਿਆ ਕਰਾਮਾਤ ਦਿਖਾਈ।
ਕੁਝ ਦਿਖਾਇ ਅਸਾਨੂੰ ਭੀ ਤੁਹਿ ਕਿਉਂ ਢਿਲ ਅਵੇਹੀ ਲਾਈ।
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ।
ਗੁਰ ਸੰਗਤ ਬਾਣੀ ਬਿਨਾਂ ਦੂਜੀ ਓਟ ਨਹੀ ਹੈ ਰਾਈ। (1.42)

ਗੁਰੂ ਸੰਗਤ ਅਤੇ ਗੁਰਬਾਣੀ ਦੋਹਾਂ ਜ਼ਰੂਰੀ ਸਿਧਾਤਾਂ ਵਿਚ ਸ਼ਬਦ 'ਗੁਰੂ' ਅਗੇਤਰ ਵਜੋਂ ਸਾਂਝਾ ਵਰਤਿਆ ਗਿਆ ਹੈ। ਸਿਖ ਧਰਮ ਦੇ ਇਹ ਦੋ ਵਡੇ ਦਾਰਸ਼ਨਿਕ ਥੰਮ ਹਨ, ਇਕ ਸਰਗੁਣ ਤੇ ਦੂਜਾ ਨਿਰਗੁਣ, ਇਕ ਬਾਹਰਮੁਖੀ, ਦੂਜਾ ਅੰਦਰਮੁਖੀ,। ਗੁਰ ਸੰਗਤ ਜਾਂ ਸਾਧ ਸੰਗਤ ਗੁਰੂ ਦੀ ਜ਼ਾਹਰੀ ਸ਼ਕਤੀ ਹੈ ਤੇ ਗੁਰਬਾਣੀ ਗੁਰੂ ਦੀ ਆਤਮਕ ਤਥਾ ਰਹੱਸਵਾਦੀ (ਗੁੱਝੀ) ਸ਼ਕਤੀ ਹੈ।

ਗੁਰੂ ਨਾਨਕ ਸਾਹਿਬ ਨੇ ਜੋ ਸੰਗਤਾਂ ਕਾਇਮ ਕੀਤੀਆਂ, ਪਿਛੋਂ ਸਮੇਂ ਦੇ ਬੀਤਣ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਇਨ੍ਹਾਂ ਦੇ ਧਾਰਮਿਕ ਤੇ ਰਾਜਸੀ ਵਿਕਾਸ ਨਾਲ ਹੀ ਸਿੱਖ ਧਰਮ ਦਾ ਵਿਕਾਸ ਹੋਇਆ। ਸਿੱਖ ਇਤਿਹਾਸ ਇਸ ਸਚਾਈ ਦਾ ਗਵਾਹ ਹੈ। ਗੁਰੂ ਅਮਰਦਾਸ ਜੀ ਨੇ ਇਨ੍ਹਾਂ ਸੰਗਤਾਂ ਨੂੰ ਜਥੇਬੰਦ ਕਰਨ ਲਈ 'ਮੰਜੀਆਂ' ਸਥਾਪਤ ਕੀਤੀਆ। ਪਿਛੋਂ ਗੁਰੂ ਅਰਜਨ ਸਾਹਿਬ ਨੇ ਸਿੱਖ ਸੰਗਤਾਂ ਨੂੰ ਹੋਰ ਪਕਿਆਈ ਨਾਲ ਸੰਗਠਿਤ ਕੀਤਾ : ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸੰਗਤਾਂ ਸਿੱਖ ਨੂੰ ਅੰਤਮ ਰੂਪ ਦੇ ਕੇ ਖਾਲਸਾ ਪੰਥ ਦਾ ਨਿਰਮਾਣ ਕੀਤਾ। ਅਠਾਰਵੀਂ ਤੇ ਉਨੀਵੀ ਸਦੀ ਵਿਚ ਇਨ੍ਹਾਂ ਜਥੇਬੰਦੀਆਂ ਨੇ ਰਾਜਸੀ ਸ਼ਕਤੀ ਧਾਰਨ ਕਰਕੇ 22 ਮਿਸਲਾਂ ਅਤੇ ਸਿੱਖ ਰਾਜ ਦੇ ਪ੍ਰਭਾਵਸ਼ਾਲੀ ਰੂਪ ਵਿਚ ਸੰਸਾਰ ਨੂੰ ਚਕ੍ਰਿਤ ਕੀਤਾ।

3

ਜਿਵੇਂ ਉਪਰ ਜੋਗੀਆਂ ਨਾਲ ਬਹਿਸ ਦੇ ਪ੍ਰਸੰਗ ਵਿਚ ਦਸਿਆ ਗਿਆ ਹੈ। ਸਿੱਖ ਧਰਮ ਵਿਚ ਸੰਗਤ ਇਕ ਵੱਡੀ ਕਰਾਮਾਤ ਵਜੋਂ ਹੋਂਦ ਵਿਚ ਆਈ। ਸਿੱਖ ਸੰਗਤ ਦਾ ਤਲ ਨਿਰੋਲ ਅਧਿਆਤਮਕ ਹੈ ਅਤੇ ਇਸ ਉਪਰ ਕੀਤੀ ਗਈ ਉਸਾਰੀ ਸਮਾਜਕ ਤੇ ਆਰਥਿਕ ਤੱਤਾਂ ਨਾਲ ਕੀਤੀ ਗਈ ਹੈ। ਗੁਰੂ ਅਮਰਦਾਸ ਜੀ ਨੇ ਜਦ ਸੰਗਤ ਨਾਲ ਪੰਗਤ (ਅਰਥਾਤ ਲੰਗਰ) ਨੂੰ ਜੋੜ ਦਿਤਾ ਤਾਂ ਇਹ ਇਕ ਅਜਿਹਾ ਕਾਰਨਾਮਾ ਸੀ, ਜਿਸ ਦੀ ਮਿਸਾਲ ਦੁਨੀਆਂ ਭਰ ਵਿਚ ਨਹੀਂ ਮਿਲਦੀ। ਸਭ ਉਚ-ਨੀਚ, ਨਸਲ, ਕੌਮ, ਧਰਮ, ਜਾਤੀ ਆਦਿ ਦੇ ਭੇਦ ਭਾਵ ਇਕ ਦਮ ਨਸ਼ਟ ਹੋ ਗਏ। ਇਕ ਖਾਲਸਾ ਮਨੁੱਖੀ ਭਾਈਚਾਰਾ ਹੋਂਦ ਵਿਚ ਆ ਗਿਆ। ਇਕ ਜਬਰਦਸਤ ਜਨਤਕ ਲਹਿਰ ਤੇ ਇਕ ਨਿਗਰ ਧਾਰਮਿਕ ਅੰਦੋਲਣ ਪਹਿਲੀ ਵਾਰ ਭਾਰਤ ਦੇ ਨਿੱਘਰ ਚੁੱਕੇ ਤੇ ਡਾਵਾਂਡੋਲ ਸਭਿਆਚਾਰ ਨਵੇਂ-ਸਿਰਿਓ ਸੁਰਜੀਤ ਕਰਨ ਲਈ ਚਾਲੂ ਕੀਤਾ ਗਿਆ।

ਲੰਗਰ ਦੀ ਪ੍ਰਥਾ ਨਾਲ ਅਵੱਸ਼ ਰੂਪ ਵਿਚ ਧਰਮ ਦੀ ਅਰਥਾਤ ਦਸਾਂ ਨੌਹਾਂ ਦੀ ਸੁੱਚੀ ਕਿਰਤ ਜੁੜੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਆਪ ਧਰਮ ਦੀ ਕਿਰਤ ਕੀਤੀ ਤੇ ਸਿੱਖਾਂ ਨੂੰ ਵਿਹਲੇ ਰਹਿਣ ਤੋਂ ਵਰਜ ਕੇ ਕਿਰਤੀ ਬਣਾਇਆ। ਹਿੰਦੂ ਧਰਮ ਵਿਚ ਬੁੱਧ ਜੈਨ ਆਦਿ ਧਰਮਾਂ ਵਿਚ ਸੰਸਾਰ ਦੇ ਤਿਆਗ ਉਤੇ ਬਹੁਤ ਜ਼ੋਰ ਦਿੱਤਾ ਗਿਆ, ਜਿਸ ਦਾ ਸਿੱਟਾ ਇਹ ਸੀ ਕਿ ਬਹੁਤੇ ਲੋਕ ਘਰ ਬਾਹਰ ਛੱਡ ਕੇ ਸਾਧੂ, ਤਿਆਗੀ ਤੇ ਅਭਿਆਗਤ ਹੋ ਜਾਂਦੇ ਸਨ। ਦੂਜੇ ਸ਼ਬਦਾਂ ਵਿਚ 'ਵਿਹਲੜ' ਹੋ ਜਾਂਦੇ ਸਨ। ਨਾ ਕੰਮ ਕਰਨਾ, ਨਾ ਖੱਟਣਾ ਕਮਾਉਣਾ, ਨਾ ਕਿਸੇ ਨੂੰ ਦਾਨ ਕਰਨਾ, ਸਗੋਂ ਦੂਜਿਆਂ ਦੇ ਘਰੋਂ ਮੰਗ ਕੇ ਖਾਣਾ, ਉਨ੍ਹਾਂ ਦਾ ਵਿਹਾਰ ਸੀ। ਗੁਰੂ ਸਾਹਬ ਨੇ ਇਸ ਆਰਥਕ ਪ੍ਰਾਧੀਨਤਾ ਨੂੰ ਪੂਰਨ ਤੌਰ ਤੇ ਰੱਦ ਕੀਤਾ। ਇਸ ਤਿਆਗਵਾਦ ਦੀ ਥਾਂ ਗ੍ਰਹਸਤ ਮਾਰਗ ਦੀ ਪਾਬੰਦੀ ਲਾਗੂ ਕੀਤੀ ਗਈ। ਚੰਗਾ ਸਿੱਖ ਉਹੀ ਹੈ ਜੋ ਸੰਸਾਰੀ ਹੈ, ਗ੍ਰਹਸਤੀ ਹੈ, ਕਿਰਤੀ ਤੇ ਦਾਨੀ ਹੈ, ਸਮਾਜ ਦੀ ਅਗਵਾਈ ਤੇ ਸੇਵਾ ਕਰਨ ਵਿਚ ਤੱਤਪਰ ਹੈ। ਗੁਰੂ ਸਾਹਿਬ ਨੇ ਇਸ ਤਬਦੀਲੀ ਨਾਲ ਭਾਰਤੀ ਸਮਾਜ ਵਿਚ ਇਕ ਨਵੀਂ ਕ੍ਰਾਂਤੀ ਪੈਦਾ ਕੀਤੀ ਜਿਸ ਦੇ ਬੜੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੂਰਰਸ (ਦੂਰ ਪਹੁੰਚਣ ਵਾਲੇ) ਸਿੱਟੇ ਨਿਕਲੇ ।

ਗੁਰੂ ਨਾਨਕ ਸਾਹਿਬ ਦਾ ਇਸ ਪ੍ਰਥਾਇ ਬੜਾ ਸਪਸ਼ਟ ਉਪਦੇਸ਼ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ ।
ਨਾਨਕ ਰਾਹੁ ਪਛਾਣਹਿ ਸੇਇ । ਪੰ. 245

ਸਿੱਖ ਸੰਗਤ ਬਾਰੇ ਧਿਆਨ ਨਾਲ ਦੇਖਣ ਵਾਲੀ ਗੱਲ ਇਹ ਹੈ ਕਿ ਇਹ ਸਿੱਖ ਸੰਗਤ ਕਿਸ ਕਿਸਮ ਦੀ ਹੈ, ਅਰਥਾਤ ਇਸ ਦੀ ਪ੍ਰਕਿਰਤੀ ਕੀ ਹੈ ? ਕੀ ਇਹ ਇਕ ਸਾਧਾਰਨ ਮਨੁੱਖੀ ਸੰਗਤ ਜਾਂ ਸਮਾਜ ਹੈ ਜਾਂ ਕੋਈ ਵਿਸ਼ੇਸ਼ ਪ੍ਰਚਾਰ ਦੀ ਸੁਸਾਇਟੀ ਹੈ ? ਇਸ ਦਾ ਉਤਰ ਸਪਸ਼ਟ ਹੈ। ਸਿੱਖ ਸਮਾਜ ਅਸਲੋਂ ਇਕ ਵਿਲੱਖਣ ਭਾਈਚਾਰਾ ਹੈ। ਇਸ ਵਿਚ ਹਰ ਮਨੁੱਖ ਨੂੰ ਸ਼ਾਮਲ ਹੋਣ ਦੀ ਆਗਿਆ ਹੈ। ਹਰ ਕੋਈ ਸਤਿਗੁਰੂ ਦੀ ਸ਼ਰਨ ਗ੍ਰਹਿਣ ਕਰ ਸਕਦਾ ਹੈ। ਇਹ ਸਮਾਜ 'ਸਗਲ ਜਮਾਤੀ' ਜਾ ਆਸ਼ਾ ਰਖਦਾ ਹੈ (ਆਈ ਪੰਥੀ ਸਗਲ ਜਮਾਤੀ ਮਨਿ ਜੀਤੇ ਜਗੁ ਜੀਤ। ਜਪੁਜੀ, 28) ਸਰਬਤ ਦਾ ਭਲਾ ਮੰਗਣਾ ਸਿੱਖ ਸੰਗਤ ਦਾ ਮੂਲ ਉਦੇਸ਼ ਹੈ। ਗੁਰੂ ਅਰਜਨ ਸਾਹਿਬ ਦਾ ਮਹਾਂ ਵਾਕ ਹੈ :

ਬਿਸਰਿ ਗਈ ਸਭ ਤਾਤਿ ਪਰਾਈ ।
ਜਬ ਤੇ ਸਾਧ ਸੰਗਤਿ ਮੋਹਿ ਪਾਈ ।
ਨਾ ਕੋ ਬੈਰੀ ਨਹੀਂ ਬਿਗਾਨਾ ।
ਸਗਲ ਸੰਗਿ ਹਮ ਕਉ ਬਨਿ ਆਈ ॥ ਪੰ. 1299

ਇਹ ਸੰਗਤ ਗੁਰਮੁਖਾਂ ਦੀ, ਆਸਤਕ ਤੇ ਭਲੇ ਪੁਰਸ਼ਾਂ ਦੀ ਸੰਗਤ ਹੈ, ਜੋ ਵਾਹਿਗੁਰੂ ਨਾਮ ਦਾ ਹਰ ਵੇਲੇ ਆਸਰਾ ਲੈ ਕੇ ਮਨੁੱਖ ਮਾਤਰ ਦੀ ਸੇਵਾ ਵਿਚ ਜੀਵਨ ਅਰਪਨ ਕਰਨ ਵਾਲੇ ਪਰਉਪਕਾਰੀ ਜੀਵ ਹਨ। ਇਸਤਰੀ ਮਰਦ ਦੀ ਇਸ ਵਿਚ ਪੂਰਨ ਬਰਾਬਰੀ ਹੈ। ਭਾਰਤ ਵਿਚ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਨੇ ਇਸਤਰੀ ਨੂੰ ਉਸ ਦਾ ਯੋਗ ਸਥਾਨ ਪ੍ਰਦਾਨ ਕੀਤਾ। ਸਿਖ ਸੰਗਤ ਵਿਚ ਵਹਿਮਾ ਭਰਮਾਂ, ਜਾਦੂ ਟੂਣੇ, ਊਚ ਨੀਚ, ਬੁਤ ਪੂਜਾ, ਮੜ੍ਹੀ ਪੂਜਾ ਆਦਿ ਦੀ ਕੋਈ ਥਾਂ ਨਹੀਂ। ਕੇਵਲ ਅਕਾਲਪੁਰਖ ਵਾਹਿਗੁਰੂ ਦੀ ਪੂਜਾ ਤੇ ਉਪਾਸਨਾ ਨੂੰ ਮੁੱਖ ਰਖਿਆ ਜਾਂਦਾ ਹੈ।

4

ਸਿੱਖ ਧਰਮ ਵਿਚ ਸੰਗਤ ਦੀ ਮਹੱਤਤਾ ਏਨੀ ਅਧਿਕ ਹੈ ਕਿ ਸੰਗਤਾਂ ਨੂੰ ਗੁਰੂ ਨਾਲੋਂ ਵੀ ਉਚੇਰਾ ਦਰਜਾ ਦਿੱਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਆਪ ਉਨ੍ਹਾਂ ਪਾਸੋਂ ਅੰਮ੍ਰਿਤ ਛਕਿਆ, ਜਿਸ ਦਾ ਭਾਵ ਇਹ ਸੀ ਕਿ ਸੰਗਤ ਦਾ ਰੁਤਬਾ ਸਭ ਤੋਂ ਉੱਚਾ ਹੈ। ਏਸੇ ਗੁਰੂ ਸੰਗਤ ਨੂੰ ਵਡਿਆ ਕੇ 'ਖਾਲਸਾ' ਦੀ ਪਦਵੀ ਦਿਤੀ ਗਈ ਜੋ ਗੁਰੂ ਸਾਹਿਬ ਦਾ ਆਪਣਾ ਖਾਸ ਰੂਪ ਹੈ (ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੇਂ ਹਉਂ ਕਰੋ ਨਿਵਾਸ ॥ ਗੁਰੂ ਗੋਬਿੰਦ ਸਿੰਘ ਜੀ)। ਜਿਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਗੁਰੂ ਗ੍ਰੰਥ ਸਾਹਿਬ ਪਰਮੇਸ਼ਰ ਦਾ ਥਾਨ ਹੈ (ਪੋਥੀ ਪਰਮੇਸਰ ਕਾ ਥਾਨ ॥ ਪੰ: 1226) ਇਸੇ ਤਰ੍ਹਾਂ ਸਿੱਖ ਸੰਗਤ ਵੀ ਪਰਮੇਸ਼ਰ ਦਾ ਥਾਨ ਹੈ (...ਵਿਚ ਸੰਗਤ ਹਰਿ ਪ੍ਰਭੁ ਵਸੈ ਦੀਓ ॥...) ਸੰਗਤ ਦੀ ਵਡਿਆਈ ਵਜੋਂ ਗੁਰਬਾਣੀ ਵਿਚੋਂ ਅਨੇਕਾਂ ਹੀ ਕਥਨ ਮਿਲ ਜਾਂਦੇ ਹਨ। ਭਾਈ ਗੁਰਦਾਸ ਜੀ ਨੇ ਵੀ ਸੰਗਤ ਅਤੇ ਸਾਧ ਸੰਗਤ ਦੀ ਵਿਸ਼ੇਸ਼ਤਾ ਤੇ ਮਹੱਤਤਾ ਦਾ ਵਰਨਣ ਕਰਨ ਵਿਚ ਆਪਣਾ ਪੂਰਾ ਤਾਣ ਲਾਇਆ ਹੈ।

ਅੰਤ ਵਿਚ, ਇਕ ਜ਼ਰੂਰੀ ਪ੍ਰਸ਼ਨ ਗੁਰੂ ਤੇ ਸੰਗਤ ਦੇ ਪਰਸਪਰ ਸਬੰਧ ਦਾ ਹੈ। ਗੁਰੂ ਆਪਣੇ ਆਪ ਵਿਚ ਸੰਗਤ ਦਾ ਮੂਲ ਸੋਮਾਂ, ਆਤਮਕ ਧੁਰਾ ਤੇ ਸੰਚਾਲਕੀ ਸੰਸਥਾਪਕ ਹੁੰਦਾ ਹੈ। ਪਰ ਸੰਗਤ ਇਕ ਸਦੀਵੀ ਧਾਰਾ ਜਾਂ ਲਹਿਰ (perpetual current) ਹੈ ਜੋ ਗੁਰੂ ਆਸ਼ੇ ਨੂੰ, ਗੁਰੂ ਸੰਦੇਸ਼ ਨੂੰ ਅਮਲੀ ਰੂਪ ਵਿਚ ਸਦੀਵ ਕਾਲ ਤਕ ਫਲੀਭੂਤ ਕਰਨ ਦੇ ਸਮਰਥ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ। ਪਰ ਸਚਾਈ ਇਹ ਹੈ ਕਿ ਗੁਰੂ ਤੇ ਸੰਗਤ ਸਦਾ ਅਨਿਖੜ ਹਨ, ਇਹ ਦੋ ਇਕਾਈਆਂ (units) ਨਹੀਂ, ਸਗੋਂ ਇਕੋ ਇਕਾਈ ਹਨ। ਗੁਰੂ ਇਕ ਆਤਮਕ ਤੱਤ ਹੈ ਜੋ ਸ਼ਬਦ ਰੂਪ (ਜੋ ਉਸ ਦਾ ਅਸਲੀ ਰੂਪ ਹੈ, ਦੇਹ/ਸਰੀਰ ਉਸ ਦਾ ਅਸਲੀ ਰੂਪ ਨਹੀਂ) ਹੈ, ਅਰਥਾਤ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਤੱਥਾ ਨਾਮ ਸਿਮਰਨ ਰੂਪ ਵਿਚ ਸਦਾ ਹੀ ਸੰਗਤ ਵਿਚ ਇਕ ਜਾਗਦੀ ਜੋਤ ਬਣ ਕੇ ਵਿਦਮਾਨ ਰਹਿੰਦਾ ਹੈ। ਸ਼ਬਦ ਤੋਂ ਬਿਨਾਂ ਸੰਗਤ ਨੂੰ ਕੋਈ ਟੇਕ ਜਾਂ ਆਸਰਾ ਪ੍ਰਾਪਤ ਨਹੀਂ। ਸੋ ਗੁਰੂ ਆਪਣੀ ਅਪਾਰ ਆਤਮਕ ਸ਼ਕਤੀ ਦੁਆਰਾ ਸੰਗਤ ਰਾਹੀਂ ਆਪਣੇ ਸੰਸਾਰ ਕਲਿਆਣ ਦੇ ਉਦੇਸ਼ ਨੂੰ ਪੂਰਾ ਕਰਦਾ ਹੈ। ਗੁਰੂ ਇਕ ਹੇਤੂ ਹੈ ਤੇ ਸੰਗਤ ਇਕ ਸਾਧਨ। ਭਾਈ ਗੁਰਦਾਸ ਜੀ ਨੇ ਇਸ ਰਹੱਸਵਾਦੀ ਸਚਾਈ ਨੂੰ ਬੜੇ ਭਾਵਪੂਰਤ ਸ਼ਬਦਾਂ ਵਿਚ ਅੰਕਿਤ ਕੀਤਾ ਹੈ :

ਗੁਰੂ ਮੂਰਤਿ ਗੁਰ ਸ਼ਬਦ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ ॥ (24.25)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਿੱਖ ਧਰਮ ਵਿਚ ਗੁਰੂ ਦਾ ਸੰਕਲਪ

ਆਧੁਨਿਕ ਸਮੇਂ ਵਿਚ ਧਰਮ ਦਾ ਪ੍ਰਭਾਵ ਕਈ ਕਾਰਨਾਂ ਕਰ ਕੇ ਘਟਦਾ ਜਾ ਰਿਹਾ ਹੈ। ਇਸ ਲਈ ਗੁਰੂ ਸ਼ਬਦ ਦੇ ਅਰਥ ਅਤੇ ਗੁਰੂ-ਪਦਵੀ ਦੀ ਅਸਲੀਅਤ ਨੂੰ ਪ੍ਰਗਟ ਕਰਨਾ ਜ਼ਰੂਰੀ ਜਾਪਦਾ ਹੈ।

## ਪਰਿਭਾਸ਼ਾ

ਗੁਰੂ ਤੋਂ ਭਾਵ ਉਹ ਮਹਾਨ ਆਤਮਕ ਸ਼ਕਤੀ ਹੈ ਜੋ ਪਰਮਾਤਮਾ ਵੱਲੋਂ ਮਨੁੱਖ ਮਾਤਰ ਦੇ ਕਲਿਆਨ ਵਾਸਤੇ ਸਦੀਵ ਕਾਲ ਲਈ ਨਿਸ਼ਚਿਤ ਹੋਈ ਹੈ। ਇਸ ਦੇ ਸ਼ਬਦੀ ਅਰਥ ਹਨ "ਹਨੇਰੇ ਵਿਚ ਰੋਸ਼ਨੀ ਪੈਦਾ ਕਰਨ ਵਾਲਾ।" ਡਾ. ਮੈਕਲੌਡ ਨੇ ਆਪਣੀ ਪੁਸਤਕ "ਗੁਰੂ ਨਾਨਕ ਐਂਡ ਦਾ ਸਿੱਖ ਰਿਲੀਜਨ" ਵਿਚ ਗੁਰੂ ਨੂੰ ਇਕ ਮਿਸਟੀਕਲ ਪ੍ਰਿੰਸੀਪਲ ਅਰਥਾਤ ਰਹੱਸਵਾਦੀ ਸਿਧਾਂਤ ਮੰਨਿਆ ਹੈ।[1] ਏਸੇ ਵਿਚਾਰ ਦੀ ਪੁਸ਼ਟੀ ਡਾ. ਜੇ ਐਸ. ਗਰੇਵਾਲ ਨੇ ਆਪਣੀ ਪੁਸਤਕ "ਗੁਰੂ ਨਾਨਕ ਇਨ ਹਿਸਟਰੀ"[2] ਵਿਚ ਕੀਤੀ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਕੋਈ ਦੇਹਧਾਰੀ ਜਾਂ ਬਾਹਰਮੁਖੀ ਆਸ਼ੇ ਵਾਲਾ ਵਿਅਕਤੀ ਨਹੀਂ ਹੋ ਸਕਦਾ, ਸਗੋਂ ਸੰਸਾਰ ਨੂੰ ਪੈਦਾ ਕਰਨ ਵਾਲੀ ਮਹਾਨ ਸ਼ਕਤੀ ਵੱਲੋਂ ਮਨੁੱਖ ਨੂੰ ਕਲਿਆਨ ਲਈ ਨਿਸ਼ਚਿਤ ਕੀਤਾ ਕੋਈ ਆਤਮਕ ਪੱਧਰ ਦਾ ਸਾਧਨ ਹੈ:

ਇਸ ਵਿਚ ਸ਼ੱਕ ਨਹੀਂ ਕਿ ਗੁਰੂ ਦੀ ਇਸ ਅਤਿ ਸੂਖਮ ਅਤੇ ਰਹੱਸਵਾਦੀ ਅਸਲੀਅਤ ਨੂੰ ਸਮਝ ਸਕਣਾ ਬਹੁਤ ਕਠਿਨ ਕੰਮ ਹੈ, ਫਿਰ ਵੀ ਸਿੱਖ ਧਰਮ ਵਿਚ ਗੁਰਬਾਣੀ ਜੋ ਗੁਰੂ-ਰੂਪ ਹੈ,[3] ਗੁਰੂ ਬਾਰੇ ਠੀਕ ਗਿਆਨ ਜਾਂ ਸੂਝ ਪ੍ਰਾਪਤ ਕਰਨ ਲਈ ਸਭ ਤੋਂ ਸਾਰਥਕ ਸੋਮਾ ਹੈ। ਗੁਰਬਾਣੀ ਵਿਚ ਗੁਰੂ ਨੂੰ ਗਿਆਨ-ਦਾਤਾ ਮੰਨਿਆ ਹੈ ਜੋ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਸੱਚ ਦਾ ਪ੍ਰਕਾਸ਼ ਕਰਦਾ ਹੈ।[4] ਇਸ ਤੋਂ ਇਲਾਵਾ ਗੁਰੂ ਨੂੰ ਸ਼ਬਦ ਦਾਤਾ ਅਤੇ ਸ਼ਬਦ ਸਮਾਨਰਥਕ ਮੰਨਿਆ ਗਿਆ ਹੈ।[5] ਗੁਰੂ ਪਦ ਦੀ ਵਡਿਆਈ ਉੱਤੇ ਗੁਰਬਾਣੀ ਵਿਚ ਬਹੁਤ ਜ਼ੋਰ ਦਿਤਾ ਗਿਆ ਹੈ।[6] ਗੁਰੂ ਦੀ ਕਿਰਪਾ ਤੋਂ ਬਿਨਾਂ ਕੋਈ ਮਨੁੱਖ ਪਰਮਾਤਮਾ ਦੀ ਸਚਾਈ ਗ੍ਰਹਿਣ ਨਹੀਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਸਕਦਾ। ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਦਿੱਤੇ ਮੂਲ-ਮੰਤਰ ਦੇ ਅੰਤ ਵਿਚ 'ਗੁਰਪ੍ਰਸਾਦਿ' ਲਿਖਿਆ ਹੈ ਅਰਥਾਤ ਪਰਮਾਤਮਾ ਜੋ "੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ" ਹੈ, ਕੇਵਲ ਗੁਰੂ ਦੀ ਕਿਰਪਾ ਨਾਲ ਹੀ ਜਾਣਿਆ ਜਾ ਸਕਦਾ ਹੈ। ਇਸ ਤੋਂ ਗੁਰੂ ਦੀ ਆਵੱਸ਼ਕਤਾ ਪਰਤੱਖ ਰੂਪ ਵਿਚ ਸਿੱਧ ਹੋ ਜਾਂਦੀ ਹੈ। ਆਸਾ ਦੀ ਵਾਰ ਦੀ ਛੇਵੀਂ ਪਾਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਸ ਸਚਾਈ ਨੂੰ ਪ੍ਰਗਟ ਕਰਦੇ ਹੋਏ ਫੁਰਮਾਇਆ ਹੈ—"ਬਿਨ ਸਤਿਗੁਰ ਕਿਨੈ ਨਾ ਪਾਇਓ, ਬਿਨ ਸਤਿਗੁਰ ਕਿਨੈ ਨ ਪਾਇਆ ॥" ਸਤਿਗੁਰ ਮੁਕਤੀ ਦਾਤਾ ਹੈ।[7] ਸਤਿਗੁਰ ਦਿਆਲੂ ਤੇ ਕਿਰਪਾਲੂ ਹੋਣ ਕਰਕੇ ਮਨੁੱਖ ਦੇ ਸਾਰੇ ਦੁੱਖਾਂ ਦੀ ਨਵਿਰਤੀ ਕਰਨ ਵਾਲਾ ਅਤੇ ਸਾਰੇ ਸੁੱਖਾਂ ਦੇ ਪੈਦਾ ਕਰਨ ਵਾਲਾ ਹੈ।[9] ਸਤਿਗੁਰੂ ਦੀ ਨਦਰ (ਬਖਸ਼ਿਸ਼) ਮਨੁੱਖ ਦੇ ਸਭ ਕਾਰਜ ਰਾਸ ਕਰਨ ਵਾਲੀ ਅਤੇ ਉਸ ਨੂੰ ਮੰਸਾਸਕ ਸਫ਼ਲਤਾ, ਸਗੋਂ ਸੰਸਾਰ ਦਾ ਰਾਜ ਬਖ਼ਸ਼ਣ ਵਾਲੀ ਹੈ।[9]

ਸੋ ਗੁਰੂ ਦੀ ਪਦਵੀ ਏਨੀ ਮਹਾਨ ਤੇ ਸ਼ੂਖਮ ਹੈ ਕਿ ਕੇਵਲ ਗੁਰੂ ਦੀ ਕਿਰਪਾ ਨਾਲ ਹੀ ਇਸ ਦੀ ਸੋਝੀ ਹੋ ਸਕਦੀ ਹੈ, ਜਾਂ ਜਿਵੇਂ ਅੱਗੇ ਕਿਹਾ ਹੈ, ਗੁਰਬਾਣੀ ਇਸ ਗਿਆਨ ਪ੍ਰਾਪਤੀ ਦਾ ਇਕੋ-ਇੱਕ ਤੇ ਠੀਕ ਸੋਮਾ ਹੈ।

ਗੁਰੂ ਸ਼ਬਦ ਦੀ ਇਸ ਵਿਸਤ੍ਰਿਤ ਪਰਿਭਾਸ਼ਾ ਉਪਰੰਤ ਸਿੱਖ ਧਰਮ ਵਿਚ ਗੁਰੂ-ਪਦਵੀ ਦੇ ਵੱਖ-ਵੱਖ ਅਰਥਾਂ ਤੇ ਕਰਤੱਵਾਂ ਦੀ ਜਾਣਕਾਰੀ ਪ੍ਰਗਟ ਕਰਨਾ ਉਚਿਤ ਹੈ।

ਸਿੱਖ ਧਰਮ ਦੇ ਮੋਢੀ ਤੇ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਸਮਰੂਪ, ਇੱਕ-ਜੋਤ ਉੱਤਰ-ਅਧਿਕਾਰੀ ਗੁਰੂ ਸਾਹਿਬਾਨ, ਜੋ ਇੱਕ ਇਤਿਹਾਸਕ ਜ਼ਰੂਰਤ ਅਤੇ ਪ੍ਰਸੰਗ ਨਾਲ ਲਗਭਗ ਦੋ ਸੌ ਸਾਲ ਤੱਕ ਜੁੜੇ ਰਹੇ, ਅਤੇ ਉਨ੍ਹਾਂ ਦੇ ਆਤਮਕ ਸਰੂਪ, ਸ਼ਬਦ-ਰੂਪ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਪਦਵੀ, ਹੇਠ ਲਿਖੇ ਵਿਸ਼ੇਸ਼ ਅਰਥਾਂ ਵਿਚ ਨਿਸ਼ਚਿਤ ਕੀਤੀ ਜਾ ਸਕਦੀ ਹੈ। ਇਹ ਗੁਰੂ ਦਾ ਸੰਕਲਪ ਭਾਰਤ ਅਤੇ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਅਤਿ ਮੌਲਿਕ ਤੇ ਅਦੁਤੀ ਹੈ।

## 1. ਗੁਰੂ ਦਾ ਸਦੀਵੀ ਤੇ ਨਿਰੰਤਰ ਤੱਤ

ਗੁਰੂ ਨਾ ਦੇਹਧਾਰੀ ਹੈ, ਨਾ ਸਮੇਂ-ਸਥਾਨ ਤੇ ਕਾਰਨ-ਕਾਰਜ ਵਿਚ ਬੱਝਾ ਕੋਈ ਸੰਸਾਰਕ ਵਿਅਕਤੀ ਹੈ। ਉਹ ਤਾਂ ਪਰਮਾਤਮਾ ਦੀ ਪਰਮ-ਪਰਚੰਡ ਜੋਤ ਦਾ ਇੱਕ ਪ੍ਰਗਟ ਚਮਤਕਾਰ ਹੈ, ਇੱਕ ਰੱਬੀ ਕਰਾਮਾਤ ਹੈ, ਉਹ ਹਰ ਪੱਖ ਤੋਂ 'ਪੂਰਨ' ਹੈ।[10] ਉਸ ਵਿਚ ਕੋਈ ਅਪੂਰਨਤਾ ਨਹੀਂ। ਗੁਰੂ ਨਾਨਕ ਸਾਹਿਬ ਨੂੰ ਪਰਮਾਤਮਾ ਵੱਲੋਂ ਗੁਰੂਤਵ ਦੀ ਸਿੱਧੇ ਤੌਰ ਤੇ ਬਖ਼ਸ਼ਿਸ਼ ਹੋਈ। ਭਾਈ ਗੁਰਦਾਸ ਜੀ ਨੇ ਇਸ ਤੱਥ ਬਾਰੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਖਿਆ ਹੈ :—

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲ ਕਮਾਈ ।

... ... ... ...

ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ ।[11]

ਗੁਰੂ ਨਾਨਕ ਸਾਹਿਬ ਨੇ ਇਹ ਪਦਵੀ ਆਪਣੀ ਮਹਾਨ ਸ਼ਕਤੀ ਵਰਤਦੇ ਹੋਏ ਭਾਈ ਲਹਿਣਾ ਜੀ ਨੂੰ ਬਖਸ਼ ਦਿੱਤੀ। ਇਸ ਤਰ੍ਹਾਂ ਇਹ ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚੀ ਤੇ ਫਿਰ ਸਦੀਵ ਕਾਲ ਲਈ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਨਿਰਧਾਰਤ ਕਰ ਦਿੱਤੀ ਗਈ ।

ਸੰਸਾਰ ਦੇ ਧਾਰਮਕ ਇਤਿਹਾਸ ਵਿਚ ਅਜੇਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਕਿਸੇ ਪੈਗੰਬਰ, ਵਲੀ ਜਾਂ ਅਵਤਾਰ ਨੇ ਆਪਣੀ ਆਤਮਕ ਸ਼ਕਤੀ ਇੰਨ-ਬਿੰਨ ਸਮਾਨ-ਰੂਪ ਹੋਰ ਵਿਅਕਤੀਆਂ ਵਿਚ ਮੁਨਤਕਿਲ (transfer) ਕਰ ਦਿੱਤੀ ਹੋਵੇ। ਡਾ. ਮੈਕਲੋਡ, ਡਾ. ਗਰੇਵਾਲ ਤੇ ਹੋਰ ਵਿਦਵਾਨਾਂ ਨੇ ਇਸ ਤੱਥ ਵੱਲ ਉਚੇਚਾ ਸੰਕੇਤ ਕੀਤਾ ਹੈ ।

## 2. ਗੁਰ-ਪਰਮੇਸ਼ਰ ਦੀ ਧਾਰਨਾ

ਸਿੱਖ ਧਰਮ ਵਿਚ ਗੁਰੂ ਸ਼ਬਦ ਗੁਰੂ ਅਤੇ ਪਰਮਾਤਮਾ ਦੋਹਾਂ ਵਾਸਤੇ ਵੱਖਰਾ-ਵੱਖਰਾ ਵੀ ਅਤੇ ਸਾਂਝਾ ਵੀ ਵਰਤਿਆ ਗਿਆ ਹੈ। ਇਸ ਲਈ ਗੁਰ-ਪਰਮੇਸ਼ਰ ਅਤੇ ਗੁਰ-ਗੋਬਿੰਦ ਸਮਾਸ ਗੁਰਬਾਣੀ ਵਿਚ ਕਈ ਥਾਵਾਂ ਤੇ ਆਏ ਹਨ ।[12] ਗੁਰੂ ਸਾਹਿਬਾਨ ਆਪਣੇ ਨਿਰਗੁਣ ਰੂਪ ਵਿਚ ਸਦਾ ਹੀ ਅਕਾਲ ਪੁਰਖ ਪਰਮਾਤਮਾ ਨਾਲ ਇਕ-ਮਿਕ ਹੁੰਦੇ ਹਨ ਪਰੰਤੂ ਉਨ੍ਹਾਂ ਦਾ ਇਤਿਹਾਸਕ ਪ੍ਰਗਟਾ ਸਰਗੁਣ ਸਰੂਪ ਦਾ ਲਖਾਇਕ ਹੁੰਦਾ ਹੈ। ਪਰਮਾਤਮਾ ਵੱਲੋਂ ਮਿਲੀ ਵਿਸ਼ੇਸ਼ ਪਰਵਾਨਤਾ ਗੁਰੂ ਸਾਹਿਬਾਨ ਦੀ ਸਦਾ ਲਈ ਜ਼ਾਮਨ ਹੈ। ਆਪਣੀ ਕਿਸੇ ਧਾਰਨਾ ਜਾਂ ਇੱਛਾ ਅਨੁਸਾਰ ਕੋਈ ਮਨੁੱਖ ਗੁਰ ਪਦਵੀ ਧਾਰਨ ਨਹੀਂ ਕਰ ਸਕਦਾ। ਸਿੱਖ ਧਰਮ ਵਿਚ ਗੁਰੂ ਕੇਵਲ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਿਆ ਗਿਆ ਹੈ। ਇਸ ਸਿਧਾਂਤ ਵਿਚ ਕਿਸੇ ਸਮਝੌਤੇ ਜਾਂ ਅੰਤਰ ਦੀ ਗੰਜਾਇਸ਼ ਨਹੀਂ। ਗੁਰੂ ਦੀ ਪਦਵੀ ਏਨੀ ਉੱਚੀ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਗੁਰੂ ਪਦਵੀ ਵਿਚ ਹੀ ਸ਼ਾਮਲ ਹੋ ਜਾਂਦੀਆਂ ਹਨ । ਗੁਰੂ ਉਨ੍ਹਾਂ ਸਭ ਦਾ ਲਖਾਇਕ ਜਾਂ ਪ੍ਰਤੀਨਿਧ[13] ਹੈ, ਜੋ ਗੁਰੂ ਪਰਮਾਤਮਾ ਵੱਲੋਂ ਸੰਸਾਰ ਦੇ ਕਲਿਆਨ ਹਿੱਤ ਨੀਯਤ ਕੀਤਾ ਹੋਇਆ ਇੱਕ ਬਸੀਠ ਅਰਥਾਤ ਵਕੀਲ ਹੈ ਜੋ ਸੰਸਾਰ ਵਿਚ ਪਰਤੱਖ ਤੇ ਪ੍ਰਗਟ ਰੂਪ ਵਿਚ ਵਿਚਰ ਕੇ ਇੱਕ ਪੈਗੰਬਰ ਜਾਂ ਅਵਤਾਰ ਵਜੋਂ ਗਤੀਸ਼ੀਲ ਹੁੰਦਾ ਹੈ।[14]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

### 3. ਸ਼ਬਦ ਰਾਹੀਂ ਮੁਕਤੀ

ਗੁਰੂ ਦਾ ਪ੍ਰਮਾਣਿਕ ਰੂਪ ਕੇਵਲ ਸ਼ਬਦ ਹੈ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਦੀ ਮੂਰਤ ਤਥਾ ਸਰੂਪ ਉਸ ਦਾ ਸ਼ਬਦ ਹੈ।[15] ਗੁਰੂ ਦੀ ਦੇਹ ਜਾਂ ਉਸ ਦਾ ਕੋਈ ਬਾਹਰਮੁਖੀ ਚਿੰਨ੍ਹ, ਤਸਵੀਰ, ਬੁੱਤ ਆਦਿ ਉਸ ਦੀ ਮੂਰਤ ਨਹੀਂ ਹੋ ਸਕਦੀ। ਇਹ ਗੁਰਮਤ ਦਾ ਸਭ ਤੋਂ ਜ਼ਰੂਰੀ ਸਿਧਾਂਤ ਹੈ। ਕੇਵਲ ਸ਼ਬਦ ਨਾਲ ਜੁੜਨਾ ਜਾਂ ਸ਼ਬਦ ਨੂੰ ਪਿਆਰ ਕਰਨਾ ਤੇ ਸ਼ਬਦ ਦੇ ਅਰਥ ਗ੍ਰਹਿਣ ਕਰਨਾ ਹੀ ਸਿੱਖ ਲਈ ਸਭ ਤੋਂ ਵੱਡਾ ਧਾਰਮਕ ਕਰਮ ਹੈ। ਸਿੱਖ ਲਈ ਗੁਰੂ ਦਾ ਸ਼ਬਦ ਮੁਕਤੀ ਦਾਤਾ ਹੈ। ਸ਼ਬਦ ਤੋਂ ਭਾਵ ਹੈ ਗੁਰੂ ਦੇ ਮੁੱਖ ਤੋਂ ਨਿਕਲੀ ਸੱਚੀ ਬਾਣੀ।[16] ਜੋ ਧੁਰ ਤੋਂ ਆਈ ਹੈ,[17] ਅਰਥਾਤ ਗੁਰਬਾਣੀ ਜਾਂ ਦੂਜਾ ਭਾਵ ਇਸ ਦਾ ਇਹ ਹੈ ਕਿ ਗੁਰੂ ਦਾ ਦਿੱਤਾ ਗੁਰਮੰਤਰ ਜੋ ਸਿੱਖ ਇਤਿਹਾਸ ਵਿਚ ਪਹਿਲਾਂ ਗੁਪਤ ਸੀ ਫਿਰ ਪ੍ਰਗਟ ਕਰ ਦਿੱਤਾ ਗਿਆ। ਭਾਈ ਗੁਰਦਾਸ ਜੀ ਅਨੁਸਾਰ ਵਾਹਿਗੁਰੂ ਸ਼ਬਦ ਗੁਰਮੰਤਰ ਹੈ। ਹੁਣ ਸਿੱਖ ਧਰਮ ਵਿਚ ਇਹ ਗੁਰਮੰਤਰ ਪ੍ਰਵਾਨਿਤ ਤੇ ਪ੍ਰਚਲਿਤ ਹੈ। ਇਸੇ ਮੰਤਰ ਦੀ ਕਮਾਈ ਜਾਂ ਸਿੱਧੀ ਅਤੇ ਗੁਰਬਾਣੀ ਦੀ ਅਗਵਾਈ[18] ਸਿੱਖ ਨੂੰ ਗੁਰੂ ਕਿਰਪਾ ਦਵਾਰਾ ਕਲਿਆਨ ਜਾਂ ਮੁਕਤੀ ਬਖ਼ਸ਼ਦੀ ਹੈ।

### 4. ਗੁਰੂ ਭਗਤੀ

ਗੁਰੂ ਤੇ ਸਿੱਖ ਦਾ ਪਰਸਪਰ ਸੰਬੰਧ ਅਤਿ ਡੂੰਘੇ ਪ੍ਰੇਮ ਦਾ ਸੂਚਕ ਹੈ। ਗੁਰੂ ਨੂੰ ਧਾਰਨ ਕਰਨਾ ਉਸ ਨਾਲ ਪ੍ਰੇਮ ਰਾਹੀਂ ਸੰਬੰਧਿਤ ਹੋਣਾ ਹੈ। ਹਰ ਸਿੱਖ ਨੂੰ ਸਤਿਗੁਰੂ ਦੀ ਅੰਤਰ ਆਤਮੇ ਪਛਾਣ ਕਰਨੀਂ ਪੈਂਦੀ ਹੈ। ਬੜੇ ਚੰਗੇ ਭਾਗਾਂ ਨਾਲ ਗੁਰੂ ਮਿਲਦਾ ਹੈ। ਗੁਰੂ ਅਮਰਦਾਸ ਜੀ ਨੇ ਬੜੀ ਘਾਲਣਾ ਤੇ ਤਲਾਸ਼ ਉਪਰੰਤ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਲਈ ਤੇ ਆਪਣਾ ਗੁਰੂ ਬਣਾਇਆ। ਪਿੱਛੋਂ ਪ੍ਰੇਮ ਦੀ ਐਸੀ ਖੇਡ ਵਰਤੀ ਕਿ ਉਨ੍ਹਾਂ ਨੂੰ ਗੁਰਿਆਈ ਪ੍ਰਾਪਤ ਹੋ ਗਈ। ਭਾਈ ਗੁਰਦਾਸ ਜੀ ਨੇ ਇਸ ਗੁਰੂ ਸਿੱਖ ਦੇ ਪ੍ਰੇਮ ਨੂੰ 'ਪੀਰ ਮੁਰੀਦਾ ਪਿਰਹੜੀ' ਆਖਿਆ ਹੈ। ਸੁਖਮਨੀ ਸਾਹਿਬ ਗੁਰੂ ਤੇ ਸਿੱਖ ਦੇ ਪ੍ਰੇਮ ਨੂੰ 18ਵੀਂ ਅਸ਼ਟਪਦੀ ਵਿਚ ਵਿਸਤਾਰ ਨਾਲ ਪ੍ਰਗਟ ਕੀਤਾ ਗਿਆ ਹੈ।[19] ਗੁਰੂ ਰਾਮਦਾਸ ਜੀ ਦਾ ਪ੍ਰਸਿਧ ਸ਼ਬਦ "ਕੋਈ ਆਣ ਮਿਲਾਵੇ ਮੇਰਾ ਪ੍ਰੀਤਮ ਪਿਆਰਾ, ਹਉ ਤਿਸ ਪੈ ਆਪ ਵੇਚਾਈ" ਗੁਰੂ ਭਗਤੀ ਦੀ ਸਭ ਤੋਂ ਉਤਕ੍ਰਿਸ਼ਟ ਮਿਸਾਲ ਹੈ।

## ਹਵਾਲੇ ਤੇ ਟਿੱਪਣੀਆਂ

1. "...Satguru represented the inner voice, the mystical movement of God in the depths of the individual beings,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

the light of God shed abroad in the inmost recesses of the human soul." p. 197

2. "As the expression of God's Truth, the Word is the instruction imparted to man by the Guru, who in the last analysis is the voice of God." p. 243

3. ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥
ਗੁਰੂ ਗ੍ਰੰਥ ਸਾਹਿਬ, ਪੰਨਾ 982

4. ਗਿਆਨ ਅੰਜਨੁ ਗੁਰ ਦੀਆ ਅਗਿਆਨ ਅੰਧੇਰ ਬਿਨਾਸ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪ੍ਰਗਾਸੁ ॥ ਉਹੀ, ਪੰਨਾ 293

5. ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ॥ ਉਹੀ, ਪੰਨਾ 943

6. ਸਤਿਗੁਰ ਵਡਾ ਕਰਿ ਸਾਲਾਹੀਐ ਜਿਸ ਵਿਚ ਵਡੀਆ ਵਡਿਆਈਆ ॥
ਸਹਿ ਮੇਲੇ ਤਾ ਨਦਰੀ ਆਈਆ ॥ ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥
ਕਰਿ ਹੁਕਮ ਮਸਤਕਿ ਹਥ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥
ਸਹਿ ਤੁਠੈ ਨਉ ਨਿਧਿ ਪਾਈਆ ॥ ਉਹੀ, ਪੰਨਾ 473

7. ਗੁਰ ਦਾਤਾ ਗੁਰੁ ਹਿਵੈ ਘਰ ਗੁਰੁ ਦੀਪਕ ਤਿਹੁ ਲੋਇ ॥
ਅਮਰ ਪਦਾਰਥ ਨਾਨਕਾ ਮਨ ਮਾਨਿਐ ਸੁਖ ਹੋਇ ॥ ਉਹੀ, ਪੰਨਾ 137

8. ਸਤਿਗੁਰੁ ਹੋਇ ਦਇਆਲ ਤ ਸਰਧਾ ਪੂਰੀਐ । ਉਹੀ, ਪੰਨਾ 149

9. ਲਖ ਖੁਸੀਆਂ ਪਾਤਿਸਾਹੀਆਂ ਜੇ ਸਤਿਗੁਰ ਨਦਰਿ ਕਰੇਇ ॥ ਉਹੀ, ਪੰਨਾ 44

10. ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮ ਨਿਕਟਿ ਕਰਿ ਪੇਖੁ ॥ ਉਹੀ, ਪੰਨਾ 295

11. ਵਾਰ 1, ਪਉੜੀ 24

12. ਗੁਰ ਪਰਮੇਸਰੁ ਏਕੋ ਜਾਣੁ ॥ ਉਹੀ, ਪੰਨਾ 864
ਗੁਰ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥ ਉਹੀ, ਪੰਨਾ 53

13. ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰ ਪਾਰਬਤੀ ਮਾਈ ॥ ਉਹੀ, ਪੰਨਾ 2

14. ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹਿ ਕਾ ਬੈਸੀਠ ॥ ਉਹੀ, ਪੰਨਾ 957

15. ਗੁਰ ਮੂਰਤਿ ਗੁਰੁ ਸ਼ਬਦੁ ਹੈ...॥ ਵਾਰ 24, ਪਉੜੀ 11

16. ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਣੀ ਤਾ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ ॥ ਉਹੀ, ਪੰਨਾ 920

17. ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਉਹੀ, ਪੰਨਾ 628

18. ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ਉਹੀ, ਪੰਨਾ 2

19. ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥
ਸਤਿਗੁਰੁ ਸਿਖ ਕਾ ਹਲਤ ਪਲਤ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲ ਸਮਾਰੈ ॥ ਉਹੀ, ਪੰਨਾ 286


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਿੱਖ ਧਰਮ ਵਿੱਚ ਜੀਵਨ ਜਾਚ

ਸਿੱਖ ਜਾਚ ਸਮਾਜ ਦੇ ਅਰਥ ਅਤਿ ਵਿਆਪਕ ਹਨ। ਧਰਤੀ ਤੇ ਆਕਾਸ਼ ਵਿਚਕਾਰ ਜੋ ਕੁਝ ਵੀ ਹੈ ਜੀਵਨ ਦੇ ਕਲਾਵੇ ਵਿੱਚ ਆ ਜਾਂਦਾ ਹੈ। ਪਰ ਇਥੇ ਅਸੀਂ ਜੀਵਨ ਨੂੰ ਮਨੁੱਖੀ ਜੀਵਨ ਤਕ ਹੀ ਸੀਮਤ ਕਰਦੇ ਹਾਂ ਤੇ ਜਾਚ ਤੋਂ ਭਾਵ ਹੈ ਢੰਗ, ਤਰੀਕਾ, ਸਲੀਕਾ, ਜੁਗਤੀ ਆਦਿ। ਗੁਰਮਤ ਵਿੱਚ 'ਜੁਗਤਿ' ਸ਼ਬਦ ਵਧੇਰੇ ਪ੍ਰਚਲਿਤ ਹੈ। ਜਾਚ ਤੋਂ ਭਾਵ 'ਸਾਧਨ' ਵੀ ਲਿਆ ਜਾ ਸਕਦਾ ਹੈ ਅਰਥਾਤ ਕਿਸੇ ਵਿਚਾਰਧਾਰਾ ਜਾਂ ਸਚਾਈ ਨੂੰ ਗ੍ਰਹਿਣ ਕਰਨ ਦਾ ਅਮਲੀ ਤਰੀਕਾ।

ਇਸ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਧਰਮ ਦੀ ਮੂਲ ਸਚਾਈ ਉਸ ਦਾ ਅਧਿਆਤਮਕ ਪੱਖ ਹੈ ਜੋ ਅਤਿ ਸੂਖਮ ਹੁੰਦਾ ਹੈ। ਇਕ ਮੂਲ ਸਚਾਈ ਅਦ੍ਰਿਸ਼ਟ, ਅਗੋਚਰ ਤੇ ਅਕਥਨੀਅ ਹੈ? ਇਹ ਮਨੁੱਖੀ ਜੀਵਨ ਦਾ ਸਦੀਵੀ ਤੇ ਅਬਿਨਾਸ਼ੀ ਪੱਖ ਹੈ। ਇਸ ਦੇ ਉਲਟ ਜੋ ਬਾਹਰਮੁਖੀ ਤੌਰ ਤੇ ਦਿਸਦਾ ਅਤੇ ਪ੍ਰਗਟ-ਰੂਪ ਵਿਦਮਾਨ ਹੈ, ਉਹ ਸਭ ਨਾਸ਼ਵਾਨ ਹੈ, ਛਿੰਨ-ਭੰਗਰ ਹੈ।

ਮਨੁਖੀ ਜੀਵਨ ਕਰਣਹਾਰ ਰੱਬ ਦੀ ਇਕ ਅਮੁਲੀ ਦਾਤ ਹੈ, ਇਕ ਅਦਭੁਤ ਕਰਾਮਾਤ ਹੈ, ਜੋ ਸਾਧਾਰਨ ਜਾਪਦੀ ਹੈ ਪਰ ਅਸਲ ਵਿੱਚ ਅਤਿ ਅਸਾਧਾਰਨ ਹੈ। ਇਹ ਇਕ ਅਮੁੱਲੀ ਵਸਤੂ ਹੈ। ਸਦੀਵਤਾ ਦੇ ਸਮੁੰਦਰ ਵਿਚ ਮਨੁੱਖ ਇਕ ਪਾਣੀ ਦੇ ਬੁਲਬਲੇ ਜਾਂ ਤਰੰਗ (ਲਹਿਰ) ਵਾਂਗ ਥੋੜੇ ਸਮੇਂ ਲਈ ਹੋਂਦ ਵਿੱਚ ਆਉਂਦਾ ਹੈ, ਫਿਰ ਓਸੇ ਜਲ-ਸਮੂਹ ਵਿੱਚ ਸਮਾ ਜਾਂਦਾ ਹੈ।

ਸੰਸਾਰ ਵਿੱਚ ਮਨੁੱਖ ਦੀ ਯਾਤਰਾ ਅਤਿਅੰਤ ਕਠਨਾਈ-ਭਰਪੂਰ ਯਾਤਰਾ ਹੈ। ਮਨੁੱਖ ਨੂੰ ਜੀਵਨ ਵਿੱਚ ਸੁਖ ਨਾਮ ਮਾਤਰ ਹੀ ਮਿਲਦਾ ਹੈ; ਪਰੰਤੂ ਦੁਖ ਦੇ ਤਾਂ ਭੰਡਾਰੇ ਖੁਲ੍ਹੇ ਪਏ ਹਨ। ਮਨੁੱਖ ਭਾਵੇਂ ਕਿੰਨਾ ਹੀ ਟੱਬਰ ਤੇ ਸਮਾਜ ਦੇ ਘੇਰੇ ਵਿਚ ਜਕੜਿਆ ਹੋਵੇ, ਉਹ ਫਿਰ ਵੀ ਮੂਲ ਰੂਪ ਵਿੱਚ ਇਕੱਲਾ ਹੈ ਕਿਉਂਕਿ ਉਸ ਦਾ ਅਸਲ ਤੱਤ (ਬੁਨਿਆਦੀ ਤੱਤ) ਆਤਮਕ ਹੋਣ ਕਰ ਕੇ ਉਸ ਵਿੱਚ ਇਕੱਲਤਾ ਦਾ ਅੰਸ਼ ਪ੍ਰਬਲ ਰਹਿੰਦਾ ਹੈ। ਆਤਮਾ ਨਿਰੋਲ ਤੇ ਉਪਰਾਮਤਾ ਦੀ ਧਾਰਨੀ ਵਸਤੂ ਹੈ। ਮਨੁੱਖ ਸਰੀਰ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਤਮਾ, ਦੁਹਾਂ ਦੇ ਸੁਮੇਲ ਨਾਲ ਬਣਿਆ ਹੈ। ਸਰੀਰ ਦਾ ਆਸ਼ਾ ਰਸ ਮਾਣਨ ਦਾ ਹੈ, ਮੌਜ ਮੇਲੇ ਦਾ ਹੈ; ਪਰੰਤੂ, ਆਤਮਾ ਦਾ ਨਿਸ਼ਾਨਾ ਕੁਝ ਹੋਰ ਹੈ, ਉਹ ਕਿਸੇ ਅਗੰਮੀ ਰਸ ਦੀ ਚਾਹਵਾਨ ਹੈ, ਦੁਨਿਆਵੀ ਰਸਾਂ ਕਸਾਂ ਵਿੱਚ ਉਸ ਦੀ ਕੋਈ ਰੁਚੀ ਨਹੀਂ। ਇਸ ਲਈ ਜਿਸ ਗੱਲ ਵਿੱਚ ਸਰੀਰ ਦੀ ਰੁਚੀ ਹੈ, ਆਤਮਾ ਦੀ ਅਰੁਚੀ ਜਾ ਅਕੇਵਾਂ ਹੈ। ਭਾਈ ਵੀਰ ਸਿੰਘ ਨੇ ਕਿਹਾ :

ਮਿਠੇ ਤਾਂ ਲਗਦੇ ਮੈਨੂੰ
ਫੁੱਲਾਂ ਦੇ ਹਲਾਰੇ,
ਜਾਨ ਮੇਰੀ ਪਰ ਕੁੱਸਦੀ!
(ਕਵਿਤਾ—ਵਿਛੜੀ ਕੂੰਜ, ਪੁਸਤਕ 'ਲਹਿਰ ਹੁਲਾਰੇ')

—2—

ਆਮ ਤੌਰ ਤੇ ਜੀਵਨ ਦੇ ਦੋ ਪੱਖ ਲਏ ਜਾਂਦੇ ਹਨ। ਇਕ ਵਿਅਕਤੀਗਤ ਤੇ ਦੂਜਾ ਸਮਾਜਕ। ਦੋਵੇਂ ਪੱਖ ਇਕ ਦੂਜੇ ਦੇ ਪੂਰਕ ਹਨ। ਸਮਾਜ ਤੋਂ ਬਿਨਾਂ ਵੀ ਮਨੁੱਖ ਦੀ ਹੋਂਦ ਸੰਭਵ ਨਹੀਂ। ਪਰ. ਸੋਚਿਆ ਜਾਏ ਤਾਂ ਸਮਾਜ ਵਿਚ ਰਹਿੰਦਾ ਹੋਇਆ ਮਨੁੱਖ ਇਕੱਲਾ ਵੀ ਹੈ, ਇਕ ਮਨੁੱਖੀ ਇਕਾਈ ਹੈ। ਉਹ ਇਕੱਲਾ ਹੀ ਇਸ ਸੰਸਾਰ ਵਿਚ ਆਉਂਦਾ ਹੈ ਤੇ ਇਕੱਲਾ ਹੀ ਇਥੋਂ ਜਾਂਦਾ ਹੈ। ਇਹ ਪਤਾ ਨਹੀਂ ਲੱਗਦਾ ਕਿ ਜਨਮ ਤੋਂ ਪਹਿਲਾਂ ਉਸ ਦਾ ਪਿਛੋਕੜ ਕੀ ਹੈ ਤੇ ਮੌਤ ਤੋਂ ਪਿਛੋਂ ਉਸਦਾ ਭਵਿੱਖ ਕੀ ਹੈ? ਜੀਵਨ ਇਕ ਬੜੀ ਭੇਦਭਰੀ ਗੁੰਝਲ ਹੈ। ਕੋਈ ਇਸ ਗੁੱਥੀ ਨੂੰ ਖੋਲ੍ਹਣ ਦੇ ਸਮਰੱਥ ਨਹੀਂ ਕਿ ਮਨੁੱਖ ਕੀ ਹੈ? ਉਸ ਦੇ ਜੀਵਨ ਦਾ ਰਹੱਸ ਕੀ ਹੈ? ਕੇਵਲ ਧਰਮ ਵਿਚੋਂ ਹੀ ਇਸ ਗੁੰਝਲ ਦਾ ਹੱਲ ਲੱਭਿਆ ਜਾ ਸਕਦਾ ਹੈ। ਫਲਸਫਾ (ਦਰਸ਼ਨ) ਇਥੇ ਕਾਟ ਨਹੀਂ ਕਰਦਾ।

ਸਿੱਖ ਧਰਮ, ਜੀਵਨ ਦੇ ਇਸ ਮੁੱਢਲੇ ਰਹੱਸ ਨੂੰ ਖੋਲ੍ਹਣ ਵਿਚ ਮਨੁੱਖ ਦੀ ਬਹੁਤ ਸਮੁੱਚੀ ਅਗਵਾਈ ਕਰਦਾ ਹੈ। ਜੀਵਨ ਜਾਚ ਦਾ ਸਹੀ ਰਸਤਾ ਸਿੱਖ ਧਰਮ ਨੇ ਭਲੀ-ਭਾਂਤ ਦਰਸਾਇਆ ਹੈ। ਇਸ ਰਸਤੇ ਨੂੰ ਉਘਾੜਨਾ ਜਾਂ ਪ੍ਰਗਟ ਕਰਨਾ ਹੀ ਇਸ ਲੇਖ ਦਾ ਆਸ਼ਾ ਹੈ। ਕਿਸ ਹੱਦ ਤੱਕ ਮਨੁੱਖ ਸਮਾਜਕ ਹੈ ਤੇ ਕਿਸ ਹੱਦ ਤੱਕ ਵਿਅਕਤੀਗਤ? ਇਸ ਗੱਲ ਦਾ ਨਿਰਨਾ ਸਿੱਖ ਧਰਮ ਦੇ ਮੂਲ ਸਿਧਾਂਤਾਂ ਦੇ ਆਧਾਰ ਤੇ ਕਰਨਾ ਸਾਰਥਕ ਹੋਵੇਗਾ।

—3—

ਸਿੱਖ ਸਿਧਾਂਤ ਦੇ ਆਸ਼ੇ ਤੋਂ ਵਿਚਾਰਿਆਂ ਗੁਰਮਤਿ ਦਾ ਰਸਤਾ ਨਾਮ ਦਾ ਮਾਰਗ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਦਾ ਮਹਾਨ ਕਥਨ :

"ਨਾਨਕ ਕੈ ਘਰਿ ਕੇਵਲ ਨਾਮ।"

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਨਿਰਨਾ-ਜਨਕ ਕਥਨ ਹੈ। ਕਈ ਵਿਦਵਾਨ ਸਿੱਖ ਮਾਰਗ ਨੂੰ ਸਹਿਜ ਮਾਰਗ ਦਾ ਨਾਂ ਦੇਂਦੇ ਹਨ। ਇਸ ਨੂੰ 'ਗਾਡੀ ਰਾਹ' ਵੀ ਕਿਹਾ ਗਿਆ ਹੈ। ਇਸ ਤਰ੍ਹਾਂ ਹਿੰਦੂ ਧਰਮ ਦੇ ਪ੍ਰਚਲਿਤ ਮਾਰਗਾਂ, ਕਰਮ ਮਾਰਗ, ਗਿਆਨ ਮਾਰਗ, ਭਗਤੀ ਮਾਰਗ ਆਦਿ ਤੋਂ ਇਸ ਨੂੰ ਨਿਖੇੜਿਆ ਜਾਂਦਾ ਹੈ। ਯੋਗ-ਮੱਤ ਦੇ ਹੱਠ ਯੋਗ ਦੇ ਟਾਕਰੇ ਤੇ ਸਿੱਖ-ਮਾਰਗ ਨੂੰ 'ਰਾਜ ਯੋਗ' ਦਾ ਲਖਾਇਕ ਮੰਨਿਆਂ ਜਾਂਦਾ ਹੈ। ਕਈ ਵਿਦਵਾਨ ਇਸ ਨੂੰ ਇਕ ਵਿਸ਼ੇਸ਼ ਰਹੱਸਵਾਦ ਵਜੋਂ ਪ੍ਰਗਟ ਕਰਦੇ ਹਨ। ਸਿੱਖ ਮਾਰਗ ਨੂੰ 'ਨਿਰਮਲ ਪੰਥ' ਦਾ ਨਾਂ ਵੀ ਦਿੱਤਾ ਗਿਆ ਹੈ।

ਸਿੱਖ ਮਾਰਗ ਦਾ ਨਾਂ ਕੁਝ ਵੀ ਰੱਖੀਏ, ਅਸਲ ਵਿਚ ਇਹ ਰਸਤਾ ਵਿਸ਼ੇਸ਼ ਰੂਪ ਵਿਚ ਸਮਾਜਿਕ ਆਸ਼ਿਆਂ ਅਤੇ ਜ਼ਿੰਮੇਦਾਰੀ ਦਾ ਧਾਰਨੀ ਹੈ, ਇਹ ਵਿਅਕਤੀਗਤ ਵਿਕਾਸ ਅਤੇ ਅਧਿਆਤਮਕ ਪ੍ਰਗਤੀ ਦਾ ਮਾਰਗ ਹੈ। ਭਾਈ ਵੀਰ ਸਿੰਘ (ਵੀਹਵੀਂ ਸਦੀ ਦਾ ਪ੍ਰਸਿੱਧ ਗੁਰਮਤਿ-ਵਿਆਖਿਆਕਾਰ) ਆਪਣੀ ਕਵਿਤਾ 'ਜੀਵਨ ਕੀ ਹੈ ?' ਵਿਚ ਗੁਰਮਤਿ ਦੇ ਆਸ਼ੇ ਅਨੁਸਾਰ ਮਨੁੱਖੀ ਜੀਵਨ ਦਾ ਰਹੱਸ ਅਤੇ ਪ੍ਰਤੀਕ 'ਖੇੜੇ' ਨੂੰ ਮੰਨਦਾ ਹੈ। ਖੇੜੇ ਤੋਂ ਭਾਵ ਵਿਕਾਸ, ਖਿੜਾਓ, ਚੜ੍ਹਦੀ ਕਲਾ, ਹੁਲਾਸ ਆਦਿ ਲਿਆ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਸਿੱਖ ਵਿਅਕਤੀਆਂ ਜਾਂ ਸਿੱਖ ਧਰਮ ਦੇ ਪੈਰੋਕਾਰਾਂ ਨੂੰ ਉੱਚੀ ਸੁਰਤ ਜਾਂ ਉੱਚੀ ਆਤਮਾ ਵਿਚੋਂ ਜਨਮੇ ਮਨੁੱਖ ਕਹਿੰਦਾ (Spirit-born people) :

—4—

ਸਿੱਖ ਧਰਮ ਅਨੁਸਾਰ ਜੀਵਨ ਜਾਚ ਦੀ ਪਚਾਣ, ਵਿਹਾਰਕ ਤੌਰ ਤੇ ਤਿੰਨ ਸੋਮਿਆਂ ਤੋਂ ਕੀਤੀ ਜਾਂਦੀ ਹੈ। ਪਹਿਲਾ ਮੂਲ ਸੋਮਾਂ ਗੁਰਬਾਣੀ, ਦੂਜਾ ਸਿੱਖ ਇਤਿਹਾਸਕ ਅਤੇ ਤੀਜਾ ਸਿੱਖ ਰਹਿਣ ਸਹਿਣ, ਅਰਥਾਤ ਸਿੱਖ ਕਲਚਰ (ਸੰਸਕ੍ਰਿਤੀ)। ਸਿੱਖ ਕਲਚਰ ਵਿੱਚ ਸਿੱਖ ਸਾਹਿਤ ਵੀ ਸ਼ਾਮਲ ਹੋ ਜਾਂਦਾ ਹੈ। ਮੈਨਸਿਪ ਗੌਰਕੀ ਨੇ ਠੀਕ ਕਿਹਾ ਹੈ ਕਿ ਸਾਹਿਤ ਮਨੁੱਖਤਾ ਦਾ ਅੰਦਰਲਾ ਕਲਚਰ ਹੁੰਦਾ ਹੈ, ਜਿਵੇਂ ਸਭਿਅਤਾ ਇਸ ਦਾ ਬਾਹਰ ਮੁਖੀ ਕਲਚਰ ਅਖਵਾਂਦਾ ਹੈ। ਹੁਣ ਅਸੀਂ ਇਨ੍ਹਾਂ ਤਿੰਨਾਂ ਸੋਮਿਆਂ ਦੇ ਆਧਾਰ ਤੇ ਸਿੱਖੀ ਜੀਵਨ ਜਾਚ ਦੀ ਪਛਾਣ ਕਰਦੇ ਹਾਂ।

## 1. ਸਿੱਖ ਸਭਿਆਚਾਰ

ਜਿਵੇਂ ਉਪਰ ਕਿਹਾ ਹੈ, ਸਿੱਖ ਕਲਚਰ ਦਾ ਆਧਾਰ ਸਿੱਖਾਂ ਦਾ ਵਿਹਾਰਕ ਜੀਵਨ ਜੋ ਕਈ ਸਦੀਆਂ ਵਿੱਚ ਬਣਿਆ ਹੈ ਅਤੇ ਜੋ ਕੁਝ ਸਿੱਖ ਸਾਹਿਤ ਵਿਚੋਂ ਪਤਾ ਲਗਦਾ ਹੈ, ਮੰਨਿਆ ਜਾਂਦਾ ਹੈ। ਸਿੱਖ ਰਹਿਣ-ਸਹਿਣ, ਸਿੱਖਾਂ ਦੀ ਸਰੀਰਕ ਡੀਲ-ਡੌਲ, ਬਾਹੂ-ਬਲ ਅਤੇ ਚੁਸਤੀ-ਫੁਰਤੀ ਤੋਂ ਸ਼ੁਰੂ ਕਰ ਕੇ ਸਿੱਖ ਰਹੁ ਰੀਤ, ਰਸਮ ਰਿਵਾਜ਼ ਜੋ ਹਿੰਦੂ ਧਰਮ ਅਤੇ ਹੋਰ ਸਭ ਧਰਮਾਂ ਤੋਂ ਨਿਵੇਕਲੇ ਹਨ ਅਤੇ ਸਿੱਖਾਂ ਦੀਆਂ ਧਾਰਮਕ ਰਸਮਾਂ ਤੇ ਉਪਾਸ਼ਨਾ ਦੇ ਵਖਰੇ ਢੰਗਾਂ ਤੇ ਨਿਰਭਰ ਹੈ। ਇਸਤ੍ਰੀ ਮਰਦ ਦੀ ਬਰਾਬਰੀ, ਜ਼ਾਤ ਪਾਤ ਦੇ ਵਿਤਕਰੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਉੱਚਾ ਉਠਣਾ, ਉੱਚਾ ਸੁੱਚਾ ਆਚਰਨ ਜ਼ਰੂਰੀ ਸਮਝਣਾ, ਸਰਬਤ ਦਾ ਭਲਾ ਮੰਗਣਾ ਅਤੇ ਜ਼ੁਲਮ ਅਤਿਆਚਾਰ ਭਾਵੇਂ ਕਿਸੇ ਵਲੋਂ ਹੋਵੇ ਦਾ ਡੱਟ ਕੇ ਟਾਕਰਾ ਕਰਨਾ ਅਤੇ ਨਿਤਾਣੇ ਤੇ ਮਜ਼ਲੂਮ ਦੀ ਸਹਾਇਤਾ ਲਈ ਜਾਨ ਵੀ ਦੇਣੀ ਪਵੇ ਤਾਂ ਪਿਛੇ ਨਾ ਹੱਟਣਾ— ਇਹ ਸਿੱਖ ਕਲਚਰ ਦੇ ਜਰੂਰੀ ਲੱਛਣ ਹਨ।

ਸਿੱਖ ਧਰਮ ਵਿੱਚ ਘਰ ਆਏ ਮੁਸਾਫ਼ਰ ਦੀ ਸੇਵਾ, ਗਰੀਬਾਂ ਲੋੜਵੰਦਾਂ ਦੀ ਮਾਇਕ ਸਹਾਇਤਾ, ਇਕੱਤਰ ਹੋਈ ਸੰਗਤ ਦੇ ਖਾਣ ਪੀਣ (ਲੰਗਰ), ਨਹਾਉਣ ਆਦਿ ਦੀ ਸੇਵਾ, ਜੋੜੇ ਰਖਣ ਦਾ ਪ੍ਰਬੰਧ ਅਤੇ ਹੋਰ ਹਰ ਕਿਸਮ ਦੀ ਸਹੂਲਤ ਮੁਹੀਆ ਕਰਨਾ ਅਤਿ ਲੋੜੀਂਦੇ ਸਮਾਜਕ ਕਰਮ ਤੇ ਕਰਤੱਵ ਸਮਝੇ ਜਾਂਦੇ ਹਨ। ਨਿਰੀ ਪਾਠ ਪੂਜਾ ਜਾਂ ਧਾਰਮਕ ਕਰਮ ਕਾਂਡ ਨੂੰ ਸਿੱਖ ਧਰਮ ਵਿਚ ਅਸਲੋਂ ਅਧੂਰਾ ਤੇ ਨਿਗੂਣਾ ਖਿਆਲ ਕੀਤਾ ਜਾਂਦਾ ਹੈ। ਚੰਗੇ ਤੇ ਸ਼ੁਭ ਕਰਮਾਂ ਨੂੰ ਬਹੁਤ ਵਿਸ਼ੇਸ਼ਤਾ ਦਿੱਤੀ ਜਾਂਦੀ ਹੈ। ਗੁਰੂ ਅਰਜਨ ਸਾਹਿਬ ਨੇ ਉੱਚੇ ਸੁੱਚੇ ਧਰਮ ਦੀ ਪਰਿਭਾਸ਼ਾ ਇਹ ਕੀਤੀ ਹੈ।

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

(ਸੁਖਮਨੀ--ਪੰਨਾ 266)

ਗੁਰੂ ਨਾਨਕ ਸਾਹਿਬ ਜਦ ਬਗਦਾਦ ਗਏ ਤਾਂ ਉਥੇ ਉਨ੍ਹਾਂ ਨੂੰ ਪੁਛਿਆ ਗਿਆ ਕਿ ਉਨ੍ਹਾਂ ਦੇ ਵਿਚਾਰ ਵਿੱਚ ਹਿੰਦੂ ਵੱਡਾ ਹੈ ਕਿ ਮੁਸਲਮਾਨ, ਤਾਂ ਗੁਰੂ ਸਾਹਿਬ ਨੇ ਭਾਈ ਗੁਰਦਾਸ ਦੇ ਸ਼ਬਦਾਂ ਵਿੱਚ ਇਹ ਉੱਤਰ ਦਿੱਤਾ :

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।

(ਵਾਰ 1-33)

ਪਛਮੀ ਲੇਖਕਾਂ ਨੇ (ਸੈਲਕਮ ਤੋਂ ਲੈ ਕੇ ਕਨਿੰਘਮ ਤਕ) ਜੋ ਕੁਝ ਸਿੱਖ ਆਚਰਨ ਨੂੰ ਮਿਸਲਾਂ ਦੇ ਸਮੇਂ ਵਿੱਚ ਸਗੋਂ ਉਸ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਵਿੱਚ ਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿੱਚ ਅੱਖੀਂ ਦੇਖਿਆ ਉਸ ਦੇ ਆਧਾਰ ਤੇ ਇਹ ਗੱਲ ਸਵੀਕਾਰ ਕੀਤੀ ਹੈ ਤੇ ਪੁਸਤਕਾਂ ਵਿਚ ਲਿਖੀ ਹੈ ਕਿ ਸਰੀਰਕ ਬਲਵਾਨਤਾ ਤੇ ਫੁਰਤੀ, ਸੈਨਿਕ ਯੋਗਤਾ ਤੇ ਸਮਰੱਥਾ, ਸਦਾਚਾਰਕ ਉੱਚਤਾ ਭਾਈਚਾਰਕ ਏਕਤਾ ਤੇ ਸੰਗਠਨ, ਵਿਹਾਰਕ ਈਮਾਨਦਾਰੀ (honesty) ਤੇ ਖੁਲ੍ਹਦਿਲੀ ਆਦਿ ਉੱਚੇ ਗੁਣ ਜੋ ਸਿੱਖ ਕੌਮ ਵਿਚ ਵਿਦਵਾਨ ਹਨ, ਉਹ ਕਿਸੇ ਹੋਰ ਕੌਮ ਵਿਚ ਧਰਮ ਵਿਚ ਲੱਭਣੇ ਅਤਿ ਕਠਿਨ ਹਨ।

ਕਾਜ਼ੀ ਨੂਰ ਮੁਹੰਮਦ ਨੇ ਆਪਣੇ ਫਾਰਸੀ ਵਿਚ ਲਿਖੇ 'ਜਗਨਾਮੇ' ਵਿਚ ਜੋ ਕੁਝ ਲਿਖਿਆ ਹੈ ਤੇ ਅੱਖੀਂ ਦੇਖੀ ਗਵਾਹੀ ਦੇ ਤੌਰ ਤੇ ਲਿਖਿਆ ਹੈ ਉਸ ਦੀ ਮਿਸਾਲ ਤਾਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਦੇ ਕਿਸੇ ਦੇਸ਼ ਜਾਂ ਕੌਮ ਵਿਚ ਮਿਲਣੀ ਲਗ-ਪਗ ਅਸੰਭਵ ਹੈ। ਉਹ ਲਿਖਦਾ ਹੈ ਕਿ ਨਾਦਰਸ਼ਾਹ ਦੀਆਂ ਫੌਜਾਂ ਦੇ ਨਾਲ ਉਹ ਵੀ ਵਿਦਮਾਨ ਸੀ। ਨਾਦਰਸ਼ਾਹ ਨੇ ਸਿੱਖਾਂ ਦੀ ਲੁੱਟ ਮਾਰ ਤੇ ਦਲੇਰੀ ਭਰੇ ਅਚਾਨਕ ਹੱਲਿਆਂ ਤੋਂ ਘਬਰਾ ਕੇ ਆਪਣੇ ਹਿੰਦੁਸਤਾਨੀ ਸਹਿਯੋਗੀਆਂ ਤੇ ਜਰਨੈਲਾਂ ਤੋਂ ਸਿੱਖਾਂ ਬਾਰੇ ਪੁੱਛਿਆ ਕਿ ਇਹ ਲੋਕ ਕੌਣ ਹਨ ਤੇ ਕਿਥੇ ਰਹਿੰਦੇ ਹਨ ਤੇ ਕਿਸ ਕਿਸਮ ਦਾ ਇਨ੍ਹਾਂ ਦਾ ਆਚਰਨ ਹੈ ? ਤਾਂ ਉਨ੍ਹਾਂ ਦੱਸਿਆ ਕਿ ਇਹ ਅਜੀਬ ਲੋਕ ਪ੍ਰਸਿੱਧ ਲੁਟੇਰੇ ਤੇ ਲੜਾਕੇ ਸੈਨਿਕ ਹਨ ਤੇ ਹਰ ਵੇਲੇ ਘੋੜਿਆਂ ਤੇ ਸਵਾਰ ਰਹਿੰਦੇ ਹਨ, ਭੁੱਜੇ ਹੋਏ ਛੋਲਿਆਂ ਦੇ ਦਾਣੇ ਇਨ੍ਹਾਂ ਦੀ ਖੁਰਾਕ ਹੈ ਅਤੇ ਇਨ੍ਹਾਂ ਦਾ ਆਚਰਨ ਅਸਲੋਂ ਬੇਦਾਗ਼ ਹੁੰਦਾ ਹੈ। ਚੋਰੀ ਇਹ ਨਹੀਂ ਕਰਦੇ, ਝੂਠ ਉੱਕਾ ਨਹੀਂ ਬੋਲਦੇ (ਇਨ੍ਹਾਂ ਦੀ ਗਵਾਹੀ ਕਚਹਿਰੀ ਵਿਚ ਸੱਚੀ ਮੰਨੀ ਜਾਂਦੀ ਹੈ) ਪਰਾਈ ਇਸਤਰੀ ਵੱਲ ਨਹੀਂ ਦੇਖਦੇ ਅਤੇ ਉਸ ਨੂੰ ਮਾਂ ਭੈਣ ਸਮਝਦੇ ਹਨ ਹਰ ਇਸਤਰੀ ਨੂੰ 'ਬੁੱਢੀ' ਆਖਦੇ ਹਨ) ਇਤਿ ਆਦਿ, ਇਹ ਸੁਣ ਕੇ ਤਾਂ ਨਾਦਰਸ਼ਾਹ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ "ਇਕ ਦਿਨ ਇਹ ਲੋਕ ਇਸ ਮੁਲਕ ਵਿਚ ਅਵੱਸ਼ ਰਾਜ ਕਰਨਗੇ।"

ਇਹ ਹੈ ਉੱਚਾ ਵਿਰਸਾ ਜੋ ਸਿੱਖ ਕਲਚਰ ਦੇ ਰੂਪ ਵਿਚ ਸਿੱਖ ਧਰਮ ਨੂੰ ਪ੍ਰਾਪਤ ਹੋਇਆ ਹੈ। ਅਜੇਹਾ ਕੀਮਤੀ ਵਿਰਸਾ ਸਿੱਖ ਕਿਸੇ ਕੀਮਤ ਤੇ ਵੀ ਛੱਡਣ ਨੂੰ ਤਿਆਰ ਨਹੀਂ ਹੋਣਗੇ। ਹਰ ਸਿੱਖ ਲਈ ਜ਼ਬਤ (discipline) ਦਾ ਜੀਵਨ ਜੀਊਣਾ ਆਵੱਸ਼ਕ ਮੰਨਿਆ ਗਿਆ ਹੈ।

## 2. ਸਿੱਖ ਇਤਿਹਾਸ

ਸਿੱਖ ਇਤਿਹਾਸ ਅਦੁਤੀ ਕੁਰਬਾਨੀਆਂ ਤੇ ਉੱਚੇ ਕਰਤੱਵਾਂ ਦੇ ਉਲੇਖ ਨਾਲ ਭਰਿਆ ਪਿਆ ਹੈ। ਇਥੇ ਤਿੰਨ ਚਾਰ ਉਦਾਹਰਣ ਦੇਣਾ ਹੀ ਕਾਫੀ ਹੋਵੇਗਾ।

ਕਸ਼ਮੀਰੀ ਪੰਡਤ ਜਦੋਂ ਔਰੰਗਜ਼ੇਬ ਦੇ ਜ਼ੁਲਮ ਤੋਂ ਡਰ ਕੇ ਗੁਰੂ ਤੇਗ ਬਹਾਦਰ ਜੀ ਪਾਸ ਫਰਿਆਦੀ ਹੋਏ ਤੇ ਬੇਨਤੀ ਕੀਤੀ ਕਿ ਸਾਡਾ ਧਰਮ ਬਚਾਓ ਤਾਂ ਗੁਰੂ ਸਾਹਿਬ ਇਸ ਬਾਰੇ ਗੰਭੀਰਤਾ ਨਾਲ ਸੋਚਣ ਲੱਗੇ। ਉਸ ਸਮੇਂ 9 ਸਾਲ ਦੇ ਸਾਹਿਬਜ਼ਾਦਾ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ) ਦਰਬਾਰ ਵਿਚ ਆਏ ਤੇ ਪੁੱਛਿਆ ਕਿ ਪਿਤਾ ਜੀ ਇਸ ਗੰਭੀਰ ਸੋਚ ਦਾ ਕਾਰਨ ? ਗੁਰੂ ਸਾਹਿਬ ਨੇ ਸਾਰੀ ਗੱਲ ਦੱਸ ਕੇ ਫੁਰਮਾਇਆ ਕਿ ਹੁਣ ਕਿਸੇ ਮਹਾਂ ਪੁਰਸ਼ ਦੇ ਬਲੀਦਾਨ ਤੋਂ ਸਿਵਾ ਕੋਈ ਚਾਰਾ ਨਹੀਂ ਤਾਂ ਸਾਹਿਬਜ਼ਾਦੇ ਨੇ ਬੇਨਤੀ ਕੀਤੀ ਕਿ, 'ਪਿਤਾ ਜੀ! ਆਪ ਤੋਂ ਵੱਡਾ ਮਹਾਂਪੁਰਸ਼ ਇਸ ਵੇਲੇ ਕੌਣ ਹੈ ?'. ਗੁਰੂ ਸਾਹਿਬ ਸਾਹਿਬਜ਼ਾਦੇ ਦੀ ਦਲੇਰੀ ਅਤੇ ਦੀਰਘ ਸੂਝ ਦਾ ਅਨੁਮਾਨ ਲਾ ਕੇ ਬਹੁਤ ਖੁਸ਼ ਹੋਏ ਅਤੇ ਉਸ ਨੂੰ ਗਲੇ ਲਗਾ ਕੇ ਬਹੁਤ ਅਸ਼ੀਰਵਾਦ ਦਿੱਤੀ।

ਚਮਕੌਰ ਦੇ ਯੁਧ ਸਮੇਂ ਲੜਾਈ ਦੇ ਮੈਦਾਨ ਵਿਚੋਂ ਬਾਲਕ ਸਾਹਿਬਜ਼ਾਦਾ ਜੁਝਾਰ ਸਿੰਘ ਪਾਣੀ ਦੀ ਪਿਆਸ ਤੋਂ ਆਤੁਰ ਹੋ ਕੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀ ਪਾਸ ਪਾਣੀ ਪੀਣ ਦੇ ਇਰਾਦੇ ਨਾਲ ਆਇਆ ਤਾਂ ਗੁਰੂ ਸਾਹਿਬ ਨੇ ਫਰਮਾਇਆ ਯੋਧੇ ਲੜਾਈ ਦੇ ਮੈਦਾਨ ਵਿਚੋਂ ਪਿਛੇ ਨਹੀਂ ਹਟਦੇ ਭਾਵੇਂ ਕੋਈ ਕਾਰਨ ਹੋਵੇ। ਸੋ ਸਾਹਿਬਜ਼ਾਦਾ ਨਵਾਂ ਉਤਸ਼ਾਹ ਲੈ ਕੇ 'ਮੈਦਾਨਿ ਜੰਗ' ਨੂੰ ਪਰਤ ਗਿਆ ਤੇ ਲੜ ਕੇ ਸ਼ਹੀਦ ਹੋ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਪਾਸ (ਸਰਹੰਦ ਦੀ ਫਤਹ ਤੇ ਪਹਿਲਾਂ ਦੀ ਗੱਲ ਹੈ) ਕਿਸੇ ਕਸਬੇ ਦੇ ਹਿੰਦੂ ਸਿੱਖ ਆ ਕੇ ਫਰਿਆਦੀ ਹੋਏ ਕਿ ਮੁਗ਼ਲ ਸਿਪਾਹੀ ਸਾਡੇ ਉਤੇ ਬਹੁਤ ਜ਼ੁਲਮ ਕਰਦੇ ਹਨ, ਸਾਡੀਆਂ ਬਹੂ-ਬੇਟੀਆਂ ਦੀ ਬੇਪਤੀ ਕਰਦੇ ਹਨ, ਤਾਂ ਬੰਦਾ ਬਹਾਦਰ ਨੇ ਪੁਛਿਆ ਕਿ ਤੁਹਾਡੀ ਗਿਣਤੀ ਕਿੰਨੀ ਹੈ ? ਉਨ੍ਹਾਂ ਦਸਿਆ ਕਿ ਕਈ ਹਜ਼ਾਰ ਹੋਵੇਗੀ। ਫਿਰ ਪੁਛਿਆ ਕਿ ਮੁਗ਼ਲ ਸਿਪਾਹੀ ਕਿੰਨੇ ਕੁ ਹਨ ? ਉਨ੍ਹਾਂ ਦਸਿਆ ਕਿ ਅੱਠ ਦੱਸ ਹੋਣਗੇ। ਬੰਦਾ ਬਹਾਦਰ ਜੋਸ਼ ਵਿੱਚ ਆ ਕੇ ਹੁਕਮ ਦਿੱਤਾ ਕਿ ਇਨ੍ਹਾਂ ਕਾਇਰਾਂ ਨੂੰ ਕਤਲ ਕਰ ਦਿਓ। ਇਨ੍ਹਾਂ ਨੂੰ ਜੀਊਣ ਦਾ ਕੋਈ ਹੱਕ ਨਹੀਂ। ਉਨ੍ਹਾਂ ਜਾਨ-ਬਖਸ਼ੀ ਲਈ ਤਰਲੇ ਕੀਤੇ ਤਾਂ ਬੰਦਾ ਬਹਾਦਰ ਨੇ ਕਿਹਾ ਕਿ ਜਾਓ ਉਹਨਾਂ ਮੁਗ਼ਲਾਂ ਨੂੰ ਮਾਰ ਦਿਓ ਤੇ ਸੁਖੀ ਹੋ ਜਾਓ। ਉਹ ਇਹ ਸੁਣ ਕੇ ਦਲੇਰ ਹੋ ਗਏ ਤੇ ਮੁਗ਼ਲਾਂ ਨੂੰ ਮਾਰ ਕੇ ਸੁਰੱਖਿਅਤ ਹੋ ਗਏ।

ਨਵਾਬ ਕਪੂਰ ਸਿੰਘ ਸਿੱਖ ਜਥੇਬੰਦੀ ਦਾ ਪਹਿਲਾ ਜਥੇਦਾਰ ਸੀ (ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ) ਤੇ ਉਸ ਨੂੰ ਉਸ ਦੀ ਯੋਗਤਾ ਕਾਰਨ ਨਵਾਬੀ ਦਾ ਖਿਤਾਬ ਦਿੱਤਾ ਗਿਆ। ਪਰ, ਇਤਿਹਾਸ ਗਵਾਹ ਹੈ ਕਿ ਉਹ ਪਹਿਲੇ ਵਾਂਗ ਹੀ ਸੰਗਤ ਵਿਚ ਅਤਿ ਨਿਮ੍ਰਤਾ ਸਹਿਤ ਜੋੜਿਆਂ ਵਾਲੀ ਥਾਂ ਬੈਠਦਾ ਤੇ ਸੰਗਤ ਦੀ ਹਰ ਪ੍ਰਕਾਰ ਸੇਵਾ ਕਰਦਾ, ਇਥੋਂ ਤਕ ਕਿ ਘੋੜਿਆਂ ਦੀ ਲਿੱਦ ਤਕ ਹੱਥੀਂ ਚੁਕਦਾ। ਇਹ ਹੈ ਸਿੱਖ ਆਚਰਨ ਦੀ ਇਕ ਵਚਿੱਤਰ ਮਿਸਾਲ।

ਅੰਗਰੇਜ਼ਾਂ ਤੇ ਸਿੱਖਾਂ ਦੇ ਪਹਿਲੇ ਯੁੱਧ ਦੌਰਾਨ ਸਭਰਾਵਾਂ ਦੀ ਲੜਾਈ (ਸੰਨ 1846 ਈ.) ਤੋਂ ਥੋੜ੍ਹਾ ਸਮਾਂ ਪਹਿਲਾਂ ਜਦ ਸਿੰਘ ਲੜਾਈ ਲਈ ਮੋਰਚਾਬੰਦੀ ਕਰ ਰਹੇ ਸਨ ਤੇ ਹਰੀਕੇ ਦੇ ਨੇੜੇ ਦਰਿਆ ਦੇ ਉਰਲੇ ਪਾਸੇ ਤੰਬੂ ਲਾਈ ਬੈਠੇ ਸਨ ਤਾਂ ਸਰਦਾਰ ਸ਼ਾਮ ਸਿੰਘ ਅਟਾਰੀ ਜੋ ਮਹਾਰਾਜਾ ਰਣਜੀਤ ਸਿੰਘ ਦਾ ਰਿਸ਼ਤੇਦਾਰ ਤੇ ਪ੍ਰਸਿੱਧ ਸਰਦਾਰ ਸੀ ਲੜਾਈ ਦਾ ਪੱਕਾ ਇਰਾਦਾ ਧਾਰ ਕੇ ਤੇ ਜਿੱਤ ਪ੍ਰਾਪਤ ਕਰਨ ਜਾਂ ਸ਼ਹੀਦ ਹੋ ਜਾਣ ਦਾ ਪ੍ਰਣ ਲੈ ਕੇ ਆਇਆ ਸੀ, ਆਪਣੇ ਖੈਮੇ ਵਿਚ ਬੈਠਾ ਸੀ। ਉਸ ਪਾਸ ਸਿੰਘਾਂ ਦਾ ਸੈਨਾਪਤੀ ਤੇਜਾ ਸਿੰਘ ਜੋ ਅੰਦਰਖਾਤੇ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ, ਸਰਦਾਰ ਸ਼ਾਮ ਸਿੰਘ ਦੇ ਤੰਬੂ ਵਿਚ ਆਇਆ ਤੇ ਕਹਿਣ ਲੱਗਾ, "ਅਸੀਂ ਸਰਦਾਰਾਂ ਫੈਸਲਾ ਕੀਤਾ ਹੈ ਕਿ ਫੌਜ ਸਾਡੇ ਹੁਕਮ ਤੋਂ ਬਾਹਰ ਹੈ, ਇਹ ਲੜੇਗੀ, ਸਰਦਾਰ ਨਹੀਂ ਲੜਨਗੇ, ਤੂੰ ਦੱਸ ਤੇਰਾ ਕੀ ਵਿਚਾਰ ਹੈ ?'

ਸਰਦਾਰ ਸ਼ਾਮ ਸਿੰਘ ਨੇ ਹੈਰਾਨ ਹੋ ਕੇ ਪੁਛਿਆ, 'ਇਹ ਕਿਵੇਂ ਹੋ ਸਕਦਾ ਹੈ ?


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਲੜਨ ਜਾਂ ਮਰਨ ਲਈ ਆਇਆ ਹਾਂ ।'

ਤੇਜਾ ਸਿੰਘ ਨੇ ਗੁਸੇ ਨਾਲ ਕਿਹਾ, 'ਅੱਛਾ ਦੇਖਾਂਗੇ ਤੂੰ ਇਕੱਲਾ ਕਿਵੇਂ ਲੜੇਂਗਾ, ਚੁਕ ਤਾਂ ਸਹੁੰ, ਗੁਰੂ ਗ੍ਰੰਥ ਸਾਹਿਬ ਤੇ ਹੱਥ ਰੱਖ ਕੇ ।'

ਸਰਦਾਰ ਅਟਾਰੀ ਨੇ ਪਵਿੱਤਰ ਬੀੜ ਤੇ ਹੱਥ ਰੱਖ ਕੇ ਸਹੁੰ ਚੁਕੀ ਤਾਂ ਤੇਜਾ ਸਿੰਘ ਜੋ ਕਾਇਰ ਜਰਨੈਲ ਸੀ ਤੇ ਗ਼ਦਾਰ ਸੀ, ਗੁਸੇ ਹੋ ਕੇ ਚਲਾ ਗਿਆ । ਪਰੰਤੂ ਅਟਾਰੀ ਨੇ ਲੜਾਈ ਵਿਚ ਸ਼ਹੀਦ ਹੋ ਕੇ ਸਦੀਵੀ ਪ੍ਰਸਿੱਧੀ ਪ੍ਰਾਪਤ ਕਰ ਲਈ ।

## 3. ਗੁਰਬਾਣੀ ਦੀ ਅਗਵਾਈ

ਗੁਰਬਾਣੀ ਅਨੁਸਾਰ ਸਿੱਖ ਲਈ ਜੀਵਨ-ਜਾਚ ਸਮੁੱਚੇ ਤੌਰ ਤੇ ਨਿਰੋਲ ਨਾਮ ਜਪਣ ਦੀ ਟੇਕ ਲੈਣ ਤੇ ਨਿਰਭਰ ਹੈ । ਨਾਮ ਤੋਂ ਬਿਨ੍ਹਾ ਜੀਵਨ ਹੋ ਨਹੀਂ ਸਕਦਾ । ਨਾਮ ਤੋਂ ਬਿਨਾ ਸਭ ਨਿਰਾਰਥ ਹੈ—

"ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥" (761)

ਨਾਮ ਤੋਂ ਬਿਨਾ ਕੋਈ ਟੇਕ ਹੀ ਨਹੀਂ—

"ਬਿਨੁ ਨਾਵੈ ਮਨੁ ਟੇਕ ਨ ਟਿਕਈ,
ਨਾਨਕ ਭੂਖ ਨ ਜਾਈ ॥" (939)

ਗੁਰਬਾਣੀ ਵਿਚ ਇਸ ਬਾਰੇ ਅਣਗਿਣਤ ਕਥਨ ਹਨ--

"ਆਖਾ ਜੀਵਾ ਵਿਸਰੈ ਮਰਿ ਜਾਉ ।" (ਆਸਾ ਮ. 1-349)

"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥" (142)

ਸੋ ਸਿੱਖ ਦਾ ਵੱਡਾ ਜਾਂ ਮੂਲ ਕੰਮ ਨਾਮ ਜਪਣਾ ਹੈ ।

ਦੂਜਾ ਮੁਖ ਕਰਤਵ ਸਿੱਖ ਦਾ, ਸਮਾਜ ਵਿਚ ਰਹਿੰਦੇ ਹੋਏ, ਗ੍ਰਹਸਤ ਧਾਰਨ ਕਰਕੇ, ਦਸਾਂ ਨੌਹਾਂ ਦੀ ਕਮਾਈ ਕਰਨਾ ਤੇ ਉਸ ਵਿਚੋਂ ਦਸਵਾਂ ਹਿੱਸਾ ਦਾਨ ਕਰਨਾ ਹੈ । ਹੋਰ, ਹਰ ਵੇਲੇ ਦੂਜਿਆਂ ਦੀ ਸੰਗਤ ਦੀ ਤੇ ਗਰੀਬਾਂ ਦੀ ਸੇਵਾ ਕਰਦੇ ਰਹਿਣਾ ਤੇ ਸਹਾਇਤਾ ਵਿਚ ਲੱਗੇ ਰਹਿਣਾ ਜ਼ਰੂਰੀ ਹੈ । ਸਿੱਖ ਇਕ ਸੇਵਕ ਹੈ । ਸੇਵਾ ਉਸ ਦੀ ਕਾਰ ਹੈ—

"ਸੇਵਕ ਕਉ ਸੇਵਾ ਬਨਿ ਆਈ ॥" (ਸੁਖਮਨੀ-292)

"ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥" (ਪੰਨਾ 26)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥" (466)

ਤੀਜਾ ਵੱਡਾ ਕਰਤਵ ਸਿੱਖ ਦਾ ਨਾਮ ਜਪਦੇ ਤੇ ਸੇਵਾ ਕਰਦੇ ਹੋਏ, ਹੁਕਮ ਮੰਨਣ ਦਾ ਹੈ—

"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਜਪੁਜੀ–1)

"ਹੁਕਮਿ ਮੰਨਿਐ ਹੋਵੈ ਪਰਵਾਣੁ,
ਤਾ ਖਸਮੈ ਕਾ ਮਹਲੁ ਪਾਇਸੀ ।" (471)

ਹੁਕਮ ਭਾਣੇ ਦੀ ਅਵਸਥਾ ਅਤਿ ਦੁਰਗਮ ਹੈ। ਸਿੱਖ ਨੂੰ ਗੁਰੂ ਦੀ ਸ਼ਰਨ ਤੇ ਵਾਹਿਗੁਰੂ ਦੀ ਮਿਹਰ ਤੋਂ ਇਹ ਸੋਝੀ ਪ੍ਰਾਪਤ ਹੁੰਦੀ ਹੈ। ਡੂੰਘਾ ਵਿਸ਼ਵਾਸ ਤੇ ਭਰੋਸਾ ਹੁਕਮ ਮੰਨਣ ਦਾ ਮੂਲ ਸੋਮਾਂ ਹੈ। ਇਹ ਰੱਬੀ-ਪ੍ਰੇਮ ਤੇ ਚਮਤਕਾਰ ਨਾਲ ਹੀ ਮਿਲਦਾ ਹੈ—

"ਏਹੁ ਪਿਰਮੁ ਪਿਆਲਾ ਖਸਮ ਕਾ,
ਜੈ ਭਾਵੈ ਤੈ ਦੇਇ ॥" (ਪੰਨਾ 1378)

ਜੀਵਨ ਵਿਚ ਸਿੱਖ ਆਪਣੇ ਆਪ ਨੂੰ ਮੁਸਾਫਰ ਸਮਝੇ। ਹਰ ਵੇਲੇ ਮੌਤ ਨੂੰ ਯਾਦ ਰੱਖੇ ਤਾਂ ਗੱਲ ਬਣਦੀ ਹੈ। ਭਾਈ ਗੁਰਦਾਸ ਅਨੁਸਾਰ—

"ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।" (ਵਾਰ 3/18


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰਮਤਿ ਵਿਚ ਮਾਇਆ ਦਾ ਸੰਕਲਪ

ਪੁਰਾਤਨ ਭਾਰਤੀ ਦਰਸ਼ਨ ਅਤੇ ਰਹੱਸਵਾਦੀ ਪਰੰਪਰਾ ਵਿਚ 'ਮਾਇਆ ਦਾ ਸੰਕਲਪ ਨਿਰੋਲ ਰਹੱਸਵਾਦੀ ਅੰਸ਼ ਦਾ ਧਾਰਣੀ ਹੈ। ਇਸ ਦਾ ਸੰਬੰਧ, ਮੂਲ ਰੂਪ ਵਿਚ, ਬ੍ਰਹਮ ਦੇ ਨਿਰਗੁਣ ਅਤੇ ਸਗੁਣ (ਸਰਗੁਣ) ਸਰੂਪ ਦੀ ਸਾਪੇਖ (relative) ਸਥਿਤੀ ਨਾਲ ਜੁੜਿਆ ਹੋਇਆ ਹੈ। ਦੂਜੇ ਸ਼ਬਦਾਂ ਵਿਚ, ਸੰਸਾਰ ਜਾਂ ਸ੍ਰਿਸ਼ਟੀ ਦੀ ਰਚਨਾ ਦੇ ਕਿਸੇ ਅਗਿਆਤ ਕਾਰਣ ਅਤੇ ਇਸ ਦੇ ਮਿਥਿਆ ਜਾਂ ਸਥਿਰ ਹੋਣ ਦੇ ਰਹੱਸਮਈ ਪ੍ਰਸ਼ਨ ਦਾ ਸੂਚਕ ਸ਼ਬਦ 'ਮਾਇਆ' ਹੈ।

ਸੰਸਾਰ ਦੀ ਨਾਨਾ ਰੂਪ ਦ੍ਰਿਸ਼ਟਮਾਨ ਹੋਂਦ, ਆਤਮ-ਤੱਤ ਤੋਂ ਸੁਤੰਤਰ, ਮਾਇਆ ਹੈ।[1] ਉਪਨਿਸ਼ਦਾਂ ਵਿਚ ਸੰਸਾਰ ਨੂੰ ਨਿਰੋਲ ਮਾਇਆ ਹੀ ਮੰਨਿਆ ਗਿਆ ਹੈ ਅਤੇ ਇਹ ਵਿਚਾਰ ਯੂਨਾਨੀ ਦਰਸ਼ਨ ਦੇ ਪ੍ਰਸਿੱਧ ਚਿੰਤਕਾਂ ਪਾਰਮੇਨਾਈਡੀਜ਼ (Parmenides) ਅਤੇ ਅਫ਼ਲਾਤੂਨ (Plato) ਦੇ ਇਸ ਕਥਨ ਦੇ ਸਮਾਨੰਤਰ ਹੈ ਕਿ "ਦਿਸਦੀ ਹੋਂਦ ਕੇਵਲ ਇਕ ਦਿਖਾਵਾ ਹੈ ਅਤੇ (ਅਣਦਿਸਦੀ) ਸਚਾਈ ਦਾ ਇਕ ਪ੍ਰਤਿਬਿੰਬ ਹੈ"।[2] ਮੁਢਲੇ 'ਮੰਤਰਾਂ' ਵਿਚ ਮਾਇਆ ਦਾ ਉਲੇਖ ਇਕ ਪ੍ਰਕਾਰ ਦੇ ਜਾਦੂ ਜਾਂ ਕਾਮਣ ਦੇ ਅਰਥਾਂ ਵਿਚ ਮਿਲਦਾ ਹੈ।[3] ਮਾਇਆ ਦੇ ਇਹ ਅਰਥ ਇਸ ਦੇ ਵਿਰੋਧਾਭਾਸੀ (paradoxical) ਅਤੇ ਸ੍ਵੈਵਿਰੋਧੀ ਅੰਸ਼ ਦੇ ਲਖਾਇਕ ਹਨ। ਸ੍ਵੇਤਾਸ਼੍ਵਤਰ ਉਪਨਿਸ਼ਦ ਵਿਚ ਪ੍ਰਕ੍ਰਿਤੀ ਨੂੰ ਮਾਇਆ ਦਾ ਸਵਾਮੀ ਆਖਿਆ ਗਿਆ ਹੈ।[4] ਛਾਂਦੋਗਯ ਉਪਨਿਸ਼ਦ ਵਿਚ ਮਾਇਆ ਨੂੰ ਤਿੰਨ ਗੁਣਾਂ ਦਾ ਧਾਰਣੀ ਤੇ ਸਮੂਹ ਮੰਨਿਆ ਹੈ, ਰਜਸ, ਸਤਵ ਅਤੇ ਤਮਸ ਦਾ ਸੁਮੇਲ।[5] ਮਾਇਆ ਦੀ ਆਪਣੀ ਵਖਰੀ ਹੋਂਦ ਅਰਥਾਤ ਬ੍ਰਹਮ ਦੇ ਸੰਬੰਧ ਤੋਂ ਸੁਤੰਤਰ, ਨਹੀਂ ਮੰਨੀ ਗਈ।

ਉਪਨਿਸ਼ਦ ਦਾ ਕਥਨ ਹੈ ਕਿ "ਇੱਕੋ ਬਕਰੀ ਜਿਸ ਦਾ ਰੰਗ ਲਾਲ, ਚਿੱਟਾ ਤੇ ਕਾਲਾ ਹੈ, ਕਈ ਬੱਚੇ ਜਣਦੀ ਹੈ ਤੇ ਉਹ ਸਾਰੇ ਉਸ ਦੀ ਆਪਣੀ ਸ਼ਕਲ ਧਾਰਣ ਕਰਦੇ ਹਨ।"[6] ਸਪਸ਼ਟ ਹੈ ਕਿ ਬਕਰੀ ਰੂਪਕ ਮਾਇਆ ਲਈ ਵਰਤਿਆ ਹੈ, ਤਿੰਨ ਰੰਗ, ਤਿੰਨ ਗੁਣਾਂ ਲਈ ਬੱਚੇ ਸ੍ਰਿਸ਼ਟੀ ਦੇ ਜੀਵਾਂ ਲਈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਦਾ ਸੰਸਾਰ ਨਾਲ ਕ੍ਰਿਆਤਮਕ ਸੰਬੰਧ ਦੋਹਰਾ ਤੇ ਵਿਰੋਧਮਈ ਹੈ; ਇਕ ਛੁਪਾਣ ਦੀ ਕ੍ਰਿਆ ਦਾ ਤੇ ਦੂਜਾ ਪ੍ਰਗਟ ਕਰਨ ਦਾ, ਅਰਥਾਤ ਇੱਕੋ ਸਮੇਂ ਮਾਇਆ ਦਾ ਕਰਤੱਵ ਬ੍ਰਹਮ ਨੂੰ ਛੁਪਾਣਾ ਤੇ ਸ੍ਰਿਸ਼ਟੀ ਨੂੰ ਉਭਾਰਨਾ ਜਾਂ ਪ੍ਰਗਟ ਕਰਨਾ ਹੈ। ਇਸ ਲਈ ਇਕੋ ਵਕਤ ਇਹ ਬ੍ਰਹਮ ਦੀ ਸਚਾਈ ਤੇ ਸ੍ਰਿਸ਼ਟੀ ਦੀ ਕਚਿਆਈ ਨਾਲ ਵਿਰੋਧਾ-ਭਾਸੀ ਢੰਗ ਨਾਲ ਸੰਬੰਧਿਤ ਹੈ। ਇਸ ਤਰ੍ਹਾਂ ਵਿਚਾਰਿਆਂ ਮਾਇਆ ਇਕ 'ਪਰਦਾ' ਜਾਂ ਦੀਵਾਰ ਹੈ ਜੋ ਬ੍ਰਹਮ ਤੇ ਸ੍ਰਿਸ਼ਟੀ ਦੇ ਵਿਚਕਾਰ ਓਹਲਾ ਪੈਦਾ ਕਰਦੀ ਹੈ। ਗੁਰੂ ਨਾਨਕ ਸਾਹਿਬ ਨੇ ਇਸ ਨੂੰ "ਕੂੜ ਦੀ ਪਾਲ" ਮੰਨਿਆ ਹੈ ਜਿਸ ਨੂੰ ਦੂਰ ਕਰਕੇ ਹੀ ਮਨੁੱਖ "ਸਚਿਆਰਾ" ਹੋ ਸਕਦਾ ਹੈ।[7]

ਮਾਇਆ ਦੀ ਇਸ ਪਾਲ ਜਾਂ ਰੁਕਾਵਟ ਨੂੰ ਉਲੰਘਣਾ ਅਤਿ ਆਵੱਸ਼ਕ ਹੈ। ਇਸ ਤੋਂ ਪਰੇ ਜਾਂ ਅਗੇਰੇ ਨਿਕਲਣਾ ਜਗਿਆਸੂ ਦਾ ਮੁੱਖ ਧਰਮ ਹੈ। ਮੈਕਸ ਮਿਊਲਰ ਨੇ ਇਸ ਮਾਇਆ ਤੋਂ ਪਾਰ ਉਤਰਨ (transcend) ਦੀ ਰਹੱਸਮਈ ਕ੍ਰਿਆ ਲਈ ਰਹੱਸਵਾਦੀ ਰੂਪਕ ਤਿੱਤਲੀ ਦੇ ਖੰਭ ਪ੍ਰਾਪਤ ਕਰਨ ਦਾ ਵਰਤਿਆ ਹੈ।[8]

ਡਾ. ਰਾਧਾ ਕ੍ਰਿਸ਼ਨਨ ਅਨੁਸਾਰ "ਮਾਇਆ ਉਸ ਨਕਾਰਾਤਮਕ ਤੱਤ ਦਾ ਨਾਂ ਹੈ ਜੋ ਸ੍ਰਿਸ਼ਟੀ ਦੀ ਹੋਂਦ ਦਾ ਪ੍ਰਵਾਹ ਉਤਪੰਨ ਕਰਦਾ ਹੈ ਤੇ ਇਸ ਤਰ੍ਹਾਂ ਇਕ ਅਥਾਹ ਖਲਬਲੀ ਤੇ ਨਿਰੰਤਰ ਬੇਚੈਨੀ ਪੈਦਾ ਕਰਨ ਦਾ ਸਾਧਨ ਬਣਦਾ ਹੈ।"[9]

ਮਾਇਆ ਜਾਂ 'ਅਵਿਦਿਆ' ਜਿਸ ਨੂੰ ਮੈਕਸ ਮਿਊਲਰ 'Nescience'[10] ਕਹਿੰਦਾ ਹੈ, ਦੈਵੀ ਹੇਤੂ (subject) ਲਈ ਕਰਮ (object) ਦਾ ਕੰਮ ਦੇਂਦੀ ਹੈ ਅਤੇ ਇਹ ਦੋਵੇਂ ਇਕ ਦੂਜੇ ਦੇ ਵਿਰੋਧੀ ਤੱਤ ਹਨ ਭਾਵੇਂ ਅੰਦਰੋਂ ਇਹ ਇਕ ਦੂਜੇ ਦੇ ਪੂਰਕ ਸਗੋਂ ਇਕ ਰੂਪ ਮੰਨੇ ਜਾ ਸਕਦੇ ਹਨ। ਮੈਕਸ ਮਿਊਲਰ ਅਨੁਸਾਰ "ਜੇ ਸੰਸਾਰ ਸਤਿ ਹੈ ਤਾਂ ਆਤਮਾ ਸਤਿ ਵਸਤੂ ਨਹੀਂ ਅਤੇ ਜੇ ਆਤਮਾ ਸਤਿ ਹੈ ਤਾਂ ਸੰਸਾਰ ਅਸਤਿ ਹੈ।"[11]

ਮਾਇਆ ਦਾ ਰਹੱਸਮਈ ਸੰਕਲਪ ਭਾਵੇਂ ਓਧਰੀ ਦ੍ਰਿਸ਼ਟੀ ਨਾਲ ਦੇਖਿਆਂ ਇਕ ਬੌਧਿਕ ਵਿਚਾਰ ਤੱਤ ਪ੍ਰਤੀਤ ਹੁੰਦਾ ਹੈ, ਖਾਸ ਕਰਕੇ ਜਦ ਸ਼ੰਕਰਾਚਾਰੀਆ ਦੇ ਨਿਰੋਲ ਅਦ੍ਵੈਤਵਾਦੀ ਸਿੱਧਾਂਤ ਵਿਚ ਸੰਸਾਰ ਦੀ ਹੋਂਦ ਉੱਕਾ ਹੀ ਨਿਰਮੂਲ ਤੇ ਮਿਥਿਆ (illusory) ਸਿੱਧ ਕੀਤੀ ਜਾਂਦੀ ਹੈ, ਪਰੰਤੂ ਅਸਲ ਵਿਚ ਮਾਇਆ ਦਾ ਸੰਬੰਧ ਕਿਸੇ ਪ੍ਰਯੋਗਸਿੱਧ (empirical) ਸਚਾਈ ਦਾ ਸੂਚਕ ਅਵੱਸ਼ ਹੈ, ਜਿਵੇਂ ਕਿ ਰਾਮਾਨੁੱਜ ਦੇ ਵਿਸ਼ਿਸ਼ਟ ਅਦ੍ਵੈਤਵਾਦੀ ਸਿਧਾਂਤ ਦਾ ਆਸ਼ਾ ਹੈ। ਇਸ ਤਰ੍ਹਾਂ ਮਾਇਆ ਦਾ ਸਮਾਜਕ ਤੇ ਸਦਾਚਾਰਕ ਸੰਦਰਭ ਨਿਸ਼ਚਿਤ ਹੋ ਜਾਂਦਾ ਹੈ ਜਿਸ ਤੋਂ ਬਿਨਾਂ ਮਾਇਆ ਦੀ ਕੋਈ ਸਾਰਥਕਤਾ (signifficance) ਨਹੀਂ। ਵੈਦਿਕ ਰਿਸ਼ੀਆਂ ਨੇ ਇਸੇ ਮਾਇਆ ਦੇ ਵਿਹਾਰਕ (ਉਪਯੋਗੀ) ਰਹੱਸ ਨੂੰ ਪ੍ਰਤੀਤ ਕਰਦਿਆਂ ਹੋਇਆਂ ਇਕ ਈਸ਼ਰਵਾਦੀ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼੍ਵ-ਵਿਗਿਆਨ (Cosmology), ਨੈਤਿਕਤਾਂ, ਧਾਰਮਿਕ ਪ੍ਰਤਿਬੰਧ ਅਤੇ ਉਪਾਸ਼ਨਾ ਦੇ ਨਿਯਮ ਆਦਿ ਪ੍ਰਤਿਪਾਦਿਤ ਕੀਤੇ ਸਨ।[12] ਮਾਇਆ ਅਸਲ ਵਿਚ ਬ੍ਰਹਮ ਦੇ ਸੂਖਮ ਅਸਤਿਤ੍ਵ (ਹੋਂਦ) ਉੱਤੇ ਇਕ ਸਥੂਲ ਤੇ ਅਸਥਾਈ ਪ੍ਰਕਾਰ ਦਾ ਵਾਧੂ ਜੇਹਾ ਦਿਖਾਵਾ (suerimposed appearance) ਹੈ ਪਰ ਵਿਹਾਰਕ ਅਰਥਾਂ ਵਿਚ ਇਹ ਹੋਂਦ ਤੇ ਦਿਖਾਵਾ ਕਾਫੀ ਠੋਸ, ਨਿੱਗਰ ਤੇ ਵਾਸਤਵਿਕ ਹੈ। ਜਗਤ ਮਿਥਿਆ ਹੁੰਦਾ ਹੋਇਆ ਵੀ ਕਾਫ਼ੀ ਸਜੀਵ ਤੇ ਸਜਿੰਦ ਹੈ, ਕਿਉਂਕਿ ਇਹ ਬ੍ਰਹਮ ਦੀ ਸਤਿ-ਰੂਪ ਸਚਾਈ ਦਾ ਹੀ ਬਾਹਰਲਾ ਪ੍ਰਤੀਬਿੰਬ ਹੈ।[13]

ਮਾਇਆ ਦੇ ਸਕਲਪ ਦਾ ਸਾਰਾ ਦ੍ਵੰਦ ਤੇ ਰਹੱਸ਼ ਇਸ ਦੀ ਦੋਹਰੀ ਹੋਂਦ ਜਾਂ ਸਚਾਈ ਤੇ ਨਿਰਭਰ ਹੈ। ਇਹ ਸਤਿ ਤੇ ਅਸਤਿ ਦਾ ਸੁਮੇਲ ਹੈ। ਇਹੋ ਇਸ ਦਾ ਜਾਦੂਮਈ ਅੰਸ਼ ਮਨੁਖੀ ਬੁੱਧੀ ਨੂੰ ਚਕ੍ਰਿਤ ਕਰਦਾ ਹੈ। ਇਕ ਪਾਸੇ ਇਹ ਮਨੁਖੀ ਜੀਵ ਨੂੰ ਬ੍ਰਹਮ ਤੋਂ ਵਿਛੋੜਦੀ ਹੈ, ਦੂਜੇ ਪਾਸੇ ਬ੍ਰਹਮ ਦੀ ਹੋਂਦ ਨੂੰ ਠੋਸ ਰੂਪ ਵਿਚ ਸਾਕਾਰ ਕਰਦੀ ਹੈ, ਇਸ ਲਈ ਸੰਸਾਰ ਦੀ ਹੋਂਦ ਨੂੰ 'ਮਾਇਆ-ਛਲ' ਮੰਨਿਆ ਜਾਂਦਾ ਹੈ ਜਾਂ 'ਮਾਇਆ-ਜਾਲ' ਝੂਠ ਸਚ ਦਾ ਮਿਲਗੋਭਾ ਹੀ ਮਾਇਆ ਹੈ। ਇਹ ਸੋਹਣੀ ਵੀ ਹੈ ਤੇ ਕੋਝੀ ਵੀ। ਮਨਮੋਹਨੀ ਵੀ ਤੇ ਕਰੂਪ ਵੀ। ਗੁਰਮਤਿ ਚਿੰਨ੍ਹਵਾਦ ਵਿਚ ਇਸ ਲਈ 'ਨਾਗਿਨ' ਦਾ ਚਿੰਨ੍ਹ ਸਭ ਤੋਂ ਵਧੇਰੇ ਸਾਰਥਕ ਸਿਧ ਹੋਇਆ ਹੈ, ਅਰਥਾਤ ਜੋ ਬਾਹਰੋਂ ਸੁੰਦਰ ਹੈ ਤੇ ਅੰਦਰੋਂ ਵਿਸ ਭਰੀ ਅਤੇ ਜੋ ਆਪਣੇ ਜਣੇ ਬੱਚਿਆਂ ਨੂੰ ਆਪ ਹੀ ਖਾ ਜਾਂਦੀ ਹੈ। ਏਸੇ ਤਰ੍ਹਾਂ ਇਹ ਮਨੁਖ ਨੂੰ ਜਨਮਦੀ, ਪਾਲਦੀ ਤੇ ਖੈ ਕਰਦੀ ਹੈ-ਬ੍ਰਹਮ ਨੂੰ ਪ੍ਰਾਪਤ ਕਰਨ ਵਿਚ ਵੱਡੀ ਰੁਕਾਵਟ ਹੀ ਮਾਇਆ ਦੀ ਹੋਂਦ ਨੂੰ ਇਸ ਲਈ ਮਾਇਆ ਨੂੰ ਪਛਾਣ ਕੇ ਤੇ ਤਿਆਗ ਕੇ ਹੀ ਆਤਮ-ਤੱਤ ਗ੍ਰਹਿਣ ਕੀਤਾ ਜਾ ਸਕਦਾ ਹੈ। ਮਾਇਆ ਦੁਬਿਧਾ ਦਾ ਮੂਲ ਹੈ ਤੇ ਇਸ ਤੋਂ ਪਰੇ ਆਤਮ-ਤੱਤ ਦੀ ਸੇਧ ਹੈ।

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਮਾਇਆ ਦਾ ਸੰਕਲਪ ਬੜੇ ਸਪਸ਼ਟ ਤੇ ਰਹੱਸਮਈ ਢੰਗ ਨਾਲ ਪੇਸ਼ ਕੀਤਾ ਹੈ :

ਏਕਾ ਮਾਈ ਜੁਗਤ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥[14]

ਸ੍ਰਿਸ਼ਟੀ ਦਾ ਕਾਰਨ ਗੁਰੂ ਸਾਹਿਬ ਨੇ ਇਕ-ਮਾਈ (ਮਾਇਆ) ਨੂੰ ਮੰਨ ਕੇ ਇਸ ਦੀ ਅਵੱਸ਼ਕਤਾ ਤੇ ਮਹੱਤਾ ਪ੍ਰਗਟ ਕਰ ਦਿਤੀ ਹੈ। ਨਾਲ ਹੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨ ਸੰਸਾਰ ਨਾਲ ਸੰਬੰਧਿਤ ਦੈਵੀ ਸ਼ਕਤੀਆਂ ਨੂੰ ਮਾਇਆ ਦੇ ਅਧੀਨ ਤੇ ਬ੍ਰਹਮ ਦੀ ਇਕ ਰਚਨਾਤਮਕ ਖੇਡ ਦਾ ਭਾਗ ਮੰਨਿਆ ਹੈ। ਇਸ ਤਰ੍ਹਾਂ ਹਿੰਦੂ ਧਰਮ ਦੇ ਪ੍ਰਸਿੱਧ ਅਵਤਾਰਵਾਦ ਦੇ ਸਿੱਧਾਂਤ ਨੂੰ ਰੱਦ ਕੀਤਾ ਹੈ। ਸ੍ਰਿਸ਼ਟੀ ਬ੍ਰਹਮ ਦਾ ਇਕ ਚੋਜ ਹੈ ਤੇ ਮਾਇਆ ਇਸ ਦਾ ਰਹੱਸਪੂਰਤ ਮੂਲ ਸਾਧਨ।

ਸ੍ਰਿਸ਼ਟੀ ਦੀ ਇਹ ਖੇਡ ਆਪਣੇ ਆਪ ਵਿਚ ਇਕ ਵਿਚਿਤ੍ਰ ਤੇ ਬਿਖਮ ਔਕੜ ਹੈ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਜੋ ਮਨੁੱਖ ਨੂੰ ਸਦਾ ਹੀ ਪਰੇਸ਼ਾਨ ਕਰਨ ਵਾਲੀ ਹੈ। ਗੁਰੂ ਨਾਨਕ ਸਾਹਿਬ ਨੇ ਇਸ ਨੂੰ ਧੋਖੇ ਦੀ ਰਚਨਾ ਆਖਿਆ ਹੈ :

ਬਾਬਾ ਮਾਇਆ ਰਚਨਾ ਧੋਹੁ ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥[15]

ਗੁਰੂ ਸਾਹਿਬ ਨੇ ਮਾਇਆ ਨੂੰ ਇਕ ਦਿਖਾਵਾ, ਇਕ ਛਲ ਮੰਨਦੇ ਹੋਏ ਇਸ ਲਈ ਸਮਾਸ "ਛਾਇਆ ਮਾਇਆ" ਘੜਿਆ ਹੈ।[16] ਅਰਥਾਤ ਮਾਇਆ ਦੀ ਹੋਂਦ ਛਾਂ (ਛਾਇਆ) ਵਰਗੀ ਹੈ। ਹੈ ਵੀ ਤੇ ਨਹੀਂ ਵੀ। ਰਹੱਸਵਾਦੀ ਕਵੀ ਗ਼ਾਲਿਬ ਨੇ ਕਿਹਾ ਹੈ ਕਿ ਸੰਸਾਰ ਮਾਸ਼ੂਕ ਦੀ ਕਮਰ ਵਾਂਗ ਹੈ, ਜਿੰਨਾ ਵੀ ਲੋਕ ਆਖਣ ਕਿ ਹੈ, ਅਸਲ ਵਿਚ ਨਹੀਂ ਹੈ। ਇਹੋ ਗੱਲ ਮਾਇਆ ਸੰਬੰਧੀ ਢੁਕਦੀ ਹੈ।

ਮਾਇਆ ਦੇ ਕਈ ਰੂਪ ਮੰਨੇ ਗਏ ਹਨ। ਜਿਨ੍ਹਾਂ ਵਿਚੋਂ "ਧਨ ਦੌਲਤ" ਇਕ ਖਾਸ ਰੂਪ ਹੈ ਜੋ ਮਨੁੱਖ ਨੂੰ ਸਦਾ ਆਪਣੇ ਜਾਲ ਵਿਚ ਫਸਾਈ ਰਖਦਾ ਹੈ। ਇਹ ਧਨ ਪਾਪਾਂ ਤੋਂ ਬਿਨਾਂ ਇਕੱਠਾ ਨਹੀਂ ਹੁੰਦਾ ਤੇ ਫਿਰ ਮਨੁੱਖ ਦੇ ਮਰਨ ਤੇ ਇਥੇ ਹੀ ਰਹਿ ਜਾਂਦਾ ਹੈ, ਨਾਲ ਨਹੀਂ ਜਾਂਦਾ। ਗੁਰੂ ਨਾਨਕ ਸਾਹਿਬ ਦਾ ਪ੍ਰਸਿੱਧ ਕਥਨ ਇਸ ਦੇ ਪ੍ਰਥਾਇ ਇਹ ਹੈ :

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾਂ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥[17]

ਗੁਰੂ ਸਾਹਿਬ ਦਾ ਮਾਇਆ ਬਾਰੇ ਇਕ ਹੋਰ ਜ਼ਰੂਰੀ ਸਮਾਸ ਮਾਇਆ-ਮੋਹ ਹੈ :

ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ ॥[18]

ਅਤੇ

ਇਹੁ ਤਨ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥[19]

ਮਾਇਆ ਮਨੁੱਖ ਨੂੰ ਤ੍ਰਿਸ਼ਨਾ ਦੇ ਮੋਹ-ਜਾਲ ਵਿਚ ਫਸਾਈ ਰਖਦੀ ਹੈ। ਮਾਇਆ ਦਾ ਮੋਹ ਇਸਤ੍ਰੀ ਬੱਚਿਆਂ ਦਾ ਮੋਹ ਹੋ ਨਿਬੜਦਾ ਹੈ। ਮੋਹ ਦੀ ਸੀਮਾ ਵਿਚ ਹੋਰ ਕਿੰਨਾ ਕੁਝ ਹੈ, ਸਰੀਰ ਦਾ ਮੋਹ, ਘਰ ਬਾਰ, ਜਾਇਦਾਦ ਦਾ ਮੋਹ, ਮਕਾਨ, ਗੱਲ ਕੀ ਜੋ ਕੁਝ ਸੰਸਾਰ ਵਿਚ ਦਿਸਦਾ ਹੈ, ਉਸ ਸਭ ਦਾ ਮੋਹ। ਅਸਲ ਵਿਚ ਮਾਇਆ ਦਾ ਪਸਾਰਾ ਤੇ ਮੋਹ ਦੀ ਪਕੜ ਅਸੀਮ ਤੇ ਅਨੰਤ ਹੈ। ਕੋਈ ਵਿਰਲਾ ਇਸ ਦੇ ਘਾਤਕ ਪ੍ਰਭਾਵ ਤੋਂ ਬਚ ਸਕਦਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ :

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥
ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥
ਮਖੀ ਮਿਠੈ ਮਰਣਾ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨ ਤੂ ਰਖਹਿ ਤਿਨ ਨੇੜਿ ਨ ਆਵੈ
ਤਿਨ ਭਉ ਸਾਗਰੁ ਤਰਣਾ ॥[20]

ਮਾਇਆ ਦੇ ਘਾਤਕ ਅਸਰ ਤੋਂ ਕੇਵਲ ਪਰਮਾਤਮਾ ਦੀ ਕ੍ਰਿਪਾ ਹੀ ਬਚਾ ਸਕਦੀ ਹੈ ਕਿਉਂਕਿ ਮਾਇਆ ਇਕ ਅਤਿ ਪ੍ਰਬਲ ਸ਼ਕਤੀ ਹੈ ਤੇ ਮਨੁੱਖ ਇਸ ਦੇ ਸਾਹਵੇਂ ਅਤਿ ਦੁਰਬਲ। ਇਸ ਤਰ੍ਹਾਂ ਮਾਇਆ ਦਾ ਰਹੱਸ ਤੇ ਬ੍ਰਹਮ ਦਾ ਰਹੱਸ ਅੰਤਰੀਵ ਰੂਪ ਵਿਚ ਇਕਮਿਕ ਹੋ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਮਾਇਆ ਲਈ ਕਈ ਰੂਪਕ ਘੜੇ ਹਨ ਜਿਵੇਂ "ਸਰਪਨੀ" "ਮੱਖੀ", "ਮੇਖਲੀ", "ਸੂਹਾ ਰੰਗ", "ਸਾਸ ਬੁਰੀ" ਆਦਿ।[21]

ਮਾਇਆ ਲਈ ਵੀ ਹੋਰ ਕਈ ਸਮਾਸ ਘੜੇ ਹਨ, ਜਿਵੇਂ "ਤ੍ਰਿਬਿਧ ਮਾਇਆ", "ਤ੍ਰਿਕੁਟੀ", "ਤ੍ਰਿਗੁਣ", "ਤ੍ਰਿਭਵਨ" ਆਦਿ ਜਿਸ ਤੋਂ ਮਾਇਆ ਦੀ ਤਿੰਨ-ਪੱਖੀ ਹੋਂਦ ਦੀ ਪੁਸ਼ਟੀ ਹੁੰਦੀ ਹੈ।

ਮਾਇਆ ਦਾ ਸੰਕਲਪ ਜਿਥੇ ਇਕ ਪਾਸੇ ਸ੍ਰਿਸ਼ਟੀ-ਰਚਨਾ ਨਾਲ ਜੁੜਿਆ ਹੈ, ਦੂਜੇ ਪਾਸੇ ਇਹ ਸੰਸਾਰ ਦੀ ਸ਼ਕਤੀ-ਰੂਪ ਹੋਂਦ ਦਾ ਵੀ ਲਖਾਇਕ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਇਹ ਸੰਸਾਰ ਸ਼ਿਵ-ਸ਼ਕਤੀ ਦੇ ਮੇਲ ਤੋਂ ਬਣਿਆ ਹੈ ਅਰਥਾਤ spirit ਅਤੇ energy ਦੇ ਮਿਸ਼੍ਰਣ ਤੋਂ :

ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥
ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥[22]

ਇਹ ਵਿਚਾਰ ਕਿਸੇ ਅਗੰਮੀ ਰਹੱਸ ਦਾ ਸੂਚਕ ਹੈ।

ਤਾਂਤ੍ਰਿਕ ਸੰਕੇਤਾਵਲੀ ਇਸ ਮਾਇਆ-ਰੂਪ ਸ਼ਕਤੀ ਨੂੰ "ਕੁੰਡਲਿਨੀ"[23] (ਸਰਪਨੀ) ਨਾਮਿਆ ਗਿਆ ਹੈ ਜਿਸ ਦੇ ਉਤੇਜਿਤ ਹੋਣ ਨਾਲ ਆਤਮ-ਤੱਤ (spirit) ਜਾਗਰੂਪ ਜਾਂ ਪ੍ਰਜ੍ਵਲਿਤ ਹੋ ਜਾਂਦਾ ਹੈ ਤੇ ਦਸਮ ਦੁਆਰ ਵਿਚ ਅਨਹਦ ਨਾਦ ਦਾ ਚਮਤਕਾਰੀ ਪ੍ਰਗਟਾ ਹੋਂਦ ਵਿਚ ਆਉਂਦਾ ਹੈ। ਇਹ ਧਾਰਣਾ ਅਸਲੋਂ ਰਹੱਸਾਤਮਕ ਪੱਧਰ ਦੀ ਹੈ ਜਿਸ ਦੀ ਬੌਧਿਕ ਚਰਚਾ ਸੰਭਵ ਨਹੀਂ। ਗੁਰੂ ਸਾਹਿਬ ਨੇ ਵੀ ਤ੍ਰਿਗੁਣਾਤੀਤ ਤੇ ਮਾਇਆ ਰਹਿਤ ਅਵਸਥਾ ਵਿਚ "ਨਿਰਮਲ ਜੋਤ" ਅਤੇ "ਅਨਹਦ ਸ਼ਬਦ" ਦੇ ਉਦੈ ਹੋਣ ਦਾ ਥਾਂ ਪਰ ਥਾਂ ਉੱਲੇਖ ਕੀਤਾ ਹੈ।[24]

## ਹਵਾਲੇ ਤੇ ਟਿੱਪਣੀਆਂ

1) R. Reyna, 'Concept of Maya', p. 8.
2) Nikhilananda, 'Upanishads', Vol. I, 51.
3) R. Reyna, 'Op, Cit.,' p. 5; Cf. H. Zimmar, 'Myths and



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Symbols of, Indian Art and Civilization', p. 46 quoted in Stace, 'Mysticism and Philosophy, p. 214.

4) R. Reyna, 'Ibid', p. 7; ਹੋਰ ਦੇਖੋ ਮਹਾਨ ਕੋਸ਼, 718.

5) 'Brahmasutra' (ed. Radhakrishnan), p 56.

6) ਉਹੀ (ਸ੍ਵੇਤ. ਉਪ. IV.5.)

7) ਜਪੁਜੀ, 1

8) 'Collected Works (Vedanta Philosophy ), p 5.

9) 'Indian Philosophy, Vol. 1, 35.

10) Marx Mullar, 'Op, Cit., p. 90.

11) 'Collected Works' (Ramakrishna. p. 90)

12) Nikhilananda, 'Op. Cit., Vol. I. 54.

13) Otto, 'Mysticism East and West', p. 3. "Maya superimposes (adhyaropa) upon the reality of the One Being, the deceptive multiplicity of the world."

14) ਜਪੁਜੀ, 30

15) ਸਿਰੀ ਰਾਗ, ਗੁ. ਗ੍ਰੰ, ਪੰਨਾ 15,

16) ਗਉੜੀ, ਗੁ. ਗ੍ਰੰਥ, ਪੰਨਾ 228.

17) ਆਸਾ, ਗੁ. ਗ੍ਰੰ, ਪੰਨਾ 417.

18) ਰਾਮਕਲੀ ਓਅੰਕਾਰ, 48; ਗੁ. ਗ੍ਰੰ, ਪੰਨਾ 937.

19) ਤਿਲੰਗ, ਗੁ. ਗ੍ਰੰ, ਪੰਨਾ 721.

20) ਵਾਰ ਮਲਾਰ, ਗੁ, ਗ੍ਰੰ, ਪੰਨਾ 1286.

21) ਕ੍ਰਮਵਾਰ, ਮਲਾਰ, ਗੁ. ਗ੍ਰੰ, ਪੰਨਾ 1214; ਵਾਰ ਮਲਾਰ, ਸਲੋਕ, ਗੁ. ਗ੍ਰੰ, ਪੰਨਾ 1286, ਮਾਰੂ ਗੁ. ਗ੍ਰੰ; ਪੰਨਾ 1037; ਗਉੜੀ, ਗੁ. ਗ੍ਰੰ., ਪੰਨਾ 221, ਆਸਾ ਗੁ. ਗ੍ਰੰ., ਪੰਨਾ 355 ।

22) ਸਿਰੀ ਰਾਗ, ਗੁ. ਗ੍ਰੰ., ਪੰਨਾ 21.

23) Nikhiiananda, 'Hinduism', pp. 154. ff.

24) ਮਾਰੂ ਸੋਲਹੇ, ਗੁ. ਗ੍ਰੰ, ਪੰਨਾ 1038–39.



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕੱਚੀ ਬਾਣੀ ਦਾ ਖੰਡਨ

(ਮਿਹਰਬਾਨ ਦੇ ਸੰਦਰਭ ਵਿਚ)

## ਰਚਨਾ ਕਾਲ

ਪੁਰਾਤਨ ਜਨਮ ਸਾਖੀ (ਸੰਪਾਦਿਤ ਭਾਈ ਵੀਰ ਸਿੰਘ) ਅਤੇ ਜਨਮ ਸਾਖੀ ਮਿਹਰਬਾਨ ਸਮਕਾਲੀ ਰਚਨਾਵਾਂ ਹਨ। ਦੁਹਾਂ ਦਾ ਰਚਨਾ ਕਾਲ ਗੁਰੂ ਹਰਿ ਗੋਬਿੰਦ ਸਾਹਿਬ ਦਾ ਜੀਵਨ ਸਮਾਂ ਪ੍ਰਤੀਤ ਹੁੰਦਾ ਹੈ। ਜਿਥੇ ਭਾਈ ਵੀਰ ਸਿੰਘ ਨੇ ਪੁਰਾਤਨ ਜਨਮ ਸਾਖੀ ਦੀ ਰਚਣ-ਮਿਤੀ, ਕਈ ਹਿਸਾਬ ਕਿਤਾਬ ਲਗਾ ਕੇ, 1635 ਈ. ਨਿਸਚਿਤ ਕੀਤੀ ਹੈ, ਉਥੇ ਜਨਮ ਸਾਖੀ ਮਿਹਰਬਾਨ ਦੀ ਰਚਣ ਮਿਤੀ ਬਾਰੇ ਕੇਵਲ ਅਨੁਮਾਨ ਹੀ ਹੈ। ਮਿਹਰਬਾਨ 1581 ਈ. ਵਿਚ ਜੰਮਿਆ ਤੇ 1639 ਈ.[1] ਵਿਚ ਕਾਲਵਸ ਹੋਇਆ। ਸੋ ਇਹ ਰਚਨਾ ਅਵੱਸ਼ 1639 ਈ. ਤੋਂ ਪਹਿਲਾਂ ਦੀ ਹੈ। ਪਰੰਤੂ ਡਾ. ਕਿਰਪਾਲ ਸਿੰਘ ਦਾ ਇਹ ਵਿਚਾਰ ਕਿ ਇਹ ਰਚਨਾ 1618 ਈ. ਤੋਂ ਵੀ ਪਹਿਲਾਂ ਦੀ ਹੈ, ਸੰਦੇਹ ਦਾ ਪਾਤਰ ਹੈ। ਸੰਨ 1618 ਈ. ਪ੍ਰਿਥੀ ਚੰਦ, (ਮਿਹਰਬਾਨ ਦੇ ਪਿਤਾ) ਦੇ ਦੇਹਾਂਤ ਦੀ ਤਾਰੀਖ਼ ਹੈ। ਗੋਸ਼ਟਾਂ ਮਿਹਰਬਾਨ ਜੀ ਰਚਿਤ ਹਰਿ ਜੀ (ਸਪੁਤਰ ਮਿਹਰਬਾਨ) ਦੇ ਹੇਠ ਲਿਖੇ ਕਥਨ ਉਤੇ ਡਾ. ਕਿਰਪਾਲ ਸਿੰਘ ਨੇ ਆਪਣਾ ਵਿਚਾਰ ਆਧਾਰਿਤ ਕੀਤਾ ਹੈ :

"ਅਰ ਸਭਨਾਂ ਗੁਰਾਂ ਕੀਆਂ ਗੋਸਟੀ ਅਰ ਸਭਨਾਂ ਭਗਤਾਂ ਕੀਆਂ ਗੋਸਟੀ ਗੁਰੂ ਸਲਾਮਤੀ ਹੋਂਦੇ ਹੀ ਹੋਈਆਂ ਥੀਂ.....ਕਬੀਰ ਗੁਸਾਈਂ ਕੀਆਂ ਗੋਸਟੀ ਭਈ ਥੀਆਂ ਤਿਸੋ ਥੀ ਪੀਛੇ ਅਉਰ ਸਭ ਗੋਸਟਿ ਹੋਈਆਂ।"

ਇਸ ਕਥਨ ਵਿਚ ਆਏ ਸ਼ਬਦ 'ਗੁਰੂ' ਤੋਂ ਭਾਵ ਡਾਕਟਰ ਸਾਹਿਬ ਨੇ ਪ੍ਰਿਥੀ ਚੰਦ ਲਿਆ ਹੈ। ਪਰ ਇਹ ਗੁਰੂ ਪਦ ਪ੍ਰਿਥੀ ਚੰਦ ਦੀ ਸੰਤਾਨ ਦੇ ਸ਼ਰਧਾਲੂਆਂ ਨੇ ਮਿਹਰਬਾਨ ਵਾਸਤੇ ਵੀ ਵਰਤਿਆ ਹੈ। ਇਸ ਲਈ ਇਸ ਕਥਨ ਤੋਂ ਆਵੱਸ਼ਕ ਸੰਕੇਤ ਪ੍ਰਿਥੀ ਚੰਦ ਬਾਰੇ ਨਿਸਚਿਤ ਨਹੀਂ ਹੁੰਦਾ। ਐਵੇਂ ਇਕ ਅਨੁਮਾਨ ਹੀ ਹੈ। ਸ਼ਗੋਂ ਵਧੇਰੇ ਸੰਭਾਵਨਾ ਇਸ ਕਥਨ ਵਿਚ ਗੋਸ਼ਟੀਆਂ ਦੇ ਲੇਖਕ ਮਿਹਰਬਾਨ ਵਲ ਸੰਕੇਤ ਹੋਣ ਦੀ ਹੈ।[2]



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਵੀ, ਨਿਰਸੰਦੇਹ, ਜਨਮ ਸਾਖੀ ਮਿਹਰਬਾਨ ਪੰਜਾਬੀ ਸਾਹਿੱਤ ਦੀਆਂ ਸਭ ਤੋਂ ਪੁਰਾਤਨ ਅਤੇ ਪ੍ਰਮਾਣਿਕ ਗੱਦ ਰਚਨਾਵਾਂ ਵਿਚੋਂ ਹੈ! ਇਹ ਗੱਲ ਇਸ ਦੀ ਵਿਸ਼ੇਸ਼ ਮਹੱਤਾ ਦੀ ਸੂਚਕ ਹੈ।

ਜਨਮ ਸਾਖੀ ਮਿਹਰਬਾਨ ਤਿੰਨ ਭਾਗਾਂ ਵਿਚ ਵੰਡੀ ਹੋਈ ਹੈ। ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਨੇ ਪਹਿਲਾ ਭਾਗ 'ਪੋਥੀ ਸਚਖੰਡ' ਸਿਰਲੇਖ ਹੇਠ 1962 ਵਿਚ ਛਾਪਿਆ ਸੀ। ਦੂਜਾ ਤੇ ਤੀਜਾ ਭਾਗ ਜਿਨ੍ਹਾਂ ਦੇ ਨਾਮ 'ਪੋਥੀ ਹਰਿ ਜੀ' ਤੇ 'ਪੋਥੀ ਚਤਰਭੁਜ' ਹਨ, ਇਕੱਠੇ ਕਰਕੇ ਹੁਣ (1968) ਵਿਚ ਇਕੋ ਸੰਚੀ (ਸਿਰਲੇਖ ਸੰਚੀ ਦੂਜੀ) ਵਿਚ ਛਾਪੇ ਜਾ ਰਹੇ ਹਨ। ਤਿੰਨਾਂ ਪੋਥੀਆਂ ਦਾ ਲਿਖਾਰੀ (ਕਾਤਬ) ਇਕੋ ਵਿਅਕਤੀ, ਕੇਸੋ ਦਾਸ ਬ੍ਰਾਹਮਣ ਸੀ। ਜਿਥੇ 'ਪੋਥੀ ਸਚਖੰਡ' ਦੀ ਰਚਨਾ ਦਾ ਸਮਾਂ ਅਨਿਸਚਿਤ ਹੈ, ਦੂਜੀ ਤੇ ਤੀਜੀ ਪੋਥੀ ਦਾ ਰਚਣ ਸਮਾਂ (ਅਸਲ ਵਿਚ ਲਿਖਤ ਸਮਾਂ) ਅੰਦਰਲੀ ਗਵਾਹੀ ਤੋਂ ਨਿਸਚਿਤ ਹੋ ਜਾਂਦਾ ਹੈ, ਅਰਥਾਤ 1650 ਈ. ਤੇ 1651 ਈ. ਕ੍ਰਮਵਾਰ। ਹਰਿ ਜੀ ਤੇ ਚਤੁਰਭੁਜ ਮਿਹਰਬਾਨ ਦੇ ਪੁੱਤਰ ਸਨ ਅਤੇ ਆਪਣੇ ਪਿਤਾ ਦੀ ਆਰੰਭੀ ਰਚਨਾ ਨੂੰ ਨਾ ਕੇਵਲ ਉਹਨਾਂ ਸੰਪੂਰਨ ਕੀਤਾ, ਸਗੋਂ ਸੁਰੱਖਿਅਤ ਵੀ ਕੀਤਾ।

ਹੈਰਾਨੀ ਹੈ ਕਿ ਇਕੋ ਵਿਸ਼ੇ ਅਰਥਾਤ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਸੰਜੁਗਤ ਪਰਕਾਰ ਦੀ ਰਚਨਾ ਦੇ ਲੇਖਕ ਤਿੰਨੋ ਮੰਨੇ ਜਾਣ। ਅਸਲ ਪੋਥੀਆਂ ਐਸ ਵੇਲੇ ਅਲੋਪ ਹਨ। ਜਿਨ੍ਹਾਂ ਹੱਥ-ਲਿਖਤਾਂ ਨੂੰ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ, ਨੇ ਆਪਣੇ ਪ੍ਰਕਾਸ਼ਨ ਦਾ ਆਧਾਰ ਬਣਾਇਆ ਹੈ, ਇਹ ਅਸਲ ਤੋਂ ਸੰਨ 1828 ਈ. (ਰਣਜੀਤ ਸਿੰਘ ਕਾਲ) ਵਿਚ ਕੀਤਾ ਹੋਇਆ ਉਤਾਰਾ ਹਨ। ਤੀਜੀ ਪੋਥੀ ਅਰਥਾਤ 'ਪੋਥੀ ਚਤਰਭੁਜ' ਦੇ ਅੰਤ ਵਿਚ ਸੰਪਾਦਿਤ ਪੁਸਤਕ, ਸੰਚੀ ਦੂਜੀ ਦੇ ਪੰਨਾ 624 ਉਤੇ) ਅੰਤ-ਬਚਨੀ ਵਜੋਂ ਇਹ ਕਥਨ ਦਰਜ ਹੈ—

"੧ ਓ ਸਤਿਗੁਰੂ ਪ੍ਰਸਾਦਿ। ਸੰਬਤ 1708। ਵੈਸਾਖ ਵਦੀ ਏਕਮ ਨੂੰ ਚਤਰਭੋਜ ਪੋਥੀ ਪੂਰੀ ਹੋਈ, ਵਚਨਿ ਸ੍ਰੀ ਗੁਰੂ ਮਿਹਰਬਾਨ ਦੇ ਲਿਖਾਈ ਜੀ। ਲਿਖੀ ਭਾਈ ਕੇਸੋ ਦਾਸ ਬ੍ਰਾਹਮਣ ਸੇਵਕ ਗੁਰੂ ਦਾ ਪੂਰੀ ਹੋਈ। ਹੋਰ ਗੋਸਟੀ ਲਿਖੀਆਂ.....ਗੁਲਾਮ ਚਤਰ ਭੋਜ ਕਾ ਸਾਸ ਸਾਸ ਕਾ ਪੈਰੀ ਪਾਵਣਾ ਵਾਚਣਾ। ਗੁਰੂ ਕੇ ਹੁਕਮ ਨਾਲਿ ਪੋਥੀ ਸੋਧੀ।"

ਇਸ ਕਥਨ ਵਿਚ ਦੋ ਵਾਕ ਇਸ ਰਚਨਾ ਦੇ ਕਰਤ੍ਰਿਤਵ (suthorship) ਨਿਸਚਿਤ ਕਰਨ ਲਈ ਭਾਵਪੂਰਤ ਹਨ।

1. 'ਵਚਨਿ ਸ੍ਰੀ ਗੁਰੂ ਮਿਹਰਵਾਨ ਦੇ ਲਿਖਾਈ ਜੀ।'

2. 'ਗੁਰੂ ਕੇ ਹੁਕਮ ਨਾਲਿ ਪੋਥੀ ਸੋਧੀ।'



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਤਰ੍ਹਾਂ 'ਹਰਿ ਜੀ ਪੋਥੀ' ਦੇ ਅੰਤ ਵਿਚ ਲਿਖਿਆ ਹੈ (ਸੰਪਾਦਿਤ ਪੁਸਤਕ ਸੰਚੀ ਦੂਜੀ ਦੇ ਪੰਨਾ 357 ਉਤੇ) ਸਮਾਪਤੀ ਬਚਨ ਵਜੋਂ :—

"ਆਦਿ ਪੋਥੀ ਸਚਖੰਡ । 167 । ਇਕ ਸਉ ਸਤਾਹਠਿ ਗੋਸਟੀ ਕੀ । ਤਿਸੁ ਕੇ ਅਗ ਹਰਿ ਜੀ ਪੋਥੀ ਦੂਸਰੀ । 2 । 61 । ਇਕਾਹਠਿ ਗੋਸਟੀ ਕੀ ।.....ਆਇਤਵਾਰ ਮਹਮਦੀ ਪੁਰ ਹਰਿ ਜੀ ਪੋਥੀ ਸੰਪੂਰਨ ਹੋਈ ਗੋਸਟੀ । 61 । ਭਾਈ ਕੇਸੋ ਦਾਸ ਬ੍ਰਾਹਮਣ ਦੀ ਅਖਰਾਂ ਲਿਖੀ । ਗੁਰੂ ਮਨਸਾ ਪੂਰੀ ਕੀਤੀ.....।"

ਤਿਸ ਕਥਨ ਵਿਚ ਵੀ ਇਕ ਜ਼ਰੂਰੀ ਕਥਨ ਧਿਆਨ ਗੋਚਰ ਹੈ :

"ਗੁਰੂ ਮਨਸਾ ਪੂਰੀ ਕੀਤੀ ।"

ਇਸ ਦਾ ਭਾਵ ਹੈ, ਗੁਰੂ ਦੀ ਇਛਾ (ਅਸੀਂ) ਪੂਰੀ ਕੀਤੀ, ਨਾ ਕਿ ਗੁਰੂ ਨੇ ਸਾਡੀ ਮਨਸਾ ਪੂਰੀ ਕੀਤੀ। ਉਪਰੋਕਤ ਦੋਹਾਂ ਕਥਨਾਂ ਵਿਚੋਂ ਚੁਣੇ ਤਿੰਨਾਂ ਵਾਕਾਂ ਨੂੰ ਜੇਕਰ ਗਹੁ ਨਾਲ ਵਿਚਾਰੀਏ ਤਾਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਪੋਥੀ ਸਚਖੰਡ ਅਤੇ ਦੂਜੀ ਤੇ ਤੀਜੀ ਪੋਥੀ (ਹਰਿ ਜੀ ਤੇ ਚਤਰਭੁਜ ਵਾਲੀ) ਤਿੰਨਾਂ ਦਾ ਲੇਖਕ ਮਿਹਰਬਾਨ ਸੀ। ਪਹਿਲੀ ਪੋਥੀ ਉਸ ਨੇ ਆਪ ਸੋਧੀ ਤੇ ਲਿਖਵਾਈ ਪਰ ਬਾਕੀ ਦੋਹਾਂ ਪੋਥੀਆਂ ਦਾ ਕੰਮ ਉਹ ਆਪ ਸਿਰੇ ਨਾ ਚਾੜ੍ਹ ਸਕਿਆ। ਇਸ ਲਈ ਉਸ ਨੇ ਇਹ ਕੰਮ ਆਪਣੇ ਦੋਹਾਂ ਪੁਤਰਾਂ ਦੇ ਸਪੁਰਦ ਕੀਤਾ, ਜੋ ਉਹਨਾਂ ਨੇ ਉਸ ਦੇ ਦੇਹਾਂਤ ਉਪਰੰਤ, 1650 ਤੇ 1651 ਈਸਵੀ ਵਿਚ ਸੰਪੂਰਨ ਕੀਤਾ। ਇਉਂ ਜਾਪਦਾ ਹੈ ਕਿ ਮਿਹਰਬਾਨ ਨੇ ਗੋਸ਼ਟੀਆਂ ਮੁਢਲੀ ਲਿਖਤ ਜਾਂ ਖਰੜਿਆਂ (rough notes) ਦੇ ਰੂਪ ਵਿਚ ਆਪਣੇ ਪੁਤਰਾਂ ਦੇ ਹਵਾਲੇ ਕੀਤੀਆਂ ਸਨ, ਜਿਨ੍ਹਾਂ ਨੂੰ ਸੋਧ ਕੇ ਲਿਖਵਾਣ ਦੀ ਲੋੜ ਸੀ। ਕੁਲ ਗੋਸ਼ਟੀਆਂ 167 ਜਮਾਂ 61 ਜਮਾਂ 74 = 302, ਸਾਰੀਆਂ ਇਕੋ ਵਿਸ਼ੇ-ਕ੍ਰਮ, ਵਿਚਾਰ ਜਾਂ ਜੀਵਨ-ਇਤਿਹਾਸ ਨੂੰ ਪਰਗਟ ਕਰਨ ਵਾਲੀਆਂ ਹਨ ਅਤੇ ਇਕੋ ਲਿਖਣ ਢੰਗ ਅਤੇ ਸ਼ੈਲੀ ਦੀਆਂ ਸੂਚਕ ਹਨ। ਇਹ ਸਭ ਮਿਹਰਬਾਨ ਦੀ ਕਲਮ ਦਾ ਚਮਤਕਾਰ ਹੈ। ਹਰਿ ਜੀ ਜਾਂ ਚਤਰਭੁਜ ਦਾ ਉਸੇ ਪੱਧਰ ਦੀ ਰਚਨਾ ਕਰ ਸਕਣਾ ਜੋ ਮਿਹਰਬਾਨ ਦਾ ਸੀ ਜੇ ਅਸੰਭਵ ਨਹੀਂ ਤਾਂ ਅਤੀ ਕਠਨ ਜ਼ਰੂਰ ਹੈ।

ਮਿਹਰਬਾਨ ਦੇ ਜੀਵਨ ਦੇ ਅੰਤਲੇ 20 ਸਾਲ ਯਾਤਰਾ ਦੀ ਹਾਲਤ ਵਿਚ ਬਤੀਤ ਹੋਏ ਸਿਧ ਹੁੰਦੇ ਹਨ।[3] ਕਾਂਗੜੇ ਦੀਆਂ ਰਿਆਸਤਾਂ ਅਤੇ ਮੈਦਾਨੀ ਇਲਾਕੇ ਦੀ ਯਾਤਰਾ ਵਿਚ ਉਸ ਦੇ ਕਾਫ਼ੀ ਸਾਲ ਬੀਤੇ ਅਤੇ ਅਖ਼ੀਰ ਤੇ ਆਪਣੇ ਰਿਹਾਇਸ਼ੀ ਪਿੰਡ ਮੁਹੰਮਦੀ-ਪੁਰ (ਤਹਿਸੀਲ ਕਸੂਰ) ਵਿਚ ਹੀ ਦੇਹਾਂਤ ਹੋਇਆ। ਇਸ ਲਈ ਅਨੁਮਾਨ ਹੈ ਕਿ ਉਸ ਨੂੰ ਦੂਜੀ ਤੇ ਤੀਜੀ ਪੋਥੀ ਸੋਧਣ ਤੇ ਲਿਖਵਾਣ ਦਾ ਸਮਾਂ ਨਹੀਂ ਸੀ ਮਿਲ ਸਕਿਆ। ਤਵਾਰੀਖ਼ ਸਿੱਖਾਂ (ਖੁਸ਼ਵਕਤ ਰਾਇ) ਅਤੇ ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ) ਦੇ ਹਵਾਲੇ ਨਾਲ ਡਾ: ਕਿਰਪਾਲ ਸਿੰਘ ਨੇ ਭੂਮਿਕਾ ਦੇ ਵਿਚ ਲਿਖਿਆ ਹੈ ਕਿ 1595 ਈ. ਵਿਚ ਜਦ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਹਰ ਗੋਬਿੰਦ ਜੀ ਦਾ ਜਨਮ ਹੋਇਆ ਤਾਂ ਪ੍ਰਿਥੀ ਚੰਦ ਗੁਰੂ ਗਦੀ ਵਲੋਂ ਨਿਰਾਸ ਹੋ ਕੇ ਆਪਣੇ ਸਹੁਰੇ ਪਿੰਡ ਹੇਹਰ (ਜ਼ਿਲਾ ਲਾਹੌਰ) ਜਾ ਵਸਿਆ।[4] ਉਦੋਂ ਤੋਂ ਹੀ ਪ੍ਰਿਥੀ ਚੰਦ ਧੜੇ ਦਾ ਅੰਮ੍ਰਿਤਸਰ ਵਿਚੋਂ ਜ਼ੋਰ ਘਟਣਾ ਸ਼ੁਰੂ ਹੋ ਗਿਆ ਸੀ। ਫਿਰ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਗਵਾਲੀਅਰ ਕਿਲ੍ਹੇ ਤੋਂ ਵਾਪਸ ਆ ਕੇ ਆਪਣੀ ਸੈਨਿਕ ਸ਼ਕਤੀ ਭਰਪੂਰ ਕੀਤੀ ਤਾਂ ਇਹ ਪ੍ਰਿਥੀ ਚੰਦ-ਮਿਹਰਬਾਨ ਧੜਾ ਹੋਰ ਵੀ ਭੈ-ਭੀਤ ਹੋ ਕੇ ਇਧਰ ਉਧਰ ਪਹਾੜੀ ਇਲਾਕਿਆਂ ਦੀ ਓਟ ਲੈਣ ਲਗਾ ਹੋਵੇਗਾ। ਸੋ ਅਜਿਹੇ ਹਾਲਾਤ ਵਿਚ ਮਿਹਰਬਾਨ ਨੂੰ ਵਿਹਲ ਕਿਵੇਂ ਮਿਲ ਸਕਦੀ ਸੀ ?

## ਮੁਲਅੰਕਣ

ਜਨਮ ਸਾਖੀ ਮਿਹਰਬਾਨ ਦੀ ਮਹੱਤਾ ਹੇਠ ਲਿਖੇ ਪੱਖਾਂ ਤੋਂ ਨਿਸਚਿਤ ਕੀਤੀ ਜਾ ਸਕਦੀ ਹੈ।

1. ਧਾਰਮਿਕ
2. ਅਧਿਆਤਮਕ
3. ਸਾਹਿੱਤਕ

ਅਸੀਂ ਇਹਨਾਂ ਤਿੰਨਾਂ ਪੱਖਾਂ ਨੂੰ ਕ੍ਰਮਵਾਰ ਵਿਚਾਰਦੇ ਹਾਂ।

## ਧਾਰਮਿਕ ਪੱਖ ਤੋਂ

ਮਿਹਰਬਾਨ ਗੁਰੂ ਘਰ ਦਾ ਵੰਸ਼ਜ ਸੀ, ਗੁਰੂ ਰਾਮਦਾਸ ਜੀ ਦਾ ਪੋਤਰਾ ਤੇ ਗੁਰੂ ਅਰਜਨ ਦੇਵ ਜੀ ਦੇ ਵਡੇ ਭਰਾ ਪ੍ਰਿਥੀ ਚੰਦ ਦਾ ਪੁੱਤਰ। ਪ੍ਰਿਥੀ ਚੰਦ ਗੁਰੂ ਗੱਦੀ ਦਾ ਆਪਣੇ ਆਪ ਨੂੰ ਹੱਕਦਾਰ ਜਾਂ ਅਧਿਕਾਰੀ ਸਮਝਦਾ ਸੀ। ਇਸ ਲਈ ਉਸ ਨੇ ਵਿਖਾਦ ਰਚਾਇਆ ਅਤੇ ਈਰਖਾ ਦੀ ਅੱਗ ਬਾਲੀ। ਇਕ ਵਿਰੋਧੀ ਧੜਾ ਬਣਾ ਕੇ ਗੁਰੂ ਅਰਜਨ ਸਾਹਿਬ ਦੀ ਘੋਰ (ਤੇ ਹਿੰਸਾ ਦੀ ਹੱਦ ਤਕ ਪਹੁੰਚੀ ਹੋਈ) ਵਿਰੋਧਤਾ ਕਰਦਾ ਰਿਹਾ। ਇਥੋਂ ਤਕ ਕਿ ਗੁਰੂ ਅਰਜਨ ਸਾਹਿਬ ਅੰਮ੍ਰਿਤਸਰ (ਚੱਕ ਰਾਮਦਾਸ ਜਾਂ ਰਾਮਦਾਸਪੁਰ) ਨੂੰ ਛੱਡ ਕੇ ਕਈ ਸਾਲ ਗੁਰੂ ਕੀ ਵਡਾਲੀ ਪਿੰਡ ਵਿਚ ਜਾ ਵੱਸੇ ਸਨ। ਪ੍ਰਿਥੀ ਚੰਦ ਨੇ ਗੁਰੂ ਦੇ ਵਿਰੁੱਧ ਜਹਾਂਗੀਰ ਬਾਦਸ਼ਾਹ ਪਾਸ ਕਈ ਸ਼ਕਾਇਤਾਂ ਤੇ ਮੁਕੱਦਮੇ ਪੇਸ਼ ਕੀਤੇ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਕਾਰਨਾਂ ਵਿਚੋਂ ਇਕ ਵੱਡਾ ਕਾਰਨ ਪ੍ਰਿਥੀ ਚੰਦ ਦੀਆਂ ਰਾਜਸੀ ਸਾਜ਼ਸ਼ਾਂ ਸਨ। ਮਿਹਰਬਾਨ ਨੂੰ ਗੱਦੀ ਤੇ ਬਿਠਾਣ ਲਈ ਪੂਰਾ ਤਰਾਣ ਲਗਾਇਆ ਗਿਆ। ਸੋ ਅਵੱਸ਼ ਮਿਹਰਬਾਨ ਗੁਰੂ ਘਰ ਦਾ ਵਿਰੋਧੀ ਤੇ ਗੱਦੀ ਦਾ ਦਾਹਵੇਦਾਰ (rival claimant) ਸੀ। ਇਹ ਇਤਿਹਾਸਕ ਪਿਛੋਕੜ ਜਨਮ ਸਾਖੀ ਮਿਹਰਬਾਨ ਦਾ ਧਾਰਮਕ ਪੱਖ ਨਿਸਚਿਤ ਕਰਨ ਲਈ ਜਾਣਨਾ ਤੇ ਵਿਚਾਰਨਾ ਜ਼ਰੂਰੀ ਹੈ।

ਮਿਹਰਬਾਨ ਇਕ ਕਵੀ ਸੀ ਤੇ ਕਵਿਤਾ ਰਚਦਾ ਸੀ, ਪਰ ਇਸ ਲਈ ਕਿ ਉਹ ਗੁਰੂ ਅਖਵਾਏ ਤੇ ਗੁਰੂ ਹੋਣ ਦਾ ਸਬੂਤ ਬਾਣੀ ਰਚਣ ਦੇ ਰੂਪ ਵਿਚ ਦੇਵੇ। ਉਸ ਵੇਲੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਖਿਆਲ ਪ੍ਰਚਲਿਤ ਸੀ ਕਿ ਗੁਰੂ ਬਾਣੀ ਜ਼ਰੂਰ ਰਚਦਾ ਹੈ, ਅਰਥਾਤ ਸਾਹਿਬੁਲ-ਕਲਾਮ ਹੁੰਦਾ ਹੈ। ਮਿਹਰਬਾਨ ਦੇ ਸਮੇਂ ਤਕ ਹੋਏ ਪਹਿਲੇ ਪੰਜ ਗੁਰੂ ਸਾਹਿਬਾਨ ਗੁਰੂ-ਕਵੀ ਸਨ। ਗੁਰੂ ਹਰਿਗੋਬਿੰਦ ਸਾਹਿਬ ਦਾ ਬਾਣੀ ਨਾ ਰਚਨਾ ਪਿਛੋਂ ਦੀ ਗੱਲ ਹੈ। ਸੋ ਮਿਹਰਬਾਨ ਜਾਣ ਬੁਝਕੇ ਗੁਰੂ ਅਖਵਾਉਣ ਲਈ ਤੇ ਅਸਲ ਗੁਰਬਾਣੀ ਵਿਚ ਰਲਾ ਤੇ ਮਿਲਾਵਟ ਉਪਜਾਣ ਲਈ ਕਵਿਤਾ ਰਚਦਾ ਸੀ, ਤੇ ਕਵੀ ਛਾਪ 'ਨਾਨਕ' ਦੀ ਵਰਤੋਂ ਕਰਦਾ ਸੀ। ਮੈਂ ਇਸ ਗੱਲ ਨਾਲ ਉੱਕਾ ਹੀ ਸਹਿਮਤ ਨਹੀਂ ਕਿ ਮਿਹਰਬਾਨ ਆਪਣੇ ਆਪ ਨੂੰ 'ਨਾਨਕ ਦਾਸ' ਅਖਵਾਉਣ ਲਈ ਨਾਨਕ ਕਵੀ ਛਾਪ ਵਰਤਦਾ ਹੈ, ਜਿਵੇਂ ਕਿ ਇਕ ਦੋ ਲੇਖਕਾਂ ਨੇ ਖ਼ਾਹਮਖ਼ਾਹ ਇਸ ਇਤਿਹਾਸਕ ਤੇ ਸਾਹਿਤਕ ਸਚਾਈ ਉਤੇ ਪਰਦਾ ਪਾਣ ਲਈ ਤੇ ਮਿਹਰਬਾਨ ਨੂੰ ਗੁਰੂ ਘਰ ਦਾ ਸ਼ਰਧਾਲੂ ਸਿੱਧ ਕਰਨ ਲਈ ਐਵੇਂ ਮਨਘੜਤ ਦਲੀਲਾਂ ਬਣਾ ਕੇ ਭੂਮਿਕਾ, ਜਨਮ ਸਾਖੀ ਮਿਹਰਬਾਨ, ਭਾਗ ਪਹਿਲਾ, ਵਿਚ ਲਿਖ ਦਿਤਾ ਹੈ।[5]

ਗੁਰੂ ਨਾਨਕ ਸਾਹਿਬ ਜੇ ਆਪਣੇ ਆਪ ਨੂੰ ਗਰੀਬ, ਦਾਸ, ਵਿਚਾਰਾ, ਆਦਿ ਆਖ ਕੇ ਨਿਮਰਤਾ-ਭਾਵ ਪ੍ਰਗਟ ਕਰਦੇ ਹਨ ਤਾਂ ਇਹ ਹੋਰ ਗੱਲ ਹੈ। ਮਿਹਰਬਾਨ ਦਾ 'ਨਾਨਕ' ਛਾਪ ਵਰਤ ਲੈਣਾ ਗੁਰੂ ਆਸ਼ੇ ਦੀ ਘੋਰ ਉਲੰਘਣਾ ਹੈ। ਸਿਵਾਏ ਗੁਰੂ ਵਿਅਕਤੀਆਂ ਦੇ ਕੋਈ ਮਨੁੱਖ ਸਦੀਵ ਕਾਲ ਤਕ ਕਦੀ ਵੀ ਇਹ ਛਾਪ ਨਹੀਂ ਵਰਤ ਸਕਦਾ। ਮੈਂ ਹੈਰਾਨ ਹਾਂ ਕਿ ਕਈ ਧਾਰਮਿਕ ਵਿਦਵਾਨ ਇਕ ਸੂਰਜ ਵਰਗੀ ਪ੍ਰਗਟ ਸਚਾਈ ਉਤੇ ਓਹਲਾ ਜਾਂ ਪਰਦਾ ਪਾਣ ਲਗ ਪੈਂਦੇ ਹਨ। ਇਹ ਕੇਵਲ ਦਲੀਲਬਾਜ਼ੀ ਹੈ, ਗੁਰੂ ਆਸ਼ੇ ਨਾਲ ਬੇ-ਇਨਸਾਫ਼ੀ ਹੈ, ਜੋ ਸਿੱਖ ਕਦੀ ਵੀ ਪਰਵਾਨ ਨਹੀਂ ਕਰਨਗੇ। 'ਨਾਨਕ' ਛਾਪ ਵਰਤਣ ਵਾਲਾ ਕੋਈ ਵੀ ਹੋਰ ਮਨੁੱਖ ਗੁਰੂ-ਅਵੱਗਿਆ ਦੇ ਬੱਜਰ ਪਾਪ ਤੋਂ ਬਚ ਨਹੀਂ ਸਕਦਾ।

ਏਥੇ ਤਾਂ ਗੱਲ ਹੀ ਹੋਰ ਸੀ। ਕੱਚੀ ਬਾਣੀ, ਜਾਣ ਬੁਝ ਕੇ, ਮਿੱਥ ਕੇ ਰਚੀ ਜਾ ਰਹੀ ਸੀ। ਰਚਣ ਵਾਲਾ "ਮਹਾਂ ਕਵੀ" ਮਿਹਰਬਾਨ ਸੀ। ਪ੍ਰਿਥੀ ਚੰਦ ਤਾਂ ਸਾਜ਼ਸ਼ਾਂ ਦੀ ਉਧੇੜ ਬਣ ਵਿਚ ਹੀ ਲਗਾ ਰਹਿੰਦਾ ਸੀ। ਹੁਣ ਤਾਂ ਸਾਰਾ ਸੰਸਾਰ ਇਸ ਗੱਲ ਤੋਂ ਜਾਣੂ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੇਵਲ ਬਾਣੀ ਨੂੰ ਪ੍ਰਮਾਨਿਤ ਅਤੇ ਸ਼ੁਧ ਰੂਪ ਵਿਚ ਸੁਰੱਖਿਅਤ ਰਖਣ ਲਈ ਅਤੇ ਰਲੇ ਮਿਲਾਵਟ ਤੋਂ ਬਚਾਣ ਲਈ ਕੀਤੀ ਗਈ ਸੀ। ਭਾਈ ਗੁਰਦਾਸ ਜੀ ਦੀ ਕਾਵਿ-ਰਚਨਾ ਦਾ ਮੂਲ ਆਸ਼ਾ ਵੀ ਗੁਰੂ ਉਸਤਤਿ ਤੇ ਸਿੱਖੀ ਜਾਂ ਗੁਰਮਤ ਦੀ ਵਿਆਖਿਆ ਤੋਂ ਛੁਟ ਗੁਰੂ ਨਿੰਦਕਾਂ (ਪ੍ਰਿਥੀ ਚੰਦ-ਮਿਹਰਬਾਨ ਧੜੇ) ਦੀ ਨਿਖੇਧੀ ਕਰਨਾ ਵੀ ਸੀ। ਸੋ ਮਿਹਰਬਾਨ ਦੇ 'ਨਾਨਕ' ਛਾਪ ਵਰਤਣ ਵਿਚ ਇਕ ਸਾਜ਼ਸ਼ ਸੀ, ਇਕ ਚਾਲ ਸੀ।

ਜਨਮ ਸਾਖੀ ਮਿਹਰਬਾਨ ਨੂੰ ਗਹੁ ਨਾਲ ਪੜ੍ਹੀਏ ਤਾਂ ਗੁਰਬਾਣੀ ਵਿਚ ਮਿਲਾਵਟ ਕਰਨ ਦੀ ਰੁਚੀ ਤੇ ਮਿਹਰਬਾਨ ਦੀ ਆਪਣੀ ਬਾਣੀ ਸ਼ਾਮਲ ਕਰਨ ਦੀ ਰੀਝ ਪਰਤੱਖ ਪ੍ਰਗਟ ਹੋ ਜਾਂਦੀ ਹੈ। ਇਸ ਨੂੰ "ਸੰਤ ਬਾਣੀ" ਆਖ ਕੇ ਵਡਿਆਣਾ ਇਕ ਅਜੇਹੀ ਖੁਲ੍ਹ-



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਲੀ ਹੈ ਜੋ ਧਰਮ ਨੂੰ ਅਧਰਮ ਤੇ ਗੁਰਮਤਿ ਨੂੰ ਮਨਮਤ ਨਾਲ ਇਕ-ਮਿਕ ਕਰ ਦੇਣ ਦੇ ਤੁੱਲ ਹੈ।[6]

ਸੋ ਧਾਰਮਕ ਆਸ਼ੇ ਤੋਂ ਤਾਂ ਇਹ ਰਚਨਾ ਸਿੱਖਾਂ ਨੂੰ ਚਕ੍ਰਿਤ ਤੇ ਸੁਚੇਤ ਕਰਨ ਵਾਲੀ ਹੈ, ਨਾ ਕਿ ਇੰਨ ਬਿੰਨ ਪਰਵਾਨ ਕੀਤੀ ਜਾਣ ਵਾਲੀ। ਥਾਂ ਪਰ ਥਾਂ ਅਸ਼ੁਧ ਗੁਰਬਾਣੀ ਅੰਕਿਤ ਕੀਤੀ ਗਈ ਹੈ। ਹਰ ਗੋਸ਼ਟੀ ਦੇ ਅਖੀਰ ਤੇ ਮਿਹਰਬਾਨ ਦਾ ਆਪਣਾ ਸਲੋਕ ਹੈ, ਜਿਸ ਵਿਚ 'ਨਾਨਕ' ਕਵੀ ਛਾਪ ਦੀ ਵਰਤੋਂ ਹੈ। ਮਨੁੱਖੀ ਮਨੋਵਿਗਿਆਨ ਇਹ ਹੈ ਕਿ ਜੇ ਠੀਕ ਨੂੰ ਗ਼ਲਤ ਬਣਾ ਕੇ ਪੇਸ਼ ਕੀਤਾ ਜਾਏ ਤਾਂ ਇਹ ਗ਼ਲਤ ਪਰਪੱਕ ਹੋ ਜਾਏਗਾ ਤੇ ਇਸ ਗ਼ਲਤ ਨੂੰ ਫਿਰ ਠੀਕ ਕਰਨਾ ਬਹੁਤ ਕਠਿਨ, ਲਗ ਭਗ ਅਸੰਭਵ ਹੋ ਜਾਏਗਾ। ਇਸ ਲਈ ਗੁਰਮਤ ਤੇ ਗੁਰਬਾਣੀ ਨੂੰ ਸ਼ੁਧ ਰੱਖਣਾ ਅਤਿ ਆਵੱਸ਼ਕ ਹੈ। ਮੈਂ ਇਸ ਰਲੇ ਤੇ ਮਿਲਾਵਟ ਵਾਲੀ ਰਚਨਾ ਸਿੱਖ ਧਰਮ ਲਈ ਅਤੀ ਹਾਨੀਕਾਰਕ ਸਮਝਦਾ ਹਾਂ। ਮੇਰੇ ਨਿੱਜੀ ਵਿਚਾਰ ਵਿਚ ਗੁਰਬਾਣੀ ਨੂੰ ਸ਼ੁਧ ਕਰਕੇ ਅਤੇ ਮਿਹਰਬਾਨ ਦੀ ਬਾਣੀ ਨੂੰ ਵੱਖ ਕਰਕੇ ਇਹ ਰਚਨਾ ਛਾਪਣੀ ਚਾਹੀਦੀ ਸੀ। ਮਿਹਰਬਾਨ ਦੇ ਸਾਰੇ ਸਲੋਕ ਕਾਵਿ-ਵੰਨਗੀ ਵਜੋਂ ਜਾਂ "ਸੰਤ ਬਾਣੀ" ਵਜੋਂ ਅੰਤਕਾਂ ਦੇ ਰੂਪ ਵਿਚ ਛਾਪੇ ਜਾ ਸਕਦੇ ਸਨ।

ਜੋ ਧਾਰਮਕ ਦੇਣ ਗੁਰੂ ਨਾਨਕ ਸਾਹਿਬ ਦੇ ਜੀਵਨ ਚਰਿੱਤ੍ਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨ ਦੀ ਇਸ ਰਚਨਾ ਵਿਚੋਂ ਪ੍ਰਮਾਣਿਤ ਹੁੰਦੀ ਹੈ, ਉਹ ਵੀ ਕਾਫ਼ੀ ਹੱਦ ਤਕ ਅਸ਼ੁਧ ਗੁਰਬਾਣੀ ਅਤੇ ਕੱਚੀ ਬਾਣੀ ਦੇ ਅਵੱਗਿਆ ਰੂਪ ਦਰਸ਼ਨ ਕਰਕੇ ਸ਼ੰਕਾਪੂਰਤ (dubious) ਹੋ ਨਿਬੜਦੀ ਹੈ।

## ਅਧਿਆਤਮਕ ਪੱਖ ਤੋਂ

ਗੁਰਬਾਣੀ ਦਾ ਟੀਕਾ ਜਾਂ ਪਰਮਾਰਥ ਰਚਣ ਦਾ ਆਸ਼ਾ ਅਧਿਆਤਮਕ ਹੁੰਦਾ ਹੈ। ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਤਕ ਪਰਮਾਰਥ ਰਚਣ ਦਾ ਰਿਵਾਜ ਪ੍ਰਚਲਿਤ ਹੋ ਚੁਕਿਆ ਸੀ। ਉਸ ਕਾਲ ਦੇ ਕਈ ਪਰਮਾਰਥ, ਟੀਕੇ, ਗੋਸ਼ਟੀਆਂ, ਸਾਖੀਆਂ ਆਦਿ ਦਾ ਉਲੇਖ ਡਾਕਟਰ ਮੋਹਨ ਸਿੰਘ ਦੀਵਾਨਾ ਨੇ ਕੀਤਾ ਹੈ।[7] ਇਹਨਾਂ ਸਭਨਾਂ ਦਾ ਆਸ਼ਾ ਗੁਰਮਤ ਤੇ ਗੁਰਬਾਣੀ ਦੀ ਵਿਆਖਿਆ ਕਰਕੇ ਇਹਨਾਂ ਦਾ ਮਹਾਤਮ ਨਿਸਚਿਤ ਕਰਨਾ ਹੁੰਦਾ ਸੀ, ਜਿਸ ਦੀ ਤਹਿ ਵਿਚ ਧਾਰਮਕ ਅਤੇ ਅਧਿਆਤਮਕ ਉਪਦੇਸ਼ ਤੇ ਸਿਖਿਆ ਹੁੰਦੇ ਸਨ। ਜਨਮ ਸਾਖੀ ਮਿਹਰਬਾਨ ਵੀ ਏਸੇ ਆਸ਼ੇ ਤੇ ਉਦੇਸ਼ ਨੂੰ ਮੁੱਖ ਰੱਖ ਕੇ ਕੀਤੀ ਗਈ ਰਚਨਾ ਹੈ।

ਇਸ ਰਚਨਾ ਦਾ ਸਮੁੱਚਾ ਰੂਪ ਨਿਸਚਿਤ ਜਾਂ ਨਿਰਮਾਣਿਤ ਕਰਨ ਵਾਲੇ ਤਿੰਨ ਅੰਗ ਹਨ (1) ਸਾਖੀ (2) ਪਰਮਾਰਥ ਅਤੇ (3) ਗੋਸ਼ਟੀ। ਇਨ੍ਹਾਂ ਤਿੰਨਾਂ ਦੇ ਸੁਮੇਲ ਤੋਂ ਰਚਨਾ ਬਣਦੀ ਹੈ, ਉਸ ਨੂੰ ਅਸੀਂ ਜਨਮ-ਸਾਖੀ ਦਾ ਨਾਂ ਦੇਂਦੇ ਹਾਂ। ਇਹ ਨਾਂ ਅਜੀਬ ਹੈ ਜਾਂ ਇਉਂ ਕਹੋ, ਅਦਭੁਤ ਹੈ। ਇਹ ਗੁਰੂ ਨਾਨਕ ਸਾਹਿਬ ਦੇ ਕੇਵਲ ਜਨਮ ਦੀ ਸਾਖੀ ਜਾਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰਤਾ ਨਹੀਂ, ਸਗੋਂ ਸਾਰੇ ਜੀਵਨ ਦੀ ਵਾਰਤਾ ਹੈ । ਸਾਖੀ ਦਾ ਭਾਵ ਹੁੰਦਾ ਹੈ ਗਵਾਹੀ, ਜਾਂ ਅੱਖੀਂ ਡਿਠੇ ਪ੍ਰਮਾਣਿਤ ਸਮਾਚਾਰ, ਪਰਤੱਖ ਕੀਤੇ ਹੋਏ, ਨਿਸਚਿਤ ਕਿਸਮ ਦੇ ਹਾਲਾਤ । ਮੇਰਾ ਵਿਚਾਰ ਇਹ ਹੈ ਕਿ ਜਨਮ ਸਾਖੀ ਨਾਮ ਇਸ ਲਈ ਪਿਆ ਕਿ ਗੁਰੂ ਨਾਨਕ ਸਾਹਿਬ (ਜਾਂ ਕਿਸੇ ਵੀ ਮਹਾਨ ਅਧਿਆਤਮਕ ਪੁਰਸ਼ ਦਾ) ਆਗਮਨ ਤੇ ਜਨਮ ਹੀ ਉਸ ਦਾ ਜੀਵਨ ਚਰਿਤ੍ਰ ਹੈ। ਜਨਮ ਕੀ ਹੈ? ਸੰਸਾਰ ਦੀ ਯਾਤਰਾ, ਮਾਤ-ਲੋਕ ਦੀ ਯਾਤਰਾ। ਇਕ ਅਗੰਮੀ ਪੁਰਸ਼ ਜਦ ਮਾਤ-ਲੋਕ ਵਿਚ ਜਨਮ ਲੈਂਦਾ ਹੈ ਤੇ ਕੁਝ ਸਾਲਾਂ ਲਈ ਸਰੀਰਕ ਰੂਪ ਵਿਚ ਜੀਵਤ ਰਹਿੰਦਾ ਹੈ, ਤਾਂ ਇਹ ਕੇਵਲ ਇਕ ਜਨਮ ਹੈ, ਇਕ ਪਰਕਾਸ਼ ਹੈ। ਆਤਮਕ ਖੇਤਰਾਂ ਦੀ ਜਾਂ ਸੰਸਾਰ ਦੀ ਸਦੀਵਤਾ ਦੇ ਪੱਖ ਤੋਂ ਇਹ ਇਕ ਉੱਕਾ ਹੀ ਅਲਪ-ਕਾਲੀ ਜੀਵਨ ਹੁੰਦਾ ਹੈ। ਨਾਲੇ ਅਗੰਮੀ ਪੁਰਸ਼ ਦਾ ਜਨਮ ਹੀ ਉਸ ਦੀ ਪੂਰਨ ਸਚਾਈ ਹੈ। ਮੌਤ ਜਾਂ ਕਾਲ ਤਾਂ ਉਸ ਨੂੰ ਪੋਂਹਦਾ ਹੀ ਨਹੀਂ। ਇਸ ਲਈ ਉਸ ਦਾ ਜਨਮ ਉਸ ਦੇ ਜੀਵਨ ਦਾ ਇਕ ਪ੍ਰਤੀਕ ਹੈ।

ਜਨਮ ਸਾਖੀਆਂ ਦੀ ਮੁਢਲੀ ਸਚਾਈ ਅਧਿਆਤਮਕ ਹੁੰਦੀ ਹੈ, ਯਥਾਰਥਕ ਨਹੀਂ ਹੁੰਦੀ, ਨਾ ਹੀ ਨਿਰੋਲ ਇਤਿਹਾਸਕ। ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਹਰ ਘਟਨਾ ਆਤਮਕ ਪੱਧਰ ਤੇ ਪ੍ਰਤੀਪਾਦਿਤ ਹੁੰਦੀ ਹੈ। ਇਹ ਇਕ ਸਾਧਾਰਨ ਜੀਵਨ ਘਟਨਾ ਨਹੀਂ ਹੁੰਦੀ। ਇਸ ਲਈ ਹਰ ਜੀਵਨ ਘਟਨਾ ਨਾਲ ਅਧਿਆਤਮਕ ਰਮਜ਼ਾਂ ਜਾਂ ਰਹੱਸਾਂ ਨੂੰ ਜੋੜਿਆ ਜਾਂਦਾ ਹੈ। ਧੁਰੋਂ ਹੀ ਇਹ ਅਗੰਮੀ ਆਸ਼ੇ ਦੇ ਜੀਵਨ-ਤੱਥ ਅਤੇ ਅਧਿਆਤਮਕ-ਤੱਥ ਸਦਾ ਪਰਸਪਰ ਤੌਰ ਤੇ ਜੁੜੇ ਹੋਏ ਹੁੰਦੇ ਹਨ।

ਜਦ ਇਹ ਅਧਿਆਤਮਕ ਪੱਖ ਗੁਰਬਾਣੀ ਦੀ ਵਿਆਖਿਆ ਜਾਂ ਸੰਬੰਧ ਦਾ ਰੂਪ ਧਾਰਨ ਕਰਦਾ ਹੈ ਤਾਂ ਇਸ ਨੂੰ ਪਰਮਾਰਥ ਕਹਿੰਦੇ ਹਨ। ਜਦ ਇਹ ਪੱਖ ਦੋ ਵਿਅਕਤੀਆਂ ਦੇ ਪਰਸਪਰ ਸੰਬਾਦ, ਗੱਲ ਬਾਤ, ਮਿਲ ਭਿੱਟ (ਡਾ. ਦੀਵਾਨਾ ਦੇ ਸ਼ਬਦਾਂ ਵਿਚ) ਰਾਹੀਂ ਪ੍ਰਗਟ ਹੋਵੇ ਤਾਂ ਇਸ ਨੂੰ ਗੋਸ਼ਟ ਕਹਿੰਦੇ ਹਨ। ਇਸ ਸੰਬਾਦ ਵਿਚੋਂ ਕਿਸੇ ਅਧਿਆਤਮਕ ਰਮਜ਼ ਜਾਂ ਪਰਮਾਰਥ' ਦਾ ਆਸ਼ਾ ਪੂਰੇ ਨਾਟਕੀ ਜ਼ੋਰ ਨਾਲ ਉਘੜਦਾ ਹੈ। ਗੁਰੂ ਨਾਨਕ ਅਤੇ ਹੋਰ ਗੁਰੂ ਸਾਹਿਬਾਨ ਦਾ ਉਪਦੇਸ਼ਾਤਮਕ ਢੰਗ ਸੰਪਾਦਕ ਤੇ ਨਾਟਕੀ ਸੀ। ਅਧਿਆਤਮਕ ਰਮਜ਼ਾਂ ਗੱਲ ਬਾਤ (ਵਾਰਤਾਲਾਪ) ਤੇ ਰਹੱਸਮਈ ਕਾਰਜਾਂ ਜਾਂ ਸੰਕੇਤਾਂ ਰਾਹੀਂ ਸੁਝਾਈਆਂ ਜਾਂਦੀਆਂ ਸਨ। ਮਿਹਰਬਾਨ ਦੀ ਜਨਮ ਸਾਖੀ ਵਿਚ ਹਰ ਵਾਰਤਾ, ਸਾਖੀ ਜਾਂ ਕਹਾਣੀ ਇਕ ਗੋਸ਼ਟੀ ਹੈ, ਇਕ ਸੰਬਾਦ ਹੈ ਤੇ ਹਰ ਗੋਸ਼ਟੀ ਵਿਚ ਗੁਰਬਾਣੀ ਦੀ ਜ਼ਰੂਰ ਅਧਿਆਤਮਕ ਮਹੱਤਾ ਜਾਂ ਪਰਮਾਰਥ ਦਸਿਆ ਹੈ। ਪੁਰਾਤਨ ਜਨਮ ਸਾਖੀ ਵਿਚ ਵੀ ਇਹ ਰੁਚੀ ਹੈ, ਬਾਲੇ ਵਾਲੀ ਜਨਮ ਸਾਖੀ ਵਿਚ ਵੀ, ਪਰ ਜਨਮ ਸਾਖੀ ਮਿਹਰਬਾਨ ਵਿਚ ਇਹ ਰੁਚੀ ਸਭ ਤੋਂ ਵਧੇਰੇ ਹੈ। ਗੁਰਬਾਣੀ, ਜ਼ਰੂਰੀ ਨਹੀਂ ਕਿ ਕਿਸੇ ਪਰਸੰਗ ਜਾਂ ਸਥਿਤੀ ਦੇ ਪ੍ਰਥਾਏ ਹੀ ਰਚੀ ਗਈ ਹੋਵੇ। ਪਰ ਅਧਿਆਤਮਕ ਆਸ਼ੇ ਤੋਂ ਮਿਹਰਬਾਨ, ਅਵੱਸ਼ ਹੀ,



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸੇ ਸੰਬਾਦ ਜਾਂ ਗੋਸ਼ਟੀ ਨਾਲ ਰਲਦੇ ਮਿਲਦੇ ਭਾਵਾਂ ਵਾਲੀ ਗੁਰਬਾਣੀ (ਜਿਵੇਂ ਕੋਈ ਲੰਮੀ ਬਾਣੀ, ਜਪੁਜੀ, ਸਿਧ ਗੋਸ਼ਟ ਜਾਂ ਪੱਟੀ) ਨੂੰ ਵਾਰਤਾ ਦੇ ਨਾਲ ਸ਼ਾਮਲ ਕਰ ਲੈਂਦਾ ਹੈ ਤੇ ਫਿਰ ਉਸ ਦੀ ਭਰਪੂਰ ਵਿਆਖਿਆ ਕਰ ਦੇਂਦਾ ਹੈ। ਵਾਰਤਾ, ਘਟਨਾ ਜਾਂ ਇਤਿਹਾਸ ਨੂੰ ਗੁਰਬਾਣੀ ਨਾਲ ਜੋੜਨ ਦਾ ਆਸ਼ਾ ਤੇ ਰੁਚੀ ਨਿਰੋਲ ਅਧਿਆਤਮਕ ਹੈ। ਇਸ ਲਈ ਇਹ ਕਹਿਣਾ ਅੱਤਕਥਨੀ ਨਹੀਂ ਹੋਵੇਗੀ ਜੇ ਅਸੀਂ ਮਿਹਰਬਾਨ ਦੀ ਇਸ ਰਚਨਾ ਨੂੰ ਇਕ ਮਹਾਨ ਅਧਿਆਤਮਕ ਗ੍ਰੰਥ ਦਾ ਨਾਂ ਦੇਈਏ।

ਅਧਿਆਤਮਕ ਆਸ਼ੇ ਤੋਂ ਕੀਤੀ ਹੋਈ ਗੁਰਬਾਣੀ ਦੀ ਵਿਆਖਿਆ (ਪਰਮਾਰਥ) ਆਤਮਕ ਅਨੁਭਵ ਦੀ ਮੰਗ ਕਰਦੀ ਹੈ। ਸਗੋਂ ਰਹੱਸਵਾਦੀ ਅਨੁਭਵ ਦੀ ਵੀ। ਮਿਹਰਬਾਨ ਵਿਚ ਇਹ ਅਨੁਭਵ-ਰੂਪ ਯੋਗਤਾ ਅਤੇ ਪ੍ਰਾਪਤੀ ਕਾਫ਼ੀ ਡੂੰਘੀ ਤੇ ਵਿਸ਼ਾਲ ਪ੍ਰਤੀਤ ਹੁੰਦੀ ਹੈ। ਉਹ ਇਕ ਪ੍ਰਮਾਣਿਤ ਵਿਦਵਾਨ ਸੀ। ਆਤਮਕ ਰਮਜ਼ਾਂ ਨੂੰ ਸਮਝਣ ਦੀ ਸਮਰਥਾ ਰਖਦਾ ਸੀ। ਚੰਗਾ ਸੁਚੱਜਾ ਕਥਾਕਾਰ-ਟੀਕਾਕਾਰ ਅਤੇ ਬੇਮਿਸਾਲ ਵਰਣਨਸ਼ੀਲ ਤੇ ਚਿਤਰਨ-ਨਿਪੁੰਨ ਲੇਖਕ ਸੀ। ਸਾਹਿਤਕ ਯੋਗਤਾ ਉਸ ਵਿਚ ਸਿਖਰਲੇ ਦਰਜੇ ਦੀ ਸੀ। ਇਸ ਲਈ ਅਧਿਆਤਮਕ ਵਾਤਾਵਰਨ ਉਪਜਾਣ ਅਤੇ ਆਤਮਕ ਰਮਜ਼ਾਂ ਉਘਾੜਨ ਵਿਚ ਬਹੁਤ ਸਫਲ ਹੋਇਆ ਹੈ। ਕਲਪਨਾ ਸ਼ਕਤੀ ਤੋਂ ਉਸ ਨੇ ਰੱਜ ਕੇ ਕੰਮ ਲਿਆ ਹੈ। ਆਤਮਕ ਖੇਤਰਾਂ ਅਤੇ ਮੰਡਲਾਂ ਨੂੰ ਮੂਰਤੀਮਾਨ ਕਰਨ ਵਿਚ ਉਹ ਆਪਣੀ ਯੋਗਤਾ ਦੀ ਸਿਖਰ ਉਤੇ ਹੁੰਦਾ ਹੈ। ਉਦਾਹਰਨ ਵਜੋਂ ਪੋਥੀ ਸਚਖੰਡ-ਪੁਸਤਕ ਜਨਮ-ਸਾਖੀ ਮਿਹਰ-ਬਾਨ, ਭਾਗ ਪਹਿਲਾ, ਦੇ ਪੰਨੇ 85-89, ਵਾਰਤਾ ਸਿਰਲੇਖ "ਵੇਂਈ ਪਰਵੇਸ਼" ਵਿਚ ਜਦ ਗੁਰੂ ਨਾਨਕ ਸਾਹਿਬ ਨੂੰ ਨਿਰੰਕਾਰ ਦੇ ਹਜ਼ੂਰ ਵਿਚ ਗਿਆ ਦਿਖਾਂਦਾ ਹੈ, ਤਾਂ ਕਮਾਲ ਦੀ ਚਤੁਰਤਾ, ਸਿਰਜਨ-ਸ਼ਕਤੀ ਤੇ ਕਾਲਪਨਿਕ ਸ਼ਕਤੀ ਦਾ ਸਬੂਤ ਦਿੰਦਾ ਹੈ :

"ਤਬ ਨਿਰੰਜਨ ਨਿਰੰਕਾਰਿ ਕਹਿਆ ਜਿ, "ਰੇ ਜਾਹੁ, ਜਾਇ ਕਰਿ ਤੁਮ ਨਾਨਕ ਕਉ ਮੇਰੇ ਪਾਸਿ ਲੇ ਆਵਹੁ।" ਤਬ ਨਾਨਕ ਜੀ ਕਉ ਆਇ ਕਰ ਕਰਤੇ ਪੁਰਖੁ ਕੇ ਲੋਕ ਲੇ ਗਏ, ਲਿਜਾਇ ਜਹਾ ਕਰਤਾ ਪੁਰਖੁ ਥਾ ਉਹੀ ਹੀ ਲਿਜਾਇ ਖੜਾ ਕੀਆ। ਅਗੈ ਨਿਰੰਜਨ ਪੁਰਖੁ ਕਰਤਾ ਬੈਠਾ ਹੈ। ਸੁਪੇਦ ਦਾੜੀ ਹੈ, ਲਾਲ ਬਾਣਾ ਹੈ, ਸੁਨਹਰੀ ਪਲੰਘ ਹੈ। ਤਿਸੁ ਉਪਰਿ ਸੁਪੇਦੁ ਨਿਹਾਲੀ ਹੈ ਵਿਛਾਈ ਹੋਈ। ਤਿਸ ਉਪਰਿ ਕਰਤਾ ਪੁਰਖੁ ਬੈਠਾ ਹੈ। ਬਡਾ ਤਕੀਆ ਹੈ। ਆਸ ਪਾਸਿ ਜਿਮੀ ਸਬਜ਼ ਹੈ, ਲਾਲ, ਸਿਆਹ, ਜਰਦ, ਸੁਪੇਦ ਮੂਗੇ ਸਬਜ ਰੰਗ ਰੰਗ ਕੇ ਬਿਛਾਵਣੇ ਬਿਛਾਏ ਹੋਏ ਹੈਂ। ਜਿਤਨੇ ਟਹਲੂਏ ਸਾਥਿ ਹੈ, ਏਤਨਿਆਂ ਸਭਿ ਲਾਲ ਬਾਣੇ ਹੈ। ਏਕ ਭੈਸ ਅਗੈ ਘਾਸੁ ਖੜੀ ਚਰਤੀ ਹੈ। ਉਸ ਕੈ ਪਾਸਿ ਦੁਇ ਜਣੇ ਲਾਲੀ ਕਪੜੇ ਖੜੇ ਝਲਤੇ ਹੈ। ਬਾਬਾ ਨਾਨਕੁ ਉਨਹ ਪਰਮੇਸੁਰ ਕਿਅਹੁ ਲੋਕਹੁ ਲਿਜਾਇ ਨਿਰੰਜਨ ਨਿਰੰਕਾਰ ਕੈ ਆਗੈ ਖੜਾ ਕੀਆ। ਤਬ ਦੇਖਿ ਕਰਿ ਨਾਨਕੁ ਹੈਰਾਨੁ ਹੋਇ ਰਹਿਆ। ਕਹਿਓ ਸੁ ਜਿ, "ਵਾਹੁ, ਵਾਹੁ ਤੂ, ਵਾਹੁ ਵਾਹੁ। ਤੂ ਵਾਹੁ ਵਾਹੁ।" ਤਬ ਗੁਰੂ ਬਾਬੇ ਡੰਡਉਤਿ ਕਰੀ ਲੰਬੇ ਹੋਇ ਕਰਿ ਅਰੁ ਕਹੈ, "ਵਾਹੁ ਵਾਹੁ!


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰ ਕਰਤਾ ਪੁਰਖੁ ! ਵਾਹੁ ਵਾਹੁ ! ਤੂੰ ਨਿਰੰਕਾਰੁ ਤੂ ਵਾਹੁ ਵਾਹੁ !'' ਤਾ ਬਾਬੇ ਨਾਨਕ ਕਉ ਪਰਮੇਸੁਰ ਕਹਿਆ ਜਿ, ''ਏ ਨਾਨਕੁ ! ਜੀਉ ਤਉ ਤੇਰਾ ਭਲਾ ਹੈ ?'' ਕਹੈ ਜੀ, ''ਆਜ ਚੰਗਾ ਹਉ ਜਾਂ ਤੇਰਾ ਦਰਸਨ ਦੇਖਿਆ ਹੈ !''.....ਤਬ ਕਰਤੇ ਪੁਰਖਿ ਓਹੁ ਭੈਸ ਦੁਹਾਈ। ਦੁਹਾਇ ਕਰਿ ਕਟੋਰਾ ਦੂਧ ਕਾ ਭਰਿਆ, ਭਰਿ ਕਰਿ ਹਾਥਿ ਲੀਆ। ਹਾਥਿ ਲੇ ਕਰਿ ਬਾਬੇ ਨਾਨਕ ਜੀ ਕਉ ਕਹਿਆ, ਜਿ, ''ਏ ਨਾਨਕੁ ! ਤੂ ਦੂਧ ਦਾ ਕਟੋਰਾ ਏਹ ਪੀਉ।'' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ''ਏ ਨਿਰੰਜਨ ਨਿਰੰਕਾਰ ਜੀ ! ਤੈ ਤੇ ਆਗੈ ਮੈ ਕਿਉਂ ਕਰਿ ਪੀਵਾਂ ?'' ਤਬ ਕਰਤੇ ਪੁਰਖਿ ਕਹਿਆ ਜਿ, ''ਏ ਨਾਨਕਾ, ਏਹੁ ਦੂਧੁ ਨਾਹੀ ਜਿ ਤੂ ਦੂਧੁ ਜਾਨਤਾ ਹੈ। ਏਹੁ ਤੁਮ ਕਉ ਨਾਮ ਸਿਮਰਣ ਕਾ, ਭਗਤਿ ਭਾਵ ਕਾ; ਸਤ ਸੰਤੋਖ ਕਾ, ਸੀਲ ਸੰਜਮ ਕਾ ਪਿਆਲਾ ਮਿਲਤਾ ਹੈ, ਏਹ ਦੂਧ ਨਹੀਂ ਤੁਮ ਕਉ ਏਹੁ ਅੰਮ੍ਰਿਤ ਨਾਮੁ ਮਿਲਤਾ ਹੈ, ਤੂ ਲੇ ਕਰਿ ਪੀਉ।'' ਤਦ ਆਗਿਆ ਕਰਤੇ ਪੁਰਖਿ ਕੀ ਸਾਥਿ ਕਟੋਰਾ ਦੂਧ ਕਾ ਬਾਬੇ ਨਾਨਕ ਜੀ ਪਰਮੇਸੁਰ ਕੇ ਹਾਥ ਤੀ ਪੀ ਲਇਆ। ਪੀਵਤੇ ਸਾਥਿ ਮਸਤਾਨੁ ਹੋਇ ਗਇਆ। ਅਰੁ ਸਗਲ ਭਵਨ ਕੀ ਸੋਝੀ ਹੋਈ। ਤਬ ਗੁਰੂ ਬਾਬਾ ਨਾਨਕ ਜੀ ਚਰਨੀ ਲਾਗਾ ਸ੍ਰੀ ਪਾਰਬ੍ਰਹਮ ਕੀ। ਲਾਗਾ ਡੰਡਉਤ ਕਰਨੈ।.....''

(ਪੰਨਾ 88)

ਕਿੰਨਾ ਠੋਸ ਤੇ ਨਿੱਗਰ ਜੀਵਨ ਅਨੁਭਵ ਹੈ ਇਸ ਲੇਖਕ ਦਾ ! ਕਿੰਨਾ ਡੂਘਾ ਯਥਾਰਥ, ਕਿੰਨੀ ਤਕੜੀ ਪਕੜ ਹੈ ਵਾਸਤਵ ਦੀ ! ਦੁਨੀਆਂ ਦੇ ਲੋਕਾਂ ਨੂੰ ਉਪਦੇਸ਼ ਦੁਨੀਆਂ ਦੇ ਯਥਾਰਥ ਦੀ ਸਹਾਇਤਾ ਨਾਲ ਹੀ ਸਾਰਥਕ ਹੋ ਸਕਦਾ ਹੈ। ਸੂਖਮਤਾ ਨੂੰ ਸਥੂਲਤਾ ਵਿਚ ਢਾਲਣ ਵਾਲੀ ਇਸ ਲੇਖਕ ਦੀ ਕਲਪਨਾ ਕਿੰਨੀ ਸ਼ਕਤੀਸ਼ਾਲੀ ਹੈ। ਜੇ ਸੂਖਮ ਮੰਡਲ, ਜੋ ਅਦ੍ਰਿਸ਼ਟ ਹਨ, ਇਸ ਦੁਨੀਆਂ ਦੇ ਸਥੂਲ ਨਕਸ਼ੇ ਤੇ ਨਹੀਂ ਬਣੇ ਹੋਏ ਤਾਂ ਹੋਰ ਕਿਹੜਾ ਨਕਸ਼ਾ ਸਾਡੇ ਪਾਸ ਹੈ ਜੋ ਪੇਸ਼ ਕਰੀਏ ? ਇਹ ਦੁਨੀਆਂ ਭਾਵੇਂ ਕਿੰਨੀ ਹੀ ਸਥੂਲ ਹੈ ਪਰ ਹੈ ਤਾਂ ਕਿਸੇ ਸੂਖਮ ਸੰਸਾਰ ਦਾ ਹੀ ਠੋਸ ਪ੍ਰਤੀਬਿੰਬ। ਫਿਰ ਕਿਉਂ ਨਾ ਇਸ ਸਥੂਲ ਸੰਸਾਰ ਨੂੰ ਅਧਿਆਤਮਕ ਰੰਗ ਦੇ ਕੇ ਮਿਹਰਬਾਨ ਵਾਂਗ ਸੂਖਮ ਦੇਸਾਂ ਵਿਚ ਵੀ ਇਸ ਦੀ ਰੌਣਕ, ਇਸ ਦੀ ਰੌਚਕਤਾ, ਇਸ ਦੀ ਸੁਹਾਣੀ ਜਲਵਾ-ਗਰੀ ਪੈਦਾ ਕਰ ਦੇਈਏ ? ਸੂਖਮ ਮੰਡਲ ਵਿਚ ਵਰਤੇ ਸਥੂਲ ਚਿੱਤਰ ਜਾਂ ਬਿੰਬ, ਰੂਪਕ ਤੇ ਚਿੰਨ੍ਹ ਹੋ ਨਿਬੜਦੇ ਹਨ। ਇਸ ਤਰ੍ਹਾਂ ਕਾਵਿਕਤਾ ਦਾ ਖੇਲ ਰਚਿਆ ਜਾਂਦਾ ਹੈ। ਰੱਬ ਇਸ ਉਪਰ ਲਿਖੀ ਵਾਰਤਾ ਵਿਚ ਇਕ ਅਮੀਰ ਤੇ ਬਜ਼ੁਰਗ ਮਨੁੱਖ ਵਾਂਗ ਹੈ। ਉਸ ਪਾਸ ਕਾਫ਼ੀ ਨੌਕਰ ਚਾਕਰ, ਸਾਮਾਨ, ਐਸ਼ਵਰਜ ਹੈ। ਸੁਖ ਅਨੰਦ ਦਾ ਸੋਮਾਂ ਇਕ ਮਝ ਵੀ ਉਸ ਪਾਸ ਹੈ, ਜਿਸ ਦਾ ਅੰਮ੍ਰਿਤ ਰੂਪ ਦੁਧ ਉਸ ਦੀ ਸਭ ਤੋਂ ਵਡੀ ਦਾਤ ਹੈ, ਜੋ ਗੁਰੂ ਨਾਨਕ ਸਾਹਿਬ ਨੂੰ ਪ੍ਰਾਪਤ ਹੋਈ। ਇਹ ਸਭ ਰੂਪਕ ਹਨ, ਕੇਵਲ ਸਮਝਣ ਦੀ ਲੋੜ ਹੈ। ਭਗਤ ਨਾਮ ਦੇਵ ਜੀ ਵੀ ਤਾਂ ਆਪਣੇ ਗੋਬਿੰਦ ਨੂੰ ਦੁਧ ਪਿਲਾਂਦੇ ਹਨ, ਸਾਖਿਆਤ, ਪਰਤੱਖ। ਨਿਰਸੰਦੇਹ, ਦੁਧ ਇਕ ਪ੍ਰਸਿੱਧ ਅਧਿਆਤਮਕ ਚਿੰਨ੍ਹ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਤਰ੍ਹਾਂ ਮਿਹਰਬਾਨ ਦੀਆਂ ਹੋਰ ਕਈ ਗੋਸ਼ਟੀਆਂ ਸੂਖਮਤਾ ਵਿਚ ਸਥੂਲਤਾ ਦਾ ਰੌਚਕ ਵਾਤਾਵਰਨ ਬੰਨ੍ਹਣ ਅਤੇ ਯਥਾਰਥ ਦੀ ਪੀੜੀ ਪਕੜ ਉਪਜਾਣ ਵਿਚ ਅਤਿ ਸਫਲ ਹਨ, ਜਿਵੇਂ ਗੋਸ਼ਟਿ ਰਾਜੇ ਜਨਕ ਕੀ ਅਤੇ ਦੂਜੀ ਸੰਚੀ ਵਿਚ ਛਪੀਆਂ ਬਹੁਤ ਸਾਰੀਆਂ ਗੋਸ਼ਟਾਂ।

## ਸਾਹਿੱਤਕ

ਜਨਮ ਸਾਖੀ ਮਿਹਰਬਾਨ ਦਾ ਸਾਹਿੱਤਕ ਪੱਖ ਵੀ ਬਹੁਤ ਮਹੱਤਵ-ਪੂਰਨ ਹੈ, ਸਗੋਂ ਹੋਰ ਪੱਖਾਂ ਨਾਲੋਂ ਵਧੇਰੇ ਆਕਰਸ਼ਕ ਤੇ ਪ੍ਰਭਾਵਮਈ ਹੈ। ਜਨਮ ਸਾਖੀ ਮਿਹਰਬਾਨ ਦੇ ਪਹਿਲੇ ਭਾਗ (ਪ੍ਰਕਾਸ਼ਿਤ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ, 1962) ਦੀ ਭੂਮਿਕਾ ਦੇ ਲੇਖਾਂ ਵਿਚ ਡਾ. ਰੋਸ਼ਨ ਲਾਲ ਆਹੂਜਾ ਦਾ ਇਕ ਵਿਦਵਤਾ ਭਰਿਆ ਲੇਖ ਇਸ ਵਿਸ਼ੇ ਉਤੇ 'ਜਨਮ ਸਾਖੀ ਦੀ ਸਾਹਿੱਤਕ ਮਹੱਤਾ' ਸਿਰਲੇਖ ਹੇਠ ਛਪ ਚੁਕਾ ਹੈ। ਮੈਂ ਇਸ ਹਥਲੇ ਲੇਖ ਵਿਚ ਥਾਂ ਦੀ ਘਾਟ ਦੇ ਕਾਰਨ ਇਸ ਪੱਖ ਉਤੇ ਕੁਝ ਵੀ ਨਹੀਂ ਲਿਖ ਸਕਿਆ, ਪਰੰਤੂ ਛੇਤੀ ਹੀ ਕਿਸੇ 'ਫ਼ੁਰਸਤ' (ਵਿਹਲ) ਵਿਚ ਇਕ ਵੱਖਰਾ ਤੇ ਪੂਰਾ ਲੇਖ ਜਨਮ ਸਾਖੀ ਮਿਹਰਬਾਨ ਦੀ ਸਾਹਿੱਤਕ ਮਹੱਤਾ ਉਤੇ ਲਿਖਣ ਦਾ ਯਤਨ ਕਰਾਂਗਾ।

## ਹਵਾਲੇ ਤੇ ਟਿੱਪਣੀਆਂ

1. ਜਨਮ ਸਾਖੀ ਮਿਹਰਬਾਨ, ਭਾਗ ਪਹਿਲਾ, ਪ੍ਰਕਾਸ਼ਿਤ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ ਅੰਮ੍ਰਿਤਸਰ, ਦੀ ਭੂਮਿਕਾ ਦਾ ਪਹਿਲਾ ਲੇਖ 'ਵਿਸ਼ੇਸ਼ ਜਾਣਕਾਰੀ' ਸੰਪਾਦਿਕ ਵਲੋਂ ਮਿਹਰਬਾਨ ਦੇ ਜੀਵਨ ਬਾਰੇ ਹੈ, ਉਹਦੇ ਵਿਚ ਮਿਹਰਬਾਨ ਦਾ ਦੇਹਾਂਤ ਸੰਮਤ 1696 ਦਾ ਮੰਨਿਆ ਹੈ, ਜਿਸ ਅਨੁਸਾਰ ਈਸਵੀ ਸੰਨ 1639 ਬਣਦਾ ਹੈ ਨਾ ਕਿ 1640 (ਪੰਨਾ 12)।
2. ਉਪਰ-ਕਥਿਤ ਭੂਮਿਕਾ।
3. ਸੰਪਾਦਿਤ ਪੁਸਤਕ ਜਨਮ ਸਾਖੀ ਮਿਹਰਬਾਨ, ਭਾਗ ਪਹਿਲਾ, ਭੂਮਿਕਾ ਦਾ ਲੇਖ 'ਵਿਸ਼ੇਸ਼ ਜਾਣਕਾਰੀ', ਪੰਨਾ 12।
4. ਉਪਰ-ਕਥਿਤ, ਪੰਨਾ 6 ਦਾ ਫੁੱਟਨੋਟ।
5. ਪ੍ਰਕਾਸ਼ਿਤ ਜਨਮ ਸਾਖੀ ਮਿਹਰਬਾਨ; ਭਾਗ ਪਹਿਲਾ, ਭੂਮਿਕਾ ਪੰਨਾ 4 ਅਤੇ ਲੇਖ 'ਸ' ਦਾ ਪੰਨਾ 62।
6. ਜਨਮ ਸਾਖੀ ਮਿਹਰਬਾਨ, ਭਾਗ ਪਹਿਲਾ, ਪ੍ਰਕਾਸ਼ਿਤ ਸਿ. ਹਿ. ਰੀ., ਡੀ., ਖਾ. ਕਾ. ਅੰਮ੍ਰਿਤਸਰ, ਭੂਮਿਕਾ ਦੇ ਲੇਖ 'ਸ—ਮੇਹਰਬਾਨ ਜੀ ਸੰਤ ਕਵੀ ਦੇ ਰੂਪ ਵਿਚ,' ਦਾ ਪੰਨਾ 62।
7. ਹਿਸਟਰੀ ਆਫ਼ ਪੰਜਾਬੀ ਲਿਟਰੇਚਰ, ਪੰਨਾ 40।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਜੀ

ਪੰਜਾਬ ਗੁਰੂ ਸਾਹਿਬਾਨ ਦੀ ਧਰਤੀ ਹੈ। ਸਾਰਾ ਪੰਜਾਬ ਗੁਰੂ ਦੇ ਨਾਮ ਉਤੇ ਹੀ ਜੀਉਂਦਾ ਹੈ। ਇਥੇ ਚਪੇ ਚਪੇ ਉਤੇ ਗੁਰਾਂ ਦੀ ਮੋਹਰ ਲੱਗੀ ਹੈ। ਸ੍ਰੀ ਅੰਮ੍ਰਿਤਸਰ ਸਤਿਗੁਰਾਂ ਦੀ ਸਭ ਤੋਂ ਵੱਡੀ ਤੇ ਅਮਰ ਯਾਦਗਾਰ ਹੈ। ਇਥੇ ਗੁਰੂ ਦਾ ਸ਼ਬਦ ਪ੍ਰਕਾਸ਼ਮਾਨ ਹੈ ਤੇ ਦਿਨ ਰਾਤ ਗੁਰੂ ਦੇ ਨਾਮ ਦਾ ਪਰਵਾਹ ਚਲਦਾ ਰਹਿੰਦਾ ਹੈ। ਅਸਲ ਵਿਚ ਪੰਜਾਬ ਤੇ ਪੰਜਾਬੀਅਤ ਦੀ ਉਚੀ ਹੋਂਦ ਸਤਿਗੁਰਾਂ ਕਰਕੇ ਹੀ ਹੈ। ਇਨ੍ਹਾਂ ਸਿੱਖ ਗੁਰੂ ਸਾਹਿਬਾਨ ਨੇ ਹੀ ਪੰਜਾਬ ਨੂੰ ਗਿਰਾਵਟ ਤੋਂ ਬਚਾਇਆ, ਬਣਾਇਆ, ਸਵਾਰਿਆ ਅਤੇ ਉੱਚਾ ਚੁੱਕਿਆ। ਇਨ੍ਹਾਂ ਸਦਕਾ ਹੀ ਪੰਜਾਬ ਨੂੰ ਇਕ ਨਵਾਂ ਸਭਿਆਚਾਰਕ ਜੀਵਨ ਪ੍ਰਾਪਤ ਹੋਇਆ।

ਸਿੱਖ ਗੁਰੂ ਸਾਹਿਬਾਨ ਨੇ ਹੀ ਪੰਜਾਬ ਨੂੰ ਉੱਚੀ ਸ਼ਾਨ ਤੇ ਮਾਣ ਬਖ਼ਸ਼ਿਆ। ਪੰਜਾਬ ਵਿਚ ਗੁਰੂ ਸਾਹਿਬਾਨ ਦੇ ਵਸਾਏ ਹੋਏ ਅਨੇਕਾਂ ਸ਼ਹਿਰ ਉਨ੍ਹਾਂ ਦੀ ਯਾਦ ਤਾਜ਼ਾ ਕਰਦੇ ਹੋਏ ਸਾਨੂੰ ਮਿਠੇ ਮਿਠੇ ਸੁਨੇਹੇ ਦੇ ਰਹੇ ਹਨ। ਗੁਰੂ ਸਾਹਿਬਾਨ ਨੇ ਇਹ ਨਗਰ ਧਰਮ ਦੇ ਪਰਚਾਰ ਲਈ, ਸਾਂਝੇ ਪਿਆਰ ਦੀ ਪ੍ਰਫੁਲਤਾ ਲਈ ਅਤੇ ਵਣਜ ਵਪਾਰ ਲਈ ਵਸਾਏ ਸਨ। ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਸਾਇਆ। ਗੁਰੂ ਅੰਗਦ ਦੇਵ ਜੀ ਰਾਹੀਂ ਖਡੂਰ ਸਾਹਿਬ ਨੂੰ ਭਾਗ ਲਗੇ। ਬਾਉਲੀ ਖੁਦਵਾ ਕੇ ਗੋਇੰਦਵਾਲ ਸਾਹਿਬ ਗੁਰੂ ਅਮਰਦਾਸ ਜੀ ਨੇ ਆਬਾਦ ਕੀਤਾ। ਗੁਰੂ ਰਾਮ ਦਾਸ ਜੀ ਨੇ ਜੰਗਲ/ਵਿਚ ਮੰਗਲ ਲਾ ਕੇ ਸ੍ਰੀ ਅੰਮ੍ਰਿਤਸਰ ਦੀ ਨੀਂਹ ਰਖੀ। ਅੰਮ੍ਰਿਤਸਰ ਵਿਚ ਅੰਮ੍ਰਿਤਸਰ/ਸਰੋਵਰ ਹੈ ਤੇ ਉਸ ਦੇ ਵਿਚਕਾਰ ਦਰਬਾਰ ਸਾਹਿਬ ਸ਼ਸ਼ੋਭਤ ਹੈ। ਇਹ ਸ਼ਹਿਰ ਗੁਰੂ ਰਾਮਦਾਸ ਜੀ ਦੀ ਅਮਰ ਯਾਦਗਾਰ ਹੈ। ਅਜ ਕਲ ਇਹ ਸਿੱਖਾਂ ਦਾ ਸਭ ਤੋਂ ਵੱਡਾ ਧਾਰਮਕ ਕੇਂਦਰ ਹੈ। ਇਹ ਭਗਤੀ ਤੇ ਸੇਵਾ ਦਾ ਵੀ ਕੇਂਦਰ ਹੈ ਅਤੇ ਇਥੇ ਗੁਰਬਾਣੀ ਦੇ ਕੀਰਤਨ ਤੇ ਪਾਠ ਅਗੰਮੀ ਸੋਮੇ ਸਦਾ ਪ੍ਰਵਾਹਿਤ ਰਹਿੰਦੇ ਹਨ।

ਸਿੱਖੀ ਦੇ ਇਸ ਮਹਾਨ ਤੀਰਥ ਦਾ ਨੀਂਹ ਰੱਖਣ ਵਾਲੇ ਮਹਾਂ ਪੁਰਸ਼ ਦਾ ਨਾਮ ਜਨਮ ਸਮੇਂ ਮਾਪਿਆਂ ਨੇ 'ਰਾਮਦਾਸ' ਰਖਿਆ ਸੀ, ਪਰ ਪਲੇਠੀ ਦਾ ਪੁੱਤਰ ਹੋਣ ਕਰਕੇ ਮਾਪੇ ਅਤੇ ਸਾਕ ਸਨੇਹੀ ਇਨ੍ਹਾਂ ਨੂੰ 'ਜੇਠਾ' ਕਹਿ ਕੇ ਬੁਲਾਂਦੇ ਸਨ। ਇਸ ਤਰ੍ਹਾਂ ਆਪ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਨਾਮ 'ਜੇਠਾ' ਹੀ ਵਧੇਰੇ ਪ੍ਰਚਲਿਤ ਹੋ ਗਿਆ। ਆਪ ਦਾ ਜਨਮ 1534 ਈ. ਵਿਚ ਲਾਹੌਰ ਸ਼ਹਿਰ ਦੇ ਚੂਨਾ ਮੰਡੀ ਬਾਜ਼ਾਰ ਵਿਚ ਹੋਇਆ ਸੀ। ਪਿਤਾ ਦਾ ਨਾਂ ਹਰਦਾਸ ਜੀ ਸੀ, ਜੋ ਸੋਢੀ ਕੁਲ ਦੇ ਖੱਤ੍ਰੀ ਸਨ। ਸਾਧਾਰਨ ਦੁਕਾਨਦਾਰੀ ਰਾਹੀਂ ਗੁਜ਼ਾਰਾ ਟੋਰਦੇ ਸਨ।

ਆਪ ਅਜੇ ਛੋਟੀ ਉਮਰ ਦੇ ਹੀ ਸਨ ਕਿ ਇਹਨਾਂ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਅਤੇ ਸੱਤ ਸਾਲਾਂ ਦੀ ਆਯੂ ਵਿਚ, ਪਿਤਾ ਹਰਦਾਸ ਜੀ ਦਾ ਸਹਾਰਾ ਵੀ ਸਿਰ ਤੋਂ ਉੱਠ ਗਿਆ। ਆਪ ਦੇ ਨਾਨਕੇ ਪਿੰਡ ਬਾਸਰਕੇ ਸਨ। ਪਿਤਾ ਜੀ ਦੇ ਗੁਜ਼ਰ ਜਾਣ ਬਾਅਦ ਆਪ ਦੇ ਨਾਨੀ ਜੀ ਇਹਨਾਂ ਨੂੰ ਆਪਣੇ ਕੋਲ ਪਿੰਡ ਬਾਸਰਕੇ ਲੈ ਗਏ। ਬਾਸਰਕੇ ਜੱਟਾਂ, ਖੱਤ੍ਰੀਆਂ ਤੇ ਹੋਰ ਜਾਤੀਆਂ ਦੀ ਰਲਵੀਂ ਆਬਾਦੀ ਵਾਲਾ ਪਿੰਡ ਸੀ। ਇਥੇ ਹੀ ਆਪ ਜੀ ਦਾ (ਗੁਰੂ) ਅਮਰਦਾਸ ਜੀ ਨਾਲ ਪਹਿਲੀ ਵਾਰ ਮਿਲਾਪ ਹੋਇਆ। ਉਨ੍ਹਾਂ ਦੇ ਕੋਮਲ ਹਿਰਦੇ ਉਤੇ ਜੇਠਾ ਜੀ ਦੀ ਉਸ ਅਨਾਥਤਾ ਨੇ ਖਾਸ ਧੂਹ ਪਾਈ ਤੇ ਦੋਹਾਂ ਵਿਚ ਦਿਨੋ ਦਿਨ ਨੇੜਤਾ ਵਧਣ ਲੱਗ ਪਈ।

ਇਹ ਰਵਾਇਤ ਆਮ ਪ੍ਰਚਲਿਤ ਹੈ ਕਿ ਆਪ ਛੋਟੀ ਉਮਰੇ ਬਾਸਰਕੇ ਰਹਿੰਦੇ ਵਕਤ ਘੁੰਡੀਆਂ ਵੇਚ ਕੇ ਆਪਣੇ ਨਾਨਕਿਆਂ ਦੀ ਸਹਾਇਤਾ ਕਰਿਆ ਕਰਦੇ ਸਨ; ਕਿਉਂਕਿ ਆਪ ਦੇ ਨਾਨਕੇ ਘਰੋਂ ਸੌਖੇ ਗੁਜ਼ਾਰੇ ਵਾਲੇ ਨਹੀਂ ਸਨ। ਆਪ ਨੇ ਲਗ ਭਗ ਪੰਜ ਸਾਲ ਇਥੇ ਰਹਿ ਕੇ ਘੁੰਡੀਆਂ ਵੇਚਣ ਦਾ ਕੰਮ ਕੀਤਾ। (ਗੁਰੂ) ਅਮਰਦਾਸ ਜੀ ਜਦ ਗੁਰੂ ਅੰਗਦ ਸਾਹਿਬ ਪਾਸ ਖਡੂਰ ਸਾਹਿਬ ਚਲੇ ਗਏ, ਤਾਂ ਉਹ ਉਥੋਂ ਬਾਸਰਕੇ ਪਿੰਡ ਪੰਜੀਂ ਦਸੀਂ ਦਿਨੀ ਆਉਂਦੇ ਰਹਿੰਦੇ ਸਨ। ਉਹ ਜਦ ਵੀ ਬਾਸਰਕੇ ਆਉਂਦੇ ਜੇਠਾ ਜੀ ਨੂੰ ਜ਼ਰੂਰ ਮਿਲਦੇ ਤੇ ਪਿਆਰ ਦਿੰਦੇ ਸਨ। ਇਸ ਤਰ੍ਹਾਂ ਹੌਲੀ ਹੌਲੀ ਦੋਹੀਂ ਪਾਸੀਂ ਪਿਆਰ ਵਧਣ ਫੁੱਲਣ ਲਗ ਪਿਆ ਤੇ ਜੇਠਾ ਜੀ ਨੂੰ (ਗੁਰੂ) ਅਮਰਦਾਸ ਜੀ ਤੋਂ ਪਿਤਾ ਵਾਲਾ ਪਿਆਰ ਤੇ ਨਿੱਘ ਪ੍ਰਾਪਤ ਹੋਣ ਲੱਗਾ।

ਗੁਰੂ ਅੰਗਦ ਸਾਹਿਬ ਦੀ ਆਗਿਆ ਉਤੇ ਸੰਨ 1546 ਈ. ਵਿਚ (ਗੁਰੂ) ਅਮਰਦਾਸ ਜੀ ਨੇ ਗੋਇੰਦਵਾਲ ਨਗਰ ਵਸਾਇਆ। ਗੁਰੂ ਜੀ ਦੇ ਹੁਕਮ ਨਾਲ ਉਹ ਬਾਸਰਕੇ ਤੋਂ ਆਪਣੇ ਸੰਬੰਧੀਆਂ ਨੂੰ ਵੀ ਨਾਲ ਇਥੇ ਲੈ ਆਏ। ਇਨ੍ਹਾਂ ਦੇ ਨਾਲ ਹੀ (ਗੁਰੂ) ਅਮਰਦਾਸ ਜੀ ਨੇ ਜੇਠਾ ਜੀ ਤੇ ਉਨ੍ਹਾਂ ਦੇ ਨਾਨੀ ਜੀ ਨੂੰ ਵੀ ਗੋਇੰਦਵਾਲ ਲੈ ਆਂਦਾ। ਜੇਠਾ ਜੀ ਦੀ ਉਮਰ ਉਸ ਵੇਲੇ 12 ਸਾਲਾਂ ਦੀ ਸੀ, ਤੇ (ਗੁਰੂ) ਅਮਰਦਾਸ ਜੀ ਆਪਣੇ ਮਨ ਹੀ ਮਨ ਵਿਚ ਬੀਬੀ ਭਾਨੀ ਲਈ ਉਨ੍ਹਾਂ ਨੂੰ ਯੋਗ ਵਰ ਮਿਥ ਚੁੱਕੇ ਸਨ। ਇਥੇ ਆ ਕੇ ਵੀ ਜੇਠਾ ਜੀ ਨੇ ਆਪਣੇ ਅਤੇ ਆਪਣੇ ਨਾਨੀ ਜੀ ਦੇ ਗੁਜ਼ਾਰੇ ਲਈ ਕੁਝ ਚਿਰ ਘੁੰਡੀਆਂ ਵੇਚਣ ਦਾ ਕੰਮ ਜਾਰੀ ਰਖਿਆ। ਇਸ ਦੇ ਨਾਲ ਹੀ ਆਪ (ਗੁਰੂ) ਅਮਰਦਾਸ ਜੀ ਦੇ ਰਾਹੀਂ ਗੁਰੂ ਅੰਗਦ ਸਾਹਿਬ ਜੀ ਦੀ ਸ਼ਰਨ ਵੀ ਆਉਣ ਲਗ ਪਏ। ਇਸ ਤਰ੍ਹਾਂ ਹੱਥੀਂ ਕਿਰਤ ਦੇ ਨਾਲ ਨਾਲ ਆਪ ਜੀ ਉਤੇ ਬਾਲਕ-ਆਯੂ ਵਿਚ ਹੀ ਸਤਿਸੰਗ ਦੀ ਰੰਗਣ ਚੜ੍ਹਨ ਲਗ ਪਈ। ਗੁਰੂ ਅੰਗਦ ਸਾਹਿਬ ਦੇ ਜੋਤਿ ਜੋਤਿ ਸਮਾਉਣ ਵੇਲੇ ਜਦ ਅਮਰਦਾਸ ਜੀ ਨੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਿਆਈ ਦੀ ਪਦਵੀ ਸੰਭਾਲੀ ਤਾਂ ਆਪ ਦੀ ਆਯੂ ਅਠਾਰਾਂ ਸਾਲਾਂ ਦੀ ਸੀ। ਬਾਰਾਂ ਤੇਰਾਂ ਸਾਲਾਂ ਤੋਂ ਆਪ ਗੁਰੂ ਅਮਰਦਾਸ ਜੀ ਦੀਆਂ ਨਜ਼ਰਾਂ ਵਿਚ ਜਚੇ ਹੋਏ ਸਨ। ਗੁਰੂ ਜੀ ਹੁਣ ਤਕ ਆਪ ਜੀ ਨੂੰ ਸਭ ਉੱਚੇ ਗੁਣਾਂ ਵਿਚ ਨਿਪੁੰਨ ਵੇਖ ਚੁੱਕੇ ਸਨ। ਇਸ ਲਈ ਅਗਲੇ ਹੀ ਸਾਲ ਆਪ ਜੀ ਨਾਲ ਆਪਣੀ ਸਪੁਤ੍ਰੀ ਬੀਬੀ ਭਾਨੀ ਜੀ ਦੀ ਸ਼ਾਦੀ ਕਰ ਦਿਤੀ।

ਗੁਰੂ ਅਮਰਦਾਸ ਜੀ ਨੇ ਗੁਰੂ ਕੇ ਦਰਬਾਰ ਵਿਚ ਆਉਣ ਵਾਲੇ ਹਰ ਇਕ ਪ੍ਰਾਣੀ ਲਈ ਜਾਤਿ ਪਾਤਿ ਵਾਲੇ ਸਾਰੇ ਵਿਤਕਰੇ ਤਿਆਗ ਕੇ ਇਕੋ ਪੰਗਤ ਵਿਚ ਬੈਠ ਕੇ ਗੁਰੂ ਕਾ ਲੰਗਰ ਛਕਣ ਦੀ ਪਿਰਤ ਤੋਰੀ, ਤਾਂ ਗੋਇੰਦਵਾਲ ਦੇ ਕੁਝ ਜਾਤਿ ਅਭਿਮਾਨੀ ਲੋਕਾਂ ਨੇ ਮਿਲ ਕੇ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਸ਼ਿਕਾਇਤ ਕੀਤੀ। ਹੋਰ ਵੀ ਕਈ ਦੂਸ਼ਨ ਸਤਿਗੁਰਾਂ ਦੇ ਖਿਲਾਫ਼ ਸ਼ਾਹੀ ਦਰਬਾਰ ਵਿਚ ਭੇਜੇ ਗਏ। ਇਸ ਉਤੇ ਬਾਦਸ਼ਾਹ ਨੇ ਉਹਨਾਂ ਸਾਰੇ ਦੂਸ਼ਣਾਂ ਬਾਰੇ ਸਫਾਈ ਪੇਸ਼ ਕਰਨ ਲਈ ਗੁਰੂ ਜੀ ਨੂੰ ਗੋਇੰਦਵਾਲ ਤੋਂ ਬੁਲਾਇਆ। ਗੁਰੂ ਜੀ ਨੇ ਆਪਣੀ ਥਾਂ ਗੁਰੂ ਘਰ ਵਲੋਂ ਸਪਸ਼ਟਤਾ ਦੇਣ ਲਈ ਜੇਠਾ ਜੀ ਨੂੰ ਭੇਜਿਆ। ਆਪ ਜੀ ਨੇ ਉਥੇ ਜਾ ਕੇ ਸਿੱਖ ਧਰਮ ਦਾ ਆਦਰਸ਼ ਅਜੇਹੇ ਮਿੱਠੇ ਤੇ ਸੁਚੱਜੇ ਢੰਗ ਨਾਲ ਅਕਬਰ ਨੂੰ ਸੁਣਾਇਆ ਕਿ ਅਕਬਰ ਅਤੇ ਉਸ ਦੇ ਦਰਬਾਰੀ ਪੂਰੀ ਤਰ੍ਹਾਂ ਸੰਤੁਸ਼ਟ ਹੋ ਗਏ। ਆਪ ਨੇ ਬਾਦਸ਼ਾਹ ਅਕਬਰ ਨੂੰ ਇਸ ਗੱਲ ਦੀ ਵੀ ਪ੍ਰੇਰਨਾ ਦਿਤੀ ਕਿ ਜੋ ਹਿੰਦੂ ਯਾਤਰੂ ਆਪਣੇ ਇਸ਼ਟ ਤੀਰਥਾਂ ਦੇ ਦਰਸ਼ਨ ਇਸ਼ਨਾਨ ਲਈ ਜਾਂਦੇ ਹਨ, ਉਨ੍ਹਾਂ ਪਾਸੋਂ ਵਾਧੂ ਮਸੂਲ ਨਹੀਂ ਲੈਣਾ ਚਾਹੀਦਾ। ਹਿੰਦੂ ਜਾਤੀ ਵਿਚੋਂ ਸਤੀ ਦੀ ਰਸਮ ਨੂੰ ਵੀ ਬੰਦ ਕਰਨ ਦੀ ਪ੍ਰੇਰਨਾ ਦਿਤੀ।

ਤਪੇ ਗੋਂਦੇ ਤੇ ਉਸ ਦੇ ਸਾਥੀ ਜਾਤਿ ਅਭਿਮਾਨੀਆਂ ਦਾ ਜਦ ਰਾਜ ਦਰਬਾਰ ਵਿਚ ਕੁਝ ਨਾ ਵੱਟਿਆ ਗਿਆ ਤਾਂ ਉਨ੍ਹਾਂ ਨੇ ਕੁਝ ਗਵਾਰ ਮੁੰਡਿਆਂ ਨੂੰ ਚੁੱਕ ਕੇ ਸਾਂਝੇ ਖੂਹ ਤੋਂ ਪਾਣੀ ਭਰਨ ਗਏ ਸਿੱਖਾਂ ਦੇ ਘੜੇ ਭੰਨਣੇ ਆਰੰਭ ਦਿੱਤੇ। ਗੁਰੂ ਅਮਰਦਾਸ ਜੀ ਇਹ ਨਹੀਂ ਚਾਹੁੰਦੇ ਸਨ ਕਿ ਭਰਾਵਾਂ ਭਰਾਵਾਂ ਵਿਚ ਵਿਗਾੜ ਪਵੇ। ਇਸ ਲਈ ਉਨ੍ਹਾਂ ਗੁਰੂ ਘਰ ਦੇ ਲੰਗਰ ਲਈ ਪਾਣੀ ਵਾਸਤੇ 1559 ਈ. ਵਿਚ ਆਪਣੀ ਇਕ ਵੱਖਰੀ ਬਾਉਲੀ ਬਨਾਉਣੀ ਆਰੰਭ ਦਿਤੀ। ਗੁਰੂ ਘਰ ਦੇ ਇਸ ਕਾਰਜ ਨੂੰ ਛੇਤੀ ਨੇਪਰੇ ਲਾਉਣ ਲਈ ਦੂਰੋ ਦੂਰੋਂ ਸਿੱਖ ਸੰਗਤਾਂ ਆ ਕੇ ਹੱਥੀਂ ਸੇਵਾ ਕਰਨ ਲਗ ਪਈਆਂ! (ਗੁਰੂ) ਰਾਮਦਾਸ ਜੀ ਦੀ ਆਯੂ ਉਸ ਵੇਲੇ 25 ਸਾਲਾਂ ਦੀ ਸੀ। ਦੁਨਿਆਵੀ ਸਾਕੋਂ ਭਾਵੇਂ ਆਪ ਗੁਰੂ ਅਮਰਦਾਸ ਜੀ ਦੇ ਜਵਾਈ ਸਨ, ਪਰ ਆਪ ਦੇ ਅੰਦਰ ਰਤਾ ਭਰ ਵੀ ਮਾਣ-ਹੰਕਾਰ ਨਹੀਂ ਸੀ। ਆਪ ਨੇ ਹੋਰ ਸਿੱਖ ਸੰਗਤਾਂ ਵਾਂਗ ਹੀ ਇਸ ਕਾਰਜ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਆਪ ਨੇ ਹੱਥੀਂ ਕੰਮ ਕੀਤਾ ਤੇ ਸਿੱਖਾਂ ਨਾਲ ਰਲ ਕੇ ਗਾਰੇ, ਮਿੱਟੀ, ਚੂਨੇ ਆਦਿ ਦੀਆਂ ਟੋਕਰੀਆਂ ਆਪ ਆਪਣੇ ਸਿਰ ਉਤੇ ਢੋਂਦੇ ਰਹੇ। ਇਸ ਸੰਬੰਧ ਵਿਚ ਇਕ ਰਵਾਇਤ ਆਮ ਪ੍ਰਚਲਿਤ ਹੈ ਕਿ ਇਸ ਤਰ੍ਹਾਂ ਆਪ ਨੂੰ ਮਿਟੀ ਗਾਰੇ ਵਿਚ ਲਿਬੜੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਏ ਨੂੰ, ਇਕ ਦਿਨ ਯਾਤਰਾ ਲਈ ਲੰਘਦੇ ਹੋਏ, ਇਨ੍ਹਾਂ ਦੇ ਲਾਹੌਰ ਦੇ ਸੋਢੀ ਰਿਸ਼ਤੇਦਾਰਾਂ ਨੇ ਵੇਖਿਆ ਤਾਂ ਉਹ ਬੜੇ ਡਿੱਥੇ ਪਏ। ਉਨ੍ਹਾਂ ਪਹਿਲਾਂ ਆਪ ਨੂੰ ਸਹੁਰੇ ਘਰ ਮਜ਼ੂਰੀ ਕਰਨ ਦੇ ਮਿਹਣੇ ਮਾਰੇ ਅਤੇ ਫਿਰ ਉਨ੍ਹਾਂ ਇਸ ਗੱਲ ਦਾ ਗੁਰੂ ਅਮਰਦਾਸ ਜੀ ਕੋਲ ਜਾ ਕੇ ਗਿਲਾ ਕੀਤਾ। (ਗੁਰੂ) ਰਾਮਦਾਸ ਜੀ ਨੇ ਖਿੜੇ ਮੱਥੇ ਗੁਰੂ ਜੀ ਪਾਸੋਂ ਸ਼ਰੀਕਾਂ ਦੀ ਇਸ ਅਗਿਆਨਤਾ ਲਈ ਖਿਮਾਂ ਮੰਗੀ ਤੇ ਕਹਿਣ ਲੱਗੇ–"ਸੱਚੇ ਪਾਤਿਸ਼ਾਹ, ਇਹ ਬੇਸਮਝ ਲੋਕ ਹਨ ਅਤੇ ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਇਹ ਕੀ ਕਹਿ ਰਹੇ ਹਨ। ਤੁਸੀਂ ਇਨ੍ਹਾਂ ਉਤੇ ਮਿਹਰ ਰਖਣੀ ਤੇ ਇਨ੍ਹਾਂ ਨੂੰ ਬਖ਼ਸ਼ ਦੇਣਾ।"

ਆਪ ਦੇ ਘਰ ਤਿੰਨ ਪੁੱਤਰ-ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਪੈਦਾ ਹੋਏ। ਅਰਜਨ ਦੇਵ ਜੀ ਵਧੇਰੇ ਯੋਗ ਤੇ ਸੂਝਵਾਨ ਸਾਬਤ ਹੋਏ ਤੇ ਅਖੀਰ ਉਨ੍ਹਾਂ ਨੂੰ ਹੀ ਗੁਰੂ ਜੀ ਨੇ ਪਦਵੀ ਦਿਤੀ।

ਦਿਨੋ ਦਿਨ ਸਿੱਖ ਕੌਮ ਦੀ ਵਧ ਰਹੀ ਸੰਖਿਆ ਨੂੰ ਵੇਖ ਕੇ ਅਤੇ ਕੁਝ ਹੋਰ ਮੌਕੇ ਦੇ ਹਾਲਾਤ ਨੂੰ ਵਿਚਾਰ ਕੇ ਗੁਰੂ ਅਮਰਦਾਸ ਜੀ ਨੇ ਇਹ ਫੈਸਲਾ ਕੀਤਾ ਕਿ ਸਿੱਖ ਧਰਮ ਦੇ ਪਰਚਾਰ ਦਾ ਕੇਂਦਰ ਗੋਇੰਦਵਾਲ ਤੋਂ ਬਦਲਿਆ ਜਾਏ। ਉਨ੍ਹਾਂ ਨੇ ਨਗਰ ਦੀ ਥਾਂ ਆਪ ਪਸੰਦ ਕਰਕੇ 'ਗੁਰੂ ਕਾ ਚੱਕ' (ਅੰਮ੍ਰਿਤਸਰ) ਵਸਾਉਣ ਦਾ ਕੰਮ ਆਪ ਨੂੰ ਸੌਂਪ ਦਿਤਾ। ਗੁਰੂ ਜੀ ਨੇ ਪਹਿਲਾ ਟੱਕ ਦੁਖ-ਭੰਜਨ ਬੇਰ ਦੇ ਕੋਲ ਲਾਇਆ। ਗੁਰੂ ਅਮਰਦਾਸ ਜੀ ਨੇ ਆਪਣਾ ਦੇਹਾਂਤ ਨੇੜੇ ਆਉਂਦਾ ਵੇਖ ਕੇ 1574 ਈ. ਨੂੰ ਸਾਰੀ ਸੰਗਤ ਅਤੇ ਆਪਣੇ ਸਾਰੇ ਪਰਿਵਾਰ ਦੇ ਸਾਹਮਣੇ ਰਾਮਦਾਸ ਜੀ ਨੂੰ ਗੁਰੂ ਥਾਪ ਦਿਤਾ ਤੇ ਭਰੇ ਦੀਵਾਨ ਵਿਚ (ਗੁਰੂ) ਰਾਮਦਾਸ ਨੂੰ ਚੌਂਕੀ ਉਤੇ ਬਿਠਾ ਕੇ ਆਪ ਇਹਨਾਂ ਅਗੇ ਮੱਥਾ ਟੇਕਿਆ। ਉਸ ਸਮੇਂ ਗੁਰੂ ਰਾਮਦਾਸ ਜੀ ਦੀ ਆਯੂ ਚਾਲੀ ਸਾਲ ਸੀ। ਇਸ ਸਮੇਂ ਕੁਝ ਚਿਰ ਅੰਮ੍ਰਿਤ ਸਰੋਵਰ ਦੀ ਸੇਵਾ ਦਾ ਕੰਮ ਬੰਦ ਰਿਹਾ ਪਰ 1577 ਈ. ਵਿਚ ਗੁਰੂ ਰਾਮਦਾਸ ਜੀ ਨੇ ਇਹ ਕੰਮ ਮੁੜ ਸ਼ੁਰੂ ਕੀਤਾ ਆਪ ਨੇ 'ਚੱਕ ਗੁਰੂ' ਜਾਂ 'ਗੁਰੂ ਕੇ ਚੱਕ' ਨੂੰ ਹੀ ਆਪਣਾ ਪੱਕਾ ਨਿਵਾਸ ਸਥਾਨ ਬਣਾ ਲਿਆ। ਕੁਝ ਸਮਾਂ ਪਹਿਲਾਂ ਜਦ ਆਪ ਨੇ ਇਥੇ ਕੰਮ ਅਰੰਭਿਆ ਸੀ ਤਾਂ ਬਾਬਾ ਬੁੱਢਾ ਜੀ ਤੇ ਕੁਝ ਹੋਰ ਮੁਖੀ ਸਿੱਖ ਹੀ ਨਾਲ ਸਨ, ਪਰ ਹੁਣ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਲਈ ਹਜ਼ਾਰਾਂ ਦੀ ਗਿਣਤੀ ਵਿਚ ਸੇਵਕ ਇਥੇ ਆਣ ਕੇ ਤਨ, ਮਨ ਤੇ ਧਨ ਨਾਲ ਸੇਵਾ/ਲਈ ਜੁੱਟ ਪਏ। ਆਲੇ ਦੁਆਲੇ ਦੇ ਪਿੰਡਾਂ ਵਿਚੋਂ ਬਹੁਤ ਸਾਰੇ ਲੋਕ 'ਚੱਕ ਗੁਰੂ' ਆ ਕੇ ਵੱਸਣ ਲਗ ਪਏ। ਕੁਝ ਲੋਕ ਦੂਰ ਦੁਰਾਡਿਓਂ ਗੁਰੂ ਜੀ ਦੀ ਖਿੱਚ ਕਾਰਨ ਇਥੇ ਆ ਅਬਾਦ ਹੋਏ। ਉਦੋਂ ਇਹ ਛੋਟਾ ਜਿਹਾ ਪਿੰਡ ਹੀ ਸੀ। ਸੰਘਣੇ ਜੰਗਲ ਵਿਚ ਰਹਾਇਸ਼ ਲਈ ਮੁੱਢ ਵਿਚ ਕੁਝ ਕੋਠੇ ਛੱਤੇ ਗਏ। ਹੌਲੀ ਹੌਲੀ ਜਿਵੇਂ ਜਿਵੇਂ ਇਥੇ ਸਿਦੇ ਸਾਦੇ, ਸ਼ਰਧਾਲੂ, ਕਿਰਤੀ ਤੇ ਮਿਹਨਤੀ ਸਿੱਖ ਆ ਵਸੇ, ਤਿਵੇਂ ਤਿਵੇਂ ਨਗਰ ਦੀ ਰੌਣਕ ਵਧਣ ਲੱਗ ਪਈ।

ਗੁਰੂ ਜੀ ਵਲੋਂ ਇਥੇ ਅਤੁੱਟ ਲੰਗਰ ਜਾਰੀ ਕੀਤਾ ਗਿਆ। ਉਸ ਲੰਗਰ ਵਿਚੋਂ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਕੋਈ ਬਿਨਾਂ ਕਿਸੇ ਧਰਮ ਤੇ ਜ਼ਾਤ ਦੇ ਵਿਤਕਰੇ ਦੇ ਇਕੋ ਪੰਗਤ ਵਿਚ ਬੈਠ ਕੇ ਖਾਣਾ ਖਾ ਸਕਦਾ ਸੀ। ਮੁੱਢ ਵਿਚ ਭਾਵੇਂ ਗੁਰੂ ਜੀ ਨੇ ਸਰੋਵਰ ਦੀ ਖੁਦਵਾਈ ਲਈ ਕੁਝ ਕੁ ਮਜ਼ਦੂਰ ਲਗਾਏ, ਪਰ ਪਿਛੋਂ ਬਹੁਤਾ ਕੰਮ ਸੇਵਕਾਂ ਤੇ ਸ਼ਰਧਾਲੂਆਂ ਨੇ ਸੇਵਾ ਵਜੋਂ ਕੀਤਾ। ਗੁਰੂ ਜੀ ਜਦ ਕੰਮ ਕਰਦੇ ਜਾਂ ਕਰਵਾਉਂਦੇ ਤਾਂ ਆਪ ਇਕ ਬੇਰੀ ਹੇਠ ਬੈਠਿਆ ਕਰਦੇ ਸਨ। ਉਸ ਬੇਰੀ ਹੇਠ, ਦਰਸ਼ਨੀ ਦਰਵਾਜ਼ੇ ਦੇ ਨਜ਼ਦੀਕ ਉਨ੍ਹਾਂ ਦੇ ਠਹਿਰਨ ਦੇ ਅਸਥਾਨ ਦੀ ਯਾਦ ਵਿਚ ਹੁਣ ਇਕ ਗੁਰਦੁਆਰਾ ਸਥਿਤ ਹੈ।

ਇਸ ਤਰ੍ਹਾਂ ਗੁਰੂ ਜੀ ਨੇ ਅੰਮ੍ਰਿਤਸਰ ਦੀ ਨੀਂਹ ਇਕ ਕੇਂਦਰੀ ਅਸਥਾਨ ਤੇ ਰਖ ਕੇ ਅਤੇ ਉਸਦੀ ਉਸਾਰੀ ਕਰਵਾ ਕੇ ਮਾਨੋ ਸਿੱਖ ਕੌਮ ਦਾ ਭਵਿਖ ਉਜਾਗਰ ਕਰਨ ਦੀ ਨੀਂਹ ਰਖੀ। ਇਸ ਨਗਰ ਦੀ ਸਥਾਪਨਾ ਉਪਰੰਤ ਸਿੱਖ ਸੰਗਤਾਂ ਕਿ ਸਾਂਝੇ ਧਰਮ ਅਸਥਾਨ ਤੇ ਇਕੱਠੇ ਹੋਣ ਲੱਗ ਪਈਆਂ। ਇਥੇ ਸ਼ਾਂਤ ਚਿਤ ਤੇ ਨੇਕ ਸੁਭਾ ਵਾਲੇ ਸਿੱਖਾਂ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਪਾਏ ਹੋਏ ਪਵਿੱਤਰ ਪੂਰਨਿਆਂ ਉਤੇ ਚਲਨ ਦਾ ਯਤਨ ਆਰੰਭ ਦਿਤਾ ਅਤੇ ਉਨ੍ਹਾਂ ਇਕ ਸਾਂਝੇ ਭਾਈਚਾਰੇ ਦਾ ਨਿਰਮਾਣ ਕਰਕੇ ਇਸ ਨੂੰ ਪੱਕਿਆਂ ਕਰਨਾ ਸ਼ੁਰੂ ਕਰ ਦਿਤਾ। ਰਾਮਦਾਸ-ਸਰੋਵਰ ਅਜੇ ਪੱਕਾ ਨਹੀਂ ਸੀ ਹੋਇਆ ਤੇ ਗੁਰੂ-ਚੱਕ ਦਾ ਬਾਜ਼ਾਰ ਅਜੇ ਪੂਰਾ ਨਹੀਂ ਸੀ ਬਣਿਆ ਕਿ ਸੰਨ 1581 ਈ. ਵਿਚ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ। ਉਨ੍ਹਾਂ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਪੱਕਾ ਕਰਵਾਇਆ ਤੇ ਉਸ ਦੇ ਵਿਚਕਾਰ (ਹਰਿਮੰਦਰ) ਦਰਬਾਰ ਸਾਹਿਬ ਬਣਵਾਇਆ। ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਅੱਜ ਤਕ ਦਰਬਾਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਨੇ ਕਈ ਉਤਰਾ ਚੜ੍ਹਾ ਵੇਖੇ ਹਨ। 1761 ਈ. ਵਿਚ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਅੰਮ੍ਰਿਤਸਰ ਦੇ ਹਮਲੇ ਸਮੇਂ ਦਰਬਾਰ ਸਾਹਿਬ ਤੇ ਸ਼ਹਿਰ ਦਾ ਕਾਫੀ ਹਿੱਸਾ ਢਹਿ ਢੇਰੀ ਕਰ ਦਿਤਾ ਸੀ ਪਰ ਸਿੱਖ ਮਿਸਲਾਂ ਦੀ ਚੜ੍ਹਤ ਸਮੇਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਨ੍ਹਾਂ ਦੀ ਪੁਨਰ ਉਸਾਰੀ ਭਲੀ ਭਾਂਤ ਕਰ ਦਿਤੀ ਗਈ। ਉਸ ਸਮੇਂ ਤੋਂ ਦਰਬਾਰ ਸਾਹਿਬ ਦੀ ਸੋਭਾ ਅਤੇ ਰੌਨਕ ਅਤੇ ਨਗਰ ਦੀ ਉਨਤੀ ਤੇ ਆਬਾਦੀ ਦਿਨ ਦੂਨੀ ਤੇ ਰਾਤ ਚੌਗਨੀ ਹੁੰਦੀ ਗਈ।

ਗੁਰੂ ਰਾਮਦਾਸ ਜੀ ਦਾ ਉਪਦੇਸ਼ ਇਹ ਹੈ ਕਿ ਗੁਰੂ ਦੇ ਦੱਸੇ ਰਾਹ ਉਤੇ ਤੁਰਨਾ ਹੀ ਅਸਲ ਤੀਰਥ-ਇਸ਼ਨਾਨ ਹੈ, ਪਰਮਾਤਮਾ ਦਾ ਸਿਮਰ ਕਰਨਾ ਸਿੱਖ ਲਈ ਸਭ ਤੋਂ ਜ਼ਰੂਰੀ ਕਾਰਜ ਹੈ। ਪਰਮਾਤਮਾ ਨੂੰ ਸਾਰੀ ਖਲਕਤ ਵਿਚ ਵੇਖ ਕੇ ਸਭ ਨਾਲ ਪਿਆਰ ਕਰਨਾ ਲੋੜੀਂਦਾ ਹੈ। ਕਿਸੇ ਨੂੰ ਨੀਵਾਂ ਸਮਝ ਕੇ ਉਸ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ। ਨਾਮ ਜਪਣਾ, ਕਿਰਤ ਕਰਨਾ, ਵੰਡ ਕੇ ਛੱਕਣਾ ਗੁਰੂ ਜੀ ਦਾ ਮੂਲ ਉਦੇਸ਼ ਰਿਹਾ ਤੇ ਆਪ ਸਾਰੀ ਆਯੂ ਇਨ੍ਹਾਂ ਸਿਧਾਂਤਾਂ ਦੀ ਹੀ ਪ੍ਰੇਰਨਾ ਕਰਦੇ ਰਹੇ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਿੱਖ ਧਰਮ ਵਿਚ ਇਸਤ੍ਰੀ ਦਾ ਸੰਕਲਪ

ਸਿੱਖ ਧਰਮ ਵਿਚ ਇਸਤ੍ਰੀ ਬਾਰੇ ਨਰੋਆ ਤੇ ਸੁਭਾਵਕ ਦ੍ਰਿਸ਼ਟੀ ਕੋਣ ਪੇਸ਼ ਕੀਤਾ ਗਿਆ ਹੈ। ਉਹ ਜਨਨੀ ਹੈ, ਅਰਧੰਗੀ ਹੈ, ਮਿੱਤਰ ਤੇ ਸਾਥੀ ਹੈ, ਸਮਾਜ ਦਾ ਇਕ ਅਤਿ ਉਪਯੋਗੀ ਤੇ ਅਨਿਵਾਰਯ ਅੰਗ। ਉਸ ਦਾ ਦਰਜਾ ਮਨੁੱਖ ਦੇ ਬਰਾਬਰ ਹੈ, ਸਗੋਂ ਵਧ ਕੇ ਹੈ। ਫਿਰ ਵੀ ਲੋੜ ਹੈ ਕਿ ਉਸ ਦੇ ਠੀਕ ਸਥਾਨ ਬਾਰੇ ਚਰਚਾ ਕੀਤੀ ਜਾਏ।

ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਇਸਤ੍ਰੀ ਦਾ ਜਗਤ ਦੇ ਸਾਧਾਰਨ ਜੀਵਨ ਵਿਚ ਅਤਿਅੰਤ ਜ਼ਰੂਰੀ ਭਾਗ ਜਾਂ ਕੁਰਤੱਵ ਸਦਾ ਹੀ ਮੰਨਿਆ ਜਾਂਦਾ ਰਿਹਾ ਹੈ। ਉਸ ਨੂੰ ਬੇਮਿਸਾਲ ਵਡਿਆਈ ਦਾ ਪਾਤਰ ਵੀ ਸਾਰੇ ਦੇਸ਼ਾਂ ਵਿਚ ਖਾਸ ਕਰ ਕੇ ਭਾਰਤ ਵਿਚ ਸਮਝਿਆ ਜਾਂਦਾ ਰਿਹਾ ਹੈ। ਕਦੀ ਉਸ ਨੂੰ ਦੇਵੀ, ਕਦੀ ਮਾਤਾ ਤੇ ਜਨਨੀ ਦੇ ਤੌਰ ਤੇ ਪੂਜਿਆ ਗਿਆ। ਕਦੀ ਸੱਜਨੀ ਤੇ ਪ੍ਰੇਮਕਾ, ਅਰਧੰਗੀ ਤੇ ਸਤਵੰਤੀ ਵਜੋਂ ਪਿਆਰਿਆ ਗਿਆ, ਕਦੀ ਸੁਹਜ ਤੇ ਸੁਹਿਤਦਤਾ, ਸਾਹਸ ਤੇ ਨਿਸ਼ਕਪਟਤਾ, ਕੁਰਬਾਨੀ ਤੇ ਸਹਿਣ-ਸ਼ੀਲਤਾ, ਆਦਿ ਉੱਚੇ ਗੁਣਾਂ ਕਾਰਨ ਸਲਾਹਿਆ ਗਿਆ ਅਤੇ ਮਨੁੱਖੀ ਜੀਵਨ ਦੀ ਸਫਲਤਾ ਤੇ ਪਵਿੱਤਰਤਾ ਲਈ ਉਸ ਦੇ ਸਹਿਯੋਗ ਨੂੰ ਅਨਿਵਾਰਯ ਸਮਝਿਆ ਗਿਆ।

ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਲਗਪਗ ਸਾਰੇ ਦੇਸ਼ਾਂ ਦੇ ਸਮਾਜ ਵਿਚ ਇਸਤ੍ਰੀ ਪ੍ਰਤੀ ਆਮ ਵਤੀਰਾ ਇਨਸਾਫ ਅਤੇ ਹਮਦਰਦੀ ਦੀ ਥਾਂ ਘ੍ਰਿਣਾ ਅਤੇ ਅਤਿਆਚਾਰ ਦਾ ਅਪਣਾਇਆ ਜਾਂਦਾ ਰਿਹਾ ਹੈ। ਉਸ ਨੂੰ ਅਬਲਾ ਅਤੇ ਪ੍ਰਾਧੀਨ ਸਮਝ ਕੇ ਤੇ ਸਮਾਜ ਦਾ ਇਕ ਕਮਜ਼ੋਰ, ਦਲਿਤ ਅਤੇ ਨਿਗੂਣਾ ਜੇਹਾ ਅੰਗ ਬਣਾ ਕੇ ਉਸ ਨੂੰ ਪਰਸ਼-ਪਰਧਾਨ ਸਮਾਜ ਵਿਚ ਅਕਹਿ ਤੇ ਅਸਹਿ ਜ਼ੁਲਮਾਂ, ਧ੍ਰੋਹਾਂ ਅਤੇ ਖੁਨਾਮੀਆਂ ਦਾ ਭਾਗੀ ਬਣਾਇਆ ਗਿਆ। ਅਫਸੋਸ ਕਿ ਜਦ ਇਸਤ੍ਰੀ ਜਾਤੀ ਏਨੇ ਭਾਰੀ ਅਤਿਆਚਾਰ ਸਹਿੰਦੀ ਹੋਈ ਵੀ ਮਨੁੱਖ ਦਾ ਸਾਥ ਵਫ਼ਾਦਾਰੀ ਨਾਲ ਨਿਭਾਂਦੀ ਰਹੀ, ਫਿਰ ਵੀ ਮਨੁੱਖ ਵਲੋਂ ਉਸ ਦੀਆਂ ਏਨੀਆਂ ਬੇਲਾਗ ਕੁਰਬਾਨੀਆਂ ਦੀ ਬਹੁਤ ਘਟ ਕਦਰ ਕੀਮਤ ਪਾਈ ਗਈ ਅਤੇ ਉਹ ਸਦਾ ਹੀ ਮਨੁੱਖੀ ਸਮਾਜ ਦਾ ਇਕ ਅਣਗੋਲਿਆ ਅੰਗ ਬਣੀ ਰਹੀ।

ਇਹ ਤਾਂ ਸੀ ਇਸਤ੍ਰੀ ਬਾਰੇ ਇਕ ਇਤਿਹਾਸਕ ਦ੍ਰਿਸ਼ਟੀਕੋਣ ਜਿਸ ਦੀ ਇਤਿਹਾਸਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਚਾਈ ਜਾਂ ਪ੍ਰਮਾਣਿਕਤਾ ਤੋਂ ਇਨਕਾਰ ਨਹੀਂ ਹੋ ਸਕਦਾ। ਹੁਣ ਅਸੀਂ ਇਹ ਵਿਚਾਰਦੇ ਹਾਂ ਕਿ ਇਸਤ੍ਰੀ ਦੀ ਪ੍ਰਕਿਰਤੀ ਕੀ ਹੈ ਅਰਥਾਤ ਇਸਤ੍ਰੀ ਕੀ ਹੈ, ਇਸ ਦਾ ਰਹੱਸ ਕੀ ਹੈ, ਇਸ ਦਾ ਮਨੁੱਖੀ ਸੰਦਰਭ ਵਿਚ ਪੁਰਸ਼ ਦੇ ਸੰਬੰਧ ਜਾਂ ਪ੍ਰਤੀ ਸੰਬੰਧ ਵਜੋਂ ਕੀ ਸਥਾਨ ਹੈ ?

ਇਸਤ੍ਰੀ ਦੀ ਪ੍ਰਕਿਰਤੀ ਬਾਰੇ ਪ੍ਰਸ਼ਨ ਸੰਸਾਰ ਦਾ ਸ਼ਾਇਦ ਇਕ ਕਠਿਨਤਮ ਪ੍ਰਸ਼ਨ ਹੈ। ਪਰ ਹੈ ਇਹ ਲੱਖਾਂ ਪ੍ਰਸ਼ਨਾਂ ਵਿਚੋਂ ਇੱਕ ਸਭ ਤੋਂ ਜ਼ਰੂਰੀ ਪ੍ਰਸ਼ਨ, ਜਿਸ ਨੂੰ ਅਮਰੀਕਾ ਵਿਚ "ਏ ਮਿਲੀਅਨ ਡਾਲਰ ਕੁਐਸਚਨ" ਕਹਿਣਗੇ।

ਪ੍ਰਸਿੱਧ ਪੰਜਾਬੀ ਕਵੀ ਮੋਹਨ ਸਿੰਘ ਆਪਣੀ ਕਵਿਤਾ "ਅਪਹੁੰਚ" ਵਿਚ ਇਸਤ੍ਰੀ ਨੂੰ ਦਵੰਦ ਮਰਨੀ, ਅੰਮ੍ਰਿਤ-ਵਿਹੁੰ-ਵੰਡਣੀ ਅਰਥਾਤ ਜਾਦੂਗਰਨੀ ਦਰਸਾਂਦਾ ਹੈ। ਉਸ ਦਾ ਭਾਵ ਇਸਤ੍ਰੀ ਦੇ ਉਸ ਵਿਰੋਧਾਭਾਸੀ (paradoxical) ਚਰਿਤ੍ਰ ਵਲ ਸੰਕੇਤ ਕਰਨਾ ਹੈ, ਜਿਸ ਦੇ ਕਾਰਨ ਇਸਤ੍ਰੀ ਦੀ ਪ੍ਰਕਿਰਤੀ ਨੂੰ ਗ੍ਰਹਿਣ ਕਰਨਾ ਜਾਂ ਉਸ ਤਕ 'ਪਹੁੰਚ' ਸਕਣਾ ਅਸੰਭਵ ਹੈ। ਇਹੋ ਕਵੀ ਆਪਣੀ ਇਕ ਹੋਰ ਕਵਿਤਾ "ਮੰਗਤੀ" ਵਿਚ ਇਸਤ੍ਰੀ ਦੇ ਇਸਤ੍ਰੀਤੱਵ ਨੂੰ ਅਭੰਗ ਤੇ ਅਭਿੱਜ ਅਤੇ ਆਪਣੀ ਅੰਤਰੀਵ ਪ੍ਰਕਿਰਤੀ ਵਿਚ ਅਸਲੋਂ 'ਅਛੋਹ' ਮੰਨਦਾ ਹੈ। ਉਸ ਦੀ ਇਸ ਧਾਰਨਾ ਦਾ ਮੂਦ ਭਾਵ ਇਹ ਹੈ ਇਸਤ੍ਰੀਤੱਵ ਅਸਲ ਵਿਚ ਇਸਤ੍ਰੀ ਦਾ ਅੰਦਰਲਾ ਮਨ ਜਾਂ ਆਤਮਾ ਹੈ, ਉਸ ਦਾ ਸਰੀਰ ਨਹੀਂ। ਇਸ ਲਈ ਇਸਤ੍ਰੀਤੱਵ ਸਦਾ ਹੀ ਹਰ ਪ੍ਰਕਾਰ ਦੀ ਭ੍ਰਸ਼ਟਤਾ ਤੋਂ ਸੁਰੱਖਿਅਤ ਹੈ। ਮੋਹਨ ਸਿੰਘ ਦੇ ਇਸ ਉਪਰ ਲਿਖੇ ਇਸਤ੍ਰੀ-ਅਨੁਭਵ ਵਿਚ ਸਭ ਤੋਂ ਜ਼ਰੂਰੀ ਨੁਕਤਾ ਸ਼ਾਇਦ ਇਹੋ ਹੈ ਕਿ ਇਸਤ੍ਰੀ ਇਕ ਬੁਝਾਰਤ ਜਾਂ ਜਟਿਲ ਸਮੱਸਿਆ ਹੈ, ਜਿਸ ਨੂੰ ਸਮਝ ਸਕਣਾ ਮਨੁੱਖੀ ਸਮਰਥਾ ਤੋਂ ਪਰੇ ਹੈ। ਮੋਹਨ ਸਿੰਘ ਨੇ ਜਦ ਰੱਬ ਨੂੰ "ਇਕ ਗੁੰਝਲਦਾਰ ਬੁਝਾਰਤ" ਜਾਂ "ਇਕ ਗੋਰਖਧੰਦਾ" ਆਖਿਆ ਹੈ ਤਾਂ ਇਸਤ੍ਰੀ ਬਾਰੇ ਵੀ ਉਸ ਦਾ ਵਿਚਾਰ ਏਸੇ ਕਿਸਮ ਦਾ ਹੈ।

ਅਧਿਆਤਮਕ ਖੇਤਰਾਂ ਵਿਚ ਇਸਤ੍ਰੀ ਨੂੰ ਮਾਇਆ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਕਿਉਂਕਿ ਮਾਇਆ ਆਪਣੇ ਮੁਢਲੇ ਸਰੂਪ ਵਿਚ ਇਕ "ਮਾਈ" ਦੇ ਰਹੱਸਮਈ ਸੰਕਲਪ ਰਾਹੀਂ ਪ੍ਰਗਟ ਹੋਈ ਹੈ, ਜਿਵੇਂ ਗੁਰੂ ਨਾਨਕ ਸਾਹਿਬ ਦੇ ਇਸ ਅਦੁਤੀ ਕਥਨ ਵਿਚ : "ਏਕਾ ਮਾਈ ਜੁਗਤ ਵਿਆਈ ਤਿੰਨ ਚੇਲੇ ਪਰਵਾਣ।" ਸੋ ਸੰਸਾਰ ਦੀ ਉਤਪਤੀ ਦਾ ਸੰਕਲਪ ਮੂਲ ਰੂਪ ਵਿਚ ਇਸਤ੍ਰੀ ਦੀ ਰਹੱਸਮਈ ਪ੍ਰਕਿਰਤੀ ਨਾਲ ਜੁੜਿਆ ਹੋਇਆ ਮਿਲਦਾ ਹੈ ਜਿਸ ਤੋਂ ਇਸਤ੍ਰੀ ਦੀ ਅਗੰਮਤਾ ਸਿੱਧ ਹੋ ਜਾਂਦੀ ਹੈ।

ਇਹੋ ਕਾਰਨ ਹੈ ਕਿ ਜਦ ਮਨੁੱਖ (ਅਰਥਾਤ ਪੁਰਸ਼) ਇਸਤ੍ਰੀ ਬਾਰੇ ਗੱਲ ਕਰਦਾ ਹੈ ਤਾਂ ਸਿਵਾਏ ਅਸਮਰਥਾ ਪ੍ਰਗਟ ਕਰਨ ਦੇ ਹੋਰ ਕੁਝ ਨਹੀਂ ਕਹਿ ਸਕਦਾ। ਇਸਤ੍ਰੀ ਦਾ ਸੰਪਰਕ, ਸੰਗ-ਸਾਥ, ਸੁਨੇਹ-ਪਿਆਰ ਜਾਂ ਸੁਖਾਵਾਂ ਸਹਿਯੋਗ ਤਾਂ ਉਹ ਪ੍ਰਾਪਤ ਕਰ ਲੈਂਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਪਰ ਉਸ ਦੇ ਉਦਗਾਰਾਂ, ਭਾਵ-ਬ੍ਰਿਤੀਆਂ ਅਤੇ ਅਣਪ੍ਰਗਟ ਸੰਸਕਾਰਾਂ ਨੂੰ ਸਮਝਣ ਤੇ ਵਿਅਕਤ ਕਰਨ ਵਿਚ ਉਹ ਭੁਲੇਖਿਆਂ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਕਦੀ ਉਸ ਨੂੰ ਕੇਵਲ ਲਿੰਗ-ਤ੍ਰਿਸ਼ਨਾ ਦੀ ਪੂਰਤੀ ਦਾ ਸਾਧਨ ਮੰਨਦਾ ਹੈ, ਕਦੀ ਉਸ ਨੂੰ ਇਕ ਸੁੰਦਰ ਖਿਡੌਣਾ ਸਮਝਦਾ ਹੈ ਜਿਸ ਦਾ ਕਰਤੱਵ ਮਨ-ਪਰਚਾਵੇ ਤੋਂ ਵੱਧ ਨਹੀਂ। ਕਦੀ ਉਹ ਇਸਤਰੀ ਨੂੰ ਕੇਵਲ ਇਕ ਦਾਸੀ ਦੇ ਰੂਪ ਵਿਚ ਹੀ ਸਵੀਕਾਰ ਕਰਦਾ ਹੈ ਅਤੇ ਕਦੀ ਉਸ ਨੂੰ ਸਮਾਜ ਦਾ ਇਕ ਵਾਧੂ ਅੰਗ ਸਮਝ ਕੇ ਉਸਨੂੰ ਆਪਣੇ ਸੁਆਰਥ ਅਤੇ ਆਰਥਕ ਲਾਭਾਂ ਲਈ ਵਰਤਣ ਦਾ ਜਤਨ ਕਰਦਾ ਹੈ। ਕਈ ਵਾਰੀ ਇਸਤ੍ਰੀ ਦੀ ਅਦਭੁਤ ਸੁਦੌਰਤਾ ਤੋਂ ਪ੍ਰਭਾਵਿਤ ਹੋ ਕੇ ਮਨੁੱਖ ਦਾ ਕਵੀ-ਮਨ ਉਸ ਨੂੰ ਆਦਰਸ਼ਿਆ ਕੇ ਪੇਸ਼ ਕਰਦਾ ਹੈ ਅਤੇ ਉਸ ਨੂੰ ਆਪਣੇ ਦਿਲ ਦੀ ਰਾਣੀ ਜਾਂ ਭਾਵਾਂ ਦੀ ਮਲਕਾ ਆਖ ਕੇ ਉਸ ਦੀ ਯਾਦ ਵਿਚ ਕੋਈ ਤਾਜ ਮਹੱਲ ਉਸਾਰ ਦੇਂਦਾ ਹੈ। ਜਿਸ ਨਾਲ ਜਿਉਂਦਿਆਂ ਇਨਸਾਫ ਨਹੀਂ ਹੁੰਦਾ ਉਸ ਨਾਲ ਮਰਨ ਤੋਂ ਬਾਅਦ ਕੀ ਇਨਸਾਫ ਹੋ ਸਕਦਾ ਹੈ? ਇਹ ਤਾਂ ਇਸਤ੍ਰੀ ਨਾਲ ਇਕ ਵਿਅੰਗ ਭਰਿਆ ਮਖੌਲ ਹੈ। ਅਸਲ ਵਿਚ ਮਰਦ ਇਕ ਇਸਤ੍ਰੀ ਤੋਂ ਬਾਅਦ ਦੂਜੀ ਲੱਭਦਾ ਹੈ ਤੇ ਹਰ ਇਕ ਨਾਲ ਦੋਸਤੀ ਦਾ ਦਮ ਭਰਦਾ ਹੋਇਆ ਕਿਸੇ ਇਕ ਨਾਲ ਵੀ ਇਨਸਾਫ਼ ਨਹੀਂ ਕਰਦਾ।

ਪੁਰਸ਼ ਪਰਧਾਨ ਸਮਾਜ ਵਿਚ ਇਸਤ੍ਰੀ ਨੂੰ ਮਨੁੱਖ ਦੀ ਕਦੀ-ਨਾ-ਤ੍ਰਿਪਤ ਹੋਣ ਵਾਲੀ ਲਿੰਗ ਭੁੱਖ ਦਾ ਸਦੀਵੀ ਉਪਕਰਨ (ਸਾਧਨ) ਬਣਾਈ ਰੱਖਣ ਲਈ ਉਸ ਨੂੰ ਵੇਸਵਾ ਬਣਨ ਤੇ ਮਜ਼ਬੂਰ ਕੀਤਾ ਜਾਂਦਾ ਹੈ ਤੇ ਫਿਰ ਉਸ ਨੂੰ ਅਥਾਹ ਤ੍ਰਿਸਕਾਰ ਤੇ ਨਫਰਤ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਸੰਸਾਰ ਦਾ ਇਤਿਹਾਸ ਇਸ ਘਣਾਉਣੀ ਸਚਾਈ ਦਾ ਇਕ ਮੂੰਹੋਂ-ਬੋਲਦਾ ਗਵਾਹ ਹੈ।

ਕਈ ਮਹਾਨ ਚਿੰਤਕਾਂ ਨੇ ਇਸਤ੍ਰੀ ਬਾਰੇ ਕੁਝ ਜ਼ਰੂਰੀ ਕਥਨ ਵੀ ਸੰਸਾਰ ਸਾਹਿਤ ਨੂੰ ਪ੍ਰਦਾਨ ਕੀਤੇ ਹਨ ਪਰ ਇਸਤ੍ਰੀ ਦੀ ਪੂਰਨ ਸਚਾਈ ਫਿਰ ਵੀ ਆਮ ਲੋਕਾਂ ਦੇ ਗੋਚਰ ਨਹੀਂ ਹੋਈ। ਲੈਪੋਲੀਅਨ ਕਹਿੰਦਾ ਹੈ ਕਿ ਜਿਸ ਇਕੱਠ ਜਾਂ ਸੰਗਤ ਵਿਚ ਇਸਤ੍ਰੀ ਸ਼ਾਮਲ ਨਾ ਹੋਵੇ ਉਸ ਵਿਚ ਸਭ ਕਿਸਮ ਦੀ ਗੱਲਬਾਤ ਨਹੀਂ ਹੋ ਸਕਦੀ। ਇਸ ਤੋਂ ਇਸਤ੍ਰੀ ਦੀ ਸੁਹਿਰਦਤਾ ਤੇ ਗੱਲਬਾਤੀ ਯੋਗਤਾ ਦਾ ਸੰਕੇਤ ਮਿਲਦਾ ਹੈ। ਟਾਲਸਟਾਇ ਕਹਿੰਦਾ ਹੈ ਕਿ ਇਸਤ੍ਰੀ ਬਾਰੇ ਮੈਂ ਉਦੋਂ ਗੱਲ ਕਰਾਂਗਾ ਜਦੋਂ ਮਰਨ ਸਮੇਂ ਤਾਬੂਤ ਵਿਚ ਪੈ ਕੇ ਮੈਂ ਉਤੇ ਕਫ਼ਨ ਲੈ ਲਵਾਂਗਾ ਅਰਥਾਤ ਉਹ ਇਸਤ੍ਰੀ ਬਾਰੇ ਸੱਚੀ ਗੱਲ ਕਹਿਣ ਦਾ ਹੀਆ ਨਹੀਂ ਕਰਦਾ। ਪਤਾ ਨਹੀਂ ਉਹ "ਸੱਚੀ ਗੱਲ" ਕੀ ਹੈ? ਵਾਰਸ਼ ਸ਼ਾਹ ਇਸਤ੍ਰੀ ਨੂੰ "ਬੇਵਿਸਾਹੀ" ਮੰਨਦਾ ਹੋਇਆ ਇਸ ਨੂੰ ਤਲਵਾਰ, ਘੋੜੇ ਤੇ ਫਕੀਰ ਨਾਲ ਤੁਲਨਾ ਦੇਂਦਾ ਹੈ—ਇਹ ਚਾਰੇ ਕਿਸੇ ਦੇ ਮਿੱਤ ਨਹੀਂ ਹੋ ਸਕਦੇ। ਹਿੱਤ ਉਪਦੇਸ਼ ਵਿਚ ਇਸਤ੍ਰੀ ਨੂੰ "ਲਤਾ" ਕਿਹਾ ਗਿਆ ਹੈ ਜਿਸ ਦਾ ਭਾਵ ਇਸ ਦੀ ਪ੍ਰਾਧੀਨਤਾ ਅਤੇ ਨਿਰਾਸਰਾਪਨ ਪ੍ਰਗਟ ਕਰਨਾ ਹੈ। ਕਵੀ ਤੁਲਸੀ ਦਾਸ ਇਸ ਨੂੰ ਦੰਡ ਦਾ ਭਾਗੀ ਤੇ 'ਤਾੜਨ-ਅਧਿਕਾਰੀ' ਕਹਿ ਕੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰਸ਼ ਦੀ ਸੰਸਕਾਰੀ ਰੂਹ ਪ੍ਰਗਟ ਕਰਦਾ ਹੈ। ਫਾਰਸੀ ਸ਼ਾਇਰ ਉਰਫੀ ਭਾਰਤੀ ਇਸਤ੍ਰੀ ਨੂੰ ਬਹਾਦਰ (ਮਰਦਾਨਾ) ਆਖ ਕੇ ਵਡਿਆਉਂਦਾ ਹੈ ਕਿਉਂਕਿ ਉਹ ਬੁਝੀ ਹੋਈ ਸ਼ਮਾ ਤੇ ਜਲ ਜਾਂਦੀ ਹੈ ਜਦ ਕਿ ਪਤੰਗਾ ਬਲਦੀ ਸਮਾਂ ਤੇ ਸੜਦਾ ਹੈ। ਉਸ ਦਾ ਇਸ਼ਾਰਾ ਭਾਰਤ ਵਿਚ 'ਸਤੀ' ਦੇ ਮਧਕਾਲੀਨ ਰਿਵਾਜ ਵੱਲ ਹੈ।

ਭਾਰਤ ਵਿਚ ਗੁਰੂ ਨਾਨਕ ਇਕ ਅਜੇਹੇ ਮਹਾਂ ਪੁਰਸ਼ ਹੋਏ ਹਨ ਜਿਨ੍ਹਾਂ ਨੇ ਇਸਤ੍ਰੀ ਨੂੰ ਪੁਰਸ਼ ਦੀ ਜਨਨੀ ਦੇ ਰੂਪ ਵਿਚ ਸਤਿਕਾਰਯੋਗ ਕਰਾਰ ਦਿਤਾ ਹੈ "ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ ॥" ਸੋਲ੍ਹਵੀਂ ਸਦੀ ਤੋਂ ਹੀ ਸਿੱਖ ਸਮਾਜ ਵਿਚ ਇਸਤ੍ਰੀ ਦਾ ਦਰਜਾ ਮਨੁੱਖ ਦੇ ਬਰਾਬਰ ਅਤੇ ਸਮਾਜ ਦੇ ਕੰਮਾਂ ਵਿਚ ਅਨਿਵਾਰਯ ਤੇ ਉਪਯੋਗੀ ਮੰਨਿਆ ਜਾ ਰਿਹਾ ਹੈ।

ਸਿੱਖ ਇਤਿਹਾਸ ਵਿਚ ਕਈ ਉੱਘੀਆਂ ਤੇ ਮਹਾਨ ਇਸਤ੍ਰੀਆਂ ਦਾ ਉਲੇਖ ਮਿਲਦਾ ਹੈ, ਜਿਵੇਂ ਬੀਬੀ ਭਾਨੀ ਜੀ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ, ਮਾਈ ਭਾਗੋ ਰਾਣੀ ਸਾਹਿਬ ਕੌਰ ਪਟਿਆਲਾ, ਮਹਾਂਰਾਣੀ ਜਿੰਦਾਂ ਆਦਿ। ਇਹ ਸਿੱਖ ਕੌਮ ਲਈ ਸਦਾ ਹੀ ਅਥਾਹ ਪ੍ਰੇਰਨਾ ਦਾ ਸੋਮਾ ਹਨ।

ਅੰਤ ਵਿਚ ਮੈਂ ਗੁਰੂ ਹਰਿ ਗੋਬਿੰਦ (ਸਿੱਖ ਧਰਮ ਦੇ ਛੇਵੇਂ ਬਲੀ ਯੋਧੇ ਤੇ ਮਹਾਨ ਸ਼ਕਤੀਸ਼ਾਲੀ ਗੁਰੂ) ਦੇ ਕਥਨ ਵਿਚ ਇਸਤ੍ਰੀ ਦੀ ਪੂਰਨ ਸਚਾਈ ਦਾ ਪ੍ਰਮਾਣ ਪੇਸ਼ ਕਰਦਾ ਹਾਂ ਅਰਥਾਤ "ਇਸਤ੍ਰੀ ਈਮਾਨ ਹੈ"। ਇਸ ਤੋਂ ਚੰਗੀ ਇਸਤ੍ਰੀ ਦੀ ਪਰਿਭਾਸ਼ਾ ਸੰਭਵ ਨਹੀਂ। ਇਸਤ੍ਰੀ ਮਨੁੱਖੀ ਆਚਰਨ ਦੀ ਰਖਿਅਕ ਅਤੇ ਪਹਿਰੇਦਾਰ ਹੈ। ਇਸਤ੍ਰੀ ਤੋਂ ਬਿਨਾ ਕੋਈ ਮਨੁੱਖ ਉੱਚੀ ਪ੍ਰੇਰਨਾ ਅਤੇ ਉੱਤਮ ਪਦਵੀ ਦਾ ਮਾਲਕ ਨਹੀਂ ਹੋ ਸਕਦਾ, ਭਾਵੇਂ ਇਸਤ੍ਰੀ ਦਾ ਰੂਪ ਮਾਤਾ ਦਾ ਹੈ, ਭੈਣ ਦਾ ਹੈ, ਲੜਕੀ ਦਾ ਹੈ, ਜਾਂ ਪਤਨੀ ਦਾ ਹੈ। ਜਿਸ ਮਨੁੱਖ ਨੇ ਇਸਤ੍ਰੀ ਦਾ ਸਤਿਕਾਰ ਕਰਨਾ ਨਹੀਂ ਸਿਖਿਆ। ਇਹ ਮਨੁੱਖ ਦੀ ਸਭ ਤੋਂ ਜ਼ਰੂਰੀ ਸਿਖਿਆ ਹੈ। ਹਰ ਦੇਸ਼ ਵਿਚ ਹੁਣ ਇਸਤ੍ਰੀ ਦੀ ਆਜ਼ਾਦੀ ਦਾ ਚਰਚਾ ਹੈ। ਇਸ ਦਾ ਸਿੱਟਾ ਬਹੁਤ ਖੁਸ਼ਗਵਾਰ ਨਿਕਲੇਗਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ

ਦਸਮ ਗ੍ਰੰਥ ਦੇ ਪ੍ਰਸਿਧ ਸ਼ਬਦ (ਸਵੱਯੇ) "ਦੇਹ ਸਿਵਾ ਬਰ ਮੋਹਿ ਇਹ ਸੁਭ ਕਰਮਨ ਤੇ ਕਬਹੂ ਨ ਟਰੋਂ" ਵਿਚ ਭਗਤੀ ਤੇ ਸ਼ਕਤੀ ਦਾ ਆਸ਼ਾ ਪੂਰੀ ਤਰ੍ਹਾਂ ਸੰਮਿਲਤ ਹੋਇਆ ਮਿਲਦਾ ਹੈ। ਇਸ ਵਿਚ ਭਗਤੀ-ਭਾਵ ਦੇ ਸੂਚਕ ਵਾਕੰਸ਼ (ਤੁਕਾਗ) "ਇਹ ਲਾਲਚ ਹੈ ਗੁਣ ਤਉ ਉਚਰੋਂ" ਅਤੇ "ਸੁਭ ਕਰਮਨ ਤੇ ਕਬਹੂ ਨ ਟਰੋਂ" ਦੇ ਨਾਲ ਸ਼ਕਤੀ-ਧਾਰਨਾ ਦੇ ਸੰਕੇਤਕ ਵਾਕੰਸ਼ "ਨਾ ਡਰੋਂ ਅਰ ਸਿਓ ਜਬ ਜਾਇ ਲਰੋਂ" ਅਤੇ "ਅਤਿ ਹੀ ਰਣ ਮੇ ਤਬ ਜੂਝ ਮਰੋਂ" ਸ਼ਾਮਲ ਹਨ ਅਤੇ ਇਨ੍ਹਾਂ ਦੋਹਾਂ ਮਹੱਤਵਪੂਰਨ ਧਾਰਨਾਵਾਂ ਵਿਚ ਅੰਤਮ ਲਕਸ਼ ਯਕੀਨੀ ਜਿੱਤ ਦਾ ਹੈ ਅਰਥਾਤ "ਨਿਸਚੇ ਕਰ ਅਪਨੀ ਜੀਤ ਕਰੋਂ' ਅਤੇ "ਅਤਿ ਹੀ ਰਣ ਮੇ ਤਬ ਜੂਝ ਮਰੋਂ' ਸ਼ਾਮਲ ਹਨ ਅਤੇ ਇਨ੍ਹਾਂ ਦੋਹਾਂ ਮਹੱਤਵਪੂਰਨ ਧਾਰਨਾਵਾਂ ਵਿਚ ਅੰਤਮ ਲਕਸ਼ ਯਕੀਨੀ ਜਿੱਤ ਦਾ ਹੈ ਅਰਥਾਤ "ਨਿਸਚੇ ਕਰ ਅਪਨੀ ਜੀਤ ਕਰੋਂ" ਜੋ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਦੀ ਬੇਮਿਸਾਲ ਸ਼ਖਸੀਅਤ ਦੇ ਪ੍ਰਗਟਾ ਲਈ ਇਕ ਭਾਵਪੂਰਤ ਪ੍ਰਤੀਕ ਹੈ।

ਏਸੇ ਯਕੀਨੀ ਜਿੱਤ ਦੇ ਲਕਸ਼ ਨੂੰ ਸਿੱਖ ਧਰਮ ਵਿਚ 'ਚੜ੍ਹਦੀ ਕਲਾ' ਕਿਹਾ ਗਿਆ ਹੈ। ਇਸ ਵਿਚੋਂ ਹੀ ਦਸਮੇਸ਼ ਗੁਰੂ ਜੀ ਦੇ ਮਹਾਂ ਨਾਇਕ ਦਾ ਸੰਕਲਪ ਸਥਾਪਿਤ ਹੁੰਦਾ ਹੈ ਜਿਸ ਵਿਚ ਨਾਇਕਤੱਵ ਦੇ ਕਈ ਪੱਖ ਸ਼ਾਮਲ ਹਨ : ਯੋਧਾ-ਨਾਇਕ, ਸੰਤ-ਨਾਇਕ ਅਤੇ ਕਵੀ-ਨਾਇਕ। ਇਹ ਨਾਇਕ ਦਾ ਸੰਕਲਪ ਕਾਰਲਾਈਲ ਦੇ ਪ੍ਰਸਿੱਧ ਸਿਧਾਂਤ "ਨਾਇਕ ਤੇ ਨਾਇਕ ਪੂਜਾ" ਤੇ ਆਧਾਰਿਤ ਹੈ।

ਮਹਾਂਬਲੀ ਦਸ਼ਮੇਸ਼ ਗੁਰੂ ਜੀ ਵਿਚ ਭਗਤੀ ਤੇ ਸ਼ਕਤੀ ਦੇ ਸਮੇਲ ਦਾ ਵਿਸ਼ਾ ਆਪਣੇ ਆਪ ਵਿਚ ਇਕ ਸਾਧਾਰਨ ਕਥਨ ਵਜੋਂ ਤਾਂ ਬਹੁਤ ਸਪਸ਼ਟ ਜਾਪਦਾ ਹੈ ਪਰ ਜਦ ਇਸ ਵਿਸ਼ੇ ਵਿਚ ਲੁਕੇ ਹੋਏ ਅਰਥਾਂ ਦਾ ਡੂੰਘਾ ਅਧਿਐਨ ਕਰੀਏ ਤਾਂ ਇਹ ਵਿਸ਼ਾ ਬਹੁਤ ਜਟਿਲ ਤੇ ਪੇਚੀਦਾ ਹੋ ਜਾਂਦਾ ਹੈ। ਇਸ ਲਈ ਮੇਰਾ ਜਤਨ ਇਸ ਵਿਸ਼ੇ ਦੇ ਅੰਤਰੀਵ ਵਿਆਖਿਆ ਕਰਨ ਤੇ ਨਿਰਭਰ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਸ਼ਨ ਉਠਦਾ ਹੈ ਕਿ ਕੀ ਗੁਰੂ ਸਾਹਿਬ ਨੇ ਭਗਤੀ ਤੇ ਸ਼ਕਤੀ ਦੋ ਵੱਖਰੇ ਤੱਤਾਂ ਨੂੰ ਇਕੱਠਾ ਕਰ ਕੇ ਆਪਣੇ ਉਚੇ ਜੀਵਨ ਕਰਤੱਵ ਦੀ ਪੂਰਤੀ ਕੀਤੀ ? ਮੇਰੇ ਵਿਚਾਰ ਵਿਚ ਗੱਲ ਭਗਤੀ ਤੇ ਸ਼ਕਤੀ ਤੇ ਸੁਮੇਲ ਦੀ ਨਹੀਂ, ਭਗਤੀ ਵਿਚ ਸ਼ਕਤੀ ਦਾ ਵਾਧਾ ਕਰਨ ਦੀ ਹੈ ਜਾਂ ਇਉਂ ਕਹਿਣਾ ਵਧੇਰੇ ਉਚਿਤ ਹੈ ਕਿ ਭਗਤੀ ਵਿਚੋਂ ਸ਼ਕਤੀ ਦਾ ਵਿਕਾਸ ਤੇ ਨਿਰਮਾਣ ਕਰਨ ਦੀ ਹੈ।

... ... ... ...

ਸਿੱਖ ਧਰਮ ਵਿਚ ਨਿਰਸੰਦੇਹ ਪ੍ਰਥਮਤਾ ਤੇ ਪਰਧਾਨਤਾ ਭਗਤੀ ਦੀ ਹੈ। ਸ਼ਕਤੀ ਤਾਂ ਭਗਤੀ ਦੇ ਕਲਪ ਵ੍ਰਿਛ ਵਿਚੋਂ ਨਿਕਲੀ ਇਕ ਜ਼ਰੂਰੀ ਸ਼ਾਖਾ ਵਾਂਗ ਸਿੱਧ ਹੁੰਦੀ ਹੈ। ਗੁਰੂ ਸਾਹਿਬ ਨੇ ਸ਼ਕਤੀ ਦਾ ਭਗਤੀ ਉਤੇ ਕੋਈ ਆਰੋਪ ਜਾਂ ਵਾਧੂ ਇਜ਼ਾਫਾ ਨਹੀਂ ਕੀਤਾ। ਜੇ ਅਜੇਹਾ ਹੁੰਦਾ ਤਾਂ ਸਿੱਖ ਧਰਮ ਸ਼ਕਤੀ ਧਾਰਨ ਕਰ ਕੇ ਇਕ ਸੈਨਿਕ ਰਾਜ ਸੱਤਾ ਬਣ ਕੇ ਹੀ ਰਹਿ ਜਾਂਦਾ। ਕੋਈ ਧਾਰਮਕ ਜਥੇਬੰਦੀ ਜਿਵੇਂ ਕਿ ਖਾਲਸਾ ਪੰਥ ਦੇ ਰੂਪ ਵਿਚ ਅਸੀਂ ਦੇਖਦੇ ਹਾਂ ਨਾ ਹੁੰਦਾ।

ਆਪਣੇ ਵਿਚਾਰ ਦੀ ਸਪਸ਼ਟਤਾ ਲਈ ਮੈਂ ਭਗਤੀ ਅਤੇ ਸ਼ਕਤੀ ਦੋਹਾਂ ਦੀ ਵੱਖਰੀ ਤੇ ਤੁਲਨਾਤਮਕ ਪੱਧਰ ਤੇ ਵਿਆਖਿਆ ਕਰਨਾ ਜ਼ਰੂਰੀ ਸਮਝਦਾ ਹਾਂ।

ਭਗਤੀ ਸਿੱਖ ਧਰਮ ਦੀ ਮੂਲ ਸਚਾਈ ਹੈ। ਇਹ ਸਿੱਖ ਧਰਮ ਦੀ ਬੁਨਿਆਦੀ ਆਧਾਰ-ਸ਼ਿਲਾ ਮੰਨੀ ਜਾ ਸਕਦੀ ਹੈ। ਭਾਰਤ ਵਿਚ ਤੇਰਵੀਂ-ਚੌਦਵੀਂ ਸਦੀ ਵਿਚ ਜੋ ਯੁਗ-ਪਲਟਾਉ ਭਗਤੀ ਲਹਿਰ ਯੂਰਪ ਦੀਆਂ Reformation ਤੇ Renaissance ਦੋ ਪ੍ਰਸਿੱਧ ਧਾਰਮਕ ਤਥਾ-ਸਭਿਆਚਾਰਕ ਜਾਗ੍ਰਤੀ ਦੀਆਂ ਲਹਿਰਾਂ ਦੇ ਸਮਾਂਨੰਤਰ ਪੈਦਾ ਹੋਈ, ਸਿੱਖ ਧਰਮ ਉਸ ਵੱਡੇ ਅੰਦੋਲਨ ਦੀ ਸਭ ਤੋਂ ਪ੍ਰਭਾਵਸ਼ਾਲੀ ਤੇ ਕ੍ਰਾਂਤੀਕਾਰੀ ਅਭਿਵਿਅਕਤੀ ਸੀ।

ਭਗਤੀ ਪ੍ਰਮਾਤਮਾ ਦਾ ਸੰਯੋਗ ਪ੍ਰਾਪਤ ਕਰਨ ਲਈ ਭਾਰਤੀ ਅਧਿਆਤਮਕ ਫਿਲਾਸਫੀ ਦਾ ਇਕ ਪ੍ਰਮਾਣਿਕ ਸਾਧਨ ਸੀ। ਭਗਵਤ ਗੀਤਾਂ ਵਿਚ ਗਿਆਨ ਮਾਰਗ, ਕਰਮ ਮਾਰਗ ਤੇ ਯੋਗ ਮਾਰਗ ਦੇ ਨਾਲ ਨਾਲ ਭਗਤੀ ਮਾਰਗ ਦੀ ਵਿਸ਼ੇਸ਼ਤਾ ਦੱਸਦੇ ਹੋਏ ਉਸ ਨੂੰ ਹੋਰ ਮਾਰਗਾਂ ਨਾਲੋਂ ਉੱਤਮ ਤੇ ਕਲਿਆਨਕਾਰੀ ਸਿੱਧ ਕੀਤਾ ਹੈ।

ਭਗਤੀ ਪਰਮਾਤਮਾ ਨਾਲ ਜੁੜਨ ਅਰਥਾਤ ਭਾਵਕ ਪੱਧਰ ਤੇ ਸੰਬੰਧਤ ਹੋਣ ਦਾ ਦੂਜਾ ਨਾਂ ਹੈ। ਇਸ ਲਈ ਇਸ ਨੂੰ ਪ੍ਰੇਮਾ ਭਗਤੀ ਵੀ ਕਿਹਾ ਜਾਂਦਾ ਹੈ। ਪ੍ਰੇਮ ਮਨੁੱਖੀ ਜੀਵਨ ਦੀ ਸਭ ਤੋਂ ਵੱਡੀ ਸਚਾਈ ਹੈ। ਪ੍ਰੇਮ ਤੋਂ ਬਿਨਾ ਮਨੁੱਖਤਾ ਅਧੂਰੀ ਹੈ। ਭਗਤੀ ਏਸੇ ਪ੍ਰੇਮ-ਭਾਵ ਦਾ ਅਧਿਆਤਮਕ ਪੱਧਰ ਤੇ ਪ੍ਰਗਟਾਵਾ ਹੈ।

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਭਗਤੀ ਦਾ ਆਸ਼ਾ ਸਪਸ਼ਟ ਪਰ ਸੂਤ੍ਰਕ ਰੂਪ ਵਿਚ ਪ੍ਰਗਟ ਕੀਤਾ ਹੈ। ਹੇਠ ਲਿਖੀਆਂ ਤੁੱਕਾਂ ਇਸ ਦੀਆਂ ਸੂਚਕ ਹਨ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖ ਪਰਹਰਿ ਸੁਖੁ ਘਰਿ ਲੈ ਜਾਇ ॥ (ਪਉੜੀ 5)

2. ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ (ਪਉੜੀ 8)

3. ਭਰੀਐ ਮਤਿ ਪਾਪਾ ਕੇ ਸੰਗਿ ॥
ਉਹ ਧੋਪੈ ਨਾਵੈ ਕੈ ਰੰਗਿ ॥ (ਪਉੜੀ 20)

4. ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰ ਗਤਿ ਤੀਰਥਿ ਮਲਿ ਨਾਉ ॥ (ਪਉੜੀ 21)

5. ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ (ਪਉੜੀ 27)

6. ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥ (ਪਉੜੀ 37)

ਏਸੇ ਤਰ੍ਹਾਂ ਆਸਾ ਦੀ ਵਾਰ ਵਿਚ :

1. ਥਾਉ ਨਾ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥
ਤੇਰੇ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ (ਪਉੜੀ 2)

2. ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹਿ ਨੀਚੁ ਸਦਾਈਐ ॥ (ਪਉੜੀ 5)

3. ਭਗਤ ਤੇਰੇ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ (ਪਉੜੀ 9)

ਭਗਤੀ ਵਿਚ ਆਪੇ ਦਾ ਤਿਆਗ, ਨਿਮਰਤਾ ਭਾਵ, ਗੁਰੂ ਦੀ ਸ਼ਰਨ, ਪਰਮਾਤਮਾ ਦੇ ਹੁਕਮ ਭਾਵੇਂ ਰਜ਼ਾ ਵਿਚ ਰਹਿਣਾ, ਨਾਮ ਦੇ ਰੰਗ ਜਾਂ ਨਾਮ ਦੇ ਰਸ ਵਿਚ ਮਗਨ ਰਹਿਣਾ, ਅਤਿ ਆਵੱਸ਼ਕ ਗੁਣ ਹਨ ਜਿਨ੍ਹਾਂ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਜਪੁਜੀ ਵਿਚ ਫੁਰਮਾਇਆ ਹੈ :

ਸਭ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥ (ਪਉੜੀ 21)

ਭਗਤੀ ਦਾ ਜੋ ਉੱਚਾ ਤੇ ਸੁੱਚਾ ਆਸ਼ਾ ਗੁਰੂ ਸਾਹਿਬਾਨ ਨੇ ਕਾਇਮ ਕੀਤਾ ਉਸ ਦੀ ਮਿਸਾਲ ਧਾਰਮਿਕ ਸਾਹਿੱਤ ਅਤੇ ਇਤਿਹਾਸ ਵਿਚ ਬਹੁਤ ਘਟ ਮਿਲਦੀ ਹੈ। ਅਤਿ ਦਰਜੇ ਦੀ ਨਿਮਰਤਾ ਤੇ ਗਰੀਬੀ ਦਾ ਭਾਵ ਪਰਮਾਤਮਾ ਨਾਲ ਜੁੜਨ ਲਈ ਅਨਿਵਾਰਯ ਕਰਾਰ ਦਿਤਾ ਹੈ। ਗੁਰੂ ਨਾਨਕ ਸਾਹਿਬ ਨੇ ਭਾਈ ਗੁਰਦਾਸ ਦੇ ਸ਼ਬਦਾਂ ਵਿਚ ਨਾਮ ਤੇ ਗਰੀਬੀ ਦੋ ਵਡੀਆਂ ਦਾਤਾਂ ਪਰਮਾਤਮਾ ਪਾਸੋਂ ਪ੍ਰਾਪਤ ਕੀਤੀਆਂ। ਹੋਰ ਲੋਕ ਆਪਣੀ ਉੱਚੀ ਜਾਤ ਦਾ ਮਾਣ ਕਰਦੇ ਹਨ ਪਰ ਗੁਰੂ ਨਾਨਕ ਸਾਹਿਬ ਆਪਣੇ ਆਪ ਨੂੰ ਨੀਚ ਜਾਤ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਖਵਾ ਕੇ ਖ਼ੁਸ਼ ਹੁੰਦੇ ਹਨ।

ਉਹ ਢਾਢੀਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ (ਪਉੜੀ 9)

ਗੁਰੂ ਰਾਮਦਾਸ ਜੀ ਵੀ ਨਿਮਰਤਾ ਦੀਆਂ ਹੱਦਾਂ ਛੋਹਦੇ ਹੋਏ ਫਰਮਾਂਦੇ ਹਨ :

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੈ ॥
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖ ਮੰਡਾ ਹੈ ॥

(ਗਉੜੀ ਪੂਰਬੀ)

ਇਹ ਨਿਮਰਤਾ ਅਤੇ ਗਰੀਬੀ ਭਾਵ ਮਨੁੱਖ ਨੂੰ ਆਪਣੀ ਜੀਵਨ ਯਾਤਰਾ ਵਿਚ ਦੁੱਖ ਸਹਿਣ ਲਈ ਅਤੇ ਕੁਰਬਾਨੀ ਕਰਨ ਲਈ ਤਿਆਰ ਕਰਦਾ ਹੈ। ਦੁੱਖ ਦਾ ਵਾਪਰਨਾ ਮਨੁੱਖੀ ਜੀਵਨ ਦੀ ਪ੍ਰਕਿਰਤੀ ਵਿਚ ਹੀ ਨਿਹਤ ਹੈ। ਇਸ ਤੋਂ ਕੋਈ ਸੂਝਵਾਨ ਜਾਂ ਜ਼ਿੰਮੇਂਦਾਰ ਵਿਅਕਤੀ ਜੋ ਦੂਜਿਆਂ ਲਈ ਸੋਚਦਾ ਤੇ ਮਹਿਸੂਸਦਾ ਹੈ, ਬਚ ਨਹੀਂ ਸਕਦਾ।

ਗੁਰੂ ਨਾਨਕ ਸਾਹਿਬ ਨੇ "ਨਾਨਕ ਦੁਖੀਆ ਸਭ ਸੰਸਾਰ" ਫੁਰਮਾ ਕੇ ਇਸ ਦੀ ਅਨਿਵਾਰਯਤਾ ਦਾ ਏਲਾਨ ਕੀਤਾ ਹੈ। ਪਰ ਇਹ ਦੁੱਖ ਬੇਇਲਾਜ ਨਹੀਂ। ਇਸ ਦਾ ਦਾਰੂ ਨਾਮ ਹੈ। ਗੁਰੂ ਸਾਹਿਬ ਦੇ ਹੇਠ ਲਿਖੇ ਮਹਾਵਾਕ ਇਸ ਸਚਾਈ ਦੇ ਸੂਚਕ ਹਨ :

1. ਦੀਵਾ ਮੇਰਾ ਏਕ ਨਾਮ ਦੁਖ ਵਿਚ ਪਾਇਆ ਤੇਲ ॥
ਉਨ ਚਾਨਣ ਉਹ ਸੋਖਿਆਂ ਜਮ ਸਿਉ ਚੂਕਾ ਮੇਲ ॥

2. ਸਾਚੇ ਨਾਮ ਕੀ ਲਾਗੇ ਭੂਖ ॥
ਉਤ ਭੂਖੇ ਖਾਇ ਚਲੀਐ ਦੂਖ ॥

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਏਸੇ ਭਗਤੀ ਭਾਵ ਨੂੰ ਪਹਿਲੇ ਗੁਰੂ ਸਾਹਿਬਾਨ ਵਾਂਗ ਅਪਣਾਇਆ, ਜਿਵੇਂ ਕਿ ਉਨ੍ਹਾਂ ਦਾ ਸ਼ਬਦ 'ਮਿਤਰ ਪਿਆਰੇ ਨੂੰ ਹਾਲ ਮਰੀਦਾਂ ਦਾ ਕਹਿਣਾ' ਅਤੇ ਹੋਰ ਸ਼ਬਦ ਸਾਖੀ ਭਰਦੇ ਹਨ, ਖਾਸ ਕਰ ਕੇ ਇਹ ਪ੍ਰਸਿੱਧ ਵਾਕ :

ਸਾਚੁ ਕਹੂਉ ਸੁਣ ਲਿਉ ਸਭੈ ਜਿਨ ਪ੍ਰੇਮ ਕੀਓ ਤਿਮ ਹੀ ਪ੍ਰਭ ਪਾਇਉ ॥

... ... ... ...

ਹੁਣ ਸਾਰਥਕ ਪ੍ਰਸ਼ਨ ਇਹ ਹੈ ਕਿ ਭਗਤੀ ਵਿਚੋਂ ਸ਼ਕਤੀ ਕਿਵੇਂ ਉਪਜੀ? ਜਿਵੇਂ ਮੁਹੰਮਦ ਸਾਹਿਬ ਨੂੰ ਫਕੀਰੀ ਉਤੇ ਮਾਣ ਸੀ (ਅਲਫ਼ਕਰ ਫੁਖਰੀ) ਤਿਵੇਂ ਗੁਰੂ ਸਾਹਿਬਾਨ ਨੂੰ ਗਰੀਬੀ ਉਤੇ ਮਾਣ ਸੀ। ਪਰ ਇਹ ਫਕੀਰੀ ਤੇ ਗਰੀਬੀ ਕਮਜ਼ੋਰੀ ਜਾਂ ਸੱਤਾਹੀਣਤਾ ਨਹੀਂ, ਇਹ ਪਰਚੰਡ ਸ਼ਕਤੀ ਦਾ ਸੋਮਾ ਸੀ। ਗੁਰੂ ਅਰਜਨ ਸਾਹਿਬ ਨੇ ਇਹ ਰਮਜ਼ ਖੋਲ੍ਹੀ ਹੈ :

ਗਰੀਬੀ ਤੇ ਫ਼ਕੀਰੀ ਵਿਚ ਜੋ ਜ਼ਬਤ ਪੈਦਾ ਹੁੰਦਾ ਹੈ, ਉਹੀ ਅਸਲ ਵਿਚ ਹਰ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਾਰ ਦੀ ਸ਼ਕਤੀ ਸਗੋਂ ਹਕੂਮਤ ਤੇ ਪਾਤਸ਼ਾਹੀ ਦਾ ਸੋਮਾ ਹੈ। ਤਲਵਾਰ ਸ਼ਕਤੀ ਦਾ ਪ੍ਰਤੀਕ ਹੈ ਪਰ ਇਹ ਸੈਨਿਕ ਸ਼ਕਤੀ ਭਗਤੀ ਦੇ ਅਧਿਆਤਮਕ ਕਾਰਖਾਨੇ ਵਿਚ ਘੜੀ ਜਾਂਦੀ ਹੈ। ਇਕ ਨਿਰੋਲ ਬਾਹਰਮੁਖੀ ਸ਼ਕਤੀ ਸੈਨਿਕ ਹਥਿਆਰਾਂ ਤੇ ਨਿਰਭਰ ਕਰਨ ਵਾਲੀ ਵੀ ਹੈ ਜਿਵੇਂ ਕਿ ਮਾਓ ਸੀ ਤੁੰਗ ਦਾ ਕਥਨ : "ਸ਼ਕਤੀ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ"। ਪਰ ਇਨ੍ਹਾਂ ਦੋਹਾਂ ਕਿਸਮ ਦੀਆਂ ਸ਼ਕਤੀਆਂ ਦੇ ਆਸ਼ੇ ਤੇ ਪ੍ਰੀਣਾਮ ਵਿਚ ਢੇਰ ਅੰਤਰ ਹੈ।

ਸਿੱਖ ਧਰਮ ਵਿਚ ਸ਼ਕਤੀ ਦਾ ਸੰਕਲਪ ਗੁਰੂ ਨਾਨਕ ਸਾਹਿਬ ਦੇ ਉਸ ਸਮਾਜਕ ਜ਼ਿਮੇਦਾਰੀ ਤੇ ਡਿਸਪਲਨ ਦਾ ਇਹਸਾਸ ਪੈਦਾ ਕਰਨ ਤੋਂ ਹੋਇਆ ਜੋ ਉਨ੍ਹਾਂ ਨੇ ਹੋਰ ਭਗਤਾਂ ਨਾਲ ਅੱਗੇ ਜਾ ਕੇ ਬਾਬਰ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾ ਕੇ ਜਾਂ ਹੋਰ ਰਾਜਸੀ ਤੇ ਧਾਰਮਿਕ ਉਪੱਦਰਾਂ ਅਤੇ ਕੁਰੀਤੀਆਂ ਨੂੰ ਖੁਲ੍ਹਮ ਖੁਲ੍ਹਾ ਰੱਦ ਕਰ ਕੇ ਜਾਂ ਖੰਡਨ ਕਰ ਕੇ ਕਾਇਮ ਕੀਤਾ। ਏਸੇ ਸਮਾਜਕ ਜਿਮੇਂਦਾਰੀ ਤੇ ਡਿਸਪਲਨ ਦੇ ਸਿਧਾਂਤ ਦੀ ਪੈਰਵੀ ਕਰਦੇ ਹੋਏ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਜੀ ਜ਼ੁਲਮ ਦੇ ਵਿਰੁੱਧ ਛਾਤੀ ਤਾਣ ਕੇ ਅਤੇ ਸਿਰ ਉੱਚਾ ਕਰ ਕੇ ਖਲੋਣ ਦਾ ਫੈਸਲਾ ਕੀਤਾ ਅਤੇ ਆਪਣੇ ਪਵਿਤਰ ਸੀਸ ਦੀ ਬਲੀ ਦੇ ਕੇ ਕੌਮ ਦੀ ਖਾਤਰ ਕੁਰਬਾਨੀ ਦੇਣ ਤੇ ਸ਼ਹੀਦੀ ਪ੍ਰਾਪਤ ਕਰਨ ਦੀ ਜ਼ਾਚ ਸਿਖਾਈ। ਪਰ ਜਿਥੇ ਸ਼ਹੀਦਾਂ ਦਾ ਖ਼ੂਨ ਡੁਲ੍ਹਦਾ ਹੈ ਉਥੇ ਇਕ ਨਵੀਂ ਜਾਗ੍ਰਤ ਪੈਦਾ ਹੁੰਦੀ ਹੈ, ਇਕ ਨਵੀਂ ਕੌਮ ਦੀ ਪਨੀਰੀ ਉਸਰਦੀ ਹੈ, ਇਕ ਨਵੀਂ ਸ਼ਕਤੀ ਦਾ ਨਿਰਮਾਣ ਹੁੰਦਾ ਹੈ ਜੋ ਉਚੇਰੀ ਰਾਜ ਸੱਤਾ ਦਾ ਰੂਪ ਧਾਰਨ ਕਰ ਲੈਂਦੀ ਹੈ।

ਸਿੱਖ ਧਰਮ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਿਕ ਸ਼ਕਤੀ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਫੁਲਤ ਕੀਤਾ ਪਰ ਇਨ੍ਹਾਂ ਦੁਹਾਂ ਜੋਧੇ ਗੁਰੂ ਸਾਹਿਬਾਨ ਦੀ ਸੈਨਿਕ ਸ਼ਕਤੀ ਅਤੇ ਅੰਦੋਲਨ ਦੀ ਤਹਿ ਵਿਚ ਉਨ੍ਹਾਂ ਦੇ ਪੂਰਵਜ ਗੁਰੂ ਸਾਹਿਬਾਨ ਦੀ ਭਗਤੀ ਭਾਵ ਵਾਲੀ ਸ਼ਹੀਦੀ ਦੀ ਉਚੀ ਕਰਾਮਾਤ ਸੀ। ਇਹ ਸੈਨਿਕ ਸ਼ਕਤੀ ਚੰਗੇਜ਼ ਖਾਨ ਤੇ ਹਲਾਕੂ ਖਾਨ ਜਾਂ ਤੰਮੂਰ ਤੇ ਬਾਬਰ ਵਾਲੀ ਸੈਨਿਕਤਾ ਨਹੀਂ ਸੀ, ਨਾ ਹੀ ਸੀਜ਼ਰ ਜਾਂ ਨੈਪੋਲੀਅਨ ਵਾਲੀ ਸੈਨਿਕਤਾ। ਇਹ ਗੁਰੂ ਸਾਹਿਬਾਨ ਦੀ ਸੈਨਿਕ ਸ਼ਕਤੀ ਦਾ ਸੰਕਲਪ ਸਮਾਜਕ ਉਸਾਰੀ ਤੇ ਕੌਮੀ ਸੰਸਕ੍ਰਿਤੀ ਨੂੰ ਉੱਚਾ ਚੁਕਣ ਵਾਲਾ ਸੀ, ਦੂਜਿਆਂ ਉਤੇ ਭਾਰੂ ਹੋਣ ਜਾਂ ਹਕੂਮਤ ਚਲਾਣ ਲਈ ਨਹੀਂ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸ਼ਕਤੀ-ਰਹੱਸ ਨੂੰ ਦੁਰਗਾ ਦੀ ਸ਼ਕਤੀ ਨਾਲ ਜੋੜਨਾ ਵੀ ਇਕ ਮਨਮਤ ਹੈ। ਗੁਰੂ ਸਾਹਿਬਾਨ ਨੇ ਸ਼ਕਤੀ ਦੇ ਪੁਜਾਰੀਆਂ (ਜਿਨ੍ਹਾਂ ਨੂੰ ਸਾਕਤ ਕਿਹਾ ਹੈ) ਨੂੰ ਸਪਸ਼ਟ ਰੂਪ ਵਿਚ ਰੱਦ ਕੀਤਾ ਹੈ। ਇਹ ਸ਼ਕਤੀ-ਪੂਜਾ ਪਰਮਾਤਮਾ ਦੀ ਉਪਾਸ਼ਨਾ ਨੂੰ ਛੱਡ ਕੇ ਤਾਂਤ੍ਰਿਕ ਖਲਜਗਨ ਵਿਚ ਫਸ ਕੇ ਰਹਿ ਜਾਂਦੀ ਹੈ ਅਤੇ ਇਸ ਵਿਚੋਂ ਧਾਰਮਕ ਭ੍ਰਿਸ਼ਟਾਚਾਰ ਤੋਂ ਸਿਵਾ ਕੁਝ ਨਹੀਂ ਨਿਕਲਦਾ। ਅੱਜ ਕੱਲ ਇਕ ਸਿੱਖ ਪ੍ਰਚਾਰਕ ਆਪਣੇ ਆਪ ਨੂੰ ਜੋਗੀ ਅਖਵਾ ਕੇ ਅਮ੍ਰੀਕਾ ਵਿਚ ਸ਼ਕਤੀ-ਪੂਜਾ ਤੇ ਤਤ੍ਵਾਦ ਨੂੰ ਸਿੱਖ ਧਰਮ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਂ ਤੇ ਪ੍ਰਚਲਤ ਕਰਨ ਦਾ ਯਤਨ ਕਰਦਾ ਹਾਂ ਜੋ ਆਸਤਿਕ ਹੋ ਅਸਤਿਕ ਕਿਰਿਆ ਹੈ।

ਸੋ ਇਹ ਕਹਿਣਾ ਠੀਕ ਹੋਵੇਗਾ ਕਿ (1) ਭਗਤੀ ਹੀ ਸ਼ਕਤੀ ਦਾ ਸੋਮਾ ਹੈ (2) ਭਗਤੀ ਤੋਂ ਵੱਖ ਹੋ ਕੇ ਸ਼ਕਤੀ ਕੇਵਲ ਰਾਜਸੀ ਸੱਤਾਵਾਦ ਰਹਿ ਜਾਂਦੀ ਹੈ ਤੇ ਝਟ ਖਤਮ ਹੋ ਜਾਂਦੀ ਹੈ ਜਿਵੇਂ ਮਹਾਰਾਜਾ ਰਣਜੀਤ ਸਿੰਘ ਦੀ ਰਾਜਸੀ ਸ਼ਕਤੀ ਜੋ ਧਾਰਮਕ ਸੋਮੇ ਤੋਂ ਟੁੱਟ ਕੇ ਕੇਵਲ ਸੈਨਿਕ ਸ਼ਕਤੀਵਾਦ ਬਣ ਗਈ। (3) ਭਗਤੀ ਠੀਕ ਅਰਥਾਂ ਵਿਚ ਉਹ ਭਗਤੀ ਹੈ ਜਿਸ ਵਿਚ ਸਮਾਜਕ ਜ਼ਿਮੇਂਦਾਰੀ ਤੇ ਡਿਸਪਲਨ ਹੈ ਅਤੇ ਜੋ ਕੁਰਬਾਨੀ ਤੇ ਸ਼ਹੀਦੀ ਦੀ ਜਾਚ ਸਿਖਾਂਦੀ ਹੈ।

ਅਜੋਕੇ ਸੰਦਰਭ ਵਿਚ, ਸਿੱਖ ਧਰਮ ਵਿਚ ਨਵੇਂ ਸਿਰਿਉਂ ਭਗਤੀ-ਤੱਤ ਨੂੰ ਸੁਰਜੀਤ ਕਰਨ ਦੀ ਲੋੜ ਹੈ ਤਾਂ ਜੋ ਸਿੱਖ ਕੌਮ ਵਿਚ ਜੋ ਧਰਮ-ਹੀਣਤਾ, ਐਸ਼ਵਰਜ ਦੀ ਰੁਚੀ ਅਤੇ ਸਮਾਜਕ ਜ਼ਿਮੇਂਦਾਰੀ ਤੇ ਡਿਸਲਪਨ ਤੋਂ ਉਪਰਾਮਤਾ ਦੇ ਕਾਰਨ ਭਾਰੀ ਅਧੋਗਤੀ ਤੇ ਗਿਰਾਵਟ ਪੈਦਾ ਹੋ ਗਈ ਹੈ, ਉਹ ਦੂਰ ਹੋ ਜਾਏ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸਿੱਖ ਧਰਮ ਵਿਚ ਨਾਸ਼ਮਾਨਤਾ ਦਾ ਸੰਕਲਪ

(ਗੁਰੂ ਤੇਗ਼ ਬਹਾਦਰ ਬਾਣੀ ਦੇ ਸੰਦਰਭ ਵਿਚ)

ਇਹ ਸੰਸਾਰ ਜਿਵੇਂ ਦਿੱਸਦਾ ਤੇ ਭਾਸਦਾ ਹੈ, ਵਾਸਤਵ ਵਿਚ ਅਸਲੋਂ ਨਾਸ਼ਮਾਨ ਤੇ ਅਸਾਰ ਹੈ ਪਰੰਤੂ ਸਾਧਾਰਨ ਮਨੁੱਖ ਨੂੰ ਜੋ ਇਸ ਦੇ ਬਾਹਰਲੇ ਦਿਖਾਵੇ ਤੋਂ ਪ੍ਰਭਾਵਿਤ ਹੈ ਤੇ ਇਸ ਦੀ ਬਾਹਰਲੀ ਫਬਨ ਉਤੇ ਮੋਹਿਤ ਹੈ, ਇਹ ਸੱਚਾ ਪ੍ਰਤੀਤ ਹੁੰਦਾ ਹੈ।[1] ਅੱਖਾਂ ਦੇ ਸਾਮ੍ਹਣੇ ਇਸ ਨੂੰ ਬਿਨਸਦਾ ਦੇਖ ਕੇ ਵੀ ਉਹ ਇਸ ਨੂੰ ਸਥਿਰ ਸਮਝਦਾ ਹੈ, ਕਿੰਨੀ ਹੈਰਾਨੀ ਦੀ ਗੱਲ ਹੈ। ਕਿੰਨਾ ਦਵੰਦ ਹੈ ਜਗਤ ਦੀ ਇਸ ਝੂਠੀ ਪ੍ਰਤੀਤੀ ਵਿਚ। ਗੁਰੂ ਤੇਗ਼ ਬਹਾਦਰ ਜੀ ਫੁਰਮਾਂਦੇ ਹਨ :[2]

ਸਾਧੋ ਰਚਨਾ ਰਾਮ ਬਨਾਈ ॥ ਇਕ ਬਿਨਸੈ ਇਕ ਅਸਥਿਰੁ ਮਾਨੈ
ਅਚਰਜ ਲਖਿਓ ਨ ਜਾਈ ॥ 1 ॥ ਰਹਾਉ ॥

ਮਿਥਿਆ ਸੰਸਾਰ ਨੂੰ ਸੱਚਾ ਮੰਨਣ ਦੇ ਇਸ ਭੁਲੇਖੇ ਨੂੰ ਕੱਢਣ ਲਈ ਤੇ ਅਸਾਰ ਵਸਤੂ ਨੂੰ ਸਾਰਵੰਤ ਵਸਤੂ ਸਮਝਣ ਦੀ ਇਸ ਭ੍ਰਾਂਤੀ ਨੂੰ ਦੂਰ ਕਰਨ ਲਈ ਗੁਰੂ ਸਾਹਿਬ ਬਾਰ ਬਾਰ ਤਾਕੀਦ ਕਰਦੇ ਹਨ ਤੇ ਕਈ ਢੰਗਾਂ ਨਾਲ ਇਸ ਭਾਵ ਨੂੰ ਪ੍ਰਗਟ ਕਰਦੇ ਹਨ। ਉਨ੍ਹਾਂ ਦੀ ਪ੍ਰੇਰਨਾ ਸਦਾ ਹੀ ਨਿਰਨਾ ਜਨਕ ਤੇ ਸਪਸ਼ਟ ਸ਼ਬਦਾਂ ਵਿਚ ਰਚੀ ਹੋਈ ਪ੍ਰਵਾਵਸ਼ਾਲੀ ਪ੍ਰੇਰਨਾ ਹੁੰਦੀ ਹੈ, ਜਿਸ ਦਾ ਮਨੁੱਖ ਮਾਤਰ ਦੇ ਮਨ ਉਤੇ ਸਿੱਧਾ ਤੇ ਤਿੱਖਾ ਪ੍ਰਭਾਵ ਪੈਂਦਾ ਹੈ :

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥ 2 ॥ 2 ॥[3]

ਉਪਰ-ਦਸੇ ਭੁਲੇਖੇ ਵਿਚ ਫਸ ਕੇ ਹਰੇਕ ਮਨੁੱਖ ਨਿਰੰਤਰ ਦੁੱਖ ਭੋਗਦਾ ਹੈ ਤੇ ਹਰ ਵੇਲੇ ਸੰਕਟ-ਗ੍ਰਸਤ ਰਹਿੰਦਾ ਹੈ। ਦਿਸਦੇ ਸੰਸਾਰ ਦੇ ਪਿਛੇ ਲੁਕੀ ਸਚਾਈ ਦਾ ਉਸ ਨੂੰ ਕਦੀ ਅਨੁਭਵ ਨਹੀਂ ਹੁੰਦਾ ਕਿਉਂਕਿ ਉਹ ਇੰਦਰਿਆਂ ਦੇ ਰਸ ਵਿਚ ਮਗਨ ਹੋਇਆ ਹਰ ਵੇਲੇ ਬਾਹਰਮੁਖੀ ਦ੍ਰਿਸ਼ਟੀ ਧਾਰਨ ਕਰੀ ਰੱਖਦਾ ਹੈ। ਕਦੀ ਸੁਪਨੇ ਵਿਚ ਵੀ ਉਹ ਅੰਤਰ ਮੁਖੀ ਹੋ ਕੇ ਆਪੇ ਦੀ ਪਛਾਣ ਨਹੀਂ ਕਰਦਾ।[4] ਇਸ ਤਰ੍ਹਾਂ ਹਰ ਅਵੇਸਲਾ ਤੇ ਸਾਧਾਰਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਨੁੱਖ ਜੋ ਦੁਨੀਆਦਾਰ ਹੈ ਤੇ ਯਥਾਰਥ ਜੀਵਨ ਬਿਤਾਉਣ ਵਿਚ ਹੀ ਰੁਝਾ ਹੈ, ਦੁਖਾਂਤਕ ਮਨੁੱਖ ਹੋ ਨਿਬੜਦਾ ਹੈ।

ਮਨੁੱਖ ਦੀ ਇਸ ਦੁਖਾਂਤਕ ਹੋਣੀ ਦੇ ਪ੍ਰਤੀਕਰਮ ਵਜੋਂ ਜਦ ਗੁਰੂ ਸਾਹਿਬ ਦੀ ਦਇਆ ਦ੍ਰਿਸ਼ਟੀ ਉਤੇਜਤ ਹੁੰਦੀ ਹੈ ਅਤੇ ਕਰੁਣਮਈ ਸੁਭਾ ਦੇ ਮਾਲਕ ਹੋਣ ਕਾਰਣ ਆਪ ਦਾ ਹਿਰਦਾ ਪੰਘਰ ਜਾਂਦਾ ਹੈ (ਅਰਥਾਤ ਦ੍ਰਵੀਭੂਤ ਹੋ ਜਾਂਦਾ ਹੈ) ਤਾਂ ਅਜੇਹੇ ਦੁੱਖੀ ਮਨੁੱਖ ਦੇ ਕਲਿਆਨ ਲਈ ਆਪ 'ਸਿਵਮ' ਦੇ ਘਰ ਵਿਚ ਆ ਕੇ ਅੰਮ੍ਰਿਤ ਰੂਪ ਬਾਣੀ ਰਚਦੇ ਹਨ ਤੇ ਧਾਰਮਕ ਉਪਦੇਸ ਦਾ ਇਕ ਨਿਰੰਤਰ ਪ੍ਰਵਾਹ ਜਾਰੀ ਕਰ ਦੇਂਦੇ ਹਨ ਜੋ ਰਹਿੰਦੀ ਦੁਨੀਆਂ ਤਕ ਮਨੁੱਖ ਮਾਤਰ ਦੀ ਇਸ ਭਿਆਨਕ ਤ੍ਰਾਸਦੀ (ਦੁਖਾਂਤ) ਦੇ ਦਾਰੂ (ਇਲਾਜ) ਵਜੋਂ ਉਪਯੋਗੀ ਸਿੱਧ ਹੋ ਸਕਦਾ ਹੈ।

ਸੋ ਗੁਰੂ ਜੀ ਪਾਸ ਨਾਸ਼ਮਾਨਤਾ ਦੇ ਅਨੁਭਵ ਦਾ ਅੰਦੇਸ਼ਾ (ਤੌਖਲਾ) ਵੀ ਹੈ ਅਤੇ ਮਨੁੱਖਤਾ ਦੇ ਇਸ ਅਸਾਧ ਰੋਗ ਦਾ ਸਾਰਥਕ ਦਾਰੂ ਵੀ ਹੈ। ਸਤਿਗੁਰੂ ਸਮਰੱਥ ਪੁਰਸ਼ ਹੈ, ਉਹ ਰੋਗ ਤੋਂ ਵੀ ਜਾਣੂ ਹੈ ਤੇ ਇਲਾਜ ਤੋਂ ਵੀ। ਇਸ਼ ਲਈ ਗੁਰੂ ਸਾਹਿਬ ਕੇਵਲ ਨਾਸ਼ਮਾਨਤਾ ਦੇ ਨਿਸ਼ੇਧਾਤਮਕ ਜਾਂ ਨਕਾਰਾਤਮਕ (negative) ਸੰਕਲਪ ਨੂੰ ਪੇਸ਼ ਕਰਨ ਵਿਚ ਹੀ ਆਪਣੇ ਆਪ ਨੂੰ ਸੀਮਤ ਨਹੀਂ ਕਰਦੇ, ਉਹ ਝੂਠ ਦੀ ਪ੍ਰਤੀਤੀ ਨੂੰ ਰੱਦ ਕਰ ਕੇ ਆਪਣੀ ਬਾਣੀ ਵਿਚ ਪਰਮਾਰਥਕ ਸਚਾਈ ਨੂੰ ਗ੍ਰਹਿਣ ਕਰਨ ਦੀ ਸ਼ਕਤੀਸ਼ਾਲੀ ਪ੍ਰੇਰਨਾ ਵੀ ਕਰਦੇ ਹਨ ਜਿਵੇਂ :

ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥
ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥ 3 ॥ 3 ॥[5]

ਪੁਨਾ :

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥ 2 ॥ 2 ॥[6]

ਧਾਰਮਕ ਵਿਸ਼ਵਾਸ ਇਹ ਹੈ ਅਤੇ ਮਨੁੱਖੀ ਅਨੁਭਵ ਵੀ ਇਸੇ ਸਿੱਟੇ ਤੇ ਪੁੱਜਦਾ ਹੈ ਕਿ ਮਨੁੱਖੀ ਜੀਵਨ ਅਤਿ ਕੀਮਤੀ ਜਾਂ ਦੁਰਲੱਭ ਹੈ, ਇਸ ਲਈ ਇਸ ਨੂੰ ਝੂਠ ਦੇ ਅਡੰਬਰ ਰਚਦਿਆਂ ਅਤੇ ਵਿਸ਼ੇ ਵਿਕਾਰਾਂ ਦੇ ਫੋਕੇ ਰਸਾਂ ਵਿਚ ਖਚਿਤ ਹੋ ਕੇ ਅਜਾਈਂ ਗਵਾਉਣਾ ਠੀਕ ਨਹੀਂ। ਇਹ 'ਅਵਸਰ' ਫਿਰ ਸ਼ਾਇਦ ਨਾ ਲੱਭ ਸਕੇ। ਕੀ ਪਤਾ ਹੈ ਇਹ ਜੀਵਨ ਖੇਡ ਕਦ ਮੁਕ ਜਾਏ ਅਤੇ ਕਾਲ ਦਾ ਬੱਧਕ ਕਦ ਇਸ ਨਿਤਾਣੇ ਪੰਛੀ ਨੂੰ ਫਾਹ ਲਵੇ ? ਗੁਰੂ ਸਾਹਿਬ ਚੇਤਾਉਣੀ ਕਰਦੇ ਹਨ :

ਆਜੁ ਕਾਲ ਫੁਨ ਤੋਹਿ ਗ੍ਰਸਿ ਹੈ ਸਮਝ ਰਾਖਉ ਚੀਤਿ ॥
ਕਹੈ ਨਾਨਕ ਰਾਮੁ ਭਜਿ ਲੈ ਜਾਤ ਅਉਸਰੁ ਬੀਤਿ ॥ 2 ॥ 2 ॥[7]

ਉਪਰਲੀ ਸਾਰੀ ਵਿਚਾਰ ਦਾ ਤਾਤਪਰਜ ਇਹ ਹੈ ਕਿ ਗੁਰੂ ਸਾਹਿਬ ਦਾ ਨਾਸ਼ਮਾਨਤਾ ਦਾ ਸੰਕਲਪ ਅਧੂਰਾ, ਇਕਹਿਰਾ, ਅਤੇ ਸੀਮਤ ਸੰਕਲਪ ਨਹੀਂ ਸਗੋਂ ਅਧਿਆਤਮਕ ਪੱਧਰ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਇਕ ਸਾਰਥਕ ਅਤੇ ਸੰਤੁਲਿਤ ਵਿਚਾਰ ਹੈ।

ਹੁਣ ਅਸੀਂ ਇਹ ਦੇਖਣਾ ਹੈ ਕਿ ਜਗਤ ਦੀ ਨਾਸ਼ਮਾਨਤਾ ਦਾ ਪ੍ਰਗਟਾ ਗੁਰੂ ਸਾਹਿਬ ਨੇ ਕਿਨ੍ਹਾਂ ਪੱਖਾਂ ਅਤੇ ਧਾਰਨਾਵਾਂ ਨੂੰ ਮੁੱਖ ਰੱਖ ਕੇ ਕੀਤਾ ਹੈ।

ਮੁੱਖ ਰੂਪ ਵਿਚ ਗੁਰੂ ਸਾਹਿਬ ਨੇ ਨਾਸ਼ਮਾਨਤਾ ਦੇ ਦੋ ਸਤਰ ਨਿਸਚਿਤ ਕੀਤੇ ਹਨ। ਪਹਿਲਾ ਜਗਤ ਦੀ ਨਾਸ਼ਮਾਨਤਾ ਅਤੇ ਦੂਜਾ ਮਨੁੱਖੀ ਜੀਵਨ ਅਤੇ ਸਰੀਰ ਦੀ ਨਾਸ਼ਮਾਨਤਾ ਜਿਸ ਵਿਚ ਉਸ ਦੇ ਨਿਕਟੀ ਸੰਬੰਧ ਵਿਚ ਆਉਣ ਵਾਲੀਆਂ ਵਸਤੂਆਂ ਦੀ ਅਨਸਥਿਰਤਾ ਵੀ ਸ਼ਾਮਲ ਹੈ, ਜਿਵੇਂ ਉਸ ਦੀ ਪਤਨੀ, ਸੰਤਾਨ, ਧਨ, ਸੰਪਤੀ, ਹਾਥੀ, ਘੋੜੇ, ਬਸਤਰ, ਅੰਨ, ਮੰਦਰ ਆਦਿ। ਅੱਗੇ ਇਨ੍ਹਾਂ ਦੀ ਕ੍ਰਮਵਾਰ ਚਰਚਾ ਕੀਤੀ ਹੈ।

## ਜਗਤ ਦੀ ਨਾਸ਼ਮਾਨਤਾ

ਸੰਸਾਰ ਦੀ ਹੋਂਦ ਨਿਰੋਲ ਵਿਰੋਧਾਭਾਸੀ ਹੈ। ਇਹ ਹੈ ਵੀ ਤੇ ਨਹੀਂ ਵੀ। ਦਿੱਸਦੀ ਜ਼ਰੂਰ ਹੈ ਪਰ ਅਸਲ ਵਿਚ ਇਕ ਵਿਖਾਵਾ ਤੇ ਭੁਲੇਖਾ ਜੇਹਾ ਹੈ। ਰਹੱਸਵਾਦੀ ਇਸ ਜਗਤ ਦੀ ਹੋਂਦ ਦੇ ਸੰਕਲਪ ਨੂੰ ਮਾਇਆ ਦੇ ਸੰਕਲਪ ਨਾਲ ਇਸੇ ਲਈ ਜੋੜਦੇ ਹਨ ਕਿਉਂਕਿ ਮਾਇਆ ਵੀ ਇਕ ਛਲ ਤੇ ਪਰਪੰਚ ਹੈ ਜਿਸ ਦਾ ਪ੍ਰਭਾਵ ਮਨੁੱਖ ਤੇ ਜ਼ਰੂਰ ਪੈਂਦਾ ਹੈ ਪਰ ਉਸ ਦੀ ਕੋਈ ਠੋਸ ਪ੍ਰਤੱਖ ਅਨੁਭਵਤਾ ਨਹੀਂ ਹੁੰਦੀ। ਪਰੰਤੂ ਸੰਸਾਰ ਤੇ ਮਾਇਆ ਦੀ ਪ੍ਰਕ੍ਰਿਤੀ ਇਕ ਦੂਜੇ ਦੇ ਉਲਟ ਹੈ। ਸੰਸਾਰ ਦਿੱਸਦਾ ਹੈ ਪਰ ਹੈ ਨਹੀਂ, ਮਾਇਆ ਦਿੱਸਦੀ ਨਹੀਂ ਪਰ ਹੈ ਜ਼ਰੂਰ।

ਗੁਰੂ ਸਾਹਿਬਾਨ ਨੇ ਮਿਥਿਆ/ਜਗਤ ਦੀ ਪ੍ਰਕ੍ਰਿਤੀ ਨੂੰ 'ਧੂਏ' ਦੇ ਰੂਪਕ ਰਾਹੀਂ ਪ੍ਰਗਟ ਕੀਤਾ ਹੈ। ਗੁਰੂ ਨਾਨਕ ਸਾਹਿਬ ਫੁਰਮਾਂਦੇ ਹਨ :

ਢੰਢੋਲਿਮ ਢੂਢਿਮ ਡਿਠੁ ਮੈ ਨਾਨਕ ਜਗੁ ਧੂਏ ਦਾ ਧਵਲਹਰੁ ॥[8]

ਗੁਰੂ ਤੇਗ ਬਹਾਦਰ ਵੀ ਥੋੜ੍ਹੇ ਜੇਹੇ ਅੰਤਰ ਨਾਲ ਇਹੋ ਰੂਪਕ ਜਗਤ ਦੀ ਹੋਂਦ ਬਾਰੇ ਵਰਤਦੇ ਹਨ :

ਇਹੁ ਜਗੁ ਧੁਏ ਕਾ ਪਹਾਰ ॥[9]

ਨਿਰੋਲ ਵਿਖਾਵੇ ਦੀ ਹੋਂਦ ਪ੍ਰਗਟ ਕਰਨ ਲਈ ਇਹ ਰੂਪਕ ਅਤਿ ਭਾਵ ਪੂਰਤ ਹੈ। ਧੂਆਂ ਆਪਣੇ ਪਾਸਾਰ ਤੇ ਆਕਾਰ ਨਾਲ ਬਹੁਲਤਾ ਦਾ ਪ੍ਰਭਾਵ ਪਾਉਂਦਾ ਹੈ, ਪਰ ਅਸਲ ਵਿਚ ਕੁਝ ਵੀ ਨਹੀ, ਝਟ ਬੱਦਲ ਵਾਂਗ ਛਾਈਂ ਮਾਈਂ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਇਸੇ ਲਈ ਜਗਤ ਲਈ ਬੱਦਲ ਦਾ ਰੂਪਕ ਵੀ ਵਰਤਿਆ ਹੈ।[10]

ਜਗਤ ਦੀ ਅਸਾਰਤਾ ਲਈ ਗੁਰੂ ਤੇਗ ਬਹਾਦਰ ਜੀ ਦਾ ਪ੍ਰਮਾਣਿਕ ਤੇ ਪ੍ਰਤੀਨਿਧ ਰੂਪਕ 'ਸੁਪਨੇ' ਦਾ ਹੈ ਜਿਸ ਨੂੰ ਬਾਰ ਬਾਰ ਵਰਤਿਆ ਹੈ। ਰਾਤ ਵੇਲੇ ਸੁਪਨੇ ਦੀ ਲੀਲਾ ਮਨੁੱਖ ਨੂੰ ਯਥਾਰਥ ਜਾਪਦੀ ਹੈ ਪਰ ਜਾਗਣ ਤੇ ਉਹ ਸਭ ਲੀਲਾ ਮਿਥਿਆ ਤੇ ਵਿਅਰਥ ਸਿੱਧ ਹੁੰਦੀ ਹੈ ਜਿਸ ਨੂੰ ਉਹ ਸੁਪਨਾ ਕਹਿ ਕੇ ਰੱਦ ਕਰ ਦੇਂਦਾ ਹੈ ਤੇ ਭੁਲ ਜਾਂਦਾ ਹੈ। ਇਹੋ ਹਾਲ ਜਗਤ ਦਾ ਹੈ :


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਹੋਰ ਸ਼ਬਦ ਵਿਚ ਗੁਰੂ ਜੀ ਕਹਿੰਦੇ ਹਨ :

ਸਮ ਸੁਪਨੈ ਕੈ ਇਹੁ ਜਗ ਜਾਨੁ ॥ ਬਿਨਸੈ ਛਿਨ ਮੈ ਸਾਚੀ ਮਾਨੁ ॥ 3 ॥ 5 ॥[12]

ਗੁਰੂ ਸਾਹਿਬ ਨੇ ਜਗਤ ਦੀ ਹੋਂਦ ਨੂੰ ਨਾਸ਼ਮਾਨ ਸਿੱਧ ਕਰਨ ਲਈ ਧੂਏਂ, ਬੱਦਲ ਸੁਪਨਾ, ਦਿਖਾਵਾ (ਪੇਖਨਾ) ਤੋਂ ਇਲਾਵਾ ਹੋਰ ਰੂਪਕ ਵੀ ਵਰਤੇ ਹਨ ਜਿਸ ਤੋਂ ਗੁਰੂ ਜੀ ਦੀ ਕਲਪਨਾ ਸ਼ਕਤੀ, ਅਨੁਭਵ ਦੀ ਡੂਘਾਈ ਅਤੇ ਕਾਵਿ-ਸਿਰਜਨਾ ਦੇ ਕੌਸ਼ਲ ਦਾ ਪ੍ਰਮਾਣ ਮਿਲਦਾ ਹੈ। 'ਰੇਤ ਦੀ ਕੰਧ' ਦਾ ਰੂਪਕ ਕਿੰਨਾ ਸਾਰਥਕ ਹੈ :

ਜਗ ਰਚਨਾ ਸਭ ਝੂਠੁ ਹੈ, ਜਾਨ ਲੇਹੁ ਰੇ ਮੀਤ ॥
ਕਹਿ ਨਾਨਕ ਥਿਰ ਨ ਰਹੈ ਜਿਉ ਬਾਲੂ ਕੀ ਭੀਤ ॥[13]

ਇਸੇ ਤਰ੍ਹਾਂ ਪਾਣੀ ਦੇ 'ਬੁਲਬਲੇ' ਦਾ ਰੂਪਕ ਜੋ ਫਾਰਸੀ ਉਰਦੂ ਕਵਿਤਾ ਵਿਚ ਆਮ ਹੈ ਤੇ ਸੰਸਕ੍ਰਿਤ ਹਿੰਦੀ ਵਿਚ ਵੀ, ਗੁਰੂ ਸਾਹਿਬ ਨੇ ਲੋਕ-ਸੰਸਕ੍ਰਿਤੀ ਦੇ ਪ੍ਰਭਾਵ ਨੂੰ ਮੁੱਖ ਰਖ ਕੇ ਵਰਤ ਲਿਆ ਹੈ ਕਿਉਂਕਿ ਹਰ ਕੋਈ ਪਾਣੀ ਵਿਚ ਬੁਲਬੁਲੇ ਨੂੰ ਛਿਨ ਵਿਚ ਉਪਜਦਾ ਬਿਨਸਦਾ ਦੇਖਦਾ ਹੈ :

ਜੈਸੇ ਜਲ ਤੇ ਬੁਦਬਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ ॥[14]

ਜਿਥੇ ਜਗਤ ਦੀ ਅਸਾਰਤਾ ਨੂੰ ਉਪਰ-ਦੱਸੇ ਰੂਪਕਾਂ ਰਾਹੀਂ ਗੁਰੂ ਸਾਹਬ ਨੇ ਸਮੁੱਚੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਪ੍ਰਗਟ ਕੀਤਾ ਹੈ ਉਥੇ ਇਸ ਦੀ ਨਾਸ਼ਮਾਨਤਾ ਨੂੰ ਕਾਲ ਦੇ ਛਿਣਕ ਪ੍ਰਵਾਹ ਨਾਲ ਜੋੜ ਕੇ ਇਸ ਨੂੰ ਇਕ ਦਾਰਸ਼ਨਿਕ ਵਿਚਾਰ ਦੇ ਰੂਪ ਵਿਚ ਵੀ ਵਿਅਕਤ ਕੀਤਾ ਹੈ। ਹਰ ਮਨੁੱਖ ਸਹਿਜੇ ਹੀ ਪ੍ਰਤੀਤ ਕਰ ਸਕਦਾ ਹੈ ਸਗੋਂ ਸੋਚ ਸਮਝ ਵੀ ਸਕਦਾ ਹੈ ਕਿ ਜਿਵੇਂ ਪਿਛਲਾ ਸਮਾਂ (ਭੂਤ/ਕਾਲ) ਦੇਖਦੇ ਦੇਖਦੇ (ਇਕ ਇਕ ਛਿਨ ਕਰ ਕੇ) ਬੀਤ ਗਿਆ ਹੈ ਤੇ ਫਿਰ ਨਹੀਂ ਆ ਸਕਦਾ, ਤਿਵੇਂ ਵਰਤਮਾਨ ਦਾ ਸਮਾਂ ਤੇ ਭਵਿਖ ਕਾਲ ਵੀ ਅਵੱਸ਼ ਸਾਡੀ ਪਕੜ ਵਿਚੋਂ ਛੁਟਕ ਜਾਏਗਾ। ਗੁਰੂ ਸਾਹਿਬ ਸਮੇਂ ਦੇ ਨਿਰੰਤਰ ਬੀਤਣ ਅਤੇ ਇਸ ਨਾਲ ਵਾਪਰ ਰਹੀ ਮਨੁੱਖ ਦੀ ਦੁਖਾਂਤਮਈ ਨਾਸ਼ਮਾਨਤਾ ਦੀ ਤਿੱਖੀ ਚੇਤਾਉਣੀ ਪੇਸ਼ ਕਰਦੇ ਹਨ :

ਛਿਨ ਛਿਨ ਕਰ ਗਇਓ ਕਾਲ ਤੈਸੇ ਜਾਤ ਆਜੁ ਹੈ ॥ 2, 1[15]

ਸੰਸਾਰ ਦੀ ਕੋਈ ਭਾਵ ਵਾਚਕ ਸੰਗਿਆ ਨਹੀ, ਦਿੱਸਦਾ ਪਿੱਸਦਾ ਠੋਸ ਹੋਂਦ ਰਖਣ ਵਾਲਾ ਇਕ ਵਸਤੂ ਜਗਤ ਹੈ। ਗੁਰੂ ਸਾਹਿਬ ਇਸ ਸਾਰੇ ਸਮੂੰਹ ਨੂੰ ਹੀ, ਜਿਸ ਵਿਚ ਮਨੁੱਖੀ ਜੀਵਨ ਸ਼ਾਮਲ ਹੈ, ਮਿਥਿਆ ਮੰਨਦੇ ਹਨ। 'ਸਾਜ' ਸ਼ਬਦ ਇਸ ਭਾਵ ਲਈ ਅਤਿ ਢੁਕਵਾਂ ਹੈ ਅਰਥਾਤ ਸਾਰਾ ਅਡੰਬਰ :

ਜਗਤ ਸੁਖ ਮਾਨੁ ਮਿਥਿਆ ਝੂਠੇ ਸਭ ਸਾਜੁ ਹੈ ॥[16]

ਮਨੁੱਖੀ ਜੀਵਨ ਭਾਵੇਂ ਅਤਿ ਵਿਸ਼ਾਲ ਹੈ, ਜੋ ਕੁਝ ਮਨੁੱਖ ਦੇ ਇੰਦਰੇ-ਅਨੁਭਵ ਵਿਚ ਹੈ ਸਭ ਜੀਵਨ ਹੈ। ਪਰੰਤੂ ਮਨੁੱਖ ਦਾ ਸਾਰਾ ਜੀਵਨ ਤੱਥ ਸੁੰਘੜ ਕੇ ਉਸ ਦੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰੀਰ ਜਾਂ ਉਸ ਦੀ ਕਾਇਆਂ ਰੂਪ ਵਿਚ ਸੀਮਤ ਹੋ ਜਾਂਦਾ ਹੈ। ਇਸ ਲਈ ਗੁਰੂ ਸਾਹਿਬ ਨੇ ਮਨੁੱਖੀ ਜੀਵਨ ਦੇ ਇਸ ਪੱਖ ਨੂੰ ਕਾਫੀ ਉਘਾੜਿਆ ਹੈ।

**ਸਰੀਰਕ ਨਾਸ਼ਮਾਨਤਾ**

ਮਨੁੱਖ ਆਤਮਾ, ਮਨ ਤੇ ਸਰੀਰ (ਤਨ) ਦਾ ਬਣਿਆ ਇਕ ਸਮੁੱਚਾ ਆਕਾਰ ਹੈ ਜਿਸ ਨੂੰ ਗੁਰਬਾਣੀ ਵਿਚ 'ਕਾਇਆ' ਦੀ ਸੰਗਿਆ ਦਿਤੀ ਗਈ ਹੈ। ਮਨੁੱਖੀ ਜੀਵਨ ਦਾ ਮੂਲਾਧਾਰ ਇਹੋ ਵਿਅਕਤੀਗਤ ਹੋਂਦ ਹੈ ਜਿਸ ਨੂੰ ਅਧਿਆਤਮਕ ਸ਼ਬਦਾਵਲੀ ਵਿਚ ਸਖਸ਼, ਵਜੂਦ, ਹਸਤੀ, ਜੀਵ Being, Entity, ਆਦਿ ਆਖਿਆ ਗਿਆ ਹੈ। ਗੁਰਮਤਿ ਵਿਚ ਇਸ ਨੂੰ 'ਪਾਂਚ ਤਤ ਕਾ ਪੁਤਲਾ'[17] ਦਰਸਾ ਕੇ ਇਸ ਦੀ ਮੂਲ ਸਚਾਈ ਵਲ ਸੰਕੇਤ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਨੇ ਜੀਵ ਵਾਸਤੇ ਫਾਰਸੀ ਸ਼ਬਦ 'ਤਨ' ਦੀ ਵਰਤੋਂ ਨੂੰ ਅਪਣਾਇਆ ਹੈ, ਕਿਉਂਕਿ 'ਮਨ' ਸ਼ਬਦ ਨਾਲ 'ਤਨ' ਦਾ ਅਨੁਪਾਸ ਕਾਵਿ-ਸੁਹਜ ਨੂੰ ਵਧਾਂਦਾ ਹੈ। 'ਮਨ' ਸ਼ਬਦ ਗੁਰਬਾਣੀ ਵਿਚ ਸਾਧਾਰਨ ਅਰਥਾਂ ਵਾਲੇ ਮਨ (mind) ਲਈ ਵੀ ਵਰਤਿਆ ਗਿਆ ਹੈ ਅਤੇ ਵਿਸ਼ੇਸ਼ ਅਰਥਾਂ ਵਾਲੇ ਮਨ ਅਰਥਾਤ ਆਤਮਾ (soul, psyche) ਲਈ ਵੀ। ਹੇਠਲੀਆਂ ਤੁਕਾਂ ਵਿਚ ਅਜੇਹੇ ਅਰਥਾਂ ਦਾ

ਜੋ ਤਨ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ ॥ 1 ॥ ਰਹਾਉ ॥[18]

ਅਰਥਾਤ ਇਹ ਸਰੀਰ (ਤਨ) ਜੋ ਆਤਮਾ ਦੇ ਨਾਲ ਹੀ ਉਪਜਿਆ (ਆਤਮਾ ਦੇ ਵਾਹਣ ਵਜੋਂ ਜਾਂ ਆਤਮਾ ਦ ਪ੍ਰਤੱਖ, ਬਾਹਰਮੁਖੀ ਪ੍ਰਗਟਾ ਵਜੋਂ), ਇਹ ਵੀ ਆਤਮਾ ਦੇ ਨਾਲ ਨਾ ਨਿਭਿਆ, ਇਸ ਦਾ ਵਿਚੇ ਹੀ ਸਾਥ ਛੱਡ ਗਿਆ, ਕਿਉਂਕਿ ਆਤਮਾ ਅਮਰ ਵਸਤੂ ਹੈ, ਪਰ ਸਰੀਰ ਨਾਸ਼ਮਾਨ ਹੈ।

ਇਹ ਤਨ ਕਿਵੇਂ ਉਪਜਿਆ? ਇਸ ਦੀ ਬਣਤਰ ਬਾਰੇ ਗੁਰੂ ਸਾਹਿਬ ਦਾ ਮਹਾਂਵਾਕ ਹੈ:

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨੁ ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੇ ਮਾਨ ॥[19]

ਸੰਸਾਰ ਵਿਚ ਜੋ ਕੁਝ ਵੀ ਉਪਜਦਾ ਹੈ, ਉਹ ਅਵੱਸ਼ ਕਾਲ ਬੱਧ ਹੈ, ਸੀਮਾ-ਬੱਧ ਹੈ। ਉਸ ਦੀ ਇਕ ਅਉਧ ਜਾਂ ਮਿਆਦ ਹੈ। ਉਪਜਦੇ ਹੀ ਹਰ ਵਸਤੂ ਦੀ ਅਉਧ ਜਾਂ ਆਯੂ ਘਟਣੀ ਸ਼ੁਰੂ ਹੋ ਜਾਂਦੀ ਹੈ। ਭੁਲੇਖੇ ਨਾਲ ਲੋਕ ਸਮਝਦੇ ਹਨ ਕਿ ਜਨਮ ਤੋਂ ਅੱਗੇ ਜਦ ਮਨੁੱਖ ਦਾ ਸਰੀਰਕ ਜਾਂ ਜੀਵਨ ਵਿਕਾਸ ਹੁੰਦਾ ਹੈ ਤਾ ਇਹ ਉਨ੍ਹਾਂ ਦੀ ਉਮਰ ਵਧ ਰਹੀ ਹੈ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ:

ਕਹੁ ਨਾਨਕ ਸੁਨ ਰੇ ਮਨਾ ਅਉਧ ਘਟਤ ਹੈ ਨੀਤ ॥[20]

ਭਾਵੇਂ ਅਸੀਂ ਜਗਤ ਨਾਸ਼ਮਾਨਤਾ ਨਾਲੋਂ ਸਰੀਰਕ ਨਾਸ਼ਮਾਨਤਾ ਨੂੰ ਨਿਖੇੜ ਕੇ ਪੇਸ਼ ਕੀਤਾ ਹੈ ਪਰ ਜਗਤ ਦੇ ਸਮੁੱਚੇ ਅਨੁਭਵ ਵਿਚ ਮਨੁੱਖ ਦਾ ਸਾਰਾ ਜੀਵਨ ਖੇਤਰ ਸਮਾ ਜਾਂਦਾ ਹੈ। ਪ੍ਰਕ੍ਰਿਤੀ, ਬ੍ਰਹਮੰਡ ਦੀ ਕਲਪਨਾ, ਅਧਿਆਤਮਕ ਖੇਤਰਾਂ ਦੀ ਅਨੁਭਵਤਾ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਯਥਾਰਥ ਤੇ ਭੌਤਿਕ ਸਰੀਰ ਦੀ ਤੱਥਗਤਤਾ (factuality) ਆਦਿ। ਇਸ ਲਈ ਗੁਰੂ ਸਾਹਿਬ ਦੇ ਜਗਤ ਦੇ ਮਿਥਿਆਪਨ ਬਾਰੇ ਸਾਰੇ ਵਿਚਾਰ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਉਤੇ ਪੂਰੀ ਤਰ੍ਹਾਂ ਘਟਦੇ ਹਨ। ਫਿਰ ਵੀ ਇਥੇ ਅਸੀਂ ਵਿਸ਼ਲੇਸ਼ਨ ਦੀ ਸੁਵਿਧਾ ਦੇ ਪੱਖੋਂ ਸਰੀਰਕ ਅਨਸਥਿਰਤਾ ਉਤੇ ਉਚੇਚਾ ਬਲ ਦਿਤਾ ਹੈ।

ਮਨੁੱਖੀ ਸਥਿਤੀ ਚੌਗਿਰਦੇ ਵਿਚ ਇਸ ਤਰ੍ਹਾਂ ਬੱਝੀ ਹੈ ਕਿ ਸਾਕ ਸਨੇਹੀ ਅਤਿ ਪਿਆਰੇ ਭਾਸਦੇ ਹਨ। ਇਹ ਮੋਹ ਮਾਇਆ ਦਾ ਰੂਪ ਹਨ। ਸਰੀਰ ਦੀ ਚੜ੍ਹਦੀ ਕਲਾ ਜਵਾਨੀ ਵਿਚ ਹੈ ਜਿਸ ਦਾ ਆਪਣਾ ਤਿੱਖਾ ਨਸ਼ਾ ਹੈ। ਵਿਸ਼ੇ ਵਿਕਾਰ ਬਹੁਤ ਲੁਭਾਇਮਾਨ ਹੁੰਦੇ ਹਨ। ਰਸ ਕਸ ਬਹੁਤ ਰੋਚਕ ਭਾਸਦੇ ਹਨ। ਇਸ ਸਾਰਾ ਸਮੁੱਚੇ ਰੂਪ ਵਿਚ ਮਾਇਆ ਦਾ ਵਰਤਾਰਾ ਹੈ ਜਿਸ ਤੇ ਕੋਈ ਵਿਰਲਾ ਮਨੁੱਖ ਹੀ ਬਚ ਸਕਦਾ ਹੈ। ਪਰ ਇਹ ਸਾਰਾ ਅਡੰਬਰ ਮੂਲੋਂ ਹੀ ਨਾਸ਼ਮਾਨ ਹੈ, ਮਨੁੱਖੀ ਸਰੀਰ ਦੇ ਸਾਰੇ ਸੰਬੰਧ ਵਿਅਰਥ ਹਨ। ਗੁਰੂ ਸਾਹਿਬ ਇਕ ਸ਼ਬਦ ਵਿਚ ਸਾਰੀ ਸਮੱਸਿਆ ਦਾ ਸਮਾਧਾਨ ਕਰਦੇ ਹਨ :

ਸਾਧੋ ਇਹ ਜਗੁ ਭਰਮ ਭੁਲਾਨਾ ॥ ਰਾਮ ਨਾਮ ਕਾ ਸਿਮਰਨ ਛੋਡਿਆ
ਮਾਇਆ ਹਾਥ ਬਿਕਾਨਾ ॥ 1 ॥ ਰਹਾਉ ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੇ ਰਸਿ ਲਪਟਾਨਾ ॥
ਜੋਬਨ ਧਨ, ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥[21]

ਹੋਰ ਤਾਂ ਹੋਰ 'ਘਰ ਕੀ ਨਾਰ' ਜਿਸ ਨਾਲ ਮਨੁੱਖ ਦਾ ਅਤਿਅੰਤ ਸਨੇਹ ਹੈ ਤੇ ਹਰ ਵੇਲੇ ਦੀ ਸੰਗੀ ਸਾਥਨ ਹੈ ਮਾਨੋ ਅੱਧਾ ਭਾਗ (ਅਰਧੰਗੀ) ਹੈ, ਉਹ ਵੀ ਸਰੀਰ ਛੱਡਣ ਵੇਲੇ ਨਾਲ ਨਹੀਂ ਨਿਭਦੀ :

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥
ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ ॥[22]

ਜਗਤ ਅਤੇ ਮਨੁੱਖੀ ਜੀਵਨ ਦੋਹਾਂ ਦੀ ਮੂਲ ਸਚਾਈ ਨਾਸ਼ਮਾਨਤਾ ਤੇ ਪ੍ਰੀਵਰਤਨ ( flux ) ਹੈ। ਕੋਈ ਵਸਤੂ ਸੰਸਾਰ ਵਿਚ ਇਕ ਪਲ ਤੋਂ ਵੱਧ ਸਥਿਰਤਾ ਨਹੀਂ ਰਖਦੀ ਅਤੇ ਹਰ ਪਲ ਜਾਂ ਹਰ ਛਿਣ ਚਲੰਤ ਹੈ। ਇਸ ਲਈ ਸਥਿਰਤਾ ਦਾ ਮੂਲੋਂ ਹੀ ਅਭਾਵ ਹੈ ਸਥਿਰਤਾ ਕੇਵਲ ਪਰਮਾਤਮਾ ਅਤੇ ਉਸ ਦੇ ਨਾਮ ਵਿਚ ਹੀ ਹੈ। ਇਹ ਵਿਚਾਰ ਯੂਨਾਨੀ ਦਾਰਸਨਿਕ ਹਰੈਕਲਾਇਟਸ ਦੇ ਸਮੇਂ ਤੋਂ ਹੀ ਸੰਸਾਰ ਸਹਿਤ ਵਿਚ ਪ੍ਰਚਲਿਤ ਹੈ ਜਾਂ ਮਹਾਤਮਾ ਬੁੱਧ ਦੇ ਸਮੇਂ ਤੋਂ। ਗੁਰੂ ਸਾਹਿਬ ਏਸੇ ਸਚਾਈ ਨੂੰ ਸਪਸ਼ਟ ਤੇ ਜ਼ੋਰਦਾਰ ਸ਼ਬਦਾਂ ਵਿਚ ਅੰਕਿਤ ਕਰਦੇ ਹਨ :

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਭਹਾਰੇ ॥[23]

ਗੁਰੂ ਸਾਹਿਬ ਦੇ ਤਾਤਵਿਕ ਵਿਚਾਰਾਂ ਦਾ ਸਿੱਟਾ ਇਹੀ ਹੈ ਕਿ ਸਿਵਾਏ ਪਰਮਾਤਮਾ ਦੇ ਸਭ ਮਿਥਿਆ ਹੀ ਮਿਥਿਆ ਹੈ :

ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮ ਕੋ ਸਹੀ ॥[24]


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਹਵਾਲੇ ਅਤੇ ਟਿੱਪਣੀਆਂ

1. ਜਗ ਝੂਠੇ ਕਉ ਸਾਚੁ ਜਾਨਿ ਕੈ
   ਤਾ ਸਿਉ ਰੁਚ ਉਪਜਾਈ ॥ ਟੋਡੀ, 2, 1
2. ਗਉੜੀ 2, 2
3. ਉਹੀ
4. ਜਨ ਨਾਨਕ ਬਿਨੁ ਆਪਾ ਚੀਨੈ
   ਮਿਟੈ ਨ ਭ੍ਰਮ ਕੀ ਕਾਈ ॥ 2, 1 (ਧਨਾਸਰੀ 2, 1)
5. ਤਿਲੰਗ 3, 3
6. ਸੋਰਠ 2, 2
7. ਸੋਰਠ 2, 1
8. ਵਾਰ ਮਾਝ, ਸਲੋਕ 3, ਪਉੜੀ 1
9. ਬਸੰਤ 3, 4
10. ਦੇਖੋ ਉਪਰੋਕਤ, ਫੁਟ ਨੋਟ 3
11. ਸਾਰੰਗ 2, 2
12. ਬਸੰਤ 3, 5, ਹੋਰ ਦੇਖੋ :
    ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
    ਇਨ ਮੈ ਕਛ ਸਾਚੋ ਨਹੀ ਨਾਨਕ ਬਿਨ ਭਗਵਾਨ ॥ ਸਲੋਕ 23
13. ਸਲੋਕ 49
14. ਸਲੋਕ 25
15. ਜੈਜਾਵੰਤੀ 2, 1
16. ਉਹੀ
17. ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥ 4, 7 ॥
    ਰਾਮਕਲੀ ਮਹਲਾ 5 (ਪੰਨਾ 884)
18. ਤਿਲੰਗ 2, 2
19. ਸਲੋਕ 11
20. ਸਲੋਕ 10
21. ਧਨਾਸਰੀ 2, 2
22. ਸੋਰਠ 3, 12
23. ਬਿਹਾਗੜਾ 3, 1, 2
24. ਸੋਰਠ 2, 2



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਭਾਗ ਦੂਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰਬਾਣੀ ਅਧਿਆਪਨ ਦੀਆਂ ਸਮੱਸਿਆਵਾਂ

## ਗੁਰਬਾਣੀ ਇਕ ਵਿਸ਼ੇਸ਼ ਸਾਹਿਤ

ਗੁਰਬਾਣੀ ਸ਼ਬਦ ਗੁਰੂ ਸਾਹਿਬਾਨ ਦੇ ਰਚੇ ਸਾਹਿਤ ਜਾਂ ਕਾਵਿ ਲਈ ਸਤਿਕਾਰ ਅਤੇ ਧਾਰਮਕ ਪਵਿੱਤਰਤਾ ਵਜੋਂ ਵਰਤਿਆ ਜਾਂਦਾ ਹੈ। ਅਸਲ ਵਿਚ ਇਹ ਸਾਹਿਤ ਜੋ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਨ 1604 ਈ. ਵਿਚ ਗੁਰੂ ਅਰਜਨ ਸਾਹਿਬ ਦੁਆਰਾ ਸੰਕਲਿਤ ਹੋਇਆ, ਮਧਕਾਲੀਨ ਸਮੇਂ ਦੇ ਸਮੂੰਹ ਭਾਰਤੀ ਭਗਤੀ ਸਾਹਿਤ ਦਾ ਇਕ ਵਿਸ਼ੇਸ਼ ਭਾਗ ਹੈ। ਇਕ ਪਾਸੇ ਉਚੇਚੇ ਤੌਰ ਤੇ ਸੰਕਲਿਤ ਹੋਣ ਕਾਰਨ ਇਸ ਦੀ ਪ੍ਰਮਾਣਿਕਤਾ ਸਰਬ-ਸਿੱਧ ਤੇ ਸਰਬ-ਪ੍ਰਵਾਨਿਤ ਹੈ, ਦੂਜੇ ਪਾਸੇ ਗੁਰੂ ਸਾਹਿਬਾਨ ਤੋਂ ਇਲਾਵਾ ਹੋਰ ਭਗਤਾਂ, ਸੰਤਾਂ ਤੇ ਸੂਫੀਆਂ ਦੀ ਰਚਨਾ ਸ਼ਾਮਿਲ ਹੋਣ ਸਦਕਾ ਇਸ ਦੇ ਅਧਿਆਤਮਕ ਵਿਸ਼ੇ ਦੀ ਵਿਆਪਕਤਾ ਤੇ ਸਾਂਝ ਇਸ ਦੇ ਸਾਹਿੱਤਕ ਮੁੱਲ ਵਿਚ ਬਹੁਤ ਵਾਧਾ ਕਰਦੀ ਹੈ।

ਇਹ ਕੀਮਤੀ ਸਾਹਿੱਤਕ ਵਿਰਸਾ, ਜਿਸ ਵਿਚੋਂ ਗੁਰੂ ਸਾਹਿਬਾਨ ਦੀ ਰਚਨਾ ਵਿਸ਼ੇਸ਼ ਕਰਕੇ ਆਪਣੇ ਆਪ ਵਿਚ ਪੰਜਾਬੀ ਭਾਸ਼ਾ ਦੀ ਕਈ ਪੱਖਾਂ ਤੋਂ ਨੇੜਤਾ ਜਾਂ ਵਰਤੋਂ ਪ੍ਰਗਟ ਕਰਦੀ ਹੈ, ਤਿੰਨ ਚਾਰ ਸਦੀਆਂ ਤੇ ਧਾਰਮਕ, ਸਮਾਜਕ, ਸੰਸਕ੍ਰਿਤਕ, ਰਾਜਸੀ, ਆਰਥਕ ਆਦਿ ਪੱਖਾਂ ਦੇ ਅਧਿਐਨ ਲਈ ਇਕ ਜ਼ਰੂਰੀ ਸਗੋਂ ਅਨਿਵਾਰਯ ਖੇਤਰ ਹੈ। ਪੰਜਾਬੀ ਸਾਹਿਤ ਦੀ ਸਮੁੱਚੀ ਪਰੰਪਰਾ ਵਿਚ ਇਸ ਗੁਰਬਾਣੀ ਰਚਨਾ ਦਾ ਨਿਵੇਕਲਾ ਸਥਾਨ ਤੇ ਮਹੱਤਵ ਹੈ।

ਨਿਰੋਲ ਸਾਹਿੱਤਕ ਤੇ ਭਾਸ਼ਾਤਮਕ ਆਸ਼ੇ ਤੋਂ ਗੁਰਬਾਣੀ ਦਾ ਅਧਿਐਨ ਕਰਨਾ ਭਾਰਤ ਦੇ ਨਵੀਨ ਤੇ ਆਧੁਨਿਕ ਧਰਮ ਨਿਰਪੇਖ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵ ਪੂਰਨ ਹੈ। ਗੁਰਬਾਣੀ ਦੀ ਸਾਹਿੱਤਕਤਾ ਇਸ ਦਾ ਸ਼ਾਇਦ ਸਭ ਤੋਂ ਵੱਡਾ ਗੁਣ ਹੈ। ਇਸ ਪੱਖ ਉਤੇ ਜਿੰਨਾ ਵੀ ਬਲ ਦਿਤਾ ਜਾਏ, ਥੋੜ੍ਹਾ ਹੈ। ਗੁਰਬਾਣੀ ਨੂੰ ਨਿਰੋਲ ਧਾਰਮਕ ਆਸ਼ੇ ਤੋਂ ਪੜ੍ਹਨਾ ਪੜ੍ਹਾਉਣ ਇਸ ਨੂੰ ਅਸਲੋਂ ਸੀਮਤ ਜਾਂ ਸੰਕੀਰਤ ਕਰਨਾ ਹੈ, ਕਿਉਂ ਕਿ ਗੁਰਬਾਣੀ ਵਿਚ ਪ੍ਰਗਟ ਹੋਈ ਵਿਚਾਰਧਾਰਾ, ਸਰਬ-ਭੌਤਿਕ ਤੇ ਵਿਸ਼ੇਵ-ਵਿਆਪੀ ਪਕੜ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਖਦੀ ਹੈ । ਇਹ ਕਿਸੇ ਇਕ ਧਾਰਮਕ ਆਸ਼ੇ ਦੀ ਪੂਰਤੀ ਨਾਲ ਇਕ ਵਿਸ਼ੇਸ਼ ਸੰਸਕ੍ਰਿਤੀ ਦੀ ਘਾੜਤ ਤੇ ਨਿਰਮਾਣ ਕਰਨ ਦੇ ਸਮਰਥ ਹੈ, ਜਿਸਨੂੰ ਅਸੀਂ ਠੀਕ ਅਰਥਾਂ ਵਿਚ ਸਾਹਿੱਤਕ-ਖੇਤਰ ਨਾਲ ਜੁੜੀ ਹੋਈ ਪ੍ਰਾਪਤੀ ਮੰਨ ਸਕਦੇ ਹਾਂ ।

## ਗੁਰਬਾਣੀ ਅਧਿਆਪਨ ਦੀ ਅਵੱਸ਼ਕਤਾ

ਜਿਸ ਕੌਮ ਨੇ ਆਪ ਸੱਭਿਆਚਾਰਕ ਵਿਰਸੇ ਨੂੰ ਲੱਭਣਾ ਤੇ ਸੁਰੱਖਿਅਤ ਕਰਨਾ ਹੋਵੇ, ਉਸਨੂੰ ਆਪਣੇ ਪੁਰਾਣੇ ਸਾਹਿੱਤਕ ਵਿਰਸੇ ਦੇ ਅਧਿਐਨ ਦੀ ਅਵੱਸ਼ ਲੋੜ ਪੈਂਦੀ ਹੈ। ਨਿੱਜੀ ਸਭਿਆਚਾਰ ਨਾਲੋਂ ਟੁੱਟ ਕੇ ਕੋਈ ਕੌਮ ਜੀਵਤ ਨਹੀਂ ਰਹਿ ਸਕਦੀ। ਇਸ ਲਈ ਗੁਰਬਾਣੀ ਦੇ ਅਧਿਐਨ ਤੇ ਅਧਿਆਪਨ ਦੀ ਆਵੱਸ਼ਕਤਾ ਤੋਂ ਕੋਈ ਸਿਆਣਾ ਵਿਅਕਤੀ ਨਾਬਰ ਨਹੀਂ ਹੋ ਸਕਦਾ। ਭਾਵੇਂ ਆਧੁਨਿਕਤਾ ਕਿੰਨੀ ਵੀ ਸਾਨੂੰ ਪਦਾਰਥਕ ਮੁਖੀ ਜਾਂ ਆਰਥਕ-ਭਾਵੀ ਬਣਾ ਦੇਵੇ, ਆਪਣੇ ਅਭਿਆਤਮਕ ਵਿਰਸੇ ਨੂੰ ਕਿਸੇ ਸੂਰਤ ਵਿਚ ਵੀ ਛਡਿਆ ਨਹੀਂ ਜਾ ਸਕਦਾ। ਅੱਜ ਕੱਲ ਦੇ ਨੌਜਵਾਨਾਂ ਦੀ ਸਮਾਜਵਾਦੀ ਰੁਚੀ ਤੇ ਸਿਖਿਆ ਕਈ ਵਾਰੀ ਪੁਰਾਤਨ ਸਾਹਿਤ ਵਲੋਂ ਉਪਰਾਮਤਾ ਦਾ ਰੂਪ ਧਾਰਦੀ ਦਿੱਸਦੀ ਹੈ ਪਰ ਇਕ ਇਕ ਵਕਤੀ ਰੁਜਹਾਨ ਹੈ ਜੋ ਬੌਧਿਕ ਸੰਤੁਲਣ ਕਾਇਮ ਹੋਣ ਨਾਲ ਘਟਦਾ ਜਾਏਗਾ।

## ਗੁਰਬਾਣੀ ਅਧਿਐਨ ਦੀ ਕਠਿਨਤਾ

ਗੁਰਬਾਣੀ ਸਾਹਿੱਤ ਸਾਧਾਰਨ ਸਾਹਿਤ ਨਹੀਂ। ਇਸ ਦਾ ਵਿਸ਼ੇਸ਼ ਸੰਦਰਭ ਹੈ। ਸੰਸਾਰ ਦੇ ਅਧਿਆਤਮਕ ਤੇ ਰਹੱਸਵਾਦੀ ਸਾਹਿੱਤ ਵਿਚ ਇਸ ਦਾ ਉੱਚਾ ਸਥਾਨ ਮੰਨਿਆ ਜਾਂਦਾ ਹੈ। ਇਸ ਕਾਵਿ-ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ "ਧੁਰ ਕੀ ਬਾਣੀ" ਅਤੇ "ਸਚੀ ਬਾਣੀ" ਆਖ ਕੇ ਸਤਿਕਾਰਿਆ ਗਿਆ ਹੈ :

ਪੁਨਾ :

ਧੁਰ ਕੀ ਬਾਣੀ ਆਈ। ਜਿਨ ਸਗਲੀ ਚਿੰਤ ਮਿਟਾਈ।
ਆਵਹੁ ਸਿਖ ਸਤਿਗੁਰੂ ਕੇ ਪਿਆਰਿਓ ਗਾਵਹੁ ਸਚੀ ਬਾਣੀ।
ਬਾਣੀ ਤਾ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ।

ਅਜਿਹੇ ਸਾਹਿੱਤ ਦਾ ਪਠਨ-ਪਾਠਨ ਤੇ ਅਧਿਆਪਨ ਕਿਸੇ ਵੀ ਸਿਖਿਆ ਪ੍ਰਣਾਲੀ ਵਿਚ ਆਵੱਸ਼ਕ ਹੋ ਜਾਂਦਾ ਹੈ, ਕਿਉਂਕਿ ਹਜ਼ਾਰਾਂ ਲੱਖਾਂ ਵਿਅਕਤੀਆਂ ਦੇ ਦੈਨਿਕ ਜੀਵਨ ਉਤੇ ਇਸ ਸਾਹਿੱਤ ਦੀ ਡੂੰਘੀ ਤੇ ਅਮਿੱਟ ਮੁਹਰ ਛਪ ਲਗਦੀ ਹੈ। ਪੰਜਾਬੀ ਸੰਸਕ੍ਰਿਤੀ, ਸਗੋਂ ਮਾਨਵ-ਸੰਸਕ੍ਰਿਤੀ ਨੂੰ ਉੱਚਾ ਸਤਰ ਅਜੇਹੇ ਸਾਹਿਤ ਦੇ ਅਧਿਐਨ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਲੋੜ ਕੇਵਲ ਇਸ ਮਧ ਕਾਲੀਨ ਸਾਹਿੱਤ ਨੂੰ ਵਿਸ਼ੇਸ਼ ਉੱਦਮ ਤੇ ਪ੍ਰੀਸ਼ਰਮ ਸਹਿਤ ਪਾਠਗਤ ਅਤੇ ਭਾਸ਼ਾਈ ਬਾਰੀਕੀ ਵਿਚ ਜਾ ਕੇ ਮੁਤਾਲਿਆ ਕਰਨ ਦੀ ਹੈ ਕਿਉਂਕਿ ਵਿਸ਼ੇ ਅਤੇ ਭਾਸ਼ਾ ਦੋਹਾਂ ਪੱਖਾਂ ਤੋਂ ਇਸ ਸਾਹਿੱਤ ਨੂੰ ਕਠਿਨ ਮੰਨਿਆ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਂਦਾ ਹੈ।

## ਗੁਰਬਾਣੀ ਅਧਿਆਪਨ ਦੀਆਂ ਸਮੱਸਿਆਵਾਂ

ਪਹਿਲੀ ਸਮੱਸਿਆ ਤਾਂ ਗੁਰਬਾਣੀ ਨੂੰ ਵਿਸ਼ੇਸ਼ ਰੁਚੀ ਜਾਂ ਸੰਜਮ ਧਾਰਨ ਕਰ ਕੇ ਪੜ੍ਹਨ ਪੜ੍ਹਾਨ ਦੀ ਹੈ। ਇਹ ਕੰਮ ਬੰਦਸ਼ (Compulsion) ਨਾਲੋਂ ਪ੍ਰੇਰਨਾ ਰਾਹੀਂ ਵਧੇਰੇ ਸਫਲ ਹੋ ਸਕਦਾ ਹੈ। ਅਧਿਆਪਕਾਂ ਤੇ ਵਿਦਿਆਰਥੀਆਂ ਵਿਚ ਗੁਰਬਾਣੀ ਪੜ੍ਹਨ ਦਾ ਸ਼ੌਕ ਤੇ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ, ਖਾਸ ਕਰਕੇ ਹਾਇਰ ਸੈਕੰਡਰੀ ਤੇ ਕਾਲਜ ਪੱਧਰ ਤੇ। ਪੋਸਟ-ਗਰੈਜੂਏਟ ਸਤਰ ਤੇ ਤਾਂ ਇਹ ਗੁਰਬਾਣੀ ਅਧਿਐਨ ਵਿਸ਼ੇਸ਼ੀ-ਕ੍ਰਿਤ (specialized) ਅਧਿਐਨ ਹੋ ਨਿਬੜਦਾ ਹੈ।

ਦੂਜੀ ਸਮੱਸਿਆ ਗੁਰਬਾਣੀ ਅਧਿਆਪਨ ਦੇ ਯੋਗਤਮ ਢੰਗ ਲੱਭਣ ਦੀ ਹੈ। ਮੇਰੇ ਖਿਆਲ ਵਿਚ ਪਾਠਗਤ (textual) ਆਧਾਰ ਬਹੁਤ ਸਫਲ ਹੋ ਸਕਦਾ ਹੈ। ਇਸ ਵੇਲੇ ਤਾਂ ਵਿਦਿਆਰਥੀ ਪਾਠ ਨੂੰ ਛੱਡ ਕੇ ਨਕਲੀ ਆਲੋਚਨਾ ਗ੍ਰਹਿਨ ਕਰ ਕੇ ਹੀ ਪ੍ਰੀਖਿਆ ਪਾਸ ਕਰ ਲੈਂਦੇ ਹਨ। ਇਹ ਗੱਲ ਬਾਕੀ ਕਾਵਿ-ਪੁਸਤਕਾਂ ਦੇ ਅਧਿਆਪਨ ਤੇ ਆਲੋਚਨਾ ਤੇ ਵੀ ਢੁਕਦੀ ਹੈ। ਵਿਦਿਆਰਥੀ ਸੁਭਾਵਕ ਹੀ ਕਾਵਿ-ਪਾਠ ਨੂੰ ਛੱਡ ਕੇ ਪ੍ਰਾਪਤ ਆਲੋਚਨਾ ਨਾਲ ਹੀ ਕੰਮ ਸਾਰ ਲੈਂਦੇ ਹਨ। ਅੱਜ ਕਲ ਜਪੁਜੀ, ਸੁਖਮਨੀ, ਆਸਾ ਦੀ ਵਾਰ, ਬਾਰਾਮਾਹ ਤੇ ਅਨੰਦ ਸਾਹਿਬ ਬਾਣੀਆਂ ਕੋਰਸ ਦਾ ਭਾਗ ਬਣਦੀਆਂ ਹਨ। ਪਰੰਤੂ ਵਿਦਿਆਰਥੀ ਇਨ੍ਹਾਂ ਦਾ ਪਾਠਗਤ ਅਧਿਐਨ ਕਰਨ ਦੀ ਥਾਂ ਸਹਾਇਤਾ-ਪੁਸਤਕਾਂ ਜਾਂ ਮਾਸਕ ਪੱਤਰਾਂ ਵਿਚੋਂ ਸਾਧਾਰਨ ਆਲੋਚਨਾ ਦੇ ਲੇਖ ਲੱਭ ਕੇ ਪ੍ਰੀਖਿਆ-ਪ੍ਰਸ਼ਨ ਤਿਆਰ ਕਰ ਲੈਂਦੇ ਹਨ।

ਤੀਜੀ ਸਮੱਸਿਆ ਅਧਿਆਪਕਾਂ ਵਿਚ ਮਧਕਾਲੀਨ ਸਾਹਿੱਤ ਵਲੋਂ ਅਰੁਚੀ (apathy) ਤੇ ਅਵੇਸਲਾਪਨ ਹੈ। ਆਧੁਨਿਕ ਸਾਹਿੱਤ, ਨਾਵਲ, ਨਾਟਕ, ਛੋਟੀ ਕਹਾਣੀ ਤੇ ਨਵੀਨ ਕਵਿਤਾ ਵਲੋਂ ਸਾਡੇ ਨੌਜਵਾਨ ਅਧਿਆਪਕ ਵਧੇਰੇ ਧਿਆਨ ਦੇ ਰਹੇ ਹਨ। ਇਸ ਇਕ-ਪਾਸੜ ਰੁਚੀ ਨੂੰ ਰੋਕਣਾ ਤੇ ਸਾਹਿੱਤ ਦੇ ਸੰਤੁਲਿਤ ਅਧਿਐਨ ਦੀ ਲੋੜ ਨੂੰ ਉਜਾਗਰ ਕਰਨਾ ਅਤਿ ਜ਼ਰੂਰੀ ਹੈ।

ਚੌਥੀ ਸਮੱਸਿਆ ਠੀਕ ਗੁਰਬਾਣੀ ਆਲੋਚਨਾ ਦੀ ਘਾਟ ਹੈ। ਗੁਰਬਾਣੀ ਸਾਹਿੱਤ ਦੀ ਧਾਰਮਕ ਵਿਆਖਿਆ, ਟੀਕੇ, ਅਰਥ-ਬੋਧ, ਅਰਥ-ਸੰਚਾਰ ਦੇ ਪੁਸਤਕ ਤਾਂ ਕਾਫੀ ਮਿਲ ਜਾਂਦੇ ਹਨ ਪਰੰਤੂ ਗੁਰਬਾਣੀ ਸਾਹਿੱਤ ਦੀ ਸੁਤੰਤਰ ਤੇ ਸ਼ੁਧ ਸਾਹਿੱਤਕ ਤੇ ਭਾਸ਼ਾਗਤ ਆਲੋਚਨਾ ਬਹੁਤ ਘੱਟ ਮਿਲਦੀ ਹੈ। ਇਸ ਲਈ ਵਿਦਿਆਰਥੀ ਗੁਰਬਾਣੀ ਨੂੰ ਸਾਹਿੱਤ ਤੋਂ ਵਖਰੀ ਨਿਰੋਲ ਧਾਰਮਕ-ਰਚਨਾ ਸਮਝ ਕੇ ਇਸ ਤੋਂ ਅਵੇਸਲੇ ਹੋ ਜਾਂਦੇ ਹਨ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ

## ਵਿਰਾਟ ਪ੍ਰਤਿਭਾ

ਗੁਰੂ ਨਾਨਕ ਦੀ ਪ੍ਰਤਿਭਾ ਬਹੁ-ਪੱਖੀ ਪ੍ਰਤਿਭਾ ਹੈ। ਸਗੋਂ ਇਸ ਨੂੰ ਸਰਬਪੱਖੀ ਪ੍ਰਤਿਭਾ ਕਹਿਣਾ ਵਧੇਰੇ ਉਚਿਤ ਹੈ[1] ਗੁਰੂ ਸਾਹਿਬ ਨਾ ਕੇਵਲ ਇਕ ਮਹਾਨ ਚਿੰਤਕ ਸਨ, ਇਕ ਅਦੁਤੀ ਰਹੱਸਵਾਦੀ ਤੇ ਪ੍ਰਭਾਵਸ਼ਾਲੀ ਸਮਾਜਕ ਨੇਤਾ, ਸਗੋਂ ਇਕ ਵਿਦਰੋਹੀ ਪੁਰਸ਼ ਅਤੇ ਉਤਕ੍ਰਿਸ਼ਟ ਸਾਹਿੱਤਕਾਰ ਵੀ ਸਨ। ਨਿਰੋਲ ਸਾਹਿੱਤ ਦੇ ਪੱਖ ਤੋਂ ਗੁਰੂ ਜੀ ਇਕ ਨਵੇਂ ਸਾਹਿੱਤਕ ਯੁਗ ਦੇ ਮੋਢੀ, ਸੰਚਾਲਨ ਨਿਰਮਾਤਾ ਅਤੇ ਸੂਤ੍ਰਧਾਰ ਸਨ।

ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿਚ ਸਭ ਤੋਂ ਵੱਡਾ ਅੰਸ਼ ਸੰਪੂਰਨਤਾ ਦਾ ਸੀ, ਜਿਸ ਦਾ ਭਾਵ ਇਹ ਹੈ ਕਿ ਹਰ ਪੱਖ ਤੋਂ, ਹਰ ਆਸ਼ੇ ਤੋਂ ਪੂਰਨਤਾ ਦੇ ਧਾਰਨੀ ਸਨ। ਡਾਕਟਰ ਇਕਬਾਲ ਨੇ ਸੂਫ਼ੀ ਪਰੰਪਰਾ ਦਾ ਇਕ ਪ੍ਰਸਿੱਧ ਸੰਕੇਤ ਜੋ ਇਬਨੁਲ ਅਰਬੀ ਨੇ ਪਰਸਾਰਿਤ ਕੀਤਾ ਸੀ, ਗੁਰੂ ਨਾਨਕ ਉਤੇ ਲਾਗੂ ਕੀਤਾ। ਉਹ ਸੀ 'ਮਰਦਿ ਕਾਮਿਲ' ਅਰਥਾਤ ਪੂਰਨ ਮਨੁੱਖ। ਇਕਬਾਲ ਦਾ ਸ਼ਿਅਰ, ਉਰਦੂ ਕਵਿਤਾ 'ਗੁਰੂ ਨਾਨਕ' ਵਿਚੋਂ :

ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ ਕਾਮਿਲ ਨੇ ਜਗਾਇਆ ਖ਼ਾਬ ਸੇ।

ਇਸ ਮਹਾਨ ਸ਼ਖ਼ਸੀਅਤ ਨੇ ਭਾਰਤ ਦੀ ਹੋਣੀ ਬਦਲ ਦਿੱਤੀ। ਸਦੀਆਂ ਤੋਂ ਸੁੱਤੀ ਹੋਈ ਕੌਮ ਨੂੰ ਜਗਾ ਦਿੱਤਾ। ਇਹ ਮਹਾਨ ਕਰਤੱਵ ਕਈ ਸਮਾਜਕ ਪੱਧਰਾਂ ਉਤੇ ਹੋਂਦ ਵਿਚ ਆਇਆ, ਜਿਨ੍ਹਾਂ ਵਿਚੋਂ ਇਕ ਸਾਹਿੱਤਕ ਕਰਤੱਵ ਵੀ ਸੀ। ਨਿਰਸੰਦੇਹ ਗੁਰੂ ਨਾਨਕ ਦੀ ਸਾਹਿੱਤਕਤਾ ਇਕ ਮਹਾਨ ਪ੍ਰਾਪਤੀ ਸੀ, ਭਾਰਤੀ ਤੇ ਪੰਜਾਬੀ ਸਾਹਿੱਤ ਨੂੰ ਇਕ ਵੱਡੀ ਦੇਣ, ਇਕ ਅਦੁਤੀ ਯੋਗਦਾਨ।

ਗੁਰੂ ਨਾਨਕ ਦੀ ਪ੍ਰਤਿਭਾ ਦਾ ਠੀਕ ਠੀਕ ਅਨੁਮਾਨ ਲਗਾਣਾ ਲਗ ਭਗ ਅਸੰਭਵ ਹੈ, ਕਿਉਂਕਿ ਇਹ ਪ੍ਰਤਿਭਾ ਅਤਿ ਵਿਰਾਟ ਅਤੇ ਅਗੰਮੀ ਪ੍ਰਤਿਭਾ ਹੈ। ਹਰ ਰਹੱਸਵਾਦੀ ਸ਼ਖ਼ਸੀਅਤ ਬੁਧੀ ਤੇ ਬੌਧਿਕਤਾ ਤੋਂ ਪਰੇ ਹੁੰਦੀ ਹੈ। ਇਸ ਨੂੰ ਅਕੱਥ ਤੇ ਅਗੋਚਰ ਕਹਿਣਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਚਿਤ ਹੈ, ਜਿਵੇਂ ਕਿ ਇਹ ਸ਼ਬਦ ਪਰਮਾਤਮਾ ਜਾਂ ਪਰਮ ਸਚਾਈ ਲਈ ਵਰਤੇ ਜਾਂਦੇ ਹਨ। ਗੁਰੂ ਸਾਹਿਬ ਆਪ ਰੱਬ ਨੂੰ ਸੰਬੋਧਨ ਕਰ ਕੇ ਫੁਰਮਾਉਂਦੇ ਹਨ :

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖੁ ਕਹਣੁ ਨ ਜਾਈ ॥

(ਬਿਲਾਵਲ)

ਇਹੋ ਗੱਲ ਪੂਰਨ ਤੌਰ ਤੇ ਗੁਰੂ ਸਾਹਿਬ ਦੇ ਅਨੁਮਾਨਕਾਰਾਂ ਤੇ ਆਲੋਚਨਾਕਾਰਾਂ ਤੇ ਘਟਦੀ ਹੈ ਜੋ ਗੁਰੂ ਸਾਹਿਬ ਦੀ ਸੁਲਤਾਨ ਰੂਪ ਸ਼ਖਸੀਅਤ ਨੂੰ 'ਮੀਆ' ਆਖ ਕੇ ਨਿਸਚਤ ਕਰਦੇ ਹਨ[2]।

ਜੋ ਰੂਪਕ ਮੈਕਾਲੇ ਨੇ ਅੰਗਰੇਜ਼ੀ ਆਲੋਚਨਾ ਦੇ ਖੇਤਰ ਵਿਚ ਸ਼ੈਕਸਪੀਅਰ ਦੀ ਪ੍ਰਤਿਭਾ ਸੰਬੰਧੀ ਵਰਤਿਆ ਹੈ ਉਸ ਨੂੰ ਇਕ ਮਹਾਨ 'ਕਾਲੋਸਸ' ਆਖ ਕੇ, ਅਰਥਾਤ ਵਿਰਾਟਾਕਾਰ ਹੋਂਦ, ਇੰਨ ਬਿੰਨ ਇਹ ਰੂਪਕ ਗੁਰੂ ਨਾਨਕ ਦੀ ਵੱਡ-ਆਕਾਰੀ ਪ੍ਰਤਿਭਾ ਉਤੇ ਢੁਕਦਾ ਹੈ, ਜਿਸ ਦੇ ਸਾਹਮਣੇ ਹੋਰ ਸਾਹਿੱਤਕਾਰ ਤੇ ਆਲੋਚਕ ਛੋਟੇ ਛੋਟੇ ਆਕਾਰ ਤੇ ਵਿਚਾਰ ਪਰਗਟ ਕਰਨ ਵਾਲੇ ਨਿਗੂਣੇ ਤੇ ਅਸਮਰਥ ਵਿਅਕਤੀ ਸਿੱਧ ਹੁੰਦੇ ਹਨ।

ਭਾਈ ਗੁਰਦਾਸ ਨੇ ਜਦ ਇਸ ਮਹਾਨ ਸ਼ਖਸੀਅਤ ਨੂੰ ਆਪਣੀ ਕਵਿਤਾ ਵਿਚ ਸੂਰਜ ਦੇ ਰੂਪਕ ਰਾਹੀਂ ਪਰਗਟ ਕੀਤਾ ਤਾਂ ਸ਼ਾਇਦ ਇਹ ਸਭ ਤੋਂ ਸਾਰਥਕ ਅਨੁਮਾਨ ਸੀ ਜੋ ਇਕ ਮਹਾਨ ਸ਼ਖ਼ਸੀਅਤ ਨੇ ਆਪਣੇ ਆਪ ਤੋਂ ਅੱਤ ਦਰਜੇ ਦੀ ਵਡੇਰੀ ਸ਼ਖ਼-ਸ਼ੀਅਤ ਬਾਰੇ ਲਗਾਇਆ। ਵਹਿਮਾਂ ਤੇ ਭਰਮਾਂ ਦਾ ਧੁੰਦੂਕਾਰ ਅਤੇ ਅਲਪਗਤੀ ਵਾਲੇ ਵਿਚਾਰ-ਸਿਧਾਂਤਾਂ ਦੇ ਤਾਰਾ-ਮੰਡਲ ਇਸ ਗਿਆਨ-ਮਈ ਸੂਰਜ ਦੇ ਉਦੈ ਹੋਣ ਨਾਲ ਇਕ ਦਮ ਛੁਪ ਗਏ।

ਮਹਾਂ ਕਵੀ ਭਾਈ ਗੁਰਦਾਸ ਦਾ ਦੂਜਾ ਰੂਪਕ ਇਸ ਤੋਂ ਵੀ ਵਧ ਭਾਵ-ਪੂਰਤ ਹੈ, ਜਿਸ ਦਾ ਸੰਬੰਧ ਸਾਹਿੱਤਕਤਾ ਨਾਲ ਵਧੇਰੇ ਜੁੜਦਾ ਹੈ, ਅਰਥਾਤ ਇਕ ਸ਼ੇਰ ਦੇ ਬੁੱਕਣ ਨਾਲ ਸਾਰੀ 'ਮ੍ਰਿਗਾਵਲੀ' (ਜਿਸ ਤੋਂ ਭਾਵ ਹੋਰ ਧਰਮਾਂ ਦੇ ਸਿਥਲ ਵਿਚਾਰ ਅਤੇ ਉਸ ਤੋਂ ਵੀ ਵਧ ਸਿਥਲ ਕਰਮ ਕਾਂਡਾ ਦੇ ਪੁੰਜ ਦੇ ਸਮੂਹ ਸਨ) ਭਾਜੀ ਘਬਰਾਹਟ ਤੇ ਅਧੀਰਤਾ ਦੀ ਦਸ਼ਾ ਵਿਚ ਹਰ ਪਾਸੇ ਖਿੰਡ ਗਈ[3]।

ਇਹ ਸ਼ੇਰ ਦੀ ਗਰਜ ਗੁਰੂ ਸਾਹਿਬ ਦੀ ਸਾਹਿੱਤਕ ਪ੍ਰਤਿਭਾ ਲਈ ਇਕ ਯੋਗ ਪ੍ਰਤੀਕ ਹੈ। 'ਬਾਬਰ ਵਾਣੀ' ਕਵਿਤਾ ਇਸ ਦਾ ਸਭ ਤੋਂ ਪ੍ਰਸਿੱਧ ਪਰਗਟਾ ਹੈ, ਜਿਸ ਵਿਚ ਨਾ ਕੇਵਲ ਸਮਰਾਟ ਬਾਬਰ ਦੇ ਵਿਰੁਧ ਆਵਾਜ਼ ਉਠਾਈ ਹੈ, ਸਗੋਂ ਆਪਣੇ ਪਿਆਰੇ ਰੱਬ ਨਾਲ ਵੀ ਗਿਲ੍ਹਾ ਕੀਤਾ ਹੈ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨ ਆਇਆ ॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ (ਆਸਾ)

ਇਕ ਪਾਸੇ ਇਕ ਡਿੱਗੀ ਹੋਈ ਨਿਤਾਣੀ ਕੌਮ, ਦੂਜੇ ਪਾਸੇ ਹਿੰਸ਼ਕ ਜਰਵਾਣੇ ! ਇਹ ਸੰਘਰਸ਼ ਅਸਮਤਾ ਦਾ ਲਖਾਇਕ ਸੀ। ਇਸ ਲਈ ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿਚ ਜੋ ਵਿਦਰੋਹ ਦਾ ਅੰਸ਼ ਸੀ, ਉਹ ਦਲੇਰੀ ਨਾਲ ਤੇ ਪੂਰੇ ਜ਼ੋਰ ਨਾਲ ਉਨ੍ਹਾਂ ਦੇ ਸਾਹਿੱਤ ਵਿਚ ਅਭਿਵਿਅਕਤ ਹੋਇਆ।

ਭਾਰਤ ਵਿਚ ਹੋਰ ਕੋਈ ਸ਼ਖ਼ਸੀਅਤ ਉਸ ਸਮੇਂ ਨਹੀਂ ਸੀ, ਅਤੇ ਨਾ ਹੀ ਸ਼ਾਇਦ ਹੋਰ ਕਿਸੇ ਸਮੇਂ ਵਿਚ ਹੋਈ ਹੈ, ਜਿਸ ਵਿਚ ਸਚਾਈ ਪਰਗਟ ਕਰਨ ਦੀ ਏਨੀ ਦਲੇਰੀ ਹੋਵੇ[4]। ਸੱਚ ਕਹਿਣ ਦੀ ਦਲੇਰੀ ਤੇ ਸ਼ਕਤੀ ਕੇਵਲ ਗੁਰੂ ਸਾਹਿਬ ਵਿਚ ਹੀ ਸੀ, ਜਿਵੇਂ ਆਪ ਫ਼ੁਰਮਾਉਂਦੇ ਹਨ :

ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚੁ ਕੀ ਬੇਲਾ ॥ (ਤਿਲੰਗ)

ਭਗਤ ਕਬੀਰ ਜੀ ਆਪਣੀ ਕਰੜੀ ਆਲੋਚਨਾ ਕੇਵਲ ਅਧਿਆਤਮਕ ਪੱਖ ਤੋਂ ਪਰਗਟ ਕਰਦੇ ਹਨ, ਬ੍ਰਾਹਮਣ ਸ਼੍ਰੇਣੀ ਦੇ ਵਿਰੁਧ ਜਾਂ ਹੋਰ ਧਾਰਮਕ ਅਤਿਆਚਾਰ ਕਰਨ ਵਾਲਿਆਂ ਵਿਰੁਧ ਪਰ ਰਾਜਸੀ ਤੇ ਸਮਾਜਕ ਖੇਤਰਾਂ ਬਾਰੇ ਉਹ ਲਗ ਭਗ ਚੁੱਪ ਹਨ।

ਇਹ ਅਦੁਤੀ ਦਲੇਰੀ ਕੇਵਲ ਗੁਰੂ ਨਾਨਕ ਸਾਹਿਬ ਨੂੰ ਹੀ ਮਿਲੀ ਸੀ, ਜਿਸ ਦੀ ਤਹਿ ਵਿਚ ਗ਼ਰੀਬੀ ਤੇ ਨਿਰਮਤਾ ਸੀ, ਪਰ ਜਿਸ ਦੀ ਸਤਹ ਤੇ ਤਲਵਾਰ ਦੀ ਧਾਰ ਵਾਲਾ ਤਿੱਖਾਪਨ ਸੀ[5]। ਇਹ ਆਵਾਜ਼ ਰਾਜਿਆਂ ਤੇ ਅਮੀਰਾਂ ਵਿਰੁਧ ਵੀ ਉਠੀ, ਬ੍ਰਾਹਮਣਾਂ, ਮੁਲਾਣਿਆਂ, ਕਾਜ਼ੀਆਂ ਆਦਿ ਦਾ ਤਾਂ ਕਹਿਣਾ ਹੀ ਕੀ ? ਸੱਚ ਮੁੱਚ ਇਹ ਇਕ ਸ਼ੇਰ ਦੀ ਗਰਜ ਸੀ, ਜਿਸ ਦੇ ਤਿੱਖੇ ਪ੍ਰਭਾਵ ਤੋਂ ਕੋਈ ਵਿਅਕਤੀ ਜਾਂ ਕੋਈ ਸਮਾਜ ਸ਼੍ਰੇਣੀ ਸੁਰਖਿਅਤ ਨਾ ਰਹਿ ਸਕੀ। ਪੁਰਾਣੇ ਬੋਦੇ ਦੇ ਢਾਂਚੇ ਇਸ ਗਿਆਨ ਰੂਪ ਭੁਚਾਲ ਦੇ ਸਾਹਮਣੇ ਇਕ ਦਮ ਢਹਿ ਢੇਰੀ ਹੋ ਗਏ। ਇਹ ਇਕ ਲਲਕਾਰ ਸੀ :

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨ ਬੈਠੇ ਸੁਤੇ ॥ (ਵਾਰ ਮਲਾਰ)
ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁਨੀ ਹੋਈ ॥
ਆਧੇਰੈ ਰਾਹੁ ਨ ਕੋਈ ॥ (ਵਾਰ ਮਾਝ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਚ ਨੂੰ ਚੰਦਰਮਾ ਨਾਲ ਉਪਮਾ ਦੇਣੀ ਇਕ ਰਹੱਸਵਾਦੀ ਰਮਜ਼ ਹੈ । ਸੂਰਜ ਬਾਹਰਮੁਖੀ ਸ਼ਕਤੀ ਦਾ ਚਿੰਨ੍ਹ ਹੈ ਅਤੇ ਚੰਦਰਮਾ ਅੰਦਰਮੁਖੀ ਸ਼ਕਤੀ ਦਾ ਪ੍ਰਤੀਕ। ਸਚਾਈ ਤੇ ਧਰਮ ਇਉਂ ਅਲੋਪ ਹੋ ਚੁਕੇ ਸਨ ਜਿਵੇਂ ਖੰਭ ਲਾ ਕੇ ਉੱਡ ਗਏ ਹੋਣ। ਹਰ ਪਾਸੇ ਅਗਿਆਨਤਾ ਦਾ ਹਨੇਰਾ ਸੀ । ਕੂੜ ਦੀ ਮੱਸਿਆ ਹਰ ਪਾਸੇ ਪਸਰੀ ਹੋਈ ਸੀ। ਕਿਸੇ ਨੂੰ ਰਾਹ ਨਹੀਂ ਲੱਭ ਰਿਹਾ ਸੀ। ਗੁਰੂ ਨਾਨਕ ਇਸ ਘੋਰ ਅੰਧੇਰੇ ਦੀ ਦਸ਼ਾ ਨੂੰ ਦੇਖ ਕੇ ਚਕ੍ਰਿਤ ਤੇ ਸ਼ੋਕਾਤਰ ਸਨ। ਇਹ ਸਾਰਾ ਪ੍ਰਭਾਵ ਧਾਰਮਕ ਸ਼ਬਦਾਵਲੀ ਵਿਚ ਕਲਜੁਗ ਦਾ ਵਰਤਾਰਾ ਸੀ, ਜਿਵੇਂ ਭਾਈ ਗੁਰਦਾਸ ਨੇ ਕਿਹਾ ਹੈ ਕਿ ਸੰਸਾਰ ਨੂੰ ਕਿਸੇ ਗੁਰਮੁਖ ਪੁਰਸ਼ ਦੀ ਲੋੜ ਸੀ, ਕਿਸੇ ਯੁੱਗ ਪੁਰਸ਼ ਦੀ।

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥
ਬਾਝਹੁ ਗੁਰੂ ਗੁਬਾਰਿ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥

(ਵਾਰ 1, 24)

ਕਾਰਲਾਈਲ ਨੇ ਜਦ 'ਨਾਇਕ' ਨਿਸਚਿਤ ਕੀਤੇ ਹਨ ਤਾਂ ਉਨ੍ਹਾਂ ਵਿਚੋਂ ਇਕ ਮਹਾਨ ਨਾਇਕ ਕਵੀ ਤੇ ਸਾਹਿਤਕਾਰ ਵਿਅਕਤੀ ਨੂੰ ਵੀ ਮੰਨਿਆ ਹੈ।

ਇਤਿਹਾਸ ਵਿਚ ਅੰਕਿਤ ਹੈ ਕਿ ਜਦ ਜਰਮਨੀ ਦੇ ਸ਼ਹਿਰ 'ਵੀਮਾਰ' ਵਿਚ ਨੈਪਲੀਅਨ ਆਪਣੇ ਸਮੇਂ ਦੇ ਸਭ ਤੋਂ ਮਹਾਨ ਸਾਹਿਤਕਾਰ ਗੋਇਟੇ ਨੂੰ ਮਿਲਿਆ ਤਾਂ ਆਪਣੀ ਪ੍ਰਤਿਭਾ ਨਾਲੋਂ ਉਸ ਦੀ ਪ੍ਰਤਿਭਾ ਨੂੰ ਵਧ ਸਵੀਕਾਰ ਕੀਤਾ। ਇੰਨ ਬਿੰਨ ਇਹੋ ਇਤਿਹਾਸਕ ਸਥਿਤੀ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਵਾਪਰੀ ਜਦ ਭਾਰਤ ਦੇ ਜੇਤੂ ਸਮਰਾਟ ਬਾਬਰ ਨੇ ਉਨ੍ਹਾਂ ਦੀ ਆਤਮਕ ਪ੍ਰਤਿਭਾ ਦਾ ਪ੍ਰਭਾਵ ਸੁਤੇ ਸਿਧ ਸ਼ਰਧਾ ਦੇ ਰੂਪ ਵਿਚ ਪਰਗਟ ਕੀਤਾ।

ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਦਾ ਸਭ ਤੋਂ ਵੱਡਾ ਪੱਖ ਸਾਹਿੱਤਕ ਹੈ ਕਿਉਂਕਿ ਸਮਾਜ ਦੇ ਸਾਰੇ ਕਰਤੱਵਾਂ ਨਾਲੋਂ ਸਭ ਤੋਂ ਵਧੀਕ ਸਦੀਵਤਾ ਤੇ ਸੁਰਖਿਅਤਾ ਸਾਹਿੱਤ ਵਿਚ ਹੁੰਦੀ ਹੈ। ਸਾਹਿੱਤ ਆਤਮਾ ਦਾ ਤਤ ਹੈ, ਜਿਵੇਂ ਗੋਰਕੀ ਨੇ ਕਿਹਾ, ਵਿਸ਼ਵ ਆਤਮਾ ਦਾ ਤੱਤ।

ਗੁਰੂ ਨਾਨਕ ਸਾਹਿਬ ਦੀ ਸਾਹਿੱਤਕਤਾ ਕੋਈ ਸਾਧਾਰਨ ਸਾਹਿੱਤਕਤਾ ਨਹੀਂ ਸੀ। ਇਹ ਕੋਈ ਬਹੁਤ ਵੱਡੀ ਵਿਰਾਟ ਪ੍ਰਤਿਭਾ ਦਾ ਇਕ ਸਭ ਤੋਂ ਵਧ ਪ੍ਰਭਾਵਸ਼ਾਲੀ ਪਰਗਟਾ ਸੀ। ਜੋ ਕੋਈ ਬਾਬੇ ਦਾ ਸ਼ਬਦ ਸੁਣਦਾ, ਜਿਵੇਂ ਕਿ ਜਨਮ ਸਾਖੀਆਂ ਵਿਚ ਲਿਖਿਆ ਹੋਇਆ ਹੈ, ਉਹ ਸ਼ਬਦ ਦੇ ਰਹੱਸਵਾਦੀ ਤੇ ਅਚੂਕ ਬਾਣ ਦੀ ਸ਼ਕਤੀ ਨਾਲ ਵਿੰਨ੍ਹਿਆਂ ਜਾਂਦਾ। ਜੋ ਸੋਈ ਗੁਰੂ ਸਾਹਿਬ ਦੇ ਸੰਪਰਕ ਵਿਚ ਆਇਆ ਉਹ ਸਦਾ ਲਈ ਕਿਸੇ ਉੱਚੇ ਜੀਵਨ ਉਦੇਸ਼ ਅਤੇ ਆਤਮ ਮਰਾਗ ਦਾ ਪਾਂਧੀ ਹੋ ਗਿਆ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁਜਯ ਤੇ ਆਦਿ ਗੁਰੂ ਜੀ ਦੀ ਪ੍ਰਤਿਭਾ ਦਾ ਅਨੁਮਾਨ ਬੜੇ ਸਪਸ਼ਟ ਰੂਪ ਵਿਚ



CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਗਿਆਨੁ ਧਿਆਨ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥

ਗੁਰੂ ਨਾਨਕ ਸਾਹਿਬ ਅਤੇ ਹੋਰ ਗੁਰੂ ਵਿਅਕਤੀਆਂ ਦੇ ਰਚੇ ਸਾਹਿਤ ਦੀ ਕੀਮਤ ਗੁਰੂ ਅਰਜਨ ਸਾਹਿਬ ਨੇ ਇਨ੍ਹਾਂ ਸ਼ਬਦਾਂ ਵਿਚ ਨਿਸਚਤ ਕੀਤੀ ਹੈ :

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥ (ਗਉੜੀ)

ਇਹ ਅਦੁੱਤੀ ਖਜ਼ਾਨਾ ਸਚਮੁਚ ਅਮੁਲਾ ਹੈ। ਇਸ ਦਾ ਮੁੱਲ ਅੰਕਿਤ ਨਹੀਂ ਹੋ ਸਕਦਾ। ਫਿਰ ਵੀ ਗੁਰੂ ਨਾਨਕ ਸਾਹਿਬ ਦੀ ਸਾਹਿੱਤਿਕ ਪ੍ਰਤਿਭਾ ਦੇ ਕੁਝ ਜ਼ਰੂਰੀ ਪੱਖ ਵਿਚਾਰ-ਗੋਚਰ ਕੀਤੇ ਜਾਂਦੇ ਹਨ।

—2—

## ਮੌਲਿਕਤਾ

ਹਰ ਪ੍ਰਤਿਭਾ ਤੱਤ ਰੂਪ ਵਿਚ ਮੌਲਿਕ ਹੁੰਦੀ ਹੈ। ਕੋਈ ਪ੍ਰਤਿਭਾ ਮੌਲਿਕਤਾ ਤੋਂ ਬਿਨਾਂ ਸ਼ਾਇਦ ਸੰਭਵ ਹੀ ਨਹੀਂ। ਇਕ ਅਦੁਤੀ ਅਨੂਠਾਪਨ ਤੇ ਅਸਾਧਾਰਨਤਾ ਇਸ ਦੀ ਤਹਿ ਵਿਚ ਹੁੰਦੀ ਹੈ। ਅਪੂਰਵਤਾ ਜਿਸ ਨੂੰ ਕੁਦਰਤ ਦਾ ਇਕ ਵੱਡਾ ਚਮਤਕਾਰ, ਇਕ ਮਹਾਨਤਾ ਘਟਨਾ (Phenomenon) ਕਹਿ ਸਕਦੇ ਹਾਂ, ਪ੍ਰਤਿਭਾ ਦਾ ਇਕ ਜ਼ਰੂਰੀ ਲੱਛਣ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਵਿਚ ਇਸ ਸੰਸਾਰ ਦੇ ਹੋਰ ਮਹਾਂਪੁਰਸ਼ਾਂ ਵਾਂਗ ਇਹ ਅੰਸ਼ ਅਤਿ ਅਧਿਕ ਸੀ। ਕੋਈ ਰਸਮੀਪਨ, ਭਾਵੇਂ ਧਾਰਮਕ ਆਸ਼ੇ ਦਾ ਹੋਵੇ ਜਾਂ ਸੰਸਕ੍ਰਿਤਕ, ਸਾਹਿੱਤਕ ਹੋਵੇ ਜਾਂ ਵਿਚਾਰਾਤਮਕ, ਉਨ੍ਹਾਂ ਦੇ ਜੀਵਨ ਅਨੁਭਵ, ਇਤਿਹਾਸਕ ਕਰਤੱਵ ਅਤੇ ਸਾਹਿੱਤਕ ਪਰਗਟਾ ਵਿਚ ਉੱਕਾ ਹੀ ਪ੍ਰਤੀਤ ਨਹੀਂ ਹੁੰਦਾ। ਉਨ੍ਹਾਂ ਦਾ ਜੀਵਨ, ਸੰਸਾਰ ਅਤੇ ਅਣਦਿਸਦੇ ਮੰਡਲਾਂ ਬਾਰੇ ਦ੍ਰਿਸ਼ਟੀਕੋਣ ਅਤੇ ਵਿਚਾਰ-ਅਨੁਭਵ ਅਸਲੋਂ ਹੀ ਨਵਾਂ ਸੀ, ਜਿਵੇਂ ਪੱਛਮ ਦੇ ਅਮਰੀਕਨ ਰਹੱਸਵਾਦੀ ਥੋਰੋ (thorow) ਬਾਰੇ ਕਿਹਾ ਜਾਂਦਾ ਹੈ ਕਿ ਉਸ ਦਾ ਅਨੁਭਵ ਏਨਾ ਨਵੀਨ ਤੇ ਅਛੋਹ ਸੀ, ਏਨਾ ਅਦੁੱਤੀ ਤੇ ਅਪੂਰਵ ਕਿ ਮਾਨੋ ਆਪਣੀ ਪੂਰੀ ਸ਼ਖਸੀਅਤ ਲੈ ਕੇ ਇੰਨ ਬਿੰਨ, ਸਾਖਿਆਤ; ਅਦ੍ਰਿਸ਼ਟ ਮੰਡਲਾਂ ਵਿਚੋਂ ਇਸ ਭੌਤਿਕ ਸੰਸਾਰ ਤੇ ਆ ਗਿਆ ਹੋਵੇ, ਧਰਤੀ ਦੀਆਂ ਸਾਧਾਰਨ ਲੋੜਾਂ ਤੇ ਊਣਤਾਈਆਂ ਤੋਂ ਉੱਕਾ ਹੀ ਅਭਿੱਜ, ਜਿਵੇਂ ਉਹ ਨਿਰੋਲ ਕੋਈ ਆਤਮਕ ਤੱਤ ਹੋਵੇ ਤੇ ਸਰੀਰਕ ਬੰਧਨ ਉਸ ਲਈ ਕੋਈ ਅਰਥ ਨਾ ਰੱਖਦਾ ਹੋਵੇ—ਕੁਝ ਅਜਿਹੀ ਸਥਿਤੀ ਅਸੀਂ ਗੁਰੂ ਨਾਨਕ ਸਾਹਿਬ ਬਾਰੇ ਚਿਤਵ ਸਕਦੇ ਹਾਂ, ਸ਼ਾਇਦ ਇਸ ਤੋਂ ਵੀ ਵਧੇਰੇ ਮਲੂਕ ਰੂਪ ਵਿਚ, ਕਿਉਂਕਿ ਗੁਰੂ ਨਾਨਕ ਸਾਹਿਬ ਯੁੱਗ-ਪੁਰਸ਼ ਸਨ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਕੇਵਲ ਭਾਰਤ ਸਗੋਂ ਸਾਰੇ ਵਿਸ਼ਵ ਦੇ ਕਲਿਆਨ ਦੇ ਸਮਰੱਥ ਹਨ।

ਗੁਰੂ ਨਾਨਕ ਸਾਹਿਬ ਨੇ ਜੀਵਨ ਅਸਲੀਅਤ ਨੂੰ ਮੌਲਿਕ ਰੂਪ ਵਿਚ ਅਨੁਭਵ ਕੀਤਾ ਤੇ ਪਰਗਟ ਕੀਤਾ ਅਤੇ ਜਿਥੇ ਕਿਤੇ ਕੋਈ ਸਮਾਜਕ ਜਾਂ ਵਿਅਕਤੀਗਤ ਦੋਸ਼ ਨਜ਼ਰ ਆਇਆ ਉਸ ਉਤੇ ਕਿੰਤੂ ਕੀਤਾ, ਉਸ ਦੇ ਸੁਧਾਰ ਲਈ ਆਵਾਜ਼ ਉਠਾਈ, ਉਸ ਨੂੰ ਲੋੜ ਅਨੁਸਰ ਤਿੱਖੇ ਜਾਂ ਮਧਮ ਢੰਗ ਨਾਲ ਭੰਡਿਆ। ਕਿਸੇ ਸਮਾਜ-ਸ਼੍ਰੇਣੀ ਦੀ ਇਸ ਗੱਲ ਵਿਚ ਛੋਟ ਨਹੀਂ ਕੀਤੀ, ਲਿਹਾਜ਼ ਨਹੀਂ ਕੀਤਾ। ਇਥੋਂ ਤਕ ਕਿ ਰਾਜੇ ਤੇ ਬ੍ਰਾਹਮਣ, ਉੱਚ-ਸ਼੍ਰੇਣੀਆਂ ਦੇ ਪਰਮ-ਅਧਿਕਾਰੀ ਜੋ ਸਦਾ ਆਲੋਚਨਾ ਤੋਂ ਪਰੇ ਮੰਨੇ ਜਾਂਦੇ ਸਨ, ਗੁਰੂ ਸਾਹਿਬ ਦੀ ਕਰੜੀ ਆਲੋਚਨਾ ਦਾ ਪਾਤਰ ਬਣੇ।

ਜਿਥੇ ਹੋਰ ਧਾਰਮਕ ਤੇ ਸਮਾਜਕ ਆਗੂ ਜੀਵਨ ਨਾਲ ਸਮਝੌਤਾ ਕਰਚੇ ਸਨ, ਸਮਾਜ ਨੂੰ ਬਦਲਣ ਦੀ ਦਲੇਰੀ ਨਹੀਂ ਰਖਦੇ ਸਨ, ਉਥੇ ਗੁਰੂ ਸਾਹਿਬ ਨਿਸ਼ੰਗ ਤੇ ਨਿਧੜਕ ਹੋ ਕੇ ਅਜਿਹੇ ਕਰਤੱਵ ਲਈ ਤਤਪਰ ਰਹਿੰਦੇ ਸਨ।

ਇਹ ਕਿਹਾ ਜਾ ਸਕਦਾ ਹੈ ਕਿ ਸਮਾਜ ਸ਼ਾਸਤਰ ਦੇ ਸਾਰੇ ਇਤਿਹਾਸ ਵਿਚ ਸ਼ਾਇਦ ਕੋਈ ਵਿਅਕਤੀ ਏਨਾ ਕਰਾਂਤੀਕਾਰੀ ਨਹੀਂ ਹੋਇਆ, ਜਿਸ ਹੱਦ ਤਕ ਕਿ ਗੁਰੂ ਨਾਨਕ ਸਾਹਿਬ ਸਨ। ਉਨੀਵੀਂ ਸਦੀ ਵਿਚ ਹੋਏ ਕਾਰਲ ਮਾਰਕਸ ਨਾਲ ਗੁਰੂ ਸਾਹਿਬ ਦੀ ਤੁਰਨਾ ਇਸ ਪੱਖ ਦੀ ਮੂਰਤੀ ਲਈ ਦੇਣਾ ਅਨੁਚਿਤ ਨਹੀਂ ਹੋਵੇਗਾ ਕਿਉਂਕਿ ਜਿਥੇ ਮਾਰਕਸ ਦਾ ਆਸ਼ਾ ਕੇਵਲ ਪਦਾਰਥਕ ਸੀ ਅਤੇ ਆਰਥਕ ਸੰਘਰਸ਼ ਦੀ ਵਿਆਖਿਆ ਕਰਨ ਤੇ ਹੀ ਉਸ ਨੇ ਜ਼ੋਰ ਦਿਤਾ ਹੈ, ਉਥੇ ਗੁਰੂ ਨਾਨਕ ਸਾਹਿਬ ਸਮਾਜਕ ਸੰਸਕ੍ਰਿਤੀ ਅਤੇ ਮਨੁੱਖ ਦੀਆਂ ਆਤਮਕ ਸਥਿਤੀਆਂ ਨੂੰ ਬਦਲਣ ਦਾ ਉਪਰਾਲਾ ਤੇ ਪਰੀਸ਼ਰਮ ਵੀ ਕਰਦੇ ਹਨ।

7821

ਸਾਹਿੱਤਕ ਖੇਤਰ ਵਿਚ ਗੁਰੂ ਸਾਹਿਬ ਦੀ ਇਸ ਅਦੁੱਤੀ ਮੌਲਿਕਤਾ ਨੇ ਪੰਜਾਬੀ ਸਾਹਿੱਤ ਦੀ ਮਾਨੋ ਕਾਇਆ ਕਲਪ ਕਰ ਦਿੱਤੀ। ਉਨ੍ਹਾਂ ਤੋਂ ਪਹਿਲਾਂ ਦਾ ਰਚਿਆ ਪੰਜਾਬੀ ਸਾਹਿੱਤ ਬਹੁਤੇ ਆਕਾਰ ਦਾ ਨਹੀਂ ਸੀ, ਪਰ ਜੋ ਵੀ ਸੀ ਉਸ ਦਾ ਆਸ਼ਾ ਬਦਲ ਦਿੱਤਾ ਅਤੇ ਉਸ ਨੂੰ ਇਕ ਨਵੀਂ ਸੇਧ ਦਿੱਤੀ ਜੋ ਸਦੀਵ ਕਾਲ ਤਕ ਪੰਜਾਬੀ ਸਾਹਿੱਤ ਦੀ ਅਗਵਾਈ ਦਾ ਇਕ ਵੱਡਾ ਸਾਧਨ ਹੈ।

ਗੁਰੂ ਨਾਨਕ ਸਾਹਿਬ ਦਾ ਆਪਣਾ ਰਚਿਆ ਸਾਹਿੱਤ ਸਾਰੇ ਦਾ ਸਾਰਾ ਹੋਰ ਜ਼ਰੂਰੀ ਲੱਛਣਾਂ ਦੇ ਨਾਲ ਸਭ ਤੋਂ ਵੱਧ ਸ਼ਾਇਦ ਮੌਲਿਕਤਾ ਦਾ ਲਖਾਇਕ ਹੈ। ਇਉਂ ਜਾਪਦਾ ਹੈ ਕਿ ਜਿਥੇ ਪਹਿਲਾਂ ਅਣਹੋਂਦ ਸੀ ਉਥੇ ਗੁਰੂ ਸਾਹਿਬ ਅਸਲੋਂ ਨਵੀਂ ਸਾਹਿੱਤਕ ਹੋਂਦ ਪੈਦਾ ਕਰ ਰਹੇ ਸਨ, ਛੋਟੇ ਆਕਾਰ ਦੇ ਸ਼ਬਦ, ਲੰਮੇ ਆਕਾਰ ਦੀਆਂ ਰਚਨਾਵਾਂ, ਬਹੁਤ ਸਾਰੀਆਂ ਵੰਨਗੀਆਂ ਦੀਆਂ ਕਾਵਿਕ ਕ੍ਰਿਤਾਂ, ਅਣਗਿਣਤ ਨਵੀਨ ਲਿਖਣ ਢੰਗ, ਅਸਲੋਂ ਮੌਲਿਕ ਸ਼ੈਲੀ-ਤੱਤ ਪੰਜਾਬੀ ਸਾਹਿੱਤ ਨੂੰ ਪ੍ਰਦਾਨ ਕਰ ਰਹੇ ਸਨ। ਰੂਪਕ ਪੱਖ ਦੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੌਲਿਕਤਾ ਤੋਂ ਵੱਧ ਸ਼ਾਇਦ ਉਨ੍ਹਾਂ ਦੀ ਮੌਲਿਕਤਾ ਵਿਚਾਰ ਅਤੇ ਵਿਸ਼ੇ ਪੱਖ ਤੋਂ ਹੈ ਪਰ ਉਸ ਦਾ ਅਨੁਮਾਨ ਛੋਟੇ ਜਿਹੇ ਆਕਾਰ ਦੇ ਲੇਖ ਵਿਚ ਲਗਾਉਣਾ ਅਸੰਭਵ ਹੈ।

## ਲੋਕ ਤੱਤ

ਲੋਕ ਬੋਲੀ ਵਿੱਚ ਸਾਹਿੱਤ ਰਚਣਾ ਸਾਡੇ ਦੇਸ਼ ਦੇ ਸਾਹਿੱਤਚਾਰੀਆਂ ਦੀ ਇਕ ਸਾਧਾਰਨ ਪਰਪਾਟੀ ਨਹੀਂ ਸੀ, ਸਗੋਂ ਲੋਕ ਬੋਲੀ ਵਿੱਚ ਰਚਣਾ ਇਕ ਅਣਸਾਹਿੱਤਕ ਕਰਮ ਸਮਝਿਆ ਜਾਂਦਾ ਸੀ। ਸਾਹਿੱਤ ਰਚਣਾ ਕੇਵਲ ਕਿਸੇ ਪਰੰਪਰਾਸ਼ੀਲ, ਉਤਕ੍ਰਿਸ਼ਟ ਤੇ ਸਨਮਾਨਿਤ ਬੋਲੀ ਜਿਵੇਂ ਕਿ ਸੰਸਕ੍ਰਿਤ ਸਮਝੀ ਜਾਂਦੀ ਸੀ, ਵਿਚ ਹੀ ਉਚਿਤ ਖਿਆਲ ਕੀਤਾ ਜਾਂਦਾ ਸੀ। ਲੋਕ ਸ਼ੈਲੀ ਆਮ ਤੌਰ ਤੇ ਇਕ ਸਥਾਨਕ ਜਾਂ ਪ੍ਰਾਂਤਿਕ ਬੋਲੀ ਮਿਥੀ ਜਾਂਦੀ ਸੀ। ਇਸ ਲਈ ਉਸ ਵਿਚ ਰਚਣਾ ਪ੍ਰਤਿਭਾ ਦੀ ਘਾਟ ਦਾ ਪ੍ਰਮਾਣ ਗਿਣਿਆ ਜਾਂਦਾ ਸੀ।

ਮਹਾਤਮਾ ਬੁਧ ਨੇ ਪਾਲੀ ਪ੍ਰਾਕ੍ਰਿਤ ਵਿਚ ਜਦ ਆਪਣਾ ਉਪਦੇਸ਼ ਜਨਸਾਧਾਰਨ ਦੇ ਕਲਿਆਨ ਲਈ ਪਰਗਟ ਕੀਤਾ ਤਾਂ ਬ੍ਰਾਹਮਣ ਸ਼੍ਰੇਣੀ ਅਵੱਸ਼ ਇਸ ਤੇ ਨੱਕ ਚਾੜ੍ਹਦੀ ਸੀ। ਜਦ ਬੁਧ ਧਰਮ ਦਾ ਜ਼ੋਰ ਕੁਝ ਸਦੀਆਂ ਬਾਦ ਘਟ ਗਿਆ ਤੇ ਬ੍ਰਾਹਮਣਵਾਦ ਦਾ ਬੋਲ ਬਾਲਾ ਹੋ ਗਿਆ, ਇਹ ਇਕ ਤਰ੍ਹਾਂ ਸੰਸਕ੍ਰਿਤ ਭਾਸ਼ਾ ਦੀ ਦਿਗ ਵਿਜੈ ਸੀ। ਇਹ ਕੰਮ ਸਭ ਤੋਂ ਵੱਧ ਸ਼ੰਕਰਚਾਰੀਆ ਨੇ ਕੀਤਾ। ਲੋਕ ਤੱਤ ਦੇ ਹੱਕ ਵਿਚ ਯਾਰ੍ਹਵੀਂ ਬਾਰ੍ਹਵੀਂ ਸਦੀ ਵਿਚ ਜੋ ਭਾਰੀ ਅੰਦੋਲਨ ਤੇ ਧਾਰਮਿਕ ਪਰੀਵਰਤਨ ਭਗਤੀ ਲਹਿਰ ਦੇ ਰੂਪ ਵਿਚ ਮਹਾਨ ਚਿੰਤਕ ਰਾਮਾਨੁਜ ਨੇ ਕੀਤਾ, ਭਾਰਤ ਦੇ ਇਤਿਹਾਸ ਵਿਚ ਇਹ ਬੜੀ ਮਹਾਨ ਕੀਮਤ ਰਖਦਾ ਹੈ। ਗੁਰੂ ਨਾਨਕ ਸਾਹਿਬ ਵੀ ਇਸੇ ਲੋਕ ਆਸ਼ੇ ਦੇ ਧਾਰਨੀ ਸਨ। ਹੋਰ ਸਾਰੇ ਭਗਤਾਂ ਨਾਲੋਂ ਲੋਕ ਆਸ਼ੇ ਦੀ ਪੂਰਤੀ ਗੁਰੂ ਨਾਨਕ ਸਾਹਿਬ ਨੇ ਸਭ ਤੋਂ ਵਧ ਕੀਤੀ, ਜਿਸ ਦਾ ਕਾਰਨ ਉਨ੍ਹਾਂ ਵਿਚ ਸਮਾਜਕ ਅੰਸ਼ ਦੀ ਸਿਖਰਲੀ ਅਧਿਕਤਾ ਸੀ।

ਭਾਵੇਂ ਗੁਰੂ ਸਾਹਿਬ ਆਪਣੇ ਉਪਦੇਸ਼ ਲਈ ਸਰਬ ਭਾਰਤ ਦੇ ਵਿਸ਼ਾਲ ਖੇਤਰ ਨੂੰ ਅਪਣਾਉਂਦੇ ਸਨ ਤੇ ਆਪਣੀ ਕਵਿਤਾ ਵਿਚ ਸਾਧ ਭਾਸ਼ਾ ਦੀ ਵਰਤੋਂ ਇਸੇ ਲਈ ਕਰਦੇ ਸਨ ਤਾਂ ਜੋ ਹਰ ਭਾਰਤੀ ਉਨ੍ਹਾਂ ਦਾ ਆਸ਼ਾ ਗ੍ਰਹਿਣ ਕਰ ਸਕੇ, ਫਿਰ ਵੀ ਇਸ ਮਜ਼ਬੂਰੀ ਦੇ ਬਾਵਜੂਦ ਆਪਣੀ ਸਥਾਨਕ ਬੋਲੀ ਨੂੰ ਉਨ੍ਹਾਂ ਨੇ ਵਧ ਤੋਂ ਵਧ ਵਡਿਆਇਆ ਤੇ ਪਰਚਾਰਿਆ। ਉਨ੍ਹਾਂ ਦੀ ਕਵਿਤਾ ਦੀ ਬੋਲੀ ਮੂਲਕ ਤੌਰ ਤੇ ਪੰਜਾਬੀ ਹੀ ਸੀ, ਜਿਸ ਨੂੰ ਹੋਰ ਭਾਸ਼ਾਵਾਂ ਦੀ ਸ਼ਬਦਾਵਲੀ ਤੇ ਲਿਖਣ ਢੰਗ ਵਧਾ ਕੇ ਉਨ੍ਹਾਂ ਨੇ ਇਕ ਅਮੀਰ ਤੇ ਸਾਹਿੱਤਕ ਬੋਲੀ ਦਾ ਰੂਪ ਦਿੱਤਾ, ਜਿਸ ਦਾ ਪ੍ਰਭਾਵ ਦੂਰ ਦੂਰ ਫੈਲਿਆ ਤੇ ਜਿਸ ਦੀ ਕੀਮਤ ਵਧ ਤੋਂ ਵਧ ਨਿਸਚਿਤ ਕੀਤੀ ਜਾ ਸਕਦੀ ਹੈ।

ਨਿਰੋਲ ਪੰਜਾਬੀ ਬੋਲੀ ਦਾ ਅੰਸ਼ ਗੁਰੂ ਨਾਨਕ ਸਾਹਿਬ ਦੀ ਬੋਲੀ ਵਿਚ ਕਾਫੀ ਹੈ। ਇਹ ਅੰਸ਼ ਭਾਸ਼ਾਈ ਪੱਖ ਤੋਂ ਅਪਭਰੰਸ਼ਾਂ ਤੇ ਪ੍ਰਾਕ੍ਰਿਤਾਂ ਦੇ ਨਿਰੋਲ ਤੇ ਸਾਰਥਕ ਲਿਖਣ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਢੰਗ ਵਰਤਣ ਤੇ ਨਿਰਭਰ ਸੀ, ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਸਾਹਿਬ ਦੀ ਬੋਲੀ ਹੋਰ ਭਾਰਤੀ ਬੋਲੀਆਂ ਨਾਲੋਂ ਤੇ ਸੰਸਕ੍ਰਿਤ ਨਾਲੋਂ ਵੀ ਵਧੇਰੇ ਪੰਝੀ ਸੌ ਸਾਲ ਪਹਿਲਾਂ ਦੀ ਪੁਰਾਤਨ ਭਾਰਤੀ ਆਰੀਅਨ ਬੋਲੀ ਅਰਥਾਤ ਵੈਦਿਕ ਬੋਲੀ ਦੇ ਨੇੜੇ ਹੈ।

ਬੋਲੀ ਤੋਂ ਛੁੱਟ ਗੁਰੂ ਸਾਹਿਬ ਨੇ ਲੋਕ-ਕਾਵਿ ਦੇ ਕਈ ਪ੍ਰਚਲਿਤ ਨਮੂਨੇ ਆਪਣੀ ਅਧਿਆਤਮਕ ਕਵਿਤਾ ਦੇ ਪਰਗਟਾ ਲਈ ਵਰਤ ਕੇ ਲੋਕ ਤੱਤ ਨੂੰ ਹੋਰ ਵੀ ਉਜਾਗਰ ਕੀਤਾ। ਸਾਹਿੱਤ ਅਵੱਸ਼ ਲੋਕਾਂ ਲਈ ਹੁੰਦਾ ਹੈ, ਜਨ ਸਾਧਾਰਨ ਲਈ ਜਾਂ ਲੋਕ ਸਮੂਹ ਲਈ। ਇਹ ਕਦੀ ਵੀ ਵਿਅਕਤੀ ਦੀ ਸਮੱਸਿਆ ਨਹੀਂ ਹੁੰਦਾ। ਇਸ ਲਈ ਗੁਰੂ ਸਾਹਿਬ ਨੇ ਜਿਥੇ ਆਪਣੀ ਬੋਲੀ ਵਿਚ ਅਣਗਿਣਤ ਮੁਹਾਵਰੇ ਤੇ ਅਖਾਣ ਵਰਤੇ ਸਨ, ਸਗੋਂ ਲੋਕੋਕਤੀ ਰੂਪ ਨਵੇਂ ਅਖਾਣ ਤੇ ਮੁਹਾਵਰੇ ਸਥਾਪਤ ਕੀਤੇ ਸਨ, ਉਥੇ ਵਾਰਾਂ, ਸਤਵਾਰੇ, ਅਲਾਹੁਣੀਆਂ, ਬਾਰਾਂ ਮਾਹ, ਪੱਟੀ, ਗੋਸ਼ਟਾਂ ਆਦਿ ਵਰਤ ਕੇ ਆਪਣੇ ਉਪਦੇਸ਼ ਨੂੰ ਬਹੁਤ ਪ੍ਰਭਾਵਸ਼ਾਲੀ ਬਣਾਇਆ। ਉਨ੍ਹਾਂ ਨੇ ਬਹੁਤ ਸਾਰੇ ਲੋਕ-ਛੰਦ ਵੀ ਵਰਤੇ। ਇਹ ਸਾਰਾ ਕੁਝ ਮੌਲਿਕ ਤੇ ਨਵੀਨ ਸੀ। ਗੁਰੂ ਸਾਹਿਬ ਇਕ ਬਹੁਤ ਵਡੇ ਮੋਢੀ ਕਲਾਕਾਰ ਸਨ ਜੋ ਆਪਣੇ ਨਵੀਨ ਤਜਰਬੇ ਲੋਕ ਪੱਧਰ ਤੇ ਕਰਦੇ ਸਨ। ਉਨ੍ਹਾਂ ਦੇ ਜੀਵਨ ਦਾ ਇਕ ਇਕ ਪਲ ਲੋਕ ਕਲਿਆਣ ਲਈ ਅਰਪਿਤ ਸੀ। ਇਸ ਲਈ ਉਨ੍ਹਾਂ ਦਾ ਆਤਮਕ ਪ੍ਰਭਾਵ ਸਾਰੇ ਪੰਜਾਬ ਤੇ ਭਾਰਤ ਸਗੋਂ ਭਾਰਤ ਤੋਂ ਵੀ ਅਗੇਰੇ ਦੂਰ ਦੂਰ ਫੈਲਿਆ ਹੋਇਆ ਸੀ ਕਿਉਂਕਿ ਅਸਲ ਲੋਕਤਾ ਸਰਬ ਸਾਂਝੀ ਮਨੁੱਖਤਾ ਦੀ ਹੈ, ਕਿਸੇ ਇਕ ਸਥਾਨ ਦੀ ਨਹੀਂ। ਬਗਦਾਦ ਵਿਚ ਜਿਥੇ ਲੋਕ ਉਨ੍ਹਾਂ ਦੀ ਬੋਲੀ ਨਹੀਂ ਸਮਝਦੇ ਸਨ, ਦਸਿਆ ਜਾਂਦਾ ਹੈ ਕਿ ਉਨ੍ਹਾਂ ਦੀ ਮਿੱਠੀ ਸੰਗੀਤਕ ਲੈ ਸੁਣ ਕੇ ਉਥੋਂ ਦੇ ਲੋਕ ਉਨ੍ਹਾਂ ਦੀ ਸ਼ਖ਼ਸੀਅਤ ਦੇ ਜਾਦੂਮਈ ਪ੍ਰਭਾਵ ਨਾਲ ਕੀਲੇ ਗਏ, ਹਾਲਾਂਕਿ ਉਨ੍ਹਾਂ ਲੋਕਾਂ ਦੇ ਧਰਮ ਵਿਚ ਸੰਗੀਤ ਵਿਵਰਜਿਤ ਸੀ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਦੀ ਵਿਰਾਟ ਪ੍ਰਤਿਭਾ ਇਕੋ ਵਕਤ ਦੋ ਵਿਰੋਧੀ ਪਰ ਇਕ ਦੂਜੇ ਦੇ ਪੂਰਕ ਜੀਵਨ ਤੱਤਾਂ ਜਾਂ ਜੀਵਨ-ਪੱਖਾਂ ਨੂੰ ਸੰਜੁਗਤ ਤੇ ਸੰਮਿਲਤ ਕਰਨ ਵਾਲੀ ਪ੍ਰਤਿਭਾ ਸੀ ਅਰਥਾਤ ਇਕ ਪਾਸੇ ਰਾਜਸੀ ਸਭਿਆਚਾਰਕ ਕਰਤੱਵਾਂ ਦੀ ਅਮਲੀ ਪ੍ਰੇਰਨਾ ਤੇ ਦੂਜੇ ਪਾਸੇ ਅਧਿਆਤਮਕ ਤੇ ਰਹੱਸਵਾਦੀ ਅਨੁਭਵ ਦੀ ਆਦਰਸ਼ਕਤਾ। ਇਹ ਦੋਵੇਂ ਪੱਖ ਗੁਰੂ ਸਾਹਿਬ ਦੀ ਸਾਹਿਤਕਤਾ ਵਿਚ ਇਕੱਤ੍ਰਤ ਤੇ ਸੰਗਠਤ ਹੋਏ ਸੰਪੂਰਨ ਰੂਪ ਵਿਚ ਮਿਲਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. Genius is not a single power but a combination of great powers. Whipple.


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਇਹ ਵਿਚਾਰ ਪਹਿਲੀ ਵਾਰ ਡਾ. ਤਾਰਨ ਸਿੰਘ ਨੇ ਆਪਣੀ ਪੁਸਤਕ 'ਗੁਰੂ ਨਾਨਕ ਚਿੰਤਨ ਤੇ ਕਲਾ' (1963) ਵਿਚ ਅੰਕਿਤ ਕੀਤਾ ਹੈ।

3. ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥
ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਇ ਨ ਧੀਰਿ ਧਰੋਆ ॥

(ਵਾਰ 1, 27)

4. ਸੱਚ ਕਹਿਣ ਦੀ ਦਲੇਰੀ ਸੱਚ ਨੂੰ ਪਿਆਰਨ ਤੇ ਨਿਰਭਰ ਹੈ, ਜਿਵੇਂ ਗੋਇਟੇ ਨੇ ਕਿਹਾ ਹੈ : "ਪਹਿਲੀ ਤੇ ਆਖ਼ਰੀ ਗੱਲ ਜੋ ਪ੍ਰਤਿਭਾ ਲਈ ਆਵੱਸ਼ਕ ਹੈ, ਉਹ ਸੱਚ ਦਾ ਪਿਆਰ ਹੀ ਹੈ।"

5. No Man is so terrible as a man of genius. Disraeli.


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰੂ ਨਾਨਕ ਦਾ ਰਹੱਸਵਾਦ

## ਰਹੱਸਵਾਦ ਦਾ ਭਾਵ

ਰਹੱਸਵਾਦ ਨੂੰ ਵਿਚਾਰ-ਪੱਧਰ ਤੇ ਨਿਸਚਿਤ ਕਰਨਾ ਲਗ ਭਗ ਅਸੰਭਵ ਹੈ, ਕਿਉਂਕਿ ਇਹ ਬੁਧੀ, ਨਿਆਏ ਜਾਂ ਵਿਚਾਰ ਦੀ ਹੱਦ ਤੋਂ ਪਰੇ ਦਾ ਕੋਈ ਅਧਿਆਤਮਕ ਅਨੁਭਵ ਹੁੰਦਾ ਹੈ। ਇਸ ਕਾਰਨ ਇਸ ਦੀ ਪਰਿਭਾਸ਼ਾ ਅੰਕਿਤ ਕਰਨੀ ਕਠਨਤਮ ਹੈ। ਜੋ ਕੁਝ ਇਕ ਰਹੱਸਵਾਦੀ ਆਪਣੇ ਅੰਤਰ ਆਤਮੇ ਅਨੁਭਵ ਕਰਦਾ ਹੈ ਜਾਂ ਪ੍ਰਤੀਤ ਕਰਦਾ ਹੈ, ਉਸੇ ਨੂੰ ਰਹੱਸਵਾਦ ਦਾ ਨਾਂ ਦਿਤਾ ਜਾਂਦਾ ਹੈ। ਰਹੱਸਵਾਦ ਇਕ ਰਹੱਸਵਾਦੀ ਦੀ ਆਤਮਕ ਪ੍ਰਾਪਤੀ ਦਾ ਹੀ ਦੂਜਾ ਨਾਂ ਹੈ। ਇਹ ਅਨੁਭਵ ਜਾਂ ਪ੍ਰਾਪਤੀ ਆਤਮਕ ਪੱਧਰ ਦੀ ਹੋਣ ਕਰਕੇ ਅਤਿ ਸੂਖਮ ਤੇ ਅਕਹਿ ਹੁੰਦੀ ਹੈ। ਇਸ ਨੂੰ ਸਹਿਜ-ਅਨੁਭਵ ਜਾਂ ਸਹਿਜ-ਗਿਆਨ (Intuition) ਕਿਹਾ ਜਾਂਦਾ ਹੈ, ਅਰਤਾਤ ਇੰਦਰੀਆਂ ਤੋਂ ਪਰੇ ਦਾ ਅਨੁਭਵ।

ਰਹੱਸਵਾਦ ਨੂੰ ਵਿਚਾਰਦਿਆਂ ਅਵੱਸ਼ ਹੈ ਕਿ ਵਧ ਤੋਂ ਵਧ ਮਹੱਤਾ ਜਾਂ ਪ੍ਰਥਮਤਾ ਰਹੱਸਵਾਦੀ ਨੂੰ ਦਿਤੀ ਜਾਏ। ਹਰ ਰਹੱਸਵਾਦੀ ਇਕ ਵਿਸ਼ੇਸ਼ ਰਹੱਸਵਾਦੀ ਚਿੰਤਨ ਜਾਂ ਵਿਚਾਰਧਾਰਾ ਦਾ ਸੋਮਾ ਹੁੰਦਾ ਹੈ। ਉਸ ਦਾ ਵਿਅਕਤੀਗਤ ਅਨੁਭਵ ਜਾਂ ਗਿਆਨ ਜਿਥੇ ਤੱਤ-ਰੂਪ ਜਾਂ ਤਾਤਵਿਕ (fundamental) ਹੁੰਦਾ ਹੈ, ਉਥੇ ਤੱਤ-ਰੂਪ ਹੋਣ ਕਰਕੇ ਸੰਸਾਰ ਦੇ ਹੋਰ ਰਹੱਸਵਾਦੀਆਂ ਨਾਲ ਸਾਂਝਾ ਤੇ ਸਮਾਨ ਵੀ ਹੁੰਦਾ ਹੈ। ਆਤਮਕ ਅਨੁਭਵ ਮਨੁੱਖ ਮਾਤਰ ਵਿਚ ਸੰਜੁਗਤ (synthetic) ਅਤੇ ਇਕ-ਰੂਪ (unitive) ਹੁੰਦਾ ਹੈ। ਇਕ ਮਹਾਨ ਰਹੱਸਵਾਦੀ ਦਾ ਗਿਆਨ ਅਸਲੋਂ ਅਸਾਧਾਰਨ ਤੇ ਅਪੂਰਵ ਗਿਆਨ ਹੋ ਨਿਬੜਦਾ ਹੈ, ਜਿਸ ਦੇ ਸਾਹਮਣੇ, ਬਰਟਰੰਡ ਰੱਸਲ ਅਨੁਸਾਰ, ਹੋਰ ਮਨੁੱਖਾਂ ਦਾ ਸਾਧਾਰਨ ਗਿਆਨ ਹਨੇਰੇ ਦੇ ਬਰਾਬਰ[1] ਹੈ। ਉਸ ਦਾ ਨਿਆਏ (logic) ਇਕ ਅਣੋਖੀ ਸ੍ਰੇਣੀ ਦਾ ਨਿਆਏ ਹੁੰਦਾ ਹੈ, ਜਿਸ ਨੂੰ ਆਟੋ (Otto) 'ਵਿਸਮਾਦ ਦਾ ਨਿਆਏ' ਕਹਿੰਦਾ ਹੈ। ਰਹੱਸਵਾਦ ਦਾ ਗਿਆਨ, ਨਿਆਏ, ਦਰਸ਼ਨ ਆਪਣੇ ਆਪ ਵਿਚ ਆਤਮਕ ਖੇਤਰਾਂ ਦੇ ਮਾਪਦੰਡ ਰਖਣ ਵਾਲੇ ਸੰਕੇਤ ਹਨ। ਉਨ੍ਹਾਂ ਦੀ ਸਾਧਾਰਨ ਕੀਮਤ ਜਾਂ ਅਰਥ ਬਦਲ ਕੇ ਹੋਰ ਦੇ ਹੋਰ ਹੋ ਜਾਂਦੇ ਹਨ। ਗੋਇਟੇ ਇਸੇ ਸਚਾਈ ਨੂੰ ਮੁਖ ਰਖ ਕੇ ਰਹੱਸਵਾਦ ਨੂੰ 'ਦਿਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਨਿਆਏ ਅਤੇ ਭਾਵਾਂ ਦਾ ਦਰਸ਼ਨ' ਆਖਦਾ ਹੈ।

ਕਈ ਲੇਖਕਾਂ ਨੇ ਖਾਸ ਕਰਕੇ ਹਿੰਦੀ ਸਾਹਿਤਾਚਾਰੀਆਂ ਨੇ, ਰਹੱਸਵਾਦ ਨੂੰ ਸਾਹਿੱਤ ਵਿਚ ਪਰਗਟ ਹੋਣ ਵਾਲਾ ਕੋਈ ਸੂਖਮ ਜਾਂ ਅਧਿਆਤਮਕ ਅਨੁਭਵ ਦਸਿਆ ਹੈ, ਪਰ ਮੈਂ ਇਸ ਵਿਚਾਰ ਨਾਲ ਸਹਿਮਤ ਨਹੀਂ, ਕਿਉਂਕਿ ਰਹੱਸਵਾਦ ਸਾਹਿੱਤਕ ਪ੍ਰਗਟਾ ਤੋਂ ਬਿਨਾਂ ਵੀ ਹੋ ਸਕਦਾ ਹੈ ਅਤੇ ਕੋਈ ਰਹੱਸਵਾਦੀ ਸਾਹਿਤਕਾਰ ਹੋਏ ਬਿਨਾਂ ਵੀ ਰਹੱਸਵਾਦੀ ਹੋ ਸਕਦਾ ਹੈ। ਮੇਰਾ ਵਿਚਾਰ ਹੈ ਕਿ ਰਹੱਸਵਾਦ ਇਕ ਵਿਆਪਕ ਤੇ ਵਿਸ਼ਾਲ ਅਰਥਾਂ ਦਾ ਲਖਾਇਕ ਸੰਕੇਤ ਹੈ, ਸਾਹਿੱਤਕ ਪ੍ਰਗਟਾ ਜਿਸ ਦਾ ਇਕ ਅੰਸ਼ ਜਾਂ ਰੂਪ ਹੋ ਸਕਦਾ ਹੈ। ਆਤਮਕ ਅਨੁਭਵ ਜਾਂ ਕਾਰਜ-ਖੇਤਰ ਦੀ ਕੋਈ ਸੀਮਾ ਨਹੀਂ ਹੋ ਸਕਦੀ। ਸਾਹਿੱਤਕ ਸੀਮਾ ਵਿਚ ਬੰਨ੍ਹ ਦੇਣਾ ਰਹੱਸਵਾਦ ਦੇ ਆਸ਼ੇ ਨੂੰ ਬਹੁਤ ਸੀਮਤ ਕਰ ਦੇਣਾ ਹੈ। ਪੂਰਨ ਸਿੰਘ, ਜੋ ਆਪ ਇਕ ਰਹੱਸਵਾਦੀ ਸੀ, ਗੁਰੂ ਗੋਬਿੰਦ ਸਿੰਘ ਦੇ 1699 ਈ. ਵਿਚ ਖਾਲਸਾ ਸਾਜਣ ਦੇ ਰਹੱਸ ਨੂੰ ਇਕ ਮਹਾਨ ਕਾਵਿ-ਰਚਨਾ ਆਖ ਕੇ ਰਹੱਸਵਾਦ ਦੀ ਅਸਲੀਅਤ ਨੂੰ ਪੂਰਨ ਭਾਂਤ ਪ੍ਰਗਟ ਕਰ ਦੇਂਦਾ ਹੈ।[2]

ਮਨੁੱਖੀ ਜੀਵਨ ਦੇ ਤਿੰਨ ਮੁਖ ਕਾਰਜ ਖੇਤਰ, ਮਨੋਵਿਗਿਆਨਕ ਆਸ਼ੇ ਤੋਂ, ਨਿਸਚਿਤ ਕੀਤੇ ਜਾਂਦੇ ਹਨ, ਵਿਚਾਰ, ਭਾਵ ਅਤੇ ਕਰਮ ਅਰਥਾਤ ਸੋਚਣਾ, ਮਹਿਸੂਸ ਕਰਨਾ ਤੇ ਇੱਛਾ ਕਰਨਾ। ਇਹੋ ਉਸ ਦੇ ਸਮੁਚੇ ਅਨੁਭਵ ਨੂੰ ਦਰਸਾਣ ਵਾਲੇ ਜਾਂ ਪ੍ਰਗਟ ਕਰਨ ਵਾਲੇ ਤਿੰਨ ਪੱਖ ਹਨ। ਰਹੱਸਵਾਦੀ ਉਹ ਪੂਰਨ ਮਨੁੱਖ ਜਾਂ ਵਿਅਕਤੀ ਹੁੰਦਾ ਹੈ, ਜੋ ਇਨ੍ਹਾਂ ਤਿੰਨਾਂ ਖੇਤਰਾਂ ਜਾਂ ਪੱਖਾਂ ਵਿਚ ਪੂਰਨ ਤੇ ਨਿਪੁੰਣ ਹੋਵੇ, ਜਿਸ ਦੀ ਸੋਚ ਉੱਚੀ, ਭਾਵ ਮਿਠੇ ਅਤੇ ਕਰਮ ਸੁਖਾਵੇਂ ਹੋਣ। ਜਿਥੇ ਉਹ ਸਰਬ-ਪੱਖੀ ਤੇ ਸਰਬ-ਸੰਪੂਰਨ ਵਿਅਕਤੀ ਹੋਵੇਗਾ, ਉਥੇ ਇਕ ਅਦੁੱਤੀ ਸ਼ਖ਼ਸੀਅਤ ਦਾ ਸਵਾਮੀ ਵੀ ਅਵੱਸ਼ ਹੋਵੇਗਾ। ਇਕੋ-ਵਕਤ ਉਹ ਅਤਿ ਅਸਾਧਾਰਨ ਤੇ ਸਾਧਾਰਨ ਮਨੁੱਖ ਹੋਣ ਕਰਕੇ ਅਦੁਤੀ ਮਨੁੱਖ ਸਿੱਧ ਹੁੰਦਾ ਹੈ। ਜਿਸਦਾ ਆਪਣੇ ਆਪੇ, ਆਪਣੇ ਮਨ ਉਤੇ ਵਸੀਕਰਨ ਹੋਇਆ, ਉਹੀ ਰਹੱਸਵਾਦੀ ਹੈ, ਭਾਵੇਂ ਉਹ ਸੈਨਿਕ ਹੈ ਜਾਂ ਵਿਗਿਆਨੀ, ਦਾਰਸ਼ਨੀ ਹੈ ਜਾਂ ਲੇਖਕ, ਕਿਰਤੀ ਹੈ ਜਾਂ ਕਲਾਕਾਰ, ਰਾਜਸੀ ਨੇਤਾ ਹੈ ਜਾਂ ਅਧਿਆਪਕ, ਜੋ ਕੁਝ ਵੀ ਹੈ। ਰਹੱਸ-ਵਾਦ ਅਜਿਹੇ ਰਹੱਸਵਾਦੀ ਵਿਅਕਤੀ ਦੀ ਦਿੱਬ-ਦ੍ਰਿਸ਼ਟੀ ਜਾਂ ਸ਼ੁਧ ਜੀਵਨ-ਅਨੁਭਵ ਦਾ ਹੀ ਦੂਜਾ ਨਾਂ ਹੈ—ਉਹ ਦ੍ਰਿਸ਼ਟੀਕੋਣ ਜੋ ਸਚਾਈ ਨੂੰ ਇੰਨ ਬਿੰਨ, ਸਾਖਿਆਤ ਪ੍ਰਤੀਤ ਕਰਦਾ ਹੈ, ਸੋ ਸਚਾਈ ਦੇ ਸੋਮੇ ਰੱਬ ਜਾਂ ਪਰਮਾਤਮਾ ਨੂੰ ਸਭ ਦਿਸਦੇ ਅਣਦਿਸਦੇ ਦਾ ਮੂਲ-ਰੂਪ, ਪਰਤੱਖ ਤੌਰ ਤੇ, ਹਰ ਥਾਂ ਹਰ ਵਸਤੂ ਤੇ ਹਰ ਅਵਸਥਾ ਵਿਚ ਪ੍ਰਤੀਤ ਕਰ ਲੈਂਦਾ ਹੈ। ਪਰਮਾਤਮਾ ਨਾਲ ਇਕ ਮਿਕ ਹੋ ਜਾਣ ਵਾਲਾ ਰਹੱਸਵਾਦੀ ਆਪਣੇ ਪਰਮ-ਜੋਤ ਰੂਪ ਸੋਮੇ ਦੇ ਸਾਰੇ ਅੰਸ਼, ਗੁਣ, ਲਛਣ ਸੁਤੇ ਸਿਧ ਗ੍ਰਹਿਣ ਕਰ ਲੈਂਦਾ ਹੈ। ਜੇ ਉਹ ਪ੍ਰੇਮ-ਰੂਪ ਹੈ ਤਾਂ ਰਹੱਸਵਾਦੀ ਰਸਿਕ-ਉਨਮਾਦੀ ਹੈ, ਜੇ ਉਹ ਉਪਕਾਰੀ ਮੁਕਤੀ ਦਾਤਾ ਹੈ ਤਾਂ ਉਹ ਕਲਿਆਣਕਾਰੀ ਹੋ ਜਾਂਦਾ ਹੈ। ਸੋ ਰਹੱਸਵਾਦੀਆਂ ਦੇ ਕਈ ਪਰਕਾਰ, ਕਈ ਖੇਤਰ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਈ ਰਹੱਸ ਹਨ। ਇਸ ਤਰ੍ਹਾਂ ਰਹੱਸਵਾਦ ਇਕ ਵਿਸ਼ਾਲ ਅਤੇ ਵਿਸਤ੍ਰਿਤ ਵਿਚਾਰ-ਸੰਕੇਤ ਹੈ।

## ਗੁਰੂ ਨਾਨਕ ਇਕ ਰਹੱਸਵਾਦੀ

ਗੁਰੂ ਨਾਨਕ ਸਾਹਿਬ, ਮੁੱਖ ਰੂਪ ਵਿਚ, ਇਕ ਮਹਾਨ ਰਹੱਸਵਾਦੀ ਸਨ, ਜਿਵੇਂ ਮੁੱਖ ਰੂਪ ਵਿਚ, ਸੰਸਾਰ ਦੇ ਹੋਰ ਮਹਾਨ ਰਹੱਸਵਾਦੀ ਹੋਏ ਹਨ। ਉਨ੍ਹਾਂ ਬਾਰੇ ਸਭ ਤੋਂ ਪਹਿਲੀ ਤੇ ਵਡੀ ਗੱਲ, ਜੋ ਕਹੀ ਜਾ ਸਕਦੀ ਹੈ, ਉਹ ਇਹ ਹੈ ਕਿ ਆਪ ਇਕ ਮਹਾਨ ਰਹੱਸਵਾਦੀ ਸਨ। ਆਦਿ ਤੇ ਅੰਤ (ਅੱਵਲ ਆਖ਼ਰ) ਰਹੱਸਵਾਦੀ! ਦੂਜੇ ਸ਼ਬਦਾਂ ਵਿਚ ਆਦਿ ਤੇ ਅੰਤ ਤੋਂ ਰਹਿਤ ਰਹੱਸਵਾਦੀ, ਕਿਉਂਕਿ ਪਰਮਾਤਮਾ ਆਪ ਆਦਿ-ਅੰਤ ਰਹਿਤ ਹੈ। ਗੁਰੂ ਸਾਹਿਬ ਦੇ ਰਹੱਸਵਾਦੀ ਹੋਣ ਦਾ ਕੀ ਪ੍ਰਮਾਣ ਹੈ? ਪ੍ਰਮਾਣ ਉਨ੍ਹਾਂ ਦਾ ਜੀਵਨ-ਚਰਿਤ੍ਰ, ਉਨ੍ਹਾਂ ਦਾ ਆਤਮਕ ਗੌਰਵ ਤੇ ਪ੍ਰਭਾਵ, ਉਨ੍ਹਾਂ ਦੀ ਰਚੀ ਸੱਚੀ ਬਾਣੀ, ਉਨ੍ਹਾਂ ਦਾ ਸੰਸਾਰ-ਸਮਾਜ ਨੂੰ ਧਾਰਮਕ ਤੇ ਸਭਿਆਚਾਰਕ ਯੋਗਦਾਨ।

ਗੁਰੂ ਨਾਨਕ ਸਾਹਿਬ ਨਿਰੰਕਾਰੀ-ਪ੍ਰਭੂ ਦੇ ਉਪਾਸ਼ਕ ਸਨ, ਜੋ ਨਿਰਗੁਣ ਹੈ, ਨਿਰਾਕਾਰ ਹੈ, ਸੂਖਮ ਤੋਂ ਸੂਖਮ ਹੈ, ਪਰੇ ਤੋਂ ਪਰੇ ਹੈ। ਨਿਰੰਕਾਰ ਪ੍ਰਭੂ ਦਾ ਸੰਕਲਪ ਨਿਰੋਲ ਰਹੱਸਵਾਦੀ ਸੰਕਲਪ ਹੈ। ਇਸ ਤੋਂ ਸਿੱਧ ਹੈ ਕਿ ਗੁਰੂ ਸਾਹਿਬ ਰਹੱਸਵਾਦੀ ਸਨ। ਗੁਰੂ ਸਾਹਿਬ ਨੇ ਨਿਰੰਕਾਰ ਦਾ ਸਰੂਪ ਜਪੁਜੀ ਦੇ ਅਰੰਭ ਵਿਚ ਦਿਤੇ ਮੂਲ ਮੰਤ੍ਰ ਵਿਚ ਪਰਗਟ ਕੀਤਾ ਹੈ, ਅਰਥਾਤ ਜੋ ਇਕ ਹੈ, ਸਤਿ ਹੈ, ਕਰਤਾ ਹੈ, ਨਿਰਭਉ ਤੇ ਨਿਰਵੈਰ ਹੈ, ਕਾਲ-ਰਹਿਤ ਅਬਿਨਾਸ਼ੀ ਹੈ, ਜਨਮ ਮਰਨ ਤੋਂ ਰਹਿਤ ਹੈ, ਜੋ ਆਪਣੇ ਆਪ ਹੋਂਦ ਵਿਚ ਆਇਆ ਹੈ, ਕਿਸੇ ਦਾ ਬਣਾਇਆ ਜਾਂ ਥਾਪਿਆ ਹੋਇਆ ਨਹੀਂ ਅਤੇ ਗੁਰੂ ਦੀ ਕ੍ਰਿਪਾ ਨਾਲ ਜਾਣਿਆ ਜਾਂਦਾ ਹੈ। ਅਜਿਹੇ ਨਿਰੰਕਾਰ ਨਾਲ ਤਦਰੂਪ ਜਾਂ ਇਕ ਮਿਕ ਹੋ ਚੁਕੇ ਗੁਰੂ ਸਾਹਿਬ ਆਪ ਵੀ ਓਸੇ ਦਾ ਹੀ ਰੂਪ, ਇੰਨ ਬਿੰਨ, ਪ੍ਰਤੱਖ ਤੌਰ ਤੇ ਧਾਰਨ ਕਰ ਚੁਕੇ ਸਨ। ਕਰਤਾ ਤੇ ਕਿਰਤਮ ਦਾ ਭੇਦ ਜ਼ਰੂਰ ਹੁੰਦਾ ਹੈ ਪਰ ਜੋਤ ਨਾਲ ਜੋਤ ਮਿਲ ਜਾਣ ਨਾਲ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ, ਆਤਮਕ ਪੱਧਰ ਤੇ ਇਹ ਭੇਦ ਮਿਟ ਜਾਂਦਾ ਹੈ। ਗੁਰੂ ਸਾਹਿਬ ਆਪਣੇ ਪ੍ਰਿਯ ਪ੍ਰਭੂ ਨਾਲ ਪੂਰਨ ਭਾਂਤ ਅਭੇਦ ਹੋ ਚੁਕੇ ਸਨ। ਰੰਚਕ ਮਾਤਰ ਅੰਤਰ ਨਹੀਂ ਰਹਿ ਗਿਆ ਸੀ। ਇਸ ਤਰ੍ਹਾਂ ਗੁਰੂ ਸਾਹਿਬ ਪੂਰਨ ਰਹੱਸਵਾਦੀ ਸਨ। ਰਹੱਸਵਾਦੀ ਉਹ ਹੈ, ਜੋ ਪ੍ਰੇਮੀ ਹੋ ਕੇ ਆਪਣੇ ਪ੍ਰੀਤਮ ਦਾ ਮੇਲ ਪ੍ਰਾਪਤ ਕਰ ਚੁਕਿਆ ਹੈ। ਗੁਰੂ ਸਾਹਿਬ ਵੀ ਆਤਮਦਰਸ਼ੀ ਹੋ ਕੇ ਪਰਮਾਤਮਾ-ਰੂਪ ਹੋ ਗਏ ਸਨ। ਸੋ ਉਹ ਆਦਿ ਵਿਚ ਸਨ, ਜੁਗਾਦਿ ਵਿਚ ਵੀ ਸਨ, ਹੁਣ ਵੀ ਹਨ ਤੇ ਅਗੋਂ ਵੀ ਸਦਾ ਵਿਦਮਾਨ ਰਹਿਣਗੇ। ਪਰਮਾਤਮਾ ਦੀ ਮੁਢਲੀ ਸਚਾਈ ਉਨ੍ਹਾਂ ਦੀ ਆਪਣੀ ਸਚਾਈ ਹੈ, ਜੋ ਉਨ੍ਹਾਂ ਨੇ ਮੂਲ ਮੰਤ੍ਰ ਤੋਂ ਬਾਅਦ ਜਪੁਜੀ ਦੇ ਮੁਢਲੇ ਸਲੋਕ ਰਾਹੀਂ ਪ੍ਰਗਟ ਕੀਤੀ ਹੈ—

ਆਦਿ ਸਚੁ ॥ ਜੁਗਾਦਿ ਸਚੁ ॥
ਹੈ ਭੀ ਸਚੁ ॥ ਨਾਨਕ ਹੋਸੀ ਭੀ ਸਚੁ ॥


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਸਚ ਤੇ ਸਚਿਆਰ

ਗੁਰੂ ਨਾਨਕ ਸਾਹਿਬ ਦੇ ਰਹੱਸਵਾਦੀ ਅਨੁਭਵ ਦਾ ਪਹਿਲਾ ਜ਼ਰੂਰੀ ਸੰਕੇਤ 'ਸਚੁ' ਸ਼ਬਦ ਨੂੰ ਮੰਨਿਆ ਜਾ ਸਕਦਾ ਹੈ। 'ਸਚੁ' ਤੋਂ ਭਾਵ ਹੈ ਆਤਮਕ ਸਚਾਈ, ਜੋ ਅਮਰ ਹੈ, ਸਥਿਰ ਹੈ, ਅਬਿਨਾਸ਼ੀ ਹੈ। ਇਹੋ ਪਰਮਾਤਮਾ ਦਾ ਸਭ ਤੋਂ ਮੁਢਲਾ ਲਛਣ ਹੈ। ਗੁਰਮਤ ਰਹੱਸਵਾਦ ਦਾ ਮੂਲ ਤੱਤ ਇਹੋ ਆਤਮਕ ਸਤਿ ਹੈ, ਜਿਸ ਨੂੰ ਗੁਰੂ ਸਾਹਿਬ ਗ੍ਰਹਿਣ ਕਰ ਚੁਕੇ ਸਨ ਅਤੇ ਮਨੁਖ ਮਾਤਰ ਨੂੰ ਇਸ ਦੇ ਗ੍ਰਹਿਣ ਕਰਨ ਦੀ ਪ੍ਰੇਰਨਾ ਜਾਂ ਉਪਦੇਸ਼ ਦੇਂਦੇ ਹਨ। ਜਪੁਜੀ ਦਾ ਮੂਲ ਉਪਦੇਸ਼ ਏਸੇ 'ਸਚੁ' ਨੂੰ ਗ੍ਰਹਿਣ ਕਰਕੇ ਸਚਿਆਰੇ ਬਨਣ ਤੇ ਨਿਰਭਰ ਹੈ। ਗੁਰੂ ਨਾਨਕ ਸਾਹਿਬ ਨੇ ਹੋਰ ਸਾਰੇ ਬਾਹਰਮੁਖੀ ਸਾਧਨ ਜੋ ਪੁਰਾਤਨ ਧਰਮਾਂ ਦੇ ਪ੍ਰਚਲਿਤ ਕੀਤੇ ਹੋਏ ਸਨ, ਰੱਦ ਕਰਕੇ ਕੇਵਲ ਆਤਮਕ ਪੱਧਰ ਤੇ 'ਸਚੁ' ਨੂੰ ਗ੍ਰਹਿਣ ਕਰਨ ਲਈ ਪਰਮਾਤਮਾ ਦਾ ਹੁਕਮ ਮੰਨ ਲੈਣ ਤੇ ਹੀ ਜ਼ੋਰ ਦਿਤਾ ਹੈ। ਇਹ ਗਲ ਗੁਰੂ ਸਾਹਿਬ ਦੇ ਇਕ ਅਦੁਤੀ ਰਹੱਸਵਾਦੀ ਹੋਣ ਦਾ ਸਭ ਤੋਂ ਵਡਾ ਪ੍ਰਮਾਣ ਹੈ ਕਿ ਪਹਿਲੀ ਗਲ ਹੀ ਆਤਮਕ ਪੱਧਰ ਦੀ ਪ੍ਰਗਟ ਕੀਤੀ ਹੈ ਅਰਥਾਤ ਸਤਿ ਰੂਪ ਪ੍ਰਭੂ ਨਾਲ ਇਕ-ਮਿਕ ਹੋਣ ਲਈ ਉਸ ਦਾ ਆਤਮਕ ਆਸ਼ੇ ਵਾਲਾ ਪ੍ਰਬਲ ਸ਼ਕਤੀਸ਼ਾਲੀ ਹੁਕਮ ਮੰਨੋ ਤੇ ਆਪਣੀ ਹਉਮੈ ਛਡ ਦਿਓ। ਹਉਮੈ ਆਤਮਕ ਪੱਧਰ ਦੇ ਅਨੁਭਵ ਤੋਂ ਉਰੇ ਦੀ ਅਵਸਥਾ ਹੈ, ਇਸ ਲਈ ਪਹਿਲਾਂ ਏਸ ਦਾ ਅਭਾਵ ਕਰਨਾ ਜ਼ਰੂਰੀ ਹੈ।

ਹਰ ਰਹੱਸਵਾਦੀ ਨਾਲ ਕਰਾਮਾਤਾਂ ਆਵੱਸ਼ਕ ਸਮਝ ਕੇ ਜੋੜੀਆਂ ਜਾਂਦੀਆਂ ਹਨ ਤੇ ਰਹੱਸਵਾਦ ਤੋਂ ਭਾਵ ਕਰਾਮਾਤਾਂ ਦਾ ਉਲੇਖ ਲਿਆ ਜਾਂਦਾ ਹੈ ਪਰ ਇਹ ਵਾਧੂ ਗੱਲ ਹੈ। ਕਰਾਮਾਤਾਂ ਰਹੱਸਵਾਦੀ ਜਾਂ ਰਹੱਸਵਾਦ ਲਈ ਆਵੱਸ਼ਕ ਨਹੀਂ ਗੁਰੂ ਨਾਨਕ ਸਾਹਿਬ ਰਿਧੀਆਂ ਸਿਧੀਆਂ (ਕਰਾਮਾਤਾਂ) ਨੂੰ ਵਾਧੂ ਸੁਆਦ ਜਾਂ ਉਪਰਾ ਚਸਕਾ ਆਖਦੇ ਹਨ :

ਆਪਿ ਨਾਥੁ ਨਾਥੀ ਸਭ ਜਾ ਕੀ
ਰਿਧਿ ਸਿਧਿ ਅਵਰਾ ਸਾਦ ॥ (ਜਪੁਜੀ, 29)

ਗੁਰੂ ਨਾਨਕ ਸਾਹਿਬ ਕਰਾਮਾਤਾਂ ਦੇ ਦਿਖਾਵੇ ਤੋਂ ਚੁਚੇਰੇ ਤੇ ਸੁਤੰਤਰ ਸਨ। ਸਿੱਧ ਨਾਥ ਜੋਗੀ ਬਹੁਤੇ ਇਨ੍ਹਾਂ ਦੇ ਚਸਕੇ ਵਿਚ ਫਸੇ ਹੋਏ ਆਪਣੀ ਹਉਮੈ ਦਾ ਦਿਖਾਵਾ ਕਰਦੇ ਸਨ। ਗੁਰੂ ਸਾਹਿਬ ਨੇ 'ਸਿਧ ਗੋਸ਼ਟਿ' ਬਾਣੀ ਵਿਚ ਤੇ ਸਿੱਧਾਂ ਨਾਲ ਗੋਸ਼ਟੀਆਂ ਦੇ ਸਮੇਂ ਉਨ੍ਹਾਂ ਦੇ ਬਹੁਤ ਸਾਰੇ ਭੁਲੇਖੇ ਦੂਰ ਕਰਨ ਦਾ ਯਤਨ ਕੀਤਾ। ਕਰਾਮਾਤ ਅਰਬੀ ਸ਼ਬਦ ਹੈ, ਜਿਸ ਦਾ ਭਾਵ ਹੈ ਆਤਮਕ ਗੌਰਵ ਜਾਂ ਉੱਚਤਾ (ਰੂਹਾਨੀ ਬਜ਼ੁਰਗੀ) ਜੋ ਸੁਤੇ ਸਿਧ ਹਰ ਰਹੱਸਵਾਦੀ ਨੂੰ ਆਤਮਕ ਅਨੁਭਵ ਦੇ ਸਿਟੇ ਵਜੋਂ ਪ੍ਰਾਪਤ ਹੋ ਜਾਂਦੀ ਹੈ। ਵਡੀ ਕਰਮਾਤ ਇਹ ਹੈ ਕਿ ਇਕ ਮਨੁੱਖ ਪ੍ਰਭੂ ਤੇ ਗੁਰੂ ਦੀ ਕਿਰਪਾ ਨਾਲ ਆਤਮਕ ਤਤ ਦੀ ਅਨੁਭਵਤਾ ਪ੍ਰਾਪਤ ਕਰ ਲਵੇ। ਗੁਰਮਤ ਵਿਚ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਾਮਾਤਾਂ ਦਿਖਾਣਾ ਨਿੰਦਨੀਅ ਹੈ, ਵਰਜਿਤ ਹੈ । ਸਿਖ ਇਤਿਹਾਸ ਵਿਚ ਕਈ ਘਟਨਾਵਾਂ ਇਸ ਗਲ ਦੀਆਂ ਸੂਚਕ ਹਨ । ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ ਕਿ ਜਦ ਗੁਰੂ ਨਾਨਕ ਸਾਹਿਬ ਨੂੰ ਸਿੱਧਾਂ ਜੋਗੀਆਂ ਕਰਾਮਾਤ ਦਿਖਾਣ ਲਈ ਆਖਿਆ ਤਾਂ ਉਨ੍ਹਾਂ ਨੇ ਕਿਹਾ ਕਿ ਗੁਰ ਸੰਗਤ ਤੋਂ ਬਿਨਾ ਤੇ ਬਾਣੀ ਬਿਨਾ ਸਾਡੀ ਹੋਰ ਕੋਈ ਓਟ ਨਹੀਂ ।

ਗੁਰ ਸੰਗਤਿ ਬਾਣੀ ਬਿਨਾ
ਦੂਜੀ ਓਟ ਨਹੀਂ ਹਰਿ ਰਾਈ ॥ (1, 42)

ਕਰਾਮਾਤਾਂ ਦੀ ਭਟਕਣ ਤੇ ਅਸ਼ਾਂਤੀ ਦਾ ਪਾਜ ਖੋਲ੍ਹਦੇ ਹੋਏ ਗੁਰੂ ਸਾਹਿਬ ਨਾਥਾਂ, ਸਿੱਧਾਂ ਨੂੰ ਉਚੀ ਤੋਂ ਉਚੀ ਆਤਮਕ ਰਮਜ਼ ਸਮਝਾਂਦੇ ਹਨ ਕਿ ਨਾਮ ਦਾ ਅੰਮ੍ਰਿਤ ਪੀ ਕੇ ਇਨ੍ਹਾਂ ਖੇਡ ਤਮਾਸ਼ਿਆਂ ਦੀ ਤ੍ਰਿਸ਼ਨਾ ਨਹੀਂ ਰਹਿੰਦੀ । ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :—

ਬਾਬਾ ਬੋਲੇ ਨਾਥ ਜੀ !
ਸਬਦ ਸੁਨਹੁ ਸਚੁ ਮੁਖਹੁ ਅਲਾਈ ॥
ਬਾਝਹੁ ਸਚੇ ਨਾਮ ਦੇ
ਹੋਰ ਕਰਾਮਾਤ ਅਸਾਥੇ ਨਾਹੀ ॥ (1, 43)

ਜੋਗੀਆਂ ਦੇ ਅਨੁਭਵ ਵਿਚ ਕੋਈ ਕਚੇਰਾਪਨ, ਕੋਈ ਅਸ਼ੁਧੀ ਜਾਂ ਕੋਈ ਘਾਟ ਸੀ ਜੋ ਗੁਰੂ ਸਾਹਿਬ ਨੇ ਆਪਣੇ ਪੂਰਨ ਰਹੱਸਵਾਦੀ ਅਨੁਭਵ ਦੀ ਪ੍ਰਬਲ ਸ਼ਕਤੀ ਨਾਲ ਦੂਰ ਕੀਤੀ । ਇਸੇ ਤਰ੍ਹਾਂ ਸੂਫ਼ੀ ਫ਼ਕੀਰਾਂ ਵਿਚ ਵੀ ਅਸਲ ਰਸਤੇ ਤੋਂ ਭਟਕ ਕੇ ਕਰਾਮਾਤਾਂ ਦਿਖਾਣ ਦਾ ਪ੍ਰਭਾਵ ਵਧ ਗਿਆ ਸੀ । ਗੁਰੂ ਸਾਹਿਬ ਨੇ ਰੱਬ ਦੀ ਰਜ਼ਾ ਵਿਚ ਰਹਿਣ ਦਾ ਸਭ ਤੋਂ ਉੱਚਾ ਰਹੱਸ ਦਸ ਕੇ, ਉਨ੍ਹਾਂ ਦੇ ਵੀ ਆਤਮਕ ਰੋਗਾਂ ਦਾ ਇਲਾਜ ਕੀਤਾ । ਸਿਆਲਕੋਟ ਸ਼ਹਿਰ ਦਾ ਵੱਡਾ ਸੂਫ਼ੀ ਫ਼ਕੀਰ ਹਮਜ਼ਾ ਗੌਂਸ ਕਰਾਮਾਤ ਦੇ ਜ਼ੋਰ ਨਾਲ ਸਾਰਾ ਸ਼ਹਿਰ ਹੀ ਨਸ਼ਟ ਕਰਨ ਦਾ ਦਾਵਾ ਬੰਨ੍ਹ ਬੈਠਾ ਸੀ । ਗੁਰੂ ਸਾਹਿਬ ਨੇ ਉਸ ਦੀ ਹਉਮੈ ਦੀ ਨਵਿਰਤੀ ਕਰਕੇ ਫ਼ਕੀਰਾਂ ਨੂੰ ਨਿਮਰਤਾ ਭਾਵ ਗ੍ਰਹਿਣ ਕਰਨ ਦਾ ਉਪਦੇਸ਼ ਦਿਤਾ ।

ਗੁਰੂ ਨਾਨਕ ਸਾਹਿਬ ਦੇ ਰਹੱਸਵਾਦੀ ਮਹੱਲ ਦੀ ਨੀਂਹ ਦੋ ਵਡੇ ਆਤਮਕ ਤੱਤਾਂ ਦੀ ਪ੍ਰਾਪਤੀ ਉਤੇ ਰਖੀ ਗਈ ਹੈ, ਉਹ ਹਨ ਨਾਮ ਤੇ ਗਰੀਬੀ । ਇਨ੍ਹਾਂ ਦੋਹਾਂ ਵਿਚ ਰੱਬੀ ਹੁਕਮ-ਰਜ਼ਾ ਦੇ ਮੰਨਣ ਦਾ ਡੂੰਘਾ ਭੇਤ ਲੁਕਿਆ ਹੋਇਆ ਹੈ, ਜੋ ਰੱਬ ਦੀ ਬਖ਼ਸ਼ਸ਼ ਤੋਂ ਸ਼ੁਰੂ ਹੋ ਕੇ ਨਾਮ ਤੇ ਗਰੀਬੀ ਦੇ ਰਹੱਸਾਂ ਤੇ ਜਾ ਮੁੱਕਦਾ ਹੈ । ਕਰਾਮਾਤਾਂ ਦੀ ਵਾਧੂ ਗਲ ਛਡ ਕੇ ਗੁਰੂ ਨਾਨਕ ਸਾਹਿਬ ਦਾ ਅਸਲ ਰਹੱਸਵਾਦੀ ਹੋਣ ਦਾ ਠੀਕ ਪ੍ਰਮਾਣ ਭਾਈ ਗੁਰਦਾਸ ਜੀ ਦੀ ਲਿਖਤ ਵਿਚੋਂ ਭਲੀ ਭਾਂਤ ਲਭ ਜਾਂਦਾ ਹੈ ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਪਹਿਲਾ ਬਾਬੇ ਪਾਯਾ ਬਖਸੁ ਦਰਿ
ਪਿਛੋਂ ਦੇ ਫਿਰਿ ਘਾਲਿ ਕਮਾਈ ॥
ਰੇਤੁ ਅਕ ਆਹਾਰੁ ਕਰਿ
ਰੋੜਾ ਕੀ ਗੁਰ ਕਰੀ ਵਿਛਾਈ ॥
ਭਾਰੀ ਕਰੀ ਤਪਸਿਆ
ਵਡੇ ਭਾਗੁ ਹਰਿ ਸਿਉ ਬਣਿ ਆਈ ॥
ਬਾਬਾ ਪੈਧਾ ਸਚ ਖੰਡਿ
ਨਉ ਨਿਧਿ ਨਾਮੁ ਗਰੀਬੀ ਪਾਈ ॥

(1, 24)

## ਨਾਮ ਦਾ ਸਿਧਾਂਤ

ਨਾਮ ਦਾ ਵਿਚਾਰ ਰਹੱਸਵਾਦੀ ਵਿਚਾਰ ਹੈ। ਇਸ਼ ਦਾ ਸੰਬੰਧ ਸਿੱਧੇ ਤੌਰ ਤੇ ਅਧਿਆਤਮਕ ਅਨੁਭਵ ਨਾਲ ਹੈ, ਫ਼ਿਲਾਸਫ਼ੀ ਨਾਲ ਨਹੀਂ। ਗੁਰਮਤ ਵਿਚ ਆਤਮਕ ਰਹੱਸ ਜਾਂ ਆਤਮਕ ਸ਼ਕਤੀ ਲਈ ਸਭ ਤੋਂ ਪ੍ਰਸਿੱਧ ਅਤੇ ਪ੍ਰਮਾਣਿਕ ਸੰਕੇਤ ਨਾਮ ਹੀ ਹੈ। ਇਹ ਇਕ ਤਰ੍ਹਾਂ ਗੁਰਮਤ ਵਿਚਾਰਧਾਰਾ ਦਾ ਸਭ ਤੋਂ ਸੁਯੋਗ ਤੇ ਢੁਕਵਾਂ ਪ੍ਰਤੀਕ ਹੈ। ਯੂਨਾਨ ਦੀ ਰਹੱਸਵਾਦੀ ਵਿਚਾਰਧਾਰਾ ਦਾ ਸੰਕੇਤ (Nous) ਕਿਸੇ ਹੱਦ ਤਕ ਇਹੋ ਗੁਰਮਤਿ ਦਾ ਨਾਮ ਸਿਧਾਂਤ ਹੈ। ਇਸ ਯੂਨਾਨੀ ਸ਼ਬਦ ਦਾ ਸ਼ਬਦੀ ਅਰਥ ਨਾਮ ਹੈ।

ਗੁਰੂ ਨਾਨਕ ਸਾਹਿਬ ਨੇ ਜੋ ਗੁਰਮਤ ਦਾ ਰਾਹ ਦਸਿਆ, ਮਨਮਤ ਤੇ ਮਾਇਆ ਦੇ ਅੰਧਕਾਰ ਵਿਚ, ਜੋ ਜੋਤ ਰੂਪੀ ਪ੍ਰਕਾਸ਼ ਕੀਤਾ, ਜੋ ਆਤਮਕ ਬਲ ਮੁਰਦਾ ਹੋ ਚੁਕੀਆਂ ਰੂਹਾਂ ਵਿਚ ਭਰਿਆ, ਉਹ ਨਾਮ ਦਾ ਹੀ ਸਦਕਾ ਸੀ। ਗੁਰੂ ਦੀ ਕਿਰਪਾ ਨਾਲ ਇਹੋ ਨਾਮ ਤੇ ਇਸ ਦੀ ਦਿੱਬ ਜਿਉਤੀ ਮਨੁੱਖਾਂ ਨੂੰ ਦੇਵਤੇ ਬਣਾਂਦੀ ਹੈ। ਗੁਰੂ ਇਹ ਆਤਮਕ ਪ੍ਰੀਵਰਤਨ ਸਹਿਜੇ ਹੀ ਇਕ ਪਲ ਵਿਚ ਕਰਕੇ ਦਿਖਾ ਦਿੰਦਾ ਹੈ।[3] ਗੁਰੂ ਜਿਸ ਮਨੁੱਖ ਨੂੰ ਉੱਚਾ ਕਰਦਾ ਹੈ, ਉਸ ਨੂੰ ਨਾਮ ਦੀ ਦਾਤ ਬਖ਼ਸ਼ਦਾ ਹੈ, ਹੋਰ ਕੋਈ ਸਾਧਨ ਨਹੀਂ। ਗੁਰੂ ਨਾਨਕ ਸਾਹਿਬ ਪਾਸ ਵੱਡਾ ਰਹੱਸ ਨਾਮ ਤੇ ਬਾਣੀ ਦਾ ਹੈ—

ਨਾਨਕ ਕੇ ਘਰ ਕੇਵਲ ਨਾਮ ॥

ਨਾਮ ਦੀ ਵਿਆਖਿਆ ਅਮੁੱਲ ਹੈ। ਜਿਸ ਦੇ ਮਨ ਵਿਚ, ਗੁਰੂ ਦੀ ਕਿਰਪਾ ਨਾਲ, ਨਾਮ ਵੱਸ ਜਾਂਦਾ ਹੈ, ਕੇਵਲ ਉਹੀ ਸੁਭਾਗਾ ਮਨੁੱਖ ਇਸ ਦੀ ਗਤੀ ਜਾਂ ਰਹੱਸ ਜਾਣ ਸਕਦਾ ਹੈ। ਨਾਮ ਸਭ ਕੁਝ ਹੈ, ਨਾਮ ਤੋਂ ਬਿਨਾ ਕੁਝ ਨਹੀਂ। ਨਾਮ ਹੀ ਬ੍ਰਹਮ ਹੈ। ਇਹ ਨਿਰਨਾ ਗੁਰਬਾਣੀ ਵਿਚ ਸਪਸ਼ਟ ਰੂਪ ਵਿਚ ਮਿਲਦਾ ਹੈ।[4] ਨਾਮ ਤੇ ਨਾਮੀ ਵਿਚ ਕੋਈ ਭੇਤ ਨਹੀਂ। ਜਿਸ ਨੂੰ ਨਾਮ ਦੀ ਸੋਝੀ ਹੋਈ, ਮਾਨੋ ਉਸ ਨੂੰ ਬ੍ਰਹਮ ਦੀ ਸੋਝੀ ਹੋ ਗਈ, ਸਗੋਂ ਉਹ ਬ੍ਰਹਮ ਦਾ ਰੂਪ ਹੀ ਹੋ ਗਿਆ। ਇਸ ਲਈ ਨਾਮ ਦਾ ਰਹੱਸ ਬਹੁਤ ਅਗੰਮੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਗੋਝ ਹੈ। ਇਹ ਵਿਚਾਰਾਂ ਦੇ ਪ੍ਰਗਟਾ ਨਾਲ ਜਾਂ ਵਿਆਖਿਆ ਨਾਲ ਸਮਝਾਇਆ ਨਹੀਂ ਜਾ ਸਕਦਾ। ਇਹ ਦੇਖਿਆ (ਨਾਟਕੀ ਢੰਗ) ਨਾਲ ਦਿਖਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ ਹੈ ਕਿ ਜੋ ਅਗਮ ਅਗੋਚਰ (ਬ੍ਰਹਮ) ਨੂੰ ਦੇਖ ਕੇ ਦੂਜਿਆਂ ਨੂੰ (ਸਾਖਿਆਤ) ਦਿਖਾ ਦੇਵੇ, ਉਹ ਸਾਡਾ ਪੂਜਣਯੋਗ ਗੁਰੂ ਹੈ :—

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾਕਾ ਦਾਸੋ ॥

[ਸਿਧ ਗੋਸਟਿ]

ਗੁਰੂ ਨਾਨਕ ਬਾਣੀ ਵਿਚੋਂ ਇਸ ਰਹੱਸਵਾਦੀ ਵਿਚਾਰ ਅਨੁਸਾਰ ਨਾਮ ਬਾਰੇ ਜਗਿਆਸੂ ਨੂੰ ਅਨੁਭਵ ਤੇ ਵਿਚਾਰ ਦੋਹਾਂ ਪੱਧਰਾਂ ਤੇ ਜੋ ਕੁਝ ਅਗਵਾਈ ਮਿਲਦੀ ਹੈ, ਉਹ ਸਾਡੇ ਅਲਪ ਚਿੰਤਨ ਅਨੁਸਾਰ ਕੁਝ ਇਸ ਤਰ੍ਹਾਂ ਹੈ—ਨਾਮ ਵਡੇ ਰੱਬ ਦੀ ਵਡਿਆਈ ਦਾ ਵਿਚਾਰ ਜਾਂ ਧਿਆਨ ਕਰਨਾ ਹੈ ਤੇ ਇਕ ਦੋ ਵਾਰੀ ਨਹੀਂ, ਹਰ ਵੇਲੇ ਅਤੇ ਲਗਾਤਾਰ ਕਰਦੇ ਰਹਿਣਾ ਹੈ। ਜਪੁਜੀ ਵਿਚ ਗੁਰੂ ਸਾਹਿਬ ਨੇ ਚੌਥੀ ਪਉੜੀ ਵਿਚ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਦਾ ਜੋ ਆਦੇਸ਼ ਕੀਤਾ ਹੈ ਉਸ ਦਾ ਭਾਵ ਇਹੋ ਹੈ ਕਿ ਇਕਾਂਤ ਦੇ ਸਮੇਂ ਅਤੇ ਇਕਾਂਗਰ-ਚਿਤ ਹੋ ਕੇ ਰੱਬ ਦੀ ਵਡਿਆਈ ਦਾ ਚਿੰਤਨ ਕਰੋ। ਦੂਜੀ ਗਲ ਸ਼ਬਦ ਦੇ ਜਾਪ ਅਤੇ ਗੁਰਬਾਣੀ ਦੇ ਗਾਉਣ ਸੁਨਣ ਦੀ ਹੈ। ਇਹ ਕਿਰਿਆ ਵੀ ਨਾਮ ਦੀ ਲਖਾਇਕ ਹੈ। ਗੁਰਮਤ ਵਿਚ ਸ਼ਬਦ ਦਾ ਜਾਪ ਵਾਹਿਗੁਰੂ ਸ਼ਬਦ ਦਾ ਜਾਪ ਕਰਨਾ ਹੈ। ਵਾਹਿਗੁਰੂ ਸ਼ਬਦ ਦਾ ਧਿਆਨ-ਰੂਪ ਜਾਪ ਜਗਿਆਸੂ ਨੂੰ ਸਦੀਵ ਕਾਲ ਲਈ ਵਾਹਿਗੁਰੂ ਨਾਲ ਜੋੜ ਦੇਵੇਗਾ। ਗੁਰਮਤ ਦੀ ਡੂੰਘੀ ਰਹੱਸਮਈ ਰਮਜ਼ ਸੁਰਤ-ਸ਼ਬਦ ਦੇ ਮੇਲ ਦਾ ਇਹੋ ਭਾਵ ਹੈ। ਸ਼ਬਦ ਜਦ ਸੁਰਤੀ ਵਿਚ ਵਸ ਜਾਏ ਤਾਂ ਇਸੇ ਨੂੰ ਨਾਮ ਕਹਿੰਦੇ ਹਨ। ਤੀਜੀ ਗਲ ਨਾਮ ਦੇ ਅਗੰਮੀ ਰਹੱਸ ਬਾਰੇ ਪਰਮਾਤਮਾ ਦੇ ਅਨੁਰਾਗ, ਚੇਸ਼ਟਾ ਜਾਂ ਪ੍ਰੇਮ ਦੀ ਹੈ। ਵਡਿਆਈ ਵਿਚਾਰ ਤੇ ਸ਼ਬਦ ਦਾ ਧਿਆਨ ਤਾਂ ਹੀ ਸੰਭਵ ਹੈ, ਜੇ ਮਨੁੱਖੀ ਮਨ ਵਿਚ ਪ੍ਰੇਮ ਦੀ ਜਾਗ ਲਗੀ ਹੋਵੇ। ਪ੍ਰੇਮ ਇਕ ਵਡੀ ਲਗਣ ਹੈ, ਇਕ ਭਰਪੂਰ ਯਤਨ ਹੈ ਤੇ ਨਾਲ ਹੀ ਸਹਿਜ-ਸੁਭਾਵੀ ਕਿਰਿਆ ਹੈ। ਪ੍ਰੇਮ ਭਗਤੀ ਭਾਵ ਹੈ। ਇਸ ਰਮਜ਼ ਨੂੰ ਗੁਰੂ ਸਾਹਿਬ ਨੇ 'ਨਾਮ ਦੀ ਭੁੱਖ' ਸ਼ਬਦ ਰਾਹੀਂ ਪ੍ਰਗਟ ਕੀਤਾ ਹੈ। ਪ੍ਰੇਮ ਉਥੇ ਹੀ ਹੈ ਜਿਥੇ ਕਿਸੇ ਚੀਜ਼ ਦੀ ਡੂੰਘੀ ਭੁੱਖ ਜਾਂ ਤ੍ਰਿਸ਼ਨਾ ਲਗੀ ਹੈ। ਗਲਾਂ ਨਾਲ ਜਾਂ ਦੰਭ ਦਿਖਾਵੇ ਨਾਲ ਨਾਮ ਕਦਾਚਿਤ ਪ੍ਰਾਪਤ ਨਹੀਂ ਹੋ ਸਕਦਾ—

ਸਾਚੇ ਨਾਮ ਕੀ ਲਾਗੈ ਭੂਖ ॥
ਤਿਤੁ ਭੂਖੈ ਖਾਇ ਚਲੀਅਹਿ ਦੂਖ ॥

(ਰਾਗੁ ਆਸਾ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਮ ਦਾ ਪ੍ਰੇਮੀ ਦੁਖ ਵੀ ਸਹਾਰ ਸਕੇਗਾ, ਹੋਰ ਮਨੁਖ ਦੁਖ ਸਹਿਣ ਦੇ ਯੋਗ ਨਹੀਂ ਹੁੰਦੇ। ਪ੍ਰੇਮੀ ਸੁਤੇ-ਸਿਧ ਪ੍ਰੀਤਮ-ਵਾਹਿਗੁਰੂ ਦਾ ਹੁਕਮ, ਭਾਣਾ ਮੰਨਣ ਵਾਲਾ ਹੋ ਜਾਵੇਗਾ। ਇਹ ਸ਼ਕਤੀ ਵੀ ਨਾਮ ਦੀ ਹੀ ਕਰਾਮਾਤ ਹੈ। ਸੋ ਅਸੀਂ ਉਪਰ ਨਾਮ ਦੇ ਤਿੰਨ ਮੁਖ ਰਹੱਸਵਾਦੀ ਵਿਚਾਰ ਪ੍ਰਗਟ ਕੀਤੇ ਹਨ—ਵਡਿਆਈ ਵਿਚਾਰ, ਸ਼ਬਦ ਦਾ ਧਿਆਨ ਅਤੇ ਪ੍ਰੇਮ ਦੀ ਲਗਨ।

ਗੁਰੂ ਨਾਨਕ ਸਾਹਿਬ ਨੇ ਹੋਰ ਧਰਮਾਂ ਦੇ ਜਿਸ ਸਿਧਾਂਤਕ ਪੱਖ ਨੂੰ ਸਭ ਤੋਂ ਵਧ ਭੰਡਿਆ ਜਾਂ ਰੱਦ ਕੀਤਾ, ਉਹ ਹੈ ਦੰਭ ਤੇ ਪਖੰਡ। ਬਹੁਤੇ ਧਾਰਮਿਕ ਲੋਕ ਕੇਵਲ ਦਿਖਾਵੇ ਦੇ ਸਾਧੂ ਜਾਂ ਧਰਮੀ ਪੁਰਸ਼ ਹੁੰਦੇ ਹਨ। ਉਹ ਬ੍ਰਹਮ ਤੋਂ ਇੰਨੇ ਹੀ ਦੂਰ ਹੁੰਦੇ ਹਨ ਜਿੰਨਾ ਕੋਈ ਦਰੱਖਤ ਜਾਂ ਪੱਥਰ। ਸਗੋਂ ਇਸ ਤੋਂ ਵੀ ਵਧ ਦੁਰੇਡੇ ਹਨ ਕਿਉਂਕਿ ਉਹ ਜਾਣਦੇ ਬੁਝਦੇ ਹੋਏ ਆਪਣੇ ਲਈ ਤੇ ਦੂਜਿਆਂ ਲਈ ਇਕ ਧੋਖੇ ਦਾ ਅਤੇ ਦਿਖਾਵੇ ਦਾ ਉਹਲਾ ਪੈਦਾ ਕਰਦੇ ਹਨ। ਆਪ ਵੀ ਡੁਬਦੇ ਹਨ ਤੇ ਦੂਜਿਆਂ ਨੂੰ ਵੀ ਡੋਬਦੇ ਹਨ। ਗੁਰੂ ਨਾਨਕ ਸਾਹਿਬ ਵੇਲੇ ਪੰਡਤਾਂ ਅਤੇ ਮੁਲਾਣਿਆਂ, ਜੋਗੀਆਂ ਅਤੇ ਸਰੇਵੜਿਆਂ (ਜੈਨੀਆ) ਦਾ ਕੁਝ ਇਹੋ ਜਿਹਾ ਆਚਾਰ ਤੇ ਕਰਤੱਵ ਸੀ। ਗੁਰੂ ਸਾਹਿਬ ਅਜਿਹੇ ਦੰਭੀਆਂ ਦੇ ਨਿਰੇ ਦੰਭ ਨੂੰ ਹੀ ਵੇਖ ਕੇ ਉਨ੍ਹਾਂ ਨੂੰ ਹੇਠ ਲਿਖੇ ਸ਼ਬਦਾਂ ਵਿਚ ਝੰਜੋੜਦੇ ਹਨ :—

ਛੋਡੀਲੇ ਪਾਖੰਡਾ ॥
ਨਾਮਿ ਲਇਐ ਜਾਹਿ ਤਰੰਦਾ ॥

(ਆਸਾ ਦੀ ਵਾਰ)

ਨਾਮ ਦੇ ਸਿਧਾਂਤ ਨੂੰ ਵਿਚਾਰਨ ਦਾ ਇਕ ਹੋਰ ਜ਼ਰੂਰੀ ਢੰਗ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚੋਂ ਇਕ ਇਸ ਪਰਕਾਰ ਸਾਰਥਕ ਹੁੰਦਾ ਹੈ। ਉਹ ਇਹ ਕਿ ਮਨੁੱਖ ਦੀ ਪ੍ਰਕ੍ਰਿਤੀ ਦ੍ਵੰਦਮਈ ( dual ) ਹੈ। ਉਹ ਦੁਬਿਧਾ ਵਿਚ ਗ੍ਰਸਤ ਰਹਿੰਦਾ ਹੈ। ਕਦੀ ਉੱਚਾ ਉਠਦਾ ਹੈ, ਕਦੀ ਨੀਵਾਂ ਡਿੱਗਦਾ ਹੈ। ਕਦੀ ਪੁੰਨੀ ਹੈ ਕਦੀ ਪਾਪੀ। ਕਦੀ ਸਾਧੂ ਹੈ, ਕਦੀ ਚੋਰ ਹੈ। ਪੂਰੇ ਤੌਰ ਤੇ ਰੱਬ ਵਾਲੇ ਪਾਸੇ ਨਹੀਂ ਲਗਦਾ। ਇਹ ਘਾਟ ਮਨੁੱਖ ਮਾਤਰ ਵਿਚ ਇਸ ਲਈ ਹੈ ਕਿ ਉਨ੍ਹਾਂ ਨੂੰ ਨਾਮ ਦੀ ਸੋਝੀ ਨਹੀਂ। ਉਨ੍ਹਾਂ ਨੇ ਗੁਰੂ ਦੀ ਅਗਵਾਈ ਪ੍ਰਾਪਤ ਨਹੀਂ ਕੀਤੀ। ਗੁਰੂ ਦੀ ਸ਼ਰਨ ਨਹੀਂ ਲਈ। ਇਸ ਲਈ ਭੁੱਲੜ ਹਨ। ਦੁਚਿਤੀ ਵਿਚ ਫਸੇ ਹਨ। ਅਵੇਸਲੇ ਤੇ ਮੂੜ੍ਹ ਹਨ, ਦੁਖੀ ਤੇ ਦੁਸ਼ਟ ਹਨ। ਜਪੁਜੀ ਸਾਹਿਬ ਵਿਚ ਆਇਆ ਹੈ :—

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥ (ਜਪੁਜੀ)

'ਨਾ ਵਿਸਰਨਾ' ਜਾਂ ਦੂਜੇ ਸ਼ਬਦਾਂ ਵਿਚ ਯਾਦ ਰੱਖਣਾ ਇਹੋ ਨਾਮ ਹੈ। ਜੋ ਸਭ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਦਾਤਾ ਹੈ, ਸਭ ਦਾ ਅਤੇ ਸਭ ਦਾ ਮਾਲਕ ਹੈ, ਹਰ ਮਨੁੱਖ ਦਾ ਸਾਖਾ ਤੇ ਮਿੱਤਰ ਹੈ, ਸਹਾਇਕ ਤੇ ਸਜਣ ਹੈ, ਨੇੜੇ ਤੋਂ ਨੇੜੇ ਹੈ, ਉਹ ਕਿਉਂ ਵਿਸਰ ਜਾਏ ?

ਸਿਰੀ ਰਾਗ ਸਭ ਰਾਗਾਂ ਦਾ ਸ਼੍ਰੋਮਣੀ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਜਪੁਜੀ ਉਪਰੰਤ ਸਭ ਤੋਂ ਪ੍ਰਥਮ ਰੂਪ ਵਿਚ ਸਿਰੀ ਰਾਗ ਵਿਚ ਉਚਾਰੀ ਹੋਈ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੋਈ ਹੈ। ਇਸ ਰਾਗ ਦਾ ਪਹਿਲਾ ਸ਼ਬਦ ਹੀ ਗੁਰਮਤ ਦੇ ਮੂਲ ਸਿਧਾਂਤ, ਨਾਮ ਦਾ ਹੀ ਪ੍ਰਗਟਾਉ ਹੈ। ਮਨੁੱਖ ਨੂੰ ਖੜੀ ਜ਼ੋਰਦਾਰ ਚੇਤਾਵਨੀ ਕੀਤੀ ਹੈ ਕਿ ਹੇ ਮਨੁੱਖ ਹਰ ਵੇਲੇ ਤੇ ਹਰ ਸਥਿਤੀ ਵਿਚ ਸੁਚੇਤ ਤੇ ਦ੍ਰਿੜ੍ਹ ਰਹਿਕੇ ਇਕ ਕੰਮ ਦਾ ਹੀ ਧਿਆਨ ਰਖ ਕਿ ਅਜੇਹਾ ਨਾ ਹੋਵੇ ਕਿ ਭੁੱਲ ਕੇ ਰੱਬ ਦਾ ਨਾਮ ਵਿਸਰ ਜਾਵੇ। ਇਸ ਤੋਂ ਵੱਡਾ ਕੋਈ ਪਾਪ ਜਾਂ ਦੁਖ ਨਹੀਂ ਹੋ ਸਕਦਾ। ਇਸ ਮਹਾਨ ਸ਼ਬਦ ਦੀਆਂ 'ਰਹਾਉ ਦੀਆਂ ਤੁਕਾਂ' ਦਾ ਕੇਂਦਰੀ ਵਿਚਾਰ ਇਹੋ ਹੈ :—

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ 1 ॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ
ਅਵਰੁ ਨਾਹੀ ਥਾਉ ॥ 1 ॥ ਰਹਾਉ ॥

ਜਦ ਗੁਰੂ ਨਾਨਕ ਸਾਹਿਬ ਦੀ ਜੋਗੀਆਂ ਨਾਲ ਬਹਿਸ ਹੋਈ, ਗਿਆਨ ਗੋਸ਼ਟੀ ਹੋਈ, ਜੋ ਉਨ੍ਹਾਂ ਦੀ ਬਾਣੀ ਸਿਧ ਗੋਸ਼ਟਿ ਵਿਚ ਸੁਰਖਿਅਤ ਹੈ ਤਾਂ ਗੁਰੂ ਸਾਹਿਬ ਨੇ ਵਡੇ ਜੋਗੀਆਂ ਤੇ ਸਿੱਧਾਂ ਨੂੰ ਨਾਮ ਦੀ ਮਹੱਤਾ ਸਿਖਾਈ। ਇਹ ਸਾਫ਼ ਤੇ ਪਧਰਾ ਰਸਤਾ, ਹੰਕਾਰ-ਗ੍ਰਸਤ ਜੋਗੀ ਕਰਾਮਾਤਾਂ ਦੇ ਖਲਜਗਣ ਵਿਚ ਪੈ ਕੇ ਭੁਲ ਚੁਕੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਹੀ ਆਤਮਕ ਮਾਰਗ ਦਸਿਆ :—

ਸਬਦੈ ਕਾ ਨਬੇੜਾ ਸੁਣ ਤੂ ਅਉਧੂ
ਬਿਨੁ ਨਾਵੈ ਜੋਗੁ ਨ ਹੋਈ ॥
ਨਾਮੈ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੰ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥
(ਸਿਧ ਗੋਸਟਿ, 72)

ਨਾਮੈ ਨਾਮਿ ਰਹੈ ਬੈਰਾਗੀ ਸਚੁ ਰਖਿਆ ਉਰਿ ਧਾਰੈ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥
(ਸਿਧ ਗੋਸਟਿ, 68)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰੂ ਨਾਨਕ ਬਾਣੀ ਵਿਚ ਅਤੇ ਹੋਰ ਅਨੇਕ ਥਾਵੇਂ ਉਨ੍ਹਾਂ ਦੇ ਉਪਮਾ ਨੂੰ ਸੰਕੇਤਿਆ ਗਿਆ ਹੈ। ਇਥੇ ਸਭ ਤੁੱਕਾਂ ਦੇ ਹਵਾਲੇ ਦੀ ਗੁੰਜਾਇਸ਼ ਨਹੀਂ।

## ਸਦਾਚਾਰਕ ਜੁਗਤੀ

ਨਾਮ ਤੋਂ ਬਾਅਦ ਦੂਜਾ ਸਿਧਾਂਤ ਗ਼ਰੀਬੀ ਦਾ ਹੈ। ਗ਼ਰੀਬੀ ਤੋਂ ਭਾਵ ਭੁਖ ਨੰਗ ਨਹੀਂ। ਨਿਮਰਤਾ ਭਾਵ ਨੂੰ ਗੁਰਮਤਿ ਵਿਚ ਗ਼ਰੀਬੀ ਕਿਹਾ ਗਿਆ ਹੈ। ਇਹ ਨਿਮਰਤਾ ਭਾਵ ਸਦਾਚਾਰ ਦਾ ਮੂਲ ਹੈ। ਸਦਾਚਾਰ ਤੋਂ ਬਿਨਾਂ ਕੋਈ ਧਰਮ ਸੰਭਵ ਨਹੀਂ। ਸਦਾਚਾਰ ਤੋਂ ਬਿਨਾਂ ਨਾਮ ਦੀ ਪ੍ਰਾਪਤੀ ਵੀ ਸੰਭਵ ਨਹੀਂ, ਕਿਉਂਕਿ ਨਾਮ ਆਤਮਕ-ਤੱਤ ਹੈ, ਅਤਿ ਨਿਰਮਲ ਤੇ ਸੂਖਮ ਅਵਸਥਾ ਹੈ। ਸਦਾਚਾਰੀ ਮਨੁੱਖ ਹੀ ਨਾਮ ਦਾ ਅਧਿਕਾਰੀ ਹੋ ਸਕਦਾ ਹੈ। ਕੋਈ ਦੁਰਾਚਾਰੀ ਤੇ ਵਿਕਾਰੀ ਮਨੁੱਖ ਨਾਮ ਪ੍ਰਾਪਤ ਨਹੀਂ ਕਰ ਸਕਦਾ, ਜਦ ਤਕ ਕਿ ਉਹ ਮੰਦੇ ਕਰਮ ਪੂਰਨ ਭਾਤ ਤਿਆਗ ਨਾ ਦੇਵੇ। ਜਪੁਜੀ ਵਿਚ ਫ਼ਰਮਾਇਆ ਹੈ :—

ਵਿਣੁ ਗੁਣ ਕੀਤੇ ਭਗਤਿ ਨ ਹੋਇ ॥ (21)

ਮਨੁੱਖ ਪਹਿਲਾਂ ਗੁਣ ਗ੍ਰਹਿਣ ਕਰੇ, ਗੁਣਾਂ ਦੀ ਸਾਂਝ ਕਰੇ, ਸ਼ੁਭ ਗੁਣਾਂ ਦਾ ਵਰਤੋਂ ਵਰਤਾਰਾ ਕਰੇ ਤਾਂ ਹੀ ਗੁਰਮਤ ਦੇ ਰਾਹ ਤੇ ਚਲ ਸਕੇਗਾ। ਪਹਿਲਾਂ ਮਨ ਦੀ ਮੈਲ ਸਾਫ਼ ਕਰੇ, ਮਨ ਨੂੰ ਜਿੱਤੇ। ਸਾਧਨ ਵੀ ਨਾਮ ਦਾ ਵਰਤੇ, ਜਿਵੇਂ ਸਾਬਨ ਕਪੜੇ ਦੀ ਮੈਲ ਕੱਟਦਾ ਹੈ[4]। ਫਿਰ ਉਹ ਮਨੁੱਖ ਜਗਤ ਦਾ ਸਰਦਾਰ ਹੋ ਜਾਏਗਾ :—

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥

(ਜਪੁਜੀ, 28)

ਇਹ ਠੀਕ ਹੈ ਕਿ ਗੁਰੂ ਦੀ ਕਿਰਪਾ ਨਾਲ ਹੀ ਮਨ ਵੱਸ ਵਿਚ ਆਵੇਗਾ, ਆਪਣੇ ਜਤਨਾਂ ਨਾਲ ਨਹੀਂ। ਫਿਰ ਵੀ ਭਰਪੂਰ ਜਤਨਾਂ ਦੀ ਲੋੜ ਹੈ; ਪੁਰਸ਼ਾਰਥ ਦੀ ਲੋੜ ਹੈ। ਗੁਰਮਤ ਦੀ ਅਗਵਾਈ, ਗੁਰੂ ਦੀ ਸ਼ਰਨ, ਸੰਗਤ ਦੀ ਸੇਵਾ ਇਹ ਮਨ ਨੂੰ ਵੱਸ ਕਰਨ ਦੇ ਵੱਡੇ ਸਦਾਚਾਰਕ ਗੁਣ ਹਨ। ਪਰ ਸਭ ਗੁਣਾਂ ਦਾ ਸ਼੍ਰੋਮਣੀ ਗੁਣ ਨਿਮਰਤਾ (ਗ਼ਰੀਬੀ) ਹੈ :—

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ ॥

(ਆਸਾ ਦੀ ਵਾਰ)

ਗ਼ਰੀਬੀ ਦਾ ਭਾਵ ਇਕ ਉੱਚੀ ਆਤਮਕ ਅਵਸਥਾ ਦਾ ਲੱਛਣ ਹੈ। ਜੋ ਮਨੁੱਖ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਦਾ ਹੈ, ਉਹੀ ਸਭ ਮਨੁੱਖਾਂ ਵਿਚੋਂ ਉੱਚਾ ਤੇ ਸ੍ਰੇਸ਼ਟ ਹੈ।

ਇਹ ਫ਼ੈਸਲਾ ਗੁਰਬਾਣੀ ਦਾ ਹੈ[5]। ਜੋ ਨਿਉਂਦਾ ਹੈ, ਉਹ ਡੁੰਘਾ ਹੁੰਦਾ ਹੈ[6]। ਤਕੜੀ ਦਾ ਨੀਵਾਂ ਪਾਸਾ ਵਜ਼ਨੀ ਜਾਂ ਕੀਮਤੀ ਸਮਝਿਆ ਜਾਂਦਾ ਹੈ। ਇਹ ਗੱਲ ਪਰਖ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੜਚੋਲ ਨਾਲ ਹੀ ਪਤਾ ਲਗਦੀ ਹੈ। ਹੰਕਾਰ ਅਵੱਸ਼ ਮਨੁੱਖ ਲਈ ਹਾਨੀਕਾਰਕ ਹੈ। ਇਹ ਆਤਮਕ ਉੱਚਤਾ ਅਤੇ ਸਦਾਚਾਰ ਦਾ ਦੁਸ਼ਮਨ ਹੈ।

ਜਿਥੇ ਹੰਕਾਰ ਹੈ, ਉਥੇ ਪਾਪ ਹੈ, ਗਿਰਾਵਟ ਹੈ। ਜੋ ਆਪਣੇ ਆਪ ਨੂੰ ਭਲਾ ਸਮਝਦਾ ਜਾਂ ਅਖਵਾਂਦਾ ਹੈ, ਉਹ ਆਪਣੇ ਹੰਕਾਰ ਦੇ ਕਾਰਨ ਕਦਾਚਿਤ ਭਲਾ ਨਹੀਂ ਹੋ ਸਕਦਾ।[7]

ਸਾਧਾਰਨ ਵਿਚਾਰ ਹੈ ਕਿ ਗ਼ਰੀਬਾਂ ਵਿਚ ਰੱਬ ਵੱਸਦਾ ਹੈ। ਇਹ ਵਿਚਾਰ ਉਨ੍ਹਾਂ ਗ਼ਰੀਬਾਂ ਦੀ ਭੁੱਖ ਨੰਗ ਦਾ ਖ਼ਿਆਲ ਕਰਕੇ ਨਹੀਂ ਬਣਿਆਂ ਕਿ ਰੱਬ ਉਨ੍ਹਾਂ ਦੀ ਭੁੱਖ ਨੰਗ ਉਤੇ ਪ੍ਰਸ਼ਨ ਹੁੰਦਾ ਹੈ। ਸਗੋਂ ਉਨ੍ਹਾਂ ਦੀ ਗ਼ਰੀਬੀ ਦੇ ਭਾਵ ਕਰਕੇ ਬਣਿਆ ਹੈ। ਰੱਬ ਨੂੰ ਨਿਮਰਤਾ ਗ਼ਰੀਬੀ ਭਾਉਂਦੀ ਹੈ, ਜਿਵੇਂ ਦ੍ਰਿਸ਼ਟਾਂਤ ਪ੍ਰਸਿਧ ਹਨ, ਰਾਮ ਚੰਦਰ ਜੀ ਦੇ ਗ਼ਰੀਬ ਭੀਲਣੀ ਤੇ ਪ੍ਰਸੰਨ ਹੋਣ ਦਾ ਜਾਂ ਕ੍ਰਿਸ਼ਨ ਜੀ ਦਾ ਗ਼ਰੀਬ ਬਿਦਰ ਤੇ ਖੁਸ਼ ਹੋ ਕੇ ਉਸ ਦੇ ਘਰ ਠਹਿਰਨ ਦਾ। ਗੁਰੂ ਨਾਨਕ ਸਾਹਿਬ ਆਪਣੀ ਇਕ ਉਦਾਸੀ ਵਿਚ ਇਕ ਕੌੜੀ ਪਾਸ ਰਾਤ ਠਹਿਰੇ। ਉਨ੍ਹਾਂ ਨੇ ਗ਼ਰੀਬਾਂ ਉਤੇ ਰੱਬ ਦੀ ਬਖ਼ਸ਼ਿਸ਼ ਹੋਣ ਦਾ ਭਰੋਸਾ ਦਿਵਾਇਆ ਹੈ—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀ ਰਾਗ)

ਨਿਮਰਤਾ-ਗ਼ਰੀਬੀ ਦੀ ਅਵਸਥਾ ਅਸਲ ਵਿਚ ਰਹੱਸਵਾਦੀ ਹੈ। ਹਰ ਕੋਈ ਆਪਣੇ ਆਪ ਵਿਚ ਮਸਤ, ਹੰਕਾਰ ਵਿਚ ਮੱਤਾ ਹੋਇਆ, ਅਵੇਸਲੇਪਨ ਦਾ ਸ਼ਿਕਾਰ ਹੋ ਰਿਹਾ ਹੈ। ਹਉਮੈ ਕਿਸੇ ਵਿਰਲੇ ਦੀ ਨਾਸ ਹੁੰਦੀ ਹੈ। ਜਿਸ ਨੂੰ ਸਤਿਗੁਰੂ ਨਾਮ ਬਖਸ਼ਦਾ ਹੈ, ਉਸ ਨੂੰ ਨਾਲ ਹੀ ਹਉਮੈ ਤੋਂ ਛੁਡਾ ਕੇ ਨਿਮਰਤਾ ਪ੍ਰਦਾਨ ਕਰਦਾ ਹੈ। ਹਉਮੈ ਤੇ ਨਾਮ ਦੋਵੇਂ ਇਕ ਥਾਂ ਨਹੀਂ ਰਹਿ ਸਕਦੇ। ਦੋਹਾਂ ਦਾ ਆਪਸ ਵਿਚ ਭਾਰੀ ਵਿਰੋਧ ਹੈ। ਗੁਰਵਾਕ ਇਉਂ ਹੈ—

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੋਇ ਨ ਵਸਹਿ ਇਕ ਠਾਇ ॥

(ਵਡਹੰਸ ਮਹਲਾ 3)

ਇਸ ਅਤਿ ਉੱਚੀ ਆਤਮਤ ਅਵਸਥਾ, ਜਿਸ ਨੂੰ ਗ਼ਰੀਬੀ ਕਿਹਾ ਗਿਆ ਹੈ, ਦਾ ਅਨੁਭਵ ਕੇਵਲ ਨਾਮ ਦੇ ਰਸੀਏ ਪੂਰਸ਼ ਨੂੰ ਹੀ ਹੋ ਸਕਦਾ ਹੈ। ਇਸ ਲਈ ਇਸ ਨੂੰ ਅਸੀਂ ਰਹੱਸਵਾਦੀ ਪੱਧਰ ਦਾ ਵਿਚਾਰ ਮੰਨਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਹੁਕਮ-ਰਜ਼ਾ ਦਾ ਰਹੱਸ

ਗੁਰੂ ਨਾਨਕ ਸਾਹਿਬ ਨੇ ਮਨੁੱਖ ਮਾਤਰ ਨੂੰ ਪਹਿਲਾ ਤੇ ਮੁਢਲਾ ਉਪਦੇਸ਼, ਉਨ੍ਹਾਂ ਦੀ ਆਪਣੀ ਸਭ ਤੋਂ ਸ੍ਰੇਸ਼ਟ ਅਤੇ ਪ੍ਰਸਿੱਧ ਰਚਨਾ ਜਪੁਜੀ ਵਿਚ, ਰਬ ਦੀ ਹੁਕਮ-ਰਜ਼ਾ ਵਿਚ ਚਲਣ ਦਾ ਦਿਤਾ ਹੈ।[8] ਇਹ ਵਿਚਾਰ ਰਹੱਸਵਾਦੀ ਅਨੁਭਵ ਦਾ ਸੂਚਕ ਹੈ—ਤੇ ਉਹ ਵੀ ਕਿਸੇ ਅਤਿਅੰਤ ਉੱਚੇ ਰਹੱਸਵਾਦੀ ਅਨੁਭਵ ਦਾ। ਇਉਂ ਜਾਪਦਾ ਹੈ ਕਿ ਇਹ ਪਹਿਲੀ ਤੇ ਮੁਢਲੀ ਗੱਲ ਹੀ ਅਖੀਰੀ ਤੇ ਸਭ ਤੋਂ ਜ਼ਰੂਰੀ ਗੱਲ ਹੈ।

ਹੁਕਮ-ਰਜ਼ਾ ਮਨੁੱਖੀ ਸਮਝ ਤੋਂ ਪਰੇ ਹੈ। ਕੋਈ ਮਨੁੱਖ ਰੱਬ ਦੇ ਹੁਕਮ ਜਾਂ ਮਰਜ਼ੀ ਨੂੰ ਅਨੁਭਵ ਨਹੀਂ ਕਰ ਸਕਦਾ, ਜਦ ਤਕ ਹਉਮੈ ਨੂੰ ਛਡ ਕੇ ਉਹ ਰੱਬ ਨਾਲ ਇਕ-ਮਿਕ ਨਾ ਹੋ ਜਾਏ। ਗੁਰੂ ਨਾਨਕ ਸਾਹਿਬ ਨੇ ਫ਼ਰਮਾਇਆ ਹੈ ਕਿ ਹੁਕਮ ਦਸਿਆ ਨਹੀਂ ਜਾ ਸਕਦਾ :—

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

(ਜਪੁਜੀ, 2)

ਰੱਬ ਦੇ ਹੁਕਮ ਵਿਚ ਸਾਰੀ ਖੇਡ ਵਰਤ ਰਹੀ ਹੈ। ਸੰਸਾਰ ਉਸ ਦੇ ਹੁਕਮ ਵਿਚ ਉਪਜਦਾ ਤੇ ਬਿਨਸਦਾ ਹੈ। ਸਭ ਆਕਾਰ ਤੇ ਜੀਅ ਜੰਤ ਉਸੇ ਦੇ ਬਣਾਏ ਬਣਦੇ ਤੇ ਢਹਿੰਦੇ ਹਨ। ਉਹੀ ਸਭ ਨੂੰ ਮਾਣ ਬਖਸ਼ਦਾ ਹੈ। ਉਹੀ ਜੀਆਂ ਨੂੰ ਭਟਕਣ ਵਿਚ ਪਾਉਂਦਾ ਤੇ ਸਜ਼ਾ ਦਿੰਦਾ ਹੈ। ਸਭ ਕੁਝ ਰੱਬ ਦੇ ਹੀ ਵੱਸ ਹੈ। ਇਹ ਰੱਬ ਦੀ ਅਪਾਰ ਸ਼ਕਤੀ ਉਸ ਦਾ ਹੁਕਮ ਅਖਵਾਂਦੀ ਹੈ।

ਇਹ ਹੁਕਮ ਇਤਨਾ ਪ੍ਰਬਲ ਤੇ ਅਸੀਮ ਹੈ ਕਿ ਹੁਕਮ ਤੋਂ ਸਿਵਾ ਜਾਂ ਬਾਹਰ ਹੈ ਹੀ ਕੋਈ ਵਸਤੂ ਨਹੀਂ। ਗੁਰੂ ਜੀ ਦਾ ਫ਼ਰਮਾਨ ਹੈ :—

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮੁ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

(ਜਪੁਜੀ, 2)

ਜੋ ਹੁਕਮ ਦਾ ਵਿਚਾਰ ਜਾਂ ਅਨੁਭਵ ਕਰਦਾ ਹੈ, ਉਹ ਅਵੱਸ਼ ਗੁਰੂ ਜੀ ਦੀ ਉਪਰ ਲਿਖੀ ਦੂਜੀ ਤੁਕ ਵਿਚ ਦਰਸਾਏ ਸਿੱਟੇ ਤੇ ਪੁੱਜੇਗਾ। ਉਹ ਇਹ ਕਿ ਜਿਸ ਸਾਹਿਬ ਦੇ ਹੁਕਮ ਅਗੇ ਕੋਈ ਚਾਰਾ ਨਹੀਂ ਚਲਦਾ, ਆਓ ਉਸ ਦਾ ਹੁਕਮ ਮੰਨੀਏ। ਜੇ ਹੁਕਮ ਮੰਨੀਏ ਤਾਂ ਫਿਰ ਆਪਣੀ ਮਰਜ਼ੀ ਛੱਡੀਏ। ਆਪਣੀ ਹਉਮੈ ਛੱਡੀਏ। ਹੁਕਮ ਤੇ ਹਉਮੈ ਕਿਵੇਂ ਇਕੱਠੇ ਹੋ ਸਕਦੇ ਹਨ ? ਜੇ ਫਰਜ਼ ਕਰੀਏ ਕਿ ਮਨੁੱਖ ਆਪਣੇ ਆਪ ਵਿਚ ਕੋਈ ਸ਼ਕਤੀ ਮਹਿਸੂਸ ਕਰਦਾ ਹੈ ਤਾਂ ਇਹ ਉਸ ਦਾ ਭੁਲੇਖਾ ਹੈ। ਸਪਸ਼ਟ ਹੈ ਕਿ ਉਸ ਨੂੰ ਰੱਬ ਦੇ ਹੁਕਮ ਦੀ ਸੋਝੀ ਨਹੀਂ ਹੋਈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨੁੱਖ ਕਿੰਨਾ ਹੀ ਵੱਡਾ ਹੋ ਜਾਏ, ਸਰੀਰਕ ਬਲ ਨਾਲ ਜਾਂ ਸ਼ਕਤੀਆਂ (ਕਰਾਮਾਤਾਂ) ਨਾਲ, ਮਾਇਕ ਪਦਾਰਥਾਂ ਦੀ ਪ੍ਰਾਪਤੀ ਨਾਲ ਜਾਂ ਰਾਜਸੀ ਤਾਕਤਾਂ ਦੇ ਭਰੋਸੇ ਨਾਲ— ਫਿਰ ਵੀ ਉਹ ਰੱਬ ਦੇ ਅਗੰਮੀ ਪਸਾਰੇ ਅਤੇ ਅਥਾਹ ਕੁਦਰਤ ਦੇ ਕਾਰਖ਼ਾਨੇ ਵਿਚ ਇਕ ਛੋਟੇ ਤੋਂ ਛੋਟੇ, ਤੁਛ ਤੋਂ ਤੁਛ ਕੀੜੇ ਦੇ ਬਰਾਬਰ ਨਹੀਂ। ਬ੍ਰਹਿਮੰਡ ਕਿੰਨਾ ਵਿਸ਼ਾਲ ਹੈ ਤੇ ਮਨੁੱਖ ਕਿੰਨਾ ਨਿਗੂਣਾਂ! ਜੇ ਕੋਈ ਹੁਕਮ ਦਾ ਭਾਵ ਗ੍ਰਹਿਣ ਕਰੇ, ਤਾਂ ਸ਼ਾਇਦ ਰੱਬ ਦੀ ਨਦਰੀ ਚੜ੍ਹ ਕੇ ਕੁਝ ਮਾਣ ਪਾਏ, ਆਪਣੇ ਆਪ ਤਾਂ ਮਨੁੱਖ ਇਕ ਮੱਛਰ ਜਾਂ ਮੱਖੀ ਤੋਂ ਵਧ ਕੀਮਤ ਨਹੀਂ ਰਖਦਾ। ਜਪੁਜੀ ਦੀ ਸਤਵੀਂ ਪਉੜੀ ਦਾ ਵਿਸ਼ਾ ਇਹੋ ਮਨੁੱਖ ਦੀ ਤੁਛਤਾ ਅਤੇ ਰੱਬ ਦੀ ਮਹੱਤਤਾ ਦਰਸਾਉਂਦਾ ਹੈ।[9]

ਵਡੇ ਤੋਂ ਵਡੇ ਹੰਕਾਰੀ ਮਨੁੱਖ ਨਾਲੋਂ ਇਕ ਕੀੜੀ ਚੰਗੀ ਹੈ, ਜੇ ਉਹ ਕੀੜੀ ਰੱਬ ਨੂੰ ਯਾਦ ਕਰਦੀ ਹੈ[10]। ਹਉਮੈ-ਹੰਕਾਰ ਹੀ ਤਾਂ ਮਨੁੱਖ ਮਾਤਰ ਦਾ ਸਭ ਤੋਂ ਵੱਡਾ ਰੋਗ ਹੈ, ਜਿਸ ਵਲ ਗੁਰੂ ਅੰਗਦ ਸਾਹਿਬ ਨੇ ਸੰਕੇਤ ਕੀਤਾ ਹੈ :—

ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

(ਸਲੋਕ ਮ. 2, ਆਸਾ ਦੀ ਵਾਰ)

ਹਉਮੈ ਦਾ ਦਾਰੂ ਵੀ ਇਸੇ ਹਉਮੈ ਵਿਚ ਹੀ ਹੈ। ਭਾਵ ਇਹ ਕਿ ਹਉਮੈ ਨੂੰ ਮਾਰਨ ਦੀ ਸਮਰਥਾ ਵੀ ਤਾਂ ਮਨੁੱਖ ਦੇ ਅੰਤਰ-ਆਤਮੇ ਵਿਚ ਹੀ ਹੈ। ਉਚੇਰੀ ਚੇਤਨਾ ਨੀਵੀਂ ਹਉਮੈ ਵਾਲੀ ਚੇਤਨਾ ਨੂੰ ਮਾਰ ਦੇਂਦੀ ਹੈ। ਦੂਜੇ ਸ਼ਬਦਾਂ ਵਿਚ, ਨਾਮ ਹਉਮੈ ਨੂੰ ਮਾਰਨ ਵਾਲਾ ਦਾਰੂ ਹੈ।

ਜਿਸ ਨੂੰ ਰੱਬ ਦੇ ਹੁਕਮ ਦਾ ਇਹਸਾਸ-ਅਨੁਭਵ ਹੋ ਜਾਏ, ਉਹ ਫਿਰ ਸਿਵਾਏ ਰੱਬ ਦੇ ਹੋਰ ਕੁਝ ਦੇਖ ਹੀ ਨਹੀਂ ਸਕਦਾ। ਉਹ ਫਿਰ ਰੱਬ ਤੋਂ ਵਾਰੇ ਜਾਂਦਾ ਹੈ, ਬਲਿਹਾਰੇ ਜਾਂਦਾ ਹੈ। ਖਿਨ ਖਿਨ ਨਮਸਕਾਰ ਕਰਦਾ ਹੈ। ਸਗੋਂ ਕਹਿੰਦਾ ਹੈ ਕਿ ਮੈਂ ਤਾਂ ਰੱਬ ਤੋਂ ਇਕ ਵਾਰੀ ਵੀ ਬਲਿਹਾਰੇ ਨਹੀਂ ਜਾ ਸਕਦਾ। ਇਹ ਉੱਚੀ ਸੋਝੀ ਗੁਰੂ ਨਾਨਕ ਸਾਹਿਬ ਆਪ ਦਿੰਦੇ ਹਨ :—

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥

(ਜਪੁਜੀ, 16)

ਰੱਬ ਦੇ ਦਰ ਤੇ ਇਹ ਅਰਦਾਸ, ਸੰਸਾਰ ਦੇ ਸਾਰੇ ਧਾਰਮਿਕ ਸਾਹਿਤ ਨੂੰ ਬੇਸ਼ਕ ਘੋਖ ਕੇ ਦੇਖੀਏ, ਸਭ ਤੋਂ ਵਧ ਮਹਾਨ ਤੇ ਸਾਰਥਕ। ਇਸ ਤੋਂ ਵਡੀ ਪ੍ਰਾਰਥਨਾ ਸੰਭਵ ਨਹੀਂ। ਜੋ ਰੱਬ ਨੂੰ ਭਾਉਂਦਾ ਹੈ, ਜੋ ਉਸ ਦਾ ਹੁਕਮ ਹੈ, ਉਹੀ ਭਲਾ ਹੈ। ਰੱਬ ਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਕਮ ਨੂੰ ਜੋ ਭਲਾ ਕਰਕੇ ਮੰਨੇ, ਉਹ ਰੱਬ ਦੀ ਬਖ਼ਸ਼ਿਸ਼ ਦਾ ਪਾਤਰ ਹੋ ਸਕਦਾ ਹੈ। ਹੋਰ ਸਭ ਕੁਝ ਭੁਲੇਖਾ ਹੈ, ਪਖੰਡ ਹੈ, ਨਿਸਫਲ ਹੈ।

ਅਜ ਕਲ ਦੇ ਪਦਾਰਥਵਾਦੀ ਤੇ ਸਮਾਜਵਾਦੀ ਸਮੇਂ ਵਿਚ ਕਿਸੇ ਵੀ ਅਧਿਆਤਮਕ ਜਾਂ ਰਹੱਸਵਾਦੀ ਵਿਸ਼ੇ ਦਾ ਉਲੇਖ ਬਹੁਤੇ ਲੋਕਾਂ ਨੂੰ ਓਪਰਾ ਜਿਹਾ ਜਾਪਦਾ ਹੈ, ਕਿਉਂਕਿ ਉਨ੍ਹਾਂ ਦਾ ਵਿਚਾਰ, ਆਚਾਰ ਅਤੇ ਆਦਰਸ਼ ਸੰਸਾਰਕ ਖੇਤਰਾਂ ਵਿਚ ਹੀ ਸੀਮਤ ਹੈ, ਆਤਮਕ ਮੰਡਲਾਂ ਤੋਂ ਉੱਕਾ ਹੀ ਵਿਰਵਾ ਹੈ। ਪਰੰਤੂ ਸਚਾਈ ਸਚਾਈ ਹੈ। ਚਮਗਿਦੜ ਦੇ ਨਾ ਦੇਖ ਸਕਣ ਨਾਲ ਸੂਰਜ ਛੁਪ ਨਹੀਂ ਜਾਂਦਾ।

ਹੁਕਮ-ਰਜ਼ਾ ਦਾ ਰਹੱਸ ਅਸਲੋਂ ਦੁਰਗਮ ਹੈ। ਇਹ ਆਤਮਾ ਦੀ ਅਤਿ ਵਿਕਸਤ ਅਵਸਥਾ ਨਾਲ ਸਬੰਧਤ ਹੈ। ਰੱਬ ਦੀ ਦਰਗਾਹ ਵਿਚ ਇਸੇ ਰਹੱਸ ਦੀ ਪ੍ਰਾਪਤੀ ਕੰਮ ਆਉਂਦੀ ਹੈ। ਪਰਵਾਨਤਾ ਕੇਵਲ ਹੁਕਮ ਮੰਨਣ ਵਿਚ ਹੈ। ਹੋਰ ਸਭ ਸਾਧਨ ਨਿਸਫਲ ਹਨ :—

ਹੁਕਮਿ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ ॥

(ਆਸਾ ਦੀ ਵਾਰ)

ਸੇਵਾ, ਸਿਮਰਨ, ਸੁੱਚੀ ਕਿਰਤ, ਦਾਨ, ਦਇਆ, ਸ਼ੁਭ ਕਰਮ, ਸਭ ਜ਼ਰੂਰੀ ਧਾਰਮਿਕ ਸਾਧਨ ਹਨ। ਪਰ ਸਭ ਤੋਂ ਜ਼ਰੂਰੀ ਤੇ ਪ੍ਰਥਮ ਸਾਧਨ ਹੁਕਮ ਮੰਨਣ ਦਾ ਹੈ, ਕਿਉਂਕਿ ਇਸ ਨਾਲ ਨਿਮਰਤਾ-ਭਾਵ ਉਪਜਦਾ ਹੈ, ਜੋ ਨਾਮ ਪ੍ਰਾਪਤੀ ਵਾਸਤੇ ਆਵੱਸ਼ਕ ਹੈ।

ਹੁਕਮ-ਰਜ਼ਾ ਦੀ ਸੂਝ (understanding) ਦਾ ਇਕ ਰਹੱਸਵਾਦੀ ਪੱਖ ਇਹ ਹੈ ਕਿ ਹੁਕਮ ਨੂੰ ਅਨੁਭਵ ਜਾਂ ਗ੍ਰਹਿਣ ਕਰਨ ਨਾਲ ਮਨੁੱਖ ਦੀ ਅਵਸਥਾ ਸੁਭਾਵਕ ਤੇ ਸਹਿਜਮਈ ਹੋ ਜਾਂਦੀ ਹੈ। ਮਨੁੱਖ ਮਨਮੁਖ ਤੋਂ ਗੁਰਮੁਖ ਹੋ ਕੇ ਸਹਿਜ ਅਵਸਥਾ ਵਿਚ ਵਿਚਰਨ ਲਗ ਪੈਂਦਾ ਹੈ। ਸਹਿਜ ਅਵਸਥਾ ਆਪਣੇ ਆਪ ਵਿਚ ਇਕ ਰਹੱਸਵਾਦੀ ਸੰਕੇਤ ਹੈ, ਜਿਸ ਦੀ ਕਥਾ ਜਾਂ ਬਿਆਨ ਵਿਚਿੱਤਰ ਤੇ ਨਿਰਾਲਾ ਹੈ।

ਗੁਰੂ ਨਾਨਕ ਸਾਹਿਬ ਨੇ ਹੁਕਮ ਦੇ ਸਿਧਾਂਤ ਬਾਰੇ ਅਨੇਕਾਂ ਸੰਕੇਤ ਆਪਣੀ ਬਾਣੀ ਵਿਚ ਅੰਕਿਤ ਕੀਤੇ ਹਨ। ਸੰਖੇਪਤਾ ਨੂੰ ਮੁੱਖ ਰਖ ਕੇ ਇਥੇ ਉਨ੍ਹਾਂ ਸਭ ਦਾ ਉਲੇਖ ਨਹੀਂ ਹੋ ਸਕਦਾ। ਪਰੰਤੂ ਰੱਬ ਦਾ ਜਾਂ ਗੁਰੂ ਦਾ ਜਾਂ ਗੁਰੂ ਦਾ ਹੁਕਮ ਮੰਨਣਾ ਸਿਖ ਲਈ ਸਭ ਕਰਮਾ ਧਰਮਾਂ ਤੇ ਕਰਤੱਵਾਂ ਤੋਂ ਵਧ ਲੋੜੀਂਦਾ ਹੈ। ਇਸ ਲਈ ਹੁਕਮ ਸਿਧਾਂਤ ਨੂੰ ਵਿਚਾਰਨਾ ਗੁਰਮਤ ਦਾ ਇਕ ਅਤਿ ਜ਼ਰੂਰੀ ਵਿਸ਼ਾ ਹੈ। ਹੁਕਮ ਮੰਨਣਾ ਗੁਰੂ ਨੂੰ ਆਪਣਾ ਸਿਰ ਕਟ ਕੇ ਦੇਣ ਦੇ ਬਰਾਬਰ ਹੈ :

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥

(ਰਾਗੁ ਵਡਹੰਸ)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri


ਸੰਗੀਤ ਮਨੁੱਖੀ ਮਨ ਨੂੰ ਹੋਰ ਸਭ ਵਸਤੂਆਂ ਨਾਲੋਂ ਵਧੇਰੇ ਪ੍ਰਭਾਵਿਤ ਤੇ ਰੁਚਿਤ ਕਰਦਾ ਹੈ। ਸਰੋਤਾ ਸੰਗੀਤ ਸੁਣ ਕੇ ਸੁਤੇ ਸਿਧ ਰਸ-ਮਗਨ ਹੋ ਜਾਂਦਾ ਹੈ। ਜੇ ਸਾਧਾਰਨ, ਸਾਜ਼ਾਂ ਨਾਲ ਪੈਦਾ ਕੀਤੇ, ਸੰਗੀਤ ਦਾ ਇਹ ਪ੍ਰਭਾਵ ਹੈ ਤਾਂ 'ਅਣਵੱਜਿਆ ਸੰਗੀਤ' (ਅਨਹਦ ਨਾਦ) ਜੋ ਆਤਮਕ-ਪੱਧਰ ਤੇ ਹੋਂਦ ਵਿਚ ਆਉਂਦਾ ਹੈ, ਸਰੀਰਕ ਪੱਧਰ ਤੇ ਨਹੀਂ, ਉਸ ਦਾ ਰਸ ਤੇ ਸੁਆਦ ਕਿੰਨਾ ਕੁ ਰਸੀਲਾ ਤੇ ਉਨਮਾਦ-ਪੂਰਨ ਹੋਵੇਗਾ ? ਇਹ ਰਸ ਗੁੰਗੇ ਦੀ ਮਠਿਆਈ ਵਾਂਗ ਅਨਹਦ-ਸ਼ਬਦ ਸੁਣਨ ਵਾਲਾ ਰਹੱਸਵਾਦੀ ਪੁਰਸ਼ ਹੀ ਜਾਣਦਾ ਹੈ; ਇਹ ਕਹਿਣ-ਕਹਾਣ ਜਾਂ ਸਮਝਣ ਸਮਝਾਣ ਦੀ ਗੱਲ ਨਹੀਂ।

ਗੁਰੂ ਦੀ ਕਿਰਪਾ ਨਾਲ ਜਦ ਨਾਮ ਕਿਸੇ ਮਨੁੱਖ ਦੇ ਮਨ ਵਿਚ ਵੱਸ ਜਾਂਦਾ ਹੈ ਤਾਂ ਉਥੇ ਬਹੁਤ ਅਨਹਦ ਸ਼ਬਦਾਂ ਦੀ ਘਨਘੋਰ ਹੁੰਦੀ ਹੈ। ਗੁਰੂ ਅਮਰਦਾਸ ਜੀ ਦੀ ਗਵਾਹੀ ਸਾਨੂੰ ਪ੍ਰਾਪਤ ਹੈ।[11]

ਜੋਗੀਆਂ-ਨਾਥਾਂ ਵਿਚ ਅਨਹਦ ਨਾਦ ਦੀ ਬਹੁਤ ਕੁਝ ਚਰਚਾ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ 'ਸਿਧ ਗੋਸਟਿ' ਵਿਚ ਨਾਥਾਂ ਨਾਲ ਚਰਚਾ ਕਰਦਿਆਂ ਅਨਹਦ-ਸ਼ਬਦ ਦਾ ਵੀ ਨਿਰਨਾ ਕੀਤਾ ਹੈ :—

ਨਉ ਸਰ ਸੁਭਰ ਦਸਵੈ ਪੂਰੇ ॥
ਤਹ ਅਨਹਤ ਸੁੰਨ ਵਜਾਵਹਿ ਤੂਰੇ ॥
ਸਾਚੈ ਰਾਚੇ ਦੇਖਿ ਹਜੂਰੇ ॥
ਘਟਿ ਘਟਿ ਸਾਚੁ ਰਹਿਆ ਭਰਪੂਰ ॥
ਗੁਪਤੀ ਬਾਣੀ ਪਰਗਟੁ ਹੋਇ ॥
ਨਾਨਕ ਪਰਖਿ ਲਏ ਸਚੁ ਸੋਇ ॥

(ਸਿਧ ਗੋਸਟਿ)

ਪੁਨਾ :—

ਅਨਹਦ ਬਾਣੀ ਗੁਰਮੁਖਿ ਜਾਣੀ
ਬਿਰਲੋ ਕੋ ਅਰਥਾਵੈ ॥
ਨਾਨਕੁ ਆਖੈ ਸਚੁ ਸੁਭਾਖੈ
ਸਚਿ ਰਪੈ ਰੰਗੁ ਕਥਹੂ ਨ ਜਾਵੈ ॥

(ਸਿਧ ਗੋਸਟਿ)

ਸੁੰਨ ਤੇ ਅਨਹਦ ਸ਼ਬਦ ਦਾ ਵਿਚਾਰ ਗੁਰਮਤ ਤੇ ਜੋਗਮਤ ਤੇ ਹੋਰ ਧਰਮਾਂ ਵਿਚ ਸਭ ਤੋਂ ਗੋਝ ਅਤੇ ਰਹੱਸਮਈ ਵਿਚਾਰ ਹੈ। ਕੋਈ ਵਿਰਲਾ ਇਸ ਨੂੰ 'ਅਰਥਾ' ਸਕਦਾ ਹੈ। ਸਰੀਰ ਦੇ ਨੌਂ ਦਰਵਾਜ਼ੇ ਜਦ ਸੰਤੁਸ਼ਟ ਤੇ ਰਸ-ਗੜੂੰਦ ਹੋ ਜਾਂਦੇ ਹਨ ਤਾਂ ਦਸਵਾਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਰਵਾਜ਼ਾ (ਆਤਮਾ ਦਾ) ਖੁਲ੍ਹਦਾ ਹੈ। ਉਥੇ ਅਕਹਿ ਸੁਆਦ ਦੇਣ ਵਾਲਾ ਅਨਹਦ ਸੰਗੀਤ ਸ੍ਰੁਤ ਵਿਚ ਆਉਂਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :—

ਦੇਹੀ ਨਗਰੀ ਨਉ ਦਰਵਾਜੇ ॥
ਸਿਰਿ ਸਿਰਿ ਕਰਣੈਹਾਰੈ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ
ਆਪੈ ਅਲਖੁ ਲਖਾਇਆ ॥ 4 ॥

(ਮਾਰੂ ਰਾਗ ਸੋਲਹੇ, 19)

ਭੀਤਰਿ ਕੋਟ ਗੁਫਾ ਘਰ ਜਾਈ ॥
ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ॥
ਆਪੇ ਅਲਖੁ ਲਖਾਇਦਾ ॥ 3 ॥

(ਮਾਰੂ ਰਾਗ ਸੋਲਹੇ, 18)

ਦਸਵੇਂ ਦਵਾਰ ਨਿਰੰਕਾਰ ਦਾ ਵਾਸਾ ਹੈ।[1 2] ਇਹ ਨਿਰੋਲ ਨਿਰੰਕਾਰ ਦਾ ਦੇਸ ਹੈ। ਉਥੇ ਬ੍ਰਹਮ ਸੁੰਨ-ਸਮਾਧ ਸਥਿਤ ਹੈ। ਉਥੇ ਅਨਹਦ ਵਾਜੇ ਵਜ ਰਹੇ ਹਨ, ਜੋ ਆਤਮਾ-ਰਸੀਏ ਸੁਣਦੇ ਹਨ। ਉਥੇ ਨਾ ਸੂਰਜ ਹੈ ਨਾ ਚੰਨ; ਨਾ ਤਾਰੇ, ਨਾ ਬਿਜਲੀ, ਨਾ ਗਗਨ। ਉਥੇ ਨਿਰੋਲ ਸੁੰਨ-ਮੰਡਲ ਦਾ ਵਰਤਾਰਾ ਹੈ, ਜੋ ਬਿਆਨ ਨਹੀਂ ਹੋ ਸਕਦਾ। ਉਥੇ ਜੋਤ ਦੇ ਪ੍ਰਚੰਡ ਪ੍ਰਕਾਸ਼ ਉਦੇ ਹੋਏ ਰਹਿੰਦੇ ਹਨ। ਉਥੇ ਰੌਸ਼ਨੀ ਕਰੋੜ ਸੂਰਜਾਂ ਨਾਲੋਂ ਵਧੇਰੇ ਰੌਸ਼ਨ ਹੈ। ਉਥੇ ਰਿਮਝਿਮ, ਆਨੰਦਮਈ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਇਹ ਰਹੱਸਵਾਦੀ ਅਨੁਭਵ ਗੁਰੂ ਨਾਨਕ ਸਾਹਿਬ ਨੇ ਪ੍ਰਗਟ ਕੀਤਾ ਹੈ :—

ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥
ਹੂਰਜ ਕਿਰਣਿ ਨ ਬਿਜੁਲਿ ਗੈਣਾਰਾ ॥
ਅਕਥੀ ਕਥਉ ਚਿਹਨੁ ਨਹੀ ਕੋਈ
ਪੂਰਿ ਰਹਿਆ ਮਨਿ ਭਾਇਦਾ ॥ 8 ॥
ਪਸਰੀ ਕਿਰਣਿ ਜੋਤਿ ਉਜਿਆਲਾ ॥
ਕਰਿ ਕਰਿ ਦੇਖੈ ਆਪਿ ਦਇਆਲਾ ॥
ਅਨਹਦ ਰੁਝੁਣਕਾਰੁ ਸਦਾ ਧੁਨਿ
ਨਿਰਭਉ ਕੈ ਘਰਿ ਵਾਇਦਾ ॥ 9 ॥

(ਮਾਰੂ ਰਾਗ ਸੋਲਹੇ, 13)

ਗੁਰੂ ਨਾਨਕ ਸਾਹਿਬ ਦਾ ਸਥਾਨ ਸੰਸਾਰ ਦੇ ਸਭ ਤੋਂ ਮਹਾਨ ਰਹੱਸਵਾਦੀਆਂ ਵਿਚ ਬਹੁਤ ਉੱਚਾ ਹੈ। ਸੂਖਮ ਤੋਂ ਸੂਖਸ ਆਤਮਕ ਸਚਾਈ ਦਾ ਰਹੱਸਵਾਦੀ ਤੇ ਦਵੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਭਵ ਪ੍ਰਾਪਤ ਕਰਕੇ ਉਨ੍ਹਾਂ ਨੇ ਇਸ ਨੂੰ ਅਤਿਅੰਤ ਪ੍ਰਭਾਵਸ਼ਾਲੀ ਅਤੇ ਕਲਾ-ਪੂਰਤ ਢੰਗ ਨਾਲ, ਇਕ ਰਮਜ਼-ਭਰੀ, ਰਹੱਸਵਾਦੀ ਆਸ਼ੇ ਦੀ ਅਦੁਤੀ ਕਾਵਿ-ਕ੍ਰਿਤੀ ਦੇ ਰੂਪ ਵਿਚ ਪ੍ਰਗਟ ਕਰ ਦਿਤਾ ਹੈ, ਜਿਸ ਦੀ ਪੂਰਨ ਭਾਂਤ ਅਤੇ ਠੀਕ ਠੀਕ ਕੀਮਤ ਕਦੀ ਵੀ ਨਿਸਚਿਤ ਨਹੀਂ ਕੀਤੀ ਜਾ ਸਕਦੀ ।

## ਹਵਾਲੇ ਅਤੇ ਟਿੱਪਣੀਆਂ

1. Mysticism and Logic.

2. ਪੁਸਤਕ ਖੁਲ੍ਹੇ ਲੇਖ ਵਿਚ ਲੇਖ, ਕਵਿਤਾ ।

3. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥
(ਆਸਾ ਦੀ ਵਾਰ)

4. ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ (ਸੁਖਮਨੀ)

5. ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥
(ਜਪੁਜੀ, 20)

6. ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥
(ਸੁਖਮਨੀ 3, 6)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7. ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥

(ਆਸਾ ਦੀ ਵਾਰ)

8. ਆਪਸ ਕਉ ਜੋ ਭਲਾ ਕਹਾਵੈ ॥
ਤਿਸਹਿ ਭਲਾਈ ਨਿਕਟਿ ਨ ਆਵੈ ॥

(ਸੁਖਮਨੀ, 12, 3)

9. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

(ਜਪੁਜੀ, 1)

10. ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥

(ਜਪੁਜੀ, 7)

11. ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥

(ਜਪੁਜੀ; 23)

12. ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥

(ਰਾਮਕਲੀ, ਅਨੰਦੁ)

13. ਸਚਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥

(ਜਪੁਜੀ 37)


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰੂ ਨਾਨਕ ਦੀ ਕਵਿਤਾ ਵਿਚ ਚਿੰਨ੍ਹਵਾਦ

ਕਵਿਤਾ ਵਿਚ ਰੂਪਕ, ਬਿੰਬ ਅਤੇ ਚਿੰਨ੍ਹ ਦੀ ਵਰਤੋਂ ਆਵੱਸ਼ਕ ਮੰਨੀ ਜਾਂਦੀ ਹੈ ਕਿਉਂਕਿ ਵਾਰਤਕ ਦੇ ਉਲਟ ਕਵਿਤਾ ਵਿਚ ਕੇਵਲ ਭਾਵਾਂ ਦਾ ਸਾਧਾਰਨ ਜਾਂ ਸ਼ੁੱਧ ਪ੍ਰਗਟਾ ਨਹੀਂ ਹੁੰਦਾ, ਸਗੋਂ ਭਾਵਾਂ ਨੂੰ ਰੂਪਮਾਨ ਜਾਂ ਮੂਰਤੀਮਾਨ ਕੀਤਾ ਜਾਂਦਾ ਹੈ। ਇਸ ਨੂੰ ਨਿਰੂਪਨਤਾ ਜਾਂ ਭਾਵਾਂ ਦਾ ਦਰਸਾਵਾ ਕਿਹਾ ਜਾ ਸਕਦਾ ਹੈ।

ਕਵਿਤਾ ਆਪਣੇ ਆਪ ਵਿਚ ਇਕ ਮਹਾਨ ਤੇ ਅਦੁਤੀ ਸਾਧਨ ਹੈ, ਜਿਸ ਰਾਹੀਂ ਮਨੁੱਖ (ਕਵੀ ਦੇ ਰੂਪ ਵਿਚ) ਆਪਣੇ ਭਾਵਾਂ ਦਾ ਪਰਸਾਰ ਇੰਨ-ਬਿੰਨ ਅਤੇ ਵਧ ਤੋਂ ਵਧ ਸੰਪੂਰਨਤਾ-ਭਰੀ ਮਨੁੱਖੀ ਬੋਲੀ ਵਿਚ ਕਰਨ ਦੇ ਸਮਰਥ ਹੁੰਦਾ ਹੈ। ਕਵਿਤਾ ਵਿਚ ਕਵੀ ਕੁਝ ਦੱਸਦਾ, ਕਥਦਾ ਜਾਂ ਬਿਆਨ ਨਹੀਂ ਕਰਦਾ ਸਗੋਂ ਕੁਝ ਦਰਸਾਂਦਾ, ਦਿਖਾਂਦਾ ਅਤੇ ਚਿਤਰਦਾ ਹੈ। ਇਹ ਗਲ ਮੁਢਲੇ ਤੌਰ ਤੇ ਕਵਿਤਾ ਨੂੰ ਵਾਰਤਕ ਨਾਲੋਂ ਨਖੇੜਦੀ ਹੈ। ਹਰਬਰਡ ਰੀਡ ਨੇ ਏਸੇ ਲਈ ਕਵਿਤਾ ਉਪਜਾਊ (ਸਿਰਜਨਾਤਮਕ) ਅਤੇ ਵਾਰਤਕ ਨੂੰ ਉਸਾਰੂ ਕਿਹਾ ਹੈ।[1]

ਕਵੀ ਪੂਰਨ ਸਿੰਘ ਜਦ ਕਹਿੰਦਾ ਹੈ ਕਿ ਕਵਿਤਾ ਅੱਖਾਂ ਵਿਚ ਸੁਪਨੇ ਲਟਕਾ ਦੇਂਦੀ ਹੈ ਤਾਂ ਉਹ ਕਵਿਤਾ ਦੀ ਏਸੇ ਮੁਢਲੀ ਸਚਾਈ ਵਲ ਇਸ਼ਾਰਾ ਕਰਦਾ ਹੈ।

ਸੂਖਮ ਤੇ ਤਰਲ ਭਾਵਾਂ ਨੂੰ ਇੰਨ-ਬਿੰਨ ਦੂਜਿਆਂ ਤਕ ਪਹੁੰਚਾਣ ਦਾ ਵੱਡਾ ਸਾਧਨ ਜੋ ਕਵੀਆਂ ਨੇ ਪੁਰਾਤਨ ਸਮਿਆਂ ਵਿਚ ਘੜਿਆ ਅਤੇ ਜੋ ਕਵਿਤਾ ਦਾ ਸਭ ਤੋਂ ਸ਼ਕਤੀ-ਸ਼ਾਲੀ ਪ੍ਰਗਟਾਊ ਹਥਿਆਰ ਸਿੱਧ ਹੋਇਆ, ਉਹ ਹੈ ਰੂਪਕ (metaphor)। ਸੰਸਾਰ ਦੇ ਪਹਿਲੇ ਪੱਛਮੀ ਆਲੋਚਕ ਅਰਸਤੂ ਨੇ ਇਸ ਨੂੰ ਜ਼ਰੂਰੀ ਸਮਝ ਕੇ ਬੜੇ ਗਹੁ ਨਾਲ ਆਪਣੇ 'ਕਾਵਿ ਸ਼ਾਸਤ੍ਰ' ਵਿਚ ਵਿਚਾਰਿਆ ਤੇ ਵਿਆਖਿਆ ਹੈ।[2]

'ਰੂਪਕ' ਬੋਲੀ ਦੀ ਵਰਤੋਂ ਰਾਹੀਂ, ਇਕ ਕਲਾਤਮਕ ਕ੍ਰਾਂਤੀ ਪੈਦਾ ਕਰਨ ਦਾ ਢੰਗ ਹੈ, ਜਿਸ ਵਿਚ ਇਕ ਭਾਵ ਨੂੰ ਕਿਸੇ ਮਿਲਦੀ ਜੁਲਦੀ ਜਾਂ ਸੁਝਾਊ ਤੇ ਸੰਕੇਤਕ ਵਸਤੂ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਕ ਭਾਵ ਠੋਸ ਰੂਪ ਵਿਚ ਮੂਰਤੀਮਾਨ ਹੋ ਕੇ ਸਾਡੀ ਕਲਪਨਾ ਅਤੇ ਸੂਝ ਦੀ ਉਤੇਜਨਾ ਦਾ ਕਾਰਨ ਬਣ ਜਾਂਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਰੂਪਕ' ਵਿਸ਼ਾਲ ਤੇ ਵਿਆਪਕ ਅਰਥ ਰਖਦਾ ਹੈ। ਹਰ ਉਹ ਕਾਵਿਕ ਜਤਨ, ਜੋ 'ਅਰੂਪ' ਵਿਸ਼ੇ-ਸਮਗਰੀ ਨੂੰ ਰੂਪਮਾਨ ਕਰਨ ਲਈ ਕੀਤਾ ਜਾਂਦਾ ਹੈ, [3]ਵਿਆਪਕ ਅਰਥਾਂ ਵਿਚ ਰੂਪਕ ਅਖਵਾਉਂਦਾ ਹੈ। ਬਿੰਬ (image) ਅਤੇ ਚਿੰਨ੍ਹ (symbol) ਵੀ ਇਸੇ ਮੁਢਲੀ ਕਾਵਿਕ ਪ੍ਰਕ੍ਰਿਆ ਨਾਲ ਸਬੰਧਤ ਸੰਕੇਤ ਹਨ। ਬਿੰਬ ਤੋਂ ਭਾਵ ਉਹ ਮਾਨਸਕ ਜਾਂ ਕਲਪਨਾਮਈ ਚਿਤਰ ਹੈ, ਜੋ ਸੂਖਮ ਤੋਂ ਵਟ ਕੇ ਵਸਤੂਗਤ (objective) ਰੂਪ ਧਾਰਨ ਕਰ ਲੈਂਦਾ ਹੈ। ਅਤੇ ਚਿੰਨ੍ਹ ਤੋਂ ਭਾਵ ਉਹ ਰੂਪਕ ਹੈ ਜੋ ਵਧੇਰੇ ਸਥਾਈ ਭਾਵ ਰਖਦਾ ਹੋਵੇ ਜਾਂ ਵਧੇਰੇ ਦਾਰਸ਼ਨਿਕ ਤੇ ਵਿਚਾਰਾਤਮਕ ਪੱਧਰ ਦਾ ਹੋਵੇ।

ਸੂਖਮ ਤੇ ਸਥੂਲ ਨੂੰ, ਕਲਾ-ਸਿਰਜਨਾ ਦੀ ਮੁਢਲੀ ਲੋੜ ਅਨੁਸਾਰ, ਇਕ ਦੂਜੇ ਨਾਲ ਜੋੜਨ ਵਾਲਾ ਸਾਧਨ (ਜਿਸ ਵਿਚ ਸਮਾਜਕ ਸਾਰਥਿਕਤਾ ਨੂੰ ਮੁਖ ਰਖਿਆ ਗਿਆ ਹੋਵੇ) ਚਿੰਨ੍ਹ ਜਾਂ ਪ੍ਰਤੀਕ ਹੈ। ਇਕ ਜੀਵਨ ਦਾ ਅੰਤਰੀਵ ਪੱਖ ਹੈ ਤੇ ਦੂਜਾ ਵਸਤੂਗਤ, ਦੋਹਾਂ ਦੇ ਵਿਚਕਾਰ ਚਿੰਨ੍ਹ ਇਕ ਪੁਲ ਵਾਂਗ ਹੈ। ਸੰਸਾਰ ਦੀ ਮੁਢਲੀ ਹੋਂਦ ਹੀ ਇਸੇ ਸੁਮੇਲ ਤੋਂ ਬਣੀ ਹੈ। ਕਾਰਲਾਈਲ ਨੇ ਠੀਕ ਕਿਹਾ ਹੈ ਕਿ ਸੰਸਾਰ ਪ੍ਰਮਾਤਮਾ ਦਾ ਇਕ ਵਿਰਾਟ ਚਿੰਨ੍ਹ ਹੈ। ਕਲਾ ਇਸੇ ਦੀ ਨਕਲ ਜਾਂ ਅਨੁਕਰਨ ਪੈਦਾ ਕਰਦੀ ਹੈ।

ਚਿੰਨ੍ਹਾਂ ਦੇ ਸੰਜੁਗਤ ਹੋਣ ਨਾਲ ਚਿੰਨ੍ਹਵਾਦ ਬਣਦਾ ਹੈ, ਪਰ ਚਿੰਨ੍ਹਵਾਦ ਚਿੰਨ੍ਹਾਂ ਦਾ ਸੰਗ੍ਰਹਿ ਨਹੀਂ ਹੁੰਦਾ, ਇਸ ਤੋਂ ਬਹੁਤ ਕੁਝ ਵਧ ਹੁੰਦਾ ਹੈ। ਮੈਂ ਇਕ ਹੋਰ ਥਾਂ ਚਿੰਨ੍ਹਵਾਦ ਬਾਰੇ ਲਿਖਿਆ ਹੈ :[4]

'ਚਿੰਨ੍ਹਵਾਦ (Symbolism) ਤੋਂ ਭਾਵ ਹੈ ਚਿੰਨ੍ਹ-ਵਿਧਾਨ, ਚਿੰਨ੍ਹ-ਸਮੂਹ ਜਾਂ ਚਿੰਨ੍ਹ ਪ੍ਰਨਾਲੀ। ਦੂਜੇ ਸ਼ਬਦਾਂ ਵਿਚ, ਇਕ ਲੜੀ ਵਿਚ ਬੱਝੇ ਹੋਏ ਕੁਝ ਸੰਜੁਗਤ (integral) ਤੇ ਸਬੰਧਤ ਚਿੰਨ੍ਹ।'[5]

—2—

ਗੁਰੂ ਨਾਨਕ ਸਾਹਿਬ ਦੀ ਕਵਿਤਾ ਮੁਢਲੇ ਤੌਰ ਤੇ ਅਧਿਆਤਮਕ ਅਤੇ ਰਹੱਸਵਾਦੀ ਕਵਿਤਾ ਹੈ। ਇਸ ਲਈ ਇਸ ਵਿਚ ਚਿੰਨ੍ਹਵਾਦ ਦਾ ਹੋਣਾ ਸੁਭਾਵਕ ਅਤੇ ਆਵੱਸ਼ਕ ਹੈ। ਉਂਜ ਤਾਂ ਕਵਿਤਾ ਦਾ ਪ੍ਰਗਟਾ ਸਦਾ ਹੀ ਰੂਪਾਤਮਕ ਅਤੇ ਚਿੰਨ੍ਹਾਤਮਕ (representational) ਹੁੰਦਾ ਹੈ, ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਪਰੰਤੂ ਅਧਿਆਤਮਕ ਤੇ ਰਹੱਸਵਾਦੀ ਕਾਵਿ ਵਿਚ ਇਹ ਅੰਸ਼ ਹੋਰ ਵੀ ਅਧਿਕ ਹੁੰਦਾ ਹੈ।

ਸੂਫੀ ਕਵੀ ਗ਼ਾਲਿਬ ਨੇ ਅਧਿਆਤਮਕ ਕਵਿਤਾ ਵਿਚ ਚਿੰਨ੍ਹਵਾਦ ਦਾ ਹੋਣਾ ਇਥੋਂ ਤਕ ਅਨਿਵਾਰਯ (inevitable) ਮੰਨਿਆ ਹੈ ਕਿ ਉਹ ਕਹਿੰਦਾ ਹੈ ਚਿੰਨ੍ਹਾਂ ਤੋਂ ਬਿਨਾਂ ਅਜਿਹੀ ਕਵਿਤਾ ਦਾ ਪਰਗਟਾ ਸੰਭਵ ਹੀ ਨਹੀਂ। ਉਸ ਦੇ ਸ਼ਬਦਾਂ ਵਿਚ (ਪੰਜਾਬੀ ਅਨੁਵਾਦ) :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਭਾਵੇਂ ਕਿੰਨੀ ਹੀ ਰੱਬੀ ਅਨੁਭਵ ਦੀ ਗਲ ਕਹਿਣੀ ਹੋਵੇ (ਜੋ ਅਤਿ ਸੂਖਮ ਹੈ) ਸ਼ਰਾਬ ਤੇ ਪਿਆਲੇ ਦਾ ਜ਼ਿਕਰ ਕੀਤੇ ਬਿਨਾਂ ਗਲ ਨਹੀਂ ਬਣਦੀ।'[6]

ਬਾਬਾ ਫਰੀਦ ਵਾਂਗ ਗੁਰੂ ਨਾਨਕ ਦਾ ਚਿੰਨ੍ਹਵਾਦ ਵੀ ਇਕ ਅਤਿ ਸੂਖਮ ਤੇ ਡੂੰਘੀ ਰਹੱਸਵਾਦੀ ਵਿਚਾਰਧਾਰਾ ਉਤੇ ਆਧਾਰਿਤ ਹੈ। ਅੰਦਰਲੀ ਅਨੁਭਵਰੂਪ ਸਚਾਈ ਦਾ ਇਹ ਚਿੰਨ੍ਹਵਾਦ ਇਕ ਬਾਹਰਮੁਖੀ ਪ੍ਰਗਟਾ ਹੈ।

ਪੁਸਤਕ ਫਰੀਦ ਦਰਸ਼ਨ (ਪੰਨਾ 139) ਵਿਚ ਲਿਖਿਆ ਹੈ :

"ਚਿੰਨ੍ਹਵਾਦ ਦਾ ਮੂਲ ਅਵੱਸ਼ ਕੋਈ ਡੂੰਘੀ ਵਿਚਾਰਧਾਰਾ ਹੁੰਦੀ ਹੈ। ਕੋਈ ਚਿੰਨ੍ਹ ਜਾਂ ਚਿੰਨ੍ਹਵਾਦ ਕਿਸੇ ਅੰਦਰਲੀ (ਸੂਖਮ) ਸਚਾਈ ਤੋਂ ਖਿਨਾਂ ਉਪਜ ਨਹੀਂ ਸਕਦਾ। ਸੋ ਜਿਥੇ ਚਿੰਨ੍ਹਵਾਦ ਆਪਣੇ ਚੌਗਿਰਦੇ ਦੇ ਸਮਾਜ ਦਾ ਇਕ ਵਿਚਾਰ-ਆਤਮਿਕ ਪ੍ਰਤੀਕਰਮ ਹੁੰਦਾ ਹੈ, ਉਥੇ ਆਪਣੀ ਭੂਗੋਲਿਕ ਸਥਾਨ ਸਥਿਤੀ ਨਾਲ ਪੂਰੀ ਤਰ੍ਹਾਂ ਜੁੜਿਆ ਹੁੰਦਾ ਹੈ।"

ਗੁਰੂ ਨਾਨਕ ਸਾਹਿਬ ਦਾ ਚਿੰਨ੍ਹਵਾਦ ਵੀ ਰਹੱਸਵਾਦੀ ਪੱਧਰ ਦਾ ਹੋਣ ਤੋਂ ਛੁਟ ਇਕ ਵਿਸ਼ੇਸ਼ ਸਥਾਨਕ ਜਾਂ ਪੰਜਾਬੀ ਰੰਗ ਢੰਗ ਵੀ ਰੱਖਦਾ ਹੈ। ਇਕੋ ਵਕਤ ਇਹ ਸਦੀਵੀ ਤਥਾ ਅਬਿਨਾਸ਼ੀ (ਸਮੇਂ ਸਥਾਨ, ਕਾਰਨ, ਕਾਰਜ ਤੋਂ ਪਰੇ) ਅਤੇ ਇਤਿਹਾਸਕ ਤਥਾ ਪਰਸੰਗਕ ਹੈ, ਦੋਹਾਂ ਵਡੀਆਂ-ਜੀਵਨ ਕੀਮਤਾਂ ਦਾ ਧਾਰਨੀ।

ਗੁਰੂ ਨਾਨਕ ਸਾਹਿਬ ਦੀ ਮੂਲ ਵਿਚਾਰਧਾਰਾ ਲਈ ਪ੍ਰਸਿੱਧ ਸੰਕੇਤ 'ਗੁਰਮਤਿ' ਵਰਤਿਆ ਜਾਂਦਾ ਹੈ। ਗੁਰਮਤਿ ਦਾ ਅਨੁਭਵ ਕਾਫ਼ੀ ਹਦ ਤਕ ਬਾਬਾ ਫਰੀਦ ਦੇ ਸੂਫੀ ਅਨੁਭਵ ਨਾਲ ਰਲਦਾ ਮਿਲਦਾ ਹੈ। ਇਸ ਲਈ ਇਨ੍ਹਾਂ ਦੋਹਾਂ ਮਹਾਨ ਕਵੀਆਂ ਦਾ ਚਿੰਨ੍ਹਵਾਦੀ ਚਿੰਤਨ ਤੇ ਪ੍ਰਗਟਾ ਵੀ ਮੁਢਲੇ ਤੌਰ ਤੇ ਆਪਸ ਵਿਚ ਸਮਾਨ-ਭਾਵ ਸਿੱਧ ਹੁੰਦਾ ਹੈ।

ਮਨੁੱਖ ਨੂੰ ਇਸ ਚਿੰਨ੍ਹਵਾਦੀ ਵਿਚਾਰਧਾਰਾ ਅਨੁਸਾਰ ਇਕ ਇਸਤਰੀ ਚਿਤਵਿਆ ਗਿਆ ਹੈ, ਜੋ ਆਪਣੇ ਪਤੀ (ਪ੍ਰਭੂ) ਨਾਲ ਵਰੀ ਹੋਈ ਹੈ ਪਰ ਸੰਸਾਰ ਵਿਚ ਆ ਕੇ ਉਹ ਉਸ ਨਾਲੋਂ ਵਿਛੜ ਕੇ ਸੁਹਾਗਣ ਤੋਂ ਦੁਹਾਗਣ ਬਣ ਗਈ ਹੈ ਅਤੇ ਜਦ ਤਕ ਫਿਰ ਪ੍ਰੇਮ, ਭਉ, ਭਾਉ, ਦਇਆ, ਖਿਮਾ, ਸੰਤੋਖ ਆਦਿ ਗੁਣ ਪ੍ਰਾਪਤ ਕਰਕੇ ਉਸ ਨਾਲ ਮਿਲ ਨਹੀਂ ਜਾਂਦੀ, ਦੁਖ ਕਲੇਸ਼ ਦੀਆਂ ਚੋਟਾਂ ਖਾਂਦੀ ਹੈ ਤੇ ਜਨਮਾਂ ਵਿਚ ਭਟਕਦੀ ਹੈ। ਗੁਰੂ ਦੀ ਕਿਰਪਾ ਨਾਲ ਜਦ ਉਸ ਦਾ ਦੂਜਾ ਭਾਵ ਜੋ ਅਸਲ ਵਿਚ ਅਵੇਸਲਾਪਨ ਹੈ, ਦੂਰ ਹੋ ਜਾਂਦਾ ਹੈ, ਤੇ ਪਤੀ ਪ੍ਰਭੂ ਦੀ ਸ਼ਰਨ ਵਿਚ ਆ ਕੇ ਉਹ ਉਸ ਦੇ ਨਾਮ ਨੂੰ ਮਨ ਵਿਚ ਵਸਾ ਲੈਂਦੀ ਹੈ ਤਾਂ ਉਹ ਗੁਰਮੁਖ-ਰੂਪ ਸੁਹਾਗਣ ਬਣ ਜਾਂਦੀ ਹੈ। ਇਹੋ ਉਸ ਦੀ ਮੁਕਤੀ, ਕਲਿਆਨ, ਗਤੀ ਜਾਂ ਪੂਰਨਤਾ ਹੈ।

ਗੁਰੂ ਨਾਨਕ ਸਾਹਿਬ ਦੀ ਕਵਿਤਾ ਵਿਚ ਇਹ ਚਿੰਨ੍ਹਵਾਦ ਏਸ ਹੱਦ ਦਕ ਓਤ ਪੋਤ ਅਤੇ ਛਾਇਆ ਹੋਇਆ ਹੈ ਕਿ ਇਸ ਦੇ ਉਦਾਹਰਨ ਲਗ ਭਗ ਹਰ ਸ਼ਬਦ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਣੀ ਵਿਚ ਕਾਫ਼ੀ ਗਿਣਤੀ ਵਿਚ ਮਿਲ ਜਾਂਦੇ ਹਨ । ਗੁਰੂ ਸਾਹਿਬ ਦੀ ਪ੍ਰਸਿੱਧ ਰਚਨਾ ਬਾਰਾਮਾਹਾ ਤੁਖਾਰੀ ਰਾਗ ਵਿਚੋਂ ਚੁਣ ਕੇ ਹੇਠਾਂ ਕੁਝ ਤੁਕਾਂ ਦਿੱਤੀਆਂ ਜਾਂਦੀਆਂ ਹਨ :—

1. ਪ੍ਰਿਅ ਬਾਝੁ ਦੁਹੇਲੀ ਕੋਇ ਨ ਬੋਲੀ ਗੁਰਮੁਖਿ ਅੰਮ੍ਰਿਤ ਪੀਵਾਂ ।
2. ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਦਿਸਾਰੀ ।
3, ਪਿਰੁ ਘਰਿ ਨਹੀ ਆਵੈ ਧਨ ਕਿਉਂ ਸੁਖੁ ਪਾਵੈ
   ਬਿਰਹਿ ਬਿਰੋਧ ਤਨੁ ਛੀਜੈ ।
4. ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ।
5. ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ।
6. ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ।
7. ਨਾਨਕ ਮੇਲਿ ਲਈ ਗੁਰਿ ਆਪਣੇ ਘਰਿ ਵਰੁ ਪਾਇਆ ਨਾਰੀ ।
8. ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ।

ਇਸ ਮੁਢਲੀ ਸੰਸਾਰਕ ਤੇ ਦਾਰਸ਼ਨਿਕ ਤਿਕੋਣ (ਮਨੁਖ, ਪ੍ਰਭੂ ਅਤੇ ਦੂਜਾ ਭਾਵ) ਨੂੰ ਸ਼ਾਮਲ ਕਰ ਲੈਣ ਨਾਲ ਗੁਰਮਤ ਦੀ ਸਾਰੀ ਰਹੱਸਵਾਦੀ ਫਿਲਾਸਫ਼ੀ ਅਤੇ ਚਿੰਨ੍ਹਵਾਦ ਸਮਝ ਗੋਚਰ ਹੋ ਜਾਂਦੇ ਹਨ। ਇਹੋ ਗੁਰਮਤ ਦਾ ਮੂਲ ਤੱਤ ਤੇ ਸਾਰੰਸ਼ ਕਿਹਾ ਜਾ ਸਕਦਾ ਹੈ। ਇਸੇ ਮੁਢਲੇ ਚਿੰਨ੍ਹਵਾਦ ਦੇ ਸੂਰਜ ਦੇ ਦੁਆਲੇ ਹੋਰ ਗੁਰੂ ਨਾਨਕ ਸਾਹਿਬ ਦੇ ਵਰਤੇ ਹੋਏ ਚਿੰਨ੍ਹ ਉਪਗ੍ਰਹਾਂ ਵਾਂਗ ਘੁੰਮਦੇ ਪ੍ਰਤੀਤ ਹੁੰਦੇ ਹਨ। ਉਨ੍ਹਾਂ ਸੰਬੰਧਤ ਤੇ ਸਹਾਇਕ ਚਿੰਨ੍ਹਾਂ ਤੇ ਚਿੰਨ੍ਹ ਸਮੂਹਾਂ ਦਾ ਉਲੇਖ ਕਰਨਾ ਬਹੁਤ ਜ਼ਰੂਰੀ ਤੇ ਲਾਭਦਾਇਕ ਹੋਵੇਗਾ।

ਬਾਬਾ ਫਰੀਦ ਦਾ ਪ੍ਰਸਿੱਧ ਚਿੰਨ੍ਹ ਕੋਇਲ (ਕੋਕਿਲ) ਗੁਰੂ ਸਾਹਿਬ ਨੇ ਵੀ ਵਿਛੋੜੇ ਦਾ ਸੱਲ ਪ੍ਰਗਟ ਕਰਨ ਲਈ ਵਰਤਿਆ ਹੈ ਪਰ ਇਉਂ ਜਾਪਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਪ੍ਰਤਿਭਾ ਇੰਨੀ ਵਿਸ਼ਾਲ ਤੇ ਵਿਰਾਟ ਸੀ ਕਿ ਉਨ੍ਹਾਂ ਨੇ ਬਾਬਾ ਫਰੀਦ ਦੇ ਇਸ ਇਕ ਚਿੰਨ੍ਹ ਤੋਂ ਛੁਟ ਇਸੇ ਭਾਵ ਅਤੇ ਹੋਰ ਅਨੇਕ ਭਾਵਾਂ ਦੇ ਅਨਗਿਣਤ ਚਿੰਨ੍ਹ ਆਪਣੀ ਅਸੀਮ ਕਲਪਨਾ ਵਿਚੋਂ ਸਾਕਾਰ ਕਰਕੇ ਵਰਤੇ ਜਿੰਨ੍ਹਾਂ ਦੀ ਬਹੁਲਤਾ ਅਤੇ ਭਰਪੂਰਤਾ ਗੁਰੂ ਸਾਹਿਬ ਦੀ ਕਾਵਿ-ਸ਼ੈਲੀ ਦਾ ਇਕ ਅਤਿ ਵਿਸ਼ੇਸ਼ ਗੁਣ ਬਣ ਜਾਂਦੀ ਹੈ।

ਪਪੀਹਾ (ਚਾਤ੍ਰਿਕ), ਮਛਲੀ, ਹਰਨੀ, ਸੱਪਨੀ, ਚਕਵੀ, ਕਾਲਾ ਹਰਨ, ਅਮਲੀ, ਕਾਮਨੀ, ਆਸ਼ਕ, ਕਲੰਦਰ, ਗੋਇਲ, ਹੰਸ-ਕਾਗ, ਬਗਲਾ, ਗੁਰਮੁਖ-ਮਨਮੁਖ, ਸਾਕਤ, ਮਜੀਠ-ਕਸੁੰਭਾ, ਸੱਚ-ਕੂੜ, ਅੰਮ੍ਰਿਤ, ਕੰਵਲ-ਮੀਂਡਕ-ਚਿਕੜ, ਕੰਚਨ-ਮਨੂਰ, ਸੂਰਜ-ਚੰਨ, ਮਾਇਆ, ਸ਼ਿਵ-ਸ਼ਕਤੀ, ਸੁਰਤ-ਸ਼ਬਦ ਆਦਿ ਗੁਰੂ ਸਾਹਿਬ ਦੇ ਕੁਝ ਕੁ ਪ੍ਰਸਿਧ ਰੂਪਕ ਤੇ ਚਿੰਨ੍ਹ ਜਾਂ ਚਿੰਨ੍ਹ-ਸਮੂਹ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਵਿਚ ਕਈ ਚਿੰਨ੍ਹ ਹਨ ਕਿਉਂਕਿ ਇਨ੍ਹਾਂ ਦੇ ਭਾਵ ਤੇ ਵਿਚਾਰ ਸਾਧਾਰਨ ਰੂਪਕ-ਪੱਧਰ ਨਾਲੋਂ ਡੂੰਘੇਰੇ ਤੇ ਸਥਾਈ ਹਨ। ਇਨ੍ਹਾਂ ਵਿਚ ਕਿਸੇ ਨਾ ਕਿਸੇ ਦੀਰਘ ਰਹੱਸਵਾਦੀ ਜਾਂ ਅਧਿਆਤਮਕ ਵਿਚਾਰ-ਤੱਤ ਨੂੰ ਸਦੀਵੀ ਰੂਪ ਦੇ ਕੇ ਗੁਰਮਤ ਚਿੰਨ੍ਹਵਾਦ ਜਾਂ ਚਿੰਨ੍ਹ-ਪ੍ਰਣਾਲੀ ਦਾ ਭਾਗ ਬਣਾ ਦਿਤਾ ਹੈ। ਇਥੇ ਇਨ੍ਹਾਂ ਚਿੰਨ੍ਹਾਂ ਦੀ ਵਿਆਖਿਆ ਦੀ ਗੁੰਜਾਇਸ਼ ਨਹੀਂ। ਇਸ ਲਈ ਸੰਖੇਪਤਾ ਦੇ ਆਸ਼ੇ ਤੋਂ ਕੇਵਲ ਇਨ੍ਹਾਂ ਦਾ ਉਲੇਖ ਹੀ ਕਾਫ਼ੀ ਹੈ।

## ਹਵਾਲੇ ਅਤੇ ਟਿੱਪਣੀਆਂ

1. Poetry is creative, prose constructive.
2. The greatest thing by far is to have a command of metaphors. This alone can't be imparted by another, it is the mark of genius." Aristotle.
3. "The function of art is to make the invisible visible."
   Aristotle.
4. ਫਰੀਦ ਦਰਸ਼ਨ, ਪੰਨਾ 138 (ਤੀਜੀ ਸੋਧੀ ਹੋਈ ਐਡੀਸ਼ਨ)।
5. "Symbolism may be defined as a representation of a reality on one level of references by a corresponding reality on another."
6. ਹਰ ਚੰਦ ਹੋ ਮੁਸ਼ਾਹਿਦਾਇ ਹੱਕ ਕੀ ਗੁਫ਼ਤਗੂ
   ਬਨਤੀ ਨਹੀਂ ਹੈ ਬਾਦਾ ਓ ਸਾਗ਼ਰ ਕਹੇ ਬਗ਼ੈਰ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਜਪੁਜੀ ਦਾ ਵਿਸ਼ਾ ਵਸਤੂ

## ਜਪੁਜੀ ਦਾ ਮਹੱਤਵ

ਜਪੁਜੀ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਮਹਾਨ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵਧ ਮਹੱਤਵ ਇਸੇ ਰਚਨਾ ਨੂੰ ਪ੍ਰਾਪਤ ਹੈ। ਸਭ ਬਾਣੀਆਂ ਵਿਚੋਂ ਪਹਿਲ ਇਸ ਬਾਣੀ ਨੂੰ ਹੀ ਦਿਤੀ ਜਾਂਦੀ ਹੈ। ਸਾਰੇ ਵਿਦਵਾਨ ਇਸ ਗੱਲ ਨੂੰ ਮੰਨਦੇ ਹਨ। ਜਪੁਜੀ ਦੇ ਸ਼ੁਰੂ ਵਿਚ ਜੋ ਮੂਲ-ਮੰਤ੍ਰ ਹੈ, ਪਰਮਾਤਮਾ ਦਾ ਸਰੂਪ ਦਰਸਾਣ ਵਿਚ ਇਹ ਪੂਰੀ ਵਿਸ਼ੇਸ਼ਤਾ ਰਖਦਾ ਹੈ। ਇਸੇ ਮੂਲ-ਮੰਤ੍ਰ ਦੀ ਵਿਆਖਿਆ ਤੇ ਵਿਸਥਾਰ ਨਾ ਕੇਵਲ ਜਪੁਜੀ ਵਿਚ ਹੈ ਸਗੋਂ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹੈ।

ਜਪੁਜੀ ਦੀ ਮਹੱਤਾ ਇਸ ਗੱਲ ਵਿਚ ਵੀ ਹੈ ਕਿ ਇਹ ਨਿਤਨੇਮ ਦੀ ਮੁੱਖ ਬਾਣੀ ਹੈ ਅਤੇ ਇਸ ਨੂੰ ਆਤਮਿਕ ਕਲਿਆਣ ਦਾ ਸਭ ਤੋਂ ਵੱਡਾ ਸਾਧਨ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਸਾਰੇ ਸਿਖ ਇਤਿਹਾਸ ਵਿਚ ਸਮਝਿਆ ਜਾਂਦਾ ਰਿਹਾ ਹੈ।

ਜਪੁਜੀ ਦੀ ਬੇਮਿਸਾਲ ਮਹੱਤਾ ਦਾ ਕਾਰਨ ਇਹ ਵੀ ਹੈ ਕਿ ਸਿੱਖੀ ਦਾ ਉਪਦੇਸ਼, ਇਸ ਵਿਚ ਨਾ ਕੇਵਲ ਪੂਰਨ ਰੂਪ ਵਿਚ ਅਤੇ ਹਰ ਪੱਖ ਤੋਂ ਅੰਕਿਤ ਕੀਤਾ ਗਿਆ ਹੈ, ਸਗੋਂ ਘੱਟ ਤੋਂ ਘੱਟ ਆਕਾਰ ਵਿਚ ਡੂੰਘੀ ਤੋਂ ਡੂੰਘੀ ਵਿਚਾਰਧਾਰਾ ਪ੍ਰਗਟ ਕਰ ਦਿਤੀ ਗਈ ਹੈ। ਗੱਲ ਕੀ, ਸਾਰੇ ਗੁਰੂ ਗ੍ਰੰਥ ਸਾਹਿਬ ਦਾ ਵਿਚਾਰ ਇਸ ਸੰਖੇਪ ਰਚਨਾ ਵਿਚ ਬੜੇ ਸੁੰਦਰ ਢੰਗ ਨਾਲ ਬਿਆਨ ਕਰ ਦਿਤਾ ਗਿਆ ਹੈ।

ਜਿਥੇ ਜਪੁਜੀ ਸਾਹਿਬ ਵਿਚ ਇਕ ਸਮੁੱਚੀ ਵਿਚਾਰਧਾਰਾ ਅਤੇ ਸਮੁੱਚਾ ਆਸ਼ਾ ਪ੍ਰਗਟ ਕੀਤਾ ਗਿਆ ਹੈ, ਉਥੇ ਹਰ ਪਉੜੀ ਆਪਣੇ ਆਪ ਵਿਚ ਇਕ ਪੂਰਨ ਵਿਚਾਰ ਤੇ ਰੂਪ ਵੀ ਰਖਦੀ ਹੈ। ਹਰ ਪਉੜੀ ਜਪੁਜੀ ਦੀ ਸਮੁੱਚੀ ਵਿਉਂਤ ਦਾ ਇਕ ਭਾਗ ਵੀ ਹੈ ਅਤੇ ਗੁਰਮਤ ਦੇ ਕਿਸੇ ਸਿਧਾਂਤ ਦਾ ਇਕ ਸੰਪੂਰਨ ਪ੍ਰਗਟਾ ਵੀ ਹੈ। ਹਰ ਪਉੜੀ ਦੀ ਪੂਰਨਤਾ ਇਸ ਆਸ਼ੇ ਤੋਂ ਵੀ ਹੈ ਕਿ ਜਦ ਬਹੁਤ ਸਾਰੇ ਜ਼ਰੂਰੀ ਵਿਸ਼ਿਆਂ ਨੂੰ ਇਕ ਸੰਖੇਪ ਰਚਨਾ ਵਿਚ ਇਕੱਠਿਆਂ ਕੀਤਾ ਜਾਏ ਤਾਂ ਹਰ ਵਿਸ਼ੇ ਨੂੰ ਇਕ ਸੰਪੂਰਨ ਰੂਪ ਵੀ ਦੇਣਾ ਪੈਂਦਾ ਹੈ ਤਾਂ ਜੋ ਹਰ ਵਿਚਾਰ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇ ਅਤੇ ਕੋਈ ਅੰਤਮ ਰੂਪ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਧਾਰਨ ਕਰ ਲੈਂਦੇ। ਇਹੀ ਕਾਰਨ ਹੈ ਕਿ ਜਪੁਜੀ ਦੀ ਵਿਆਖਿਆ ਵਜੋਂ ਅਨਗਿਣਤ ਟੀਕੇ ਲਿਖੇ ਗਏ ਹਨ ਅਤੇ ਲਿਖੇ ਜਾ ਰਹੇ ਹਨ।

## ਜਪੁਜੀ ਦਾ ਮੂਲ ਵਿਸ਼ਾ

ਜਪੁਜੀ ਦਾ ਵਿਸ਼ਾ ਮੁਢਲੇ ਤੌਰ ਤੇ ਰਹੱਸਵਾਦੀ[1] ਹੈ। ਇਹ ਇਕ ਅਗੰਮੀ ਰਹੱਸ-ਵਾਦੀ ਅਨੁਭਵ ਦਾ ਲਖਾਇਕ ਹੈ। ਇਸ ਨੂੰ ਫ਼ਿਲਾਸਫ਼ੀ ਦੇ ਪੱਧਰ ਤੇ ਵਿਚਾਰਨਾ ਠੀਕ ਨਹੀਂ। ਇਸ ਵਿਚ ਕੋਈ ਗੱਲ ਚਰਚਾ ਜਾਂ ਬਹਿਸ ਪੈਦਾ ਕਰਨ ਵਾਲੀ ਨਹੀਂ। ਸ਼ਾਸਤਰਾਰਥ ਰਹੱਸਵਾਦੀ ਗੁਰੂ ਸਾਹਿਬ ਦਾ ਆਸ਼ਾ ਨਹੀਂ ਸੀ। ਕੋਈ ਮਹਾਂਪੁਰਖ ਵਾਧੂ ਚਰਚਾ ਕਰਨ ਦੇ ਹੱਕ ਵਿਚ ਨਹੀਂ ਹੁੰਦਾ। ਇਸ ਲਈ ਜਪੁਜੀ ਵਿਚ ਵੀ ਕੋਈ ਕਿਸੇ ਪ੍ਰਕਾਰ ਦੀ ਧਾਰਮਿਕ ਚਰਚਾ ਨਹੀਂ ਮਿਲਦੀ ਤੇ ਨਾ ਹੀ ਹੋਰ ਧਰਮਾਂ ਦੀ ਕਿਸੇ ਤਰ੍ਹਾਂ ਨਿਖੇਧੀ ਕਰਨ ਦਾ ਆਸ਼ਾ ਹੈ।

ਗੁਰੂ ਨਾਨਕ ਸਾਹਿਬ ਨੇ ਹੋਰ ਧਰਮਾਂ ਦੇ ਕਿਸੇ ਵਿਚਾਰ ਜਾਂ ਸਿਧਾਂਤ ਨੂੰ ਆਪਣੇ ਨਿਜੀ ਅਨੁਭਵ ਦੇ ਪ੍ਰਗਟਾ ਲਈ, ਪ੍ਰਸੰਗ ਵਜੋਂ, ਅੰਕਿਤ ਕਰ ਦਿੱਤਾ ਹੈ। ਕਿਸੇ ਵੀ ਹੋਰ ਧਰਮਾਂ ਦੇ ਵਿਚਾਰਾਂ ਦਾ ਖੰਡਨ ਕਰਨ ਲਈ ਖੰਡਨ ਨਹੀਂ ਕੀਤਾ। ਗੁਰੂ ਸਾਹਿਬ ਦਾ ਆਸ਼ਾ ਕੇਵਲ ਧਰਮ-ਸਚਾਈ ਨੂੰ ਬਿਆਨ ਕਰਨ ਦਾ ਹੀ ਸੀ, ਜਿਸ ਵਿਚੋਂ ਮਨੁੱਖ-ਮਾਤ੍ਰ ਨੂੰ ਅਗਵਾਈ ਮਿਲ ਸਕੇ।

ਸੁਆਮੀ ਦਇਆ ਨੰਦ ਨੇ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ ਕਈ ਧਰਮਾਂ ਦੀ ਕਰੜੀ ਆਲੋਚਨਾ ਕੀਤੀ ਹੈ ਅਤੇ ਗੁਰੂ ਨਾਨਕ ਸਾਹਿਬ ਬਾਰੇ ਵੀ ਤਰਕ ਉਠਾਈ ਹੈ ਕਿ ਜਪੁਜੀ ਦੇ ਸ਼ੁਰੂ ਵਿਚ ਦਿਤੇ ਮੂਲ-ਮੰਤ੍ਰ ਵਿਚ ਆਇਆ ਸ਼ਬਦ 'ਨਿਰਭਉ' ਇਸ ਗੱਲ ਦਾ ਸਬੂਤ ਹੈ ਕਿ ਗੁਰੂ ਸਾਹਿਬ ਸੰਸਕ੍ਰਿਤ ਦੇ ਵਿਦਵਾਨ ਨਹੀਂ ਸਨ; ਨਹੀਂ ਤਾਂ ਉਹ 'ਨਿਰਭਉ' ਦੀ ਥਾਂ ਸ਼ਬਦ ਨਿਰਭੈ ਵਰਤਦੇ। ਅਜਿਹੀ ਤਰਕ ਗੁਰੂ ਨਾਨਕ ਸਾਹਿਬ ਦੇ ਆਪਣੇ ਆਸ਼ੇ ਅਤੇ ਰੁਚੀ ਦੇ ਵਿਰੁਧ ਹੈ। ਅਜਿਹੀ ਤਰਕ ਤੇ ਖੰਚਨ ਦੀ ਰੁਚੀ 'ਆਈ ਪੰਥੀ ਸਗਲ ਜਮਾਤੀ' ਦਾ ਵਿਚਾਰ ਰੱਖਣ ਵਾਲੇ ਅਤੇ ਹਿੰਦੂ-ਮੱਤ ਤੇ ਇਸਲਾਮ ਦੇ ਵਿਤਕਰਿਆਂ ਨੂੰ ਦੂਰ ਕਰਨ ਵਾਲੇ ਗੁਰੂ ਸਾਹਿਬ ਵਿਚ ਉੱਕਾ ਹੀ ਨਹੀਂ ਸੀ। ਉਹ ਅਮਨ ਤੇ ਸ਼ਾਂਤੀ, ਰਵਾਦਾਰੀ ਤੇ ਸਹਿਨਸ਼ੀਲਤਾ ਦੇ ਅਵਤਾਰ ਸਨ। ਉਂਜ ਵੀ ਸੁਆਮੀ ਜੀ ਦੀ ਤਰਕ ਜਚਦੀ ਨਹੀਂ, ਕਿਉਂਕਿ ਹੋਰ ਭਗਤਾਂ ਵਾਂਗ, ਗੁਰੂ ਜੀ ਵੀ ਜਾਣ ਬੁੱਝ ਕੇ ਸਰਲ ਤੇ ਸੌਖੀ ਸ਼ਬਦਾਵਲੀ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਵਿਚੋਂ ਲੈ ਕੇ ਵਰਤ ਰਹੇ ਸਨ ਅਤੇ ਇਸ ਗੱਲ ਵਿਚ ਸਦਾ ਲੋਕ-ਬੋਲੀ ਦੇ ਆਸ਼ੇ ਨੂੰ ਮੁੱਖ ਰੱਖਦੇ ਸਨ।

ਜਪੁਜੀ ਦਾ ਵਿਸ਼ਾ ਆਤਮਿਕ ਅਨੁਭਵ ਅਤੇ ਬ੍ਰਹਮ ਗਿਆਨ ਦਾ ਇਕ ਉੱਚਾ ਨਮੂਨਾ ਹੈ ਜਿਸ ਨੂੰ ਵਿਚਾਰਾਂ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਰਹੱਸਵਾਦੀ ਅਨੁਭਵ ਸੰਸਾਰ ਦਾ ਸਭ ਤੋਂ ਉੱਤਮ ਅਨੁਭਵ ਮੰਨਿਆ ਜਾਂਦਾ ਹੈ, ਕਿਉਂਕਿ ਇਸ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਬੰਧ ਸਿੱਧ ਰੂਪ ਵਿਚ ਪਰਮ-ਤੱਤ ਜਾਂ ਮੂਲ-ਤੱਤ ਨਾਲ ਹੁੰਦਾ ਹੈ, ਜਿਸ ਨੂੰ ਧਾਰਮਕ ਸ਼ਬਦਾਂ ਵਿਚ ਪਰਮ-ਸੱਤ (ਪਰਮ ਸੱਚ ਜਾਂ ਪਰਮ-ਸਚਾਈ) ਕਿਹਾ ਜਾਂਦਾ ਹੈ ਅਤੇ ਇਸ ਤੋਂ ਭਾਵ ਸੰਸਾਰ ਦਾ ਰਚਣਹਾਰ ਤੇ ਕਰਨ-ਕਾਰਨ ਪਰਮਾਤਮਾ (ਪ੍ਰਭੂ, ਬ੍ਰਹਮ, ਹਰਿ, ਰਾਮ, ਰੱਬ ਆਦਿ ਜਿਸ ਦੇ ਹੋਰ ਅਨੇਕ ਨਾਮ ਹਨ) ਲਿਆ ਜਾਂਦਾ ਹੈ । ਇਸੇ ਅਗੰਮ, ਅਗੋਚਰ ਤੇ ਅਕੱਥ ਮੂਲ-ਤੱਤ ਨੂੰ ਮਨੁੱਖੀ ਅਤੇ ਸਮਾਜਕ ਪੱਧਰ ਤੇ ਲਿਆ ਕੇ ਵਿਚਾਰ-ਗੋਚਰ ਤੇ ਸਮਝ-ਗੋਚਰ ਕੀਤਾ ਹੈ ।

ਸਪੱਸ਼ਟ ਹੈ ਕਿ ਜਿਥੇ ਗੁਰੂ ਨਾਨਕ ਸਾਹਿਬ ਇਕ ਮਹਾਨ ਅਨੁਭਵੀ ਪੁਰਸ਼ ਸਨ, ਉਥੇ ਇਕ ਮਹਾਨ ਵਿਚਾਰਵਾਨ ਵੀ ਸਨ । ਉਹਨਾਂ ਦੀ ਸ਼ਖ਼ਸੀਅਤ ਵਿਚ ਅਨੁਭਵ ਤੇ ਵਿਚਾਰ ਦੋਹਾਂ ਦਾ ਇਕ ਅਜਿਹਾ ਉੱਚਾ ਸੰਤੁਲਨ ਮਿਲਦਾ ਹੈ ਜੋ ਸੰਸਾਰ ਦੇ ਇਤਿਹਾਸ ਵਿਚ ਹੋਰ ਬਹੁਤ ਘੱਟ ਵਿਅਕਤੀਆਂ ਵਿਚ ਨਜ਼ਰ ਆਉਂਦਾ ਹੈ । ਇਸ ਲਈ ਜਪੁਜੀ ਨੂੰ ਰਹੱਸਵਾਦੀ ਅਤੇ ਵਿਚਾਰਾਤਮਕ ਦੁਹਾਂ ਪੱਖਾਂ ਤੋਂ ਵਿਚਾਰਨਾ ਜ਼ਰੂਰੀ ਹੈ ।

ਜਪੁਜੀ ਦੇ ਵਿਸ਼ੇ ਦੀ ਵਿਆਖਿਆ ਬੇਅੰਤ ਅਤੇ ਅਮੁੱਕ ਹੈ । ਜਨਮ-ਸਾਖੀਆਂ ਤੋਂ ਸ਼ੁਰੂ ਕਰ ਕੇ ਹੁਣ ਤਕ ਕਾਫ਼ੀ ਗ੍ਰੰਥ ਇਸ ਦੀ ਵਿਆਖਿਆ ਨਾਲ ਭਰੇ ਪਏ ਹਨ । ਇਸ ਲਈ ਸੰਖੇਪਤਾ ਦੇ ਖ਼ਿਆਲ ਤੋਂ ਅਸੀਂ ਆਪਣੇ ਵਿਚਾਰਾਂ ਨੂੰ ਕੁਝ ਇਕ ਜ਼ਰੂਰੀ ਪੱਖਾਂ ਤਕ ਹੀ ਸੀਮਿਤ ਕਰਦੇ ਹਾਂ । ਇਹ ਕਿਹਾ ਜਾ ਸਕਦਾ ਹੈ ਕਿ ਸਾਧਾਰਨ ਤੋਂ ਸਾਧਾਰਨ ਮਨੁੱਖ ਲਈ ਵੀ ਉੱਚੇ ਤੋਂ ਉੱਚੇ ਰਹੱਸਵਾਦੀ ਲਈ ਵੀ ਜਪੁਜੀ ਸਾਹਿਬ ਵਿਚ ਪੂਰਨ ਆਤਮਿਕ ਉਪਦੇਸ਼ ਮਿਲਦਾ ਹੈ ।

ਸਮਾਜ ਵਿਚ ਹਰ ਪੱਧਰ ਦੇ ਮਨੁੱਖ ਹੁੰਦੇ ਹਨ । ਧਾਰਮਿਕ ਉਪਦੇਸ਼ ਕਿਸੇ ਇਕ ਮਨੁੱਖ ਸ਼੍ਰੇਣੀ ਲਈ ਹੀ ਨਹੀਂ ਹੁੰਦਾ, ਸਗੋਂ ਹਰ ਸ਼੍ਰੇਣੀ, ਹਰ ਦੇਸ਼, ਹਰ ਕੌਮ ਲਈ ਹੁੰਦਾ ਹੈ । ਮਨੁੱਖੀ ਮਨੋਵਿਗਿਆਨ ਦੇ ਵੀ ਕਈ ਪੱਖ ਹਨ ਕਿਸੇ ਮਨੁੱਖ ਵਿਚ ਵਿਚਾਰਾਂ ਦੀ ਪ੍ਰਧਾਨਤਾ ਹੈ, ਕਿਸੇ ਵਿਚ ਭਾਵਾਂ ਦੀ, ਕਿਸੇ ਵਿਚ ਕਾਰਜ ਦੀ । ਗੁਰੂ ਨਾਨਕ ਸਾਹਿਬ ਨੇ ਵੀ ਇਹਨਾਂ ਪੱਖਾਂ ਨੂੰ ਆਪਣੇ ਧਾਰਮਿਕ ਉਪਦੇਸ਼ ਵਿਚ ਮੁੱਖ ਰਖਿਆ ਹੈ । ਉਦਾਹਰਨ ਵਜੋਂ ਆਮ ਲੋਕਾਂ ਲਈ ਉਪਦੇਸ਼ ਬਹੁਤ ਸਪੱਸ਼ਟ ਤੇ ਸੁਖੈਨ ਹੈ । ਉਸ ਵਿਚ ਕੋਈ ਗੁੰਝਲ, ਰਹੱਸ ਜਾਂ ਰਮਜ਼ ਨਹੀਂ ਰੱਖੀ ਗਈ । ਹੇਠ ਲਿਖੀਆਂ ਤੁਕਾਂ ਦਾ ਭਾਵ ਹਰ ਕੋਈ ਸਹਿਜੇ ਹੀ ਗ੍ਰਹਿਣ ਕਰ ਸਕਦਾ ਹੈ :

(ੳ) ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖ ਪਰਹਰਿ ਸੁਖੁ ਘਰਿ ਲੈ ਜਾਇ ॥

(ਪਉੜੀ 5)

(ਅ) ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥

(ਪਉੜੀ 20)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੲ) ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

(ਪਉੜੀ 2)

(ਸ) ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥

(ਪਉੜੀ 31)

ਬੌਧਿਕ ਰੁਚੀ ਵਾਲੇ, ਵਿਗਸਤ ਸ਼ਖਸੀਅਤ ਵਾਲੇ ਜਾਂ ਅਧਿਆਤਮਕ ਅਨੁਭਵ ਵਾਲੇ ਜਗਿਆਸੂ ਲਈ ਗੁਰੂ ਸਾਹਿਬ ਦਾ ਉਪਦੇਸ਼ ਵਿਚਾਰਾਤਮਕ ਤੇ ਰਹੱਸਵਾਦੀ ਹੋ ਜਾਂਦਾ ਹੈ। ਉਦਾਹਰਨ ਵਜੋਂ ਪਹਿਲੀ ਪਉੜੀ ਆਪਣੇ ਆਪ ਵਿਚ ਇਕ ਉੱਚੀ ਵਿਚਾਰਧਾਰਾ ਦੀ ਲਖਾਇਕ ਹੈ। ਇਸ ਦੇ ਅੰਤ ਵਿਚ ਇਕ ਬੜਾ ਜ਼ਰੂਰੀ ਪ੍ਰਸ਼ਨ ਉਠਾਇਆ ਹੈ, ਜਿਸ ਦਾ ਉੱਤਰ ਸਮਝ ਲੈਣ ਨਾਲ ਜਪੁਜੀ ਦਾ ਮੂਲ ਉਦੇਸ਼ ਸਮਝ ਆ ਜਾਂਦਾ ਹੈ। ਸੋਲ੍ਹਵੀਂ ਪਉੜੀ ਵਿਚ ਵੀ ਹਿੰਦੂ ਧਰਮ ਦੇ ਇਕ ਪੁਰਾਣੇ ਵਿਚਾਰ ਨੂੰ ਪ੍ਰਸੰਗ ਬਣਾ ਕੇ 'ਧਰਮ' ਅਤੇ ਉਸ ਨਾਲ ਸੰਬੰਧਤ ਗੁਣਾਂ ਦੀ ਅਸਲੀਅਤ ਪ੍ਰਗਟ ਕਰ ਦਿਤੀ ਹੈ। ਇਸੇ ਤਰ੍ਹਾਂ ਹੋਰ ਕਈ ਪਉੜੀਆਂ ਵਿਚ ਪਰਮਾਤਮਾਂ ਦੀ ਅਨੰਤ ਰਚਨਾ ਤੇ ਲੀਲ੍ਹਾ ਦਾ ਵਿਚਾਰ ਬੜੇ ਜੋਰਦਾਰ ਢੰਗ ਨਾਲ ਪੇਸ਼ ਕੀਤਾ ਹੈ ਤਾਂ ਜੁ ਅਸੀਂ ਇਸ ਸਿੱਟੇ ਤੇ ਪੁੱਜ ਸਕੀਏ :

ਜੇ ਕੋ ਕਹੈ ਕਰੈ ਵਿਚਾਰੁ ॥
ਕਰਤ ਕੈ ਕਰਣੈ ਨਾਹੀ ਸੁਮਾਰੁ ॥

(ਪਉੜੀ 16)

ਜਾਂ ਇਸ ਹੇਠ ਲਿਖੇ ਜ਼ਰੂਰੀ ਨਿਰਨੇ ਨੂੰ ਗ੍ਰਹਿਣ ਕਰ ਸਕੀਏ, ਜੋ ਅਸਲ ਵਿਚ ਭਗਤੀ ਤੇ ਉਪਾਸ਼ਨਾ ਦਾ ਇਕ ਵੱਡਾ ਰੂਪ ਹੈ, ਅਰਥਾਤ :

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥

('ਅਸੰਖ' ਦੀਆਂ ਪਉੜੀਆਂ)

ਜਪੁਜੀ ਦਾ ਰਹੱਸਵਾਦੀ[2] ਅਨੁਭਵ ਅੰਤਲੀਆਂ ਪਉੜੀਆਂ ਵਿਚ ਖਾਸ ਕਰ ਕੇ ਪ੍ਰਗਟ ਕੀਤਾ ਗਿਆ ਹੈ। ਉਂਜ ਤਾਂ ਸਾਰੀ ਰਚਨਾ ਹੀ ਰਹੱਸਵਾਦੀ ਆਸ਼ੇ ਦੀ ਹੈ ਤੇ ਵਿਚਾਰ ਕੇਵਲ ਰਹੱਸਵਾਦੀ ਅਨੁਭਵ ਨੂੰ ਪ੍ਰਗਟ ਕਰਨ ਦਾ ਸਾਧਨ ਹੀ ਹਨ, ਫਿਰ ਵੀ 'ਅਮੁੱਲ' ਅਤੇ 'ਸੋਦਰ' ਦੀਆਂ ਪਉੜੀਆਂ 'ਵਿਸਮਾਦ' ਦਾ ਇਕ ਅਦੁੱਤੀ ਪ੍ਰਗਟਾ ਹਨ; ਜੋ ਇਕ ਜ਼ਰੂਰੀ ਰਹੱਸਵਾਦੀ ਅਵਸਥਾ ਹੈ। ਪੰਜ ਖੰਡਾਂ ਦਾ ਵਰਣਨ ਤਾਂ ਨਿਰੋਲ ਰਹੱਸ-ਵਾਦੀ ਅਨੁਭਵ ਦਾ ਇਕ ਅਤਿ ਸੂਖਮ ਚਮਤਕਾਰ ਹੈ, ਜਿਸ ਦੀ ਮਿਸਾਲ ਰਹੱਸਵਾਦੀ ਸਾਹਿੱਤ ਵਿਚ ਵੀ ਘੱਟ ਮਿਲਦੀ ਹੈ। ਅੰਤਲੀ 38ਵੀਂ ਪਉੜੀ 'ਜਤੁ ਪਹਾਰਾ' ਵਾਲੀ ਜੋ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਰਚਨਾ ਦੇ ਵਿਸ਼ੇ ਦੀ ਸਮਾਪਤੀ ਜਾਂ ਸਿਖਰ ਹੈ, ਆਪਣੇ ਆਪ ਵਿਚ, ਸਭ ਤੋਂ ਵੱਡੇ ਰਵੱਸਵਾਦੀ ਸਿਧਾਂਤ ਨਦਰ, ਕਰਮ, ਬਖ਼ਸ਼ਿਸ਼ ( Grace ) ਨੂੰ ਪ੍ਰਗਟ ਕਰਦੀ ਹੈ।

ਡਾ. ਰਤਨ ਸਿੰਘ ਜੱਗੀ ਨੇ ਆਪਣੀ ਪੁਸਤਕ 'ਵਿਚਾਰਧਾਰਾ' ਦੇ ਲੇਖ 'ਜਪੁਜੀ ਦਾ ਸਾਹਿੱਤਕ ਮੁਲਾਂਕਣ' (ਪੰਨਾ 50–52) ਵਿਚ ਜਪੁਜੀ ਦੀਆਂ ਪਉੜੀਆਂ ਤੇ ਸ਼ਲੋਕਾਂ ਨੂੰ ਦਸ ਚੌਕੜੀਆਂ ਵਿਚ ਵੰਡ ਦਿਤਾ ਹੈ, ਚਾਰ ਚਾਰ ਪਉੜੀਆਂ ਦਾ ਇਕ ਜੁੱਟ ਬਣਾ ਕਰਕੇ। ਇਹ ਉਸ ਦਾ ਇਕ ਮੌਲਿਕ ਵਿਚਾਰ ਹੈ ਜੋ ਕਿਸੇ ਹੱਦ ਤਕ ਸ਼ੁੱਧ ਵੀ ਹੈ, ਕਿਉਂਕਿ ਜਪੁਜੀ ਵਿਚ ਚਾਰ ਚਾਰ ਪਉੜੀਆਂ ਦੇ ਕਈ ਜੁੱਟ ਮਿਲਦੇ ਹਨ; ਜਿਵੇਂ 'ਸੁਣਿਐ ਦੀਆਂ 4 ਪਉੜੀਆਂ, 'ਮੰਨੈ' ਦੀਆਂ ਚਾਰ ਪਉੜੀਆਂ, 'ਅਸੰਖ' ਦੀਆਂ 4 ਪਉੜੀਆਂ ਅਤੇ 'ਆਦੇਸੁ' ਦੀਆਂ 4 ਪਉੜੀਆਂ। ਪਰੰਤੂ ਇਸ ਪਰਕਾਰ ਦੀ ਇਕਸਾਰ ਵਿਓਂਤਬੰਦੀ, ਪ੍ਰਬੰਧ–ਕਾਵਿ ਜਾਂ ਰੂਪਕ ਨਿਪੁਣਤਾ ਦੇ ਆਸ਼ੇ ਤੋਂ ਵਿਚਾਰਨੀ ਭਾਵੇਂ ਲਾਭਦਾਇਕ ਹੋਵੇ, ਵਿਸ਼ੇ ਦੇ ਪੱਖ ਤੋਂ ਬਹੁਤੀ ਸਾਰਥਕ ਨਹੀਂ।

ਅਸਲ ਵਿਚ ਗੁਰੂ ਸਾਹਿਬ ਦੇ ਅਗੰਮੀ ਵਿਸ਼ੇ ਕਿਸੇ ਹੱਦ-ਬੰਦੀ ਵਿਚ ਆਉਣ ਵਾਲੇ ਨਹੀਂ। ਇਹਨਾਂ ਵਿਚ ਕੋਈ ਰਹੱਸਵਾਦੀ ਆਸ਼ੇ ਦਾ ਕਰਮ ਅਤੇ ਵਿਓਂਤ ਪਰਤੀਤ ਹੁੰਦੀ ਹੈ। ਕਈ ਪਉੜੀਆਂ ਵਿਚ ਇਕ ਤੋਂ ਵੱਧ ਵਿਚਾਰ ਹਨ ਅਤੇ ਇਕ ਵਿਚਾਰ ਅਚਨਚੇਤ ਪਉੜੀ ਦੇ ਵਿਚਕਾਰ ਹੀ ਬਦਲ ਜਾਂਦਾ ਹੈ, ਜਿਵੇਂ 'ਪੰਚ ਪਰਵਾਣ' ਵਾਲੀ ਪਉੜੀ ਵਿਚ 'ਪੰਚ' ਦੀ ਉੱਚੀ ਗਤੀ ਦਸਦੇ ਹੋਏ ਚਾਰ ਤੁਕਾਂ ਤੋਂ ਬਾਅਦ ਇਕ ਅਸਲੋਂ ਵੱਖਰਾ ਵਿਚਾਰ ਸ਼ੁਰੂ ਕਰ ਦਿਤਾ ਹੈ, ਜਿਸ ਵਿਚ ਧਰਮ ਦੀ ਅਸਲੀਅਤ ਦਸਣ ਲਈ, 'ਧੌਲ' ਨੂੰ ਸੰਸਾਰ ਦਾ ਸਹਾਰਾ ਮੰਨਣ ਵਾਲਾ ਮਿਥਿਹਾਸਕ ਵਿਚਾਰ ਰੱਦ ਕੀਤਾ ਹੈ। ਇਸੇ ਪਉੜੀ ਵਿਚ ਤੀਜਾ ਇਕ ਹੋਰ ਮੋੜ ਹੈ, ਜਿਸ ਵਿਚ ਪ੍ਰਭੂ–ਰਚਨਾ ਦੀ ਅਨੰਤ ਲੀਲ੍ਹਾ ਤੇ ਸੰਸਾਰ ਰਚਨਾ ਦਾ ਕਾਰਨ ਦੱਸਣ ਵਾਲਾ ਵੱਡਾ ਵਿਸ਼ਾ ਬਿਆਨ ਕਰ ਦਿਤਾ ਹੈ। ਇਸੇ ਤਰ੍ਹਾਂ 21ਵੀਂ ਪਉੜੀ ਵਿਚ ਤੀਰਥ, ਤਪ, ਦਇਆ, ਦਤ, ਦਾਨ ਆਦਿ ਧਾਰਮਿਕ ਕਰਮਾਂ ਦੀ ਥਾਂ ਕਿਸੇ ਅੰਦਰਲੇ ਨਾਮ-ਰੂਪੀ ਤੀਰਥ ਵਿਚ ਇਸ਼ਨਾਨ ਕਰਨ ਅਤੇ ਪਰਮਾਤਮਾ ਤੋਂ ਹੀ ਸਾਰੇ ਸਦਾਚਾਰਕ ਗੁਣ ਗ੍ਰਹਿਣ ਕਰਨ ਦਾ ਰਹੱਸ ਦਸਦੇ ਹੋਏ ਇਕਦਮ ਗੁਰੂ ਜੀ ਇਕ ਅਸਲੋਂ ਨਵਾਂ ਤੇ ਵੱਖਰਾ ਵਿਚਾਰ ਅਰੰਭ ਕਰ ਦੇਂਦੇ ਹਨ, ਜਿਸ ਵਿਚ 'ਸੰਸਾਰ ਕਦੋਂ ਰਚਿਆ ਗਿਆ ?' ਦਾ ਨਿਰਨਾ ਕਰਦੇ ਹਨ ਅਤੇ ਪਉੜੀ ਦੇ ਅੰਤ ਵਿਚ ਮਨੁੱਖ ਦਾ ਪ੍ਰਭੂ ਦੇ ਗੁੱਝੇ ਭੇਦਾਂ ਨੂੰ ਜਾਨਣ ਤੋਂ ਅਸਮਰੱਥ ਹੋਣਾ ਦੱਸ ਕੇ ਵੱਡੇ ਸਾਹਿਬ ਦੇ ਵੱਡੇ ਨਾਮ ਦੀ ਵੱਡੀ ਵਡਿਆਈ ਉਤੇ ਜ਼ੋਰ ਦਿੱਤਾ ਹੈ। 'ਸੋਦਰ' ਵਾਲੀ ਪਉੜੀ ਦੇ ਵੀ ਦੋ ਭਾਗ ਹਨ। ਇਸ ਤਰ੍ਹਾਂ ਹੋਰ ਕਈ ਪਉੜੀਆਂ ਵਿਚ ਇਕ ਤੋਂ ਵਧ ਵਿਸ਼ੇ ਲਏ ਗਏ ਹਨ।

ਸਮੁੱਚੇ ਤੌਰ ਤੇ ਜਪੁਜੀ ਦੇ ਵਿਸ਼ੇ ਦੀ ਉਸਾਰੀ ਕਿਸੇ ਉੱਚੇ ਰਹੱਸਵਾਦੀ ਪੱਧਰ ਤੇ ਕੀਤੀ ਗਈ ਹੈ, ਜਿਸ ਨੂੰ ਕੇਵਲ ਸਹਿਜ ਅਨੁਭਵ ਦੀ ਅਵਸਥਾ ਵਿਚ ਹੀ ਪ੍ਰਤੀਤ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਜਾ ਸਕਦਾ ਹੈ। ਬੁਧੀ ਦੇ ਕਰਤੱਵ ਨਾਲ ਇਸ ਨੂੰ ਜਾਣਿਆਂ ਤੇ ਬਿਆਨਿਆ ਨਹੀਂ ਜਾ ਸਕਦਾ।

ਮੂਲ ਰੂਪ ਵਿਚ, ਜਪੁਜੀ ਦਾ ਵਿਸ਼ਾ ਇਹ ਹੈ ਕਿ ਮਨੁੱਖ ਕਿਵੇਂ 'ਸਚਿਆਰਾ' ਹੋ ਸਕਦਾ ਹੈ, ਅਰਥਾਤ ਕਿਵੇਂ ਸੱਚ ਦਾ ਧਾਰਨੀ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿਚ, ਮਨੁੱਖ ਆਪਣੇ ਆਤਮਿਕ ਸੋਮੇਂ ਪਰਮਾਤਮਾ ਨਾਲ, ਜਿਸ ਤੋਂ ਉਹ ਮਨੁੱਖੀ ਜਨਮ ਧਾਰ ਕੇ ਵਿਛੜਿਆ ਹੋਇਆ ਹੈ, ਕਿਵੇਂ ਜੁੜ ਸਕਦਾ ਹੈ ਜਾਂ ਇਕਮਿਕ ਹੋ ਸਕਦਾ ਹੈ? ਇਹ ਜ਼ਰੂਰੀ ਪ੍ਰਸ਼ਨ ਪਹਿਲੀ ਪਉੜੀ ਵਿਚ ਹੀ ਬੜੇ ਭਾਵਪੂਰਤ ਤੇ ਨਿਆਇਸ਼ੀਲ ਢੰਗ ਨਾਲ ਉਠਾਇਆ ਗਿਆ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

ਇਹ ਜਪੁਜੀ ਦਾ ਮੂਲ ਆਸ਼ਾ ਹੈ। ਇਸ ਮਨੁੱਖੀ ਜੀਵਨ ਦੇ ਮੁੱਖ ਆਸ਼ੇ ਦੀ ਪ੍ਰਾਪਤੀ ਲਈ ਜਪੁਜੀ ਵਿਚ ਜ਼ਰੂਰੀ ਸਾਧਨ ਵੀ ਦੱਸੇ ਗਏ ਹਨ। ਇਹ ਸਾਧਨ ਹੀ ਗੁਰਮਤ ਦਾ ਮੂਲ ਉਪਦੇਸ਼ ਹਨ। ਪਹਿਲਾਂ ਆਸ਼ਾ ਤੇ ਫਿਰ ਉਪਦੇਸ਼। ਤੀਜਾ ਅੰਸ਼ ਪ੍ਰਾਪਤੀ ਦਾ ਹੈ, ਜੋ ਰਹੱਸਵਾਦੀ ਹੈ। ਪਰਮਾਤਮਾ ਨਾਲ ਇਕਮਿਕ ਹੋਏ ਪਰਮ ਮਨੁੱਖਾਂ (ਜਿੰਨ੍ਹਾਂ ਦੇ ਭਗਤ, ਪੰਚ ਪਰਵਾਨ, ਜੋਧ ਮਹਾ ਬਲ ਸੂਰ ਆਦਿ ਸੰਕੇਤਾਂ ਰਾਹੀਂ ਦਰਸਾਇਆ ਹੈ) ਦਾ ਸਰੂਪ ਵੀ ਪਰਗਟ ਕਰ ਦਿਤਾ ਹੈ।

## ਵਿਸ਼ੇ ਦੇ ਮੁੱਖ ਅੰਗ

ਜਪੁਜੀ ਦੇ ਵਿਸ਼ੇ ਨੂੰ ਛੇ ਮੁੱਖ ਅੰਗਾਂ ਵਿਚ ਵੰਡਿਆ ਜਾ ਸਕਦਾ ਹੈ, ਜੋ ਇਸ ਪ੍ਰਕਾਰ ਹਨ :

1. ਪਰਮਾਤਮਾ ਦਾ ਸਰੂਪ।
2. ਮਨੁੱਖੀ ਆਤਮਾ ਦਾ ਕਰਤੱਵ।
3. ਕਰਤੱਵ ਦੀ ਪੂਰਤੀ ਦੇ ਸਾਧਨ।
4. ਪਰਮਾਤਮਾ ਦੀ ਅਨੰਤਤਾ ਦਾ ਅਨੁਭਵ।
5. ਪੁੱਗੇ ਹੋਏ ਮਨੁੱਖਾਂ ਦੀ ਆਤਮਕ ਅਵਸਥਾ।
6. ਆਤਮਿਕ ਮੰਡਲਾਂ ਦਾ ਵਰਣਨ (ਪੰਜ ਖੰਡ)।

ਵਿਸ਼ੇ ਦੇ ਇਹਨਾਂ ਮੁੱਖ ਅੰਗਾਂ ਦੀ ਵਿਚਾਰ ਕ੍ਰਮਵਾਰ ਹੇਠਾਂ ਦਿਤੀ ਜਾਦੀ ਹੈ :

## 1. ਪਰਮਾਤਮਾ ਦਾ ਸਰੂਪ

ਜਪੁਜੀ ਦਾ ਅਰੰਭ ਪਰਮਾਤਮਾ ਦਾ ਸਰੂਪ ਨਿਸਚਿਤ ਕਰਨ ਤੋਂ ਕੀਤਾ ਗਿਆ ਹੈ। '੧ੳ' ਤੋਂ ਲੈ ਕੇ 'ਗੁਰਪ੍ਰਸਾਦਿ' ਤਕ ਮੂਲ-ਮੰਤ੍ਰ ਰੂਪ ਵਿਚ ਇਕ ਸੂਤ੍ਰ ਰਾਹੀਂ ਇਹ ਦਸਿਆ ਗਿਆ ਹੈ ਕਿ ਪਰਮਾਤਮਾ ਕੀ ਹੈ? ਉਸ ਦਾ ਸਰੂਪ ਕੀ ਹੈ? ਉਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੱਸ ਕੀ ਹੈ ? ਇਸ ਸੂਤ੍ਰ ਦੀ ਵਿਆਖਿਆ ਤਾਂ ਅਮੁੱਕ ਹੈ ਪਰ ਸਾਮੁੱਚੇ ਤੌਰ ਤੇ ਪਰਮਾਤਮਾ ਨੂੰ 'ਨਿਰੋਲ ਇਕ' (ਜਿਸ ਵਿਚ ਦੂਈ ਜਾਂ ਦਵੈਤ ਦਾ ਉੱਕਾ ਹੀ ਅੰਸ਼ ਨਹੀਂ, ਸਿਵਾਇ ਇਸ ਦੇ ਕਿ ਉਹ ਆਪਣੀ ਲੀਲ੍ਹਾ ਰਚ ਕੇ ਦੂਈ ਦਾ ਪ੍ਰਭਾਵ ਜਾਂ ਭ੍ਰਾਂਤੀ ਰਚਾ ਦੇਂਦਾ ਹੈ ਪਰ ਫਿਰ ਵੀ ਇੱਕ ਹੀ ਰਹਿੰਦਾ ਹੈ); ਸਾਰੇ ਬ੍ਰਹਿਮੰਡਾਂ ਵਿਚ ਜੋਤ ਰੂਪ ਹੋ ਕੇ ਰਮਿਆ ਹੋਇਆ, ਰਦਣਹਾਰ, ਅਬਿਨਾਸ਼ੀ, ਅਮਰ, ਭੈ ਅਤੇ ਵੈਰ ਤੋਂ ਉੱਚਾ, ਆਪਣੇ ਅਸਲੀ ਰੂਪ ਵਿਚ ਸਤਿਪੁਰਖ ਜੋ 'ਆਦਿ ਅਨੀਲ ਅਨਾਦਿ ਅਨਾਹਿਤ' ਹੈ, ਜੋ ਆਪਣੇ ਆਪ ਤੋਂ ਹੋਇਆ ਹੈ, ਸਭ ਕੁਝ ਆਪ ਹੀ ਹੈ, ਜੋ ਕਰਤਾ, ਭਰਤਾ ਤੇ ਹਰਤਾ ਹੈ, ਉਸ ਤੋਂ ਬਾਹਰ ਤੇ ਵੱਖ ਕੁਝ ਵੀ ਨਹੀਂ ਹੋ ਸਕਦਾ, ਅਤੇ ਗੁਰੂ ਦੀ ਕਿਰਪਾ ਨਾਲ ਹੀ ਜਾਣਿਆ ਜਾ ਸਕਦਾ ਹੈ।

ਇਹ ਮੂਲ-ਮੰਤ੍ਰ ਮੰਗਲਾਚਰਨ ਵਜੋਂ ਜਪੁਜੀ ਦੇ ਆਦਿ ਵਿਚ ਦਿੱਤਾ ਗਿਆ ਹੈ ਤੇ ਇਸ ਤੋਂ ਬਾਅਦ ਜਪੁਜੀ ਦਾ ਸਿਰਲੇਖ ਹੈ, ਜਿਸ ਤੋਂ ਇਸ ਮਹਾਨ ਰਚਨਾ ਦਾ ਅਰੰਭ ਹੁੰਦਾ ਹੈ। ਗੁਰੂ ਸਾਹਿਬ ਨੇ ਪਹਿਲੀ ਪਉੜੀ ਸ਼ੁਰੂ ਕਰਨ ਤੋਂ ਪਹਿਲਾਂ ਇਕ ਸ਼ਲੋਕ ਰਚ ਕੇ ਪਰਮਾਤਮਾ ਦੀ ਉਸਤਤ ਵਜੋਂ ਇਕ ਹੋਰ ਮੰਗਲਾਚਰਨ ਵਧਾ ਦਿੱਤਾ ਹੈ, ਜਿਸ ਦਾ ਭਾਵ ਜਪੁਜੀ ਦੇ ਮੂਲ ਵਿਸ਼ੇ ਨਾਲ ਬਹੁਤ ਨੇੜੇ ਦਾ ਸੰਬੰਧ ਰੱਖਦਾ ਹੈ। ਉਹ ਇਹ ਕਿ ਪਰਮਾਤਮਾ ਇਕ ਅਜਿਹਾ ਸੱਚ ਜਾਂ ਸਚਾਈ ਹੈ (ਪਰਮ-ਸੱਤਾ) ਜੋ ਆਦਿ ਵਿਚ ਸੀ, ਜੁਗਾਂ ਦੇ ਆਦਿ ਵਿਚ ਵੀ ਸੀ, ਹੁਣ ਵੀ ਹੈ ਤੇ ਸਦਾ ਕਾਇਮ ਰਹੇਗੀ। ਇਸੇ ਸਚਾਈ ਨੂੰ ਜਗਿਆਸੂ ਨੇ ਗ੍ਰਹਿਣ ਕਰਨਾ ਹੈ ਅਤੇ 'ਸਚਿਆਰਾ' ਹੋਣਾ ਹੈ। ਮਨੁੱਖੀ ਪੱਧਰ ਤੇ ਸੋਚਿਆਂ ਇਹੋ ਸਚਾਈ ਪਰਮਾਤਮਾ ਦਾ ਸਾਰਥਕ ਸਰੂਪ ਹੈ। ਸਾਰੇ ਰਹੱਸਵਾਦੀਆਂ ਨੇ ਸਚਾਈ ਨੂੰ ਹੀ ਹੀ ਪਰਮਾਤਮਾ ਦਾ ਸ਼ੁਧ ਸਰੂਪ ਮੰਨਿਆ ਹੈ।

## 2. ਆਤਮਾ ਦਾ ਕਰਤੱਵ

ਮਨੁੱਖੀ ਆਤਮਾ, ਵੱਡੀ ਆਤਮਾ ਤਥਾ ਪਰਮ-ਆਤਮਾ ਦਾ ਹੀ ਇਕ ਅੰਸ਼ਰੂਪ ਪਰ ਕਿਣਕਾ-ਮਾਤ੍ਰ ਪ੍ਰਗਟਾ ਹੈ। ਆਤਮਾ ਅਸਲ ਵਿਚ ਸ਼ੁੱਧ ਤੇ ਨਿਰਮਲ ਸਚਾਈ ਹੈ ਪਰ ਆਵਾਗੌਣ ਵਿਚ ਫਸ ਕੇ ਇਹ ਮਲੀਨ ਹੋ ਜਾਂਦੀ ਹੈ। ਇਸ ਨਾਲ ਪਾਪਾਂ ਦੇ ਸੰਸਕਾਰ ਸ਼ਾਮਲ ਹੋ ਜਾਂਦੇ ਹਨ ਅਤੇ ਆਪਣੇ ਅਸਲੇ ਪਰਮਤੱਤ ਤੋਂ ਦੂਰ ਹੋ ਕੇ ਇਸ ਦੀ ਸ਼ੁੱਧ ਸ੍ਵੈ-ਚੇਤਨਾ ਭੰਗ ਹੋ ਜਾਂਦੀ ਹੈ ਤੇ ਇਹ ਆਪਣੇ ਆਪ ਨੂੰ ਮਾਇਆ ਰੂਪ ਕਰਮਾਂ ਵਿਚ ਗ੍ਰਸਤ ਕਰ ਦੇਂਦੀ ਹੈ। ਇਹ ਇਸ ਦੀ ਦੁੱਖ-ਗ੍ਰਸਤ ਅਵਸਥਾ ਹੈ। 'ਸੱਚ' ਦੀ ਥਾਂ ਇਸ ਦਾ ਲੱਛਣ 'ਕੂੜ' ਦਾ ਹੋ ਜਾਂਦਾ ਹੈ। ਗੁਰੂ ਸਾਹਿਬ ਦਾ ਆਸ਼ਾ ਮਨੁੱਖੀ ਆਤਮਾ ਨੂੰ ਫਿਰ ਸੁਰਜੀਤ ਤੇ ਸ਼ੁਧ ਕਰਨਾ, ਅਸਲੇ ਨਾਲ ਜੋੜਨਾ ਅਤੇ ਇਸ ਤਰ੍ਹਾਂ ਸ਼ੁਧ-ਅਵਸਥਾ ਦਾ ਧਾਰਨੀ ਕਰ ਦੇਣਾ ਹੈ :

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (ਪਉੜੀ 5)

CC-0. In Public Domain. Gurukul Kangri Collection, Haridwar

Digitized By Arya Samaj Foundation Chennai and eGangotri
ਪਹਿਲੀ ਪਉੜੀ ਵਿਚ ਹੀ ਗੁਰੂ ਸਾਹਿਬ ਨੇ ਆਤਮਾ ਦਾ ਕਰਤੱਵ ਨਿਸਚਿਤ ਕਰ ਦਿੱਤਾ ਹੈ। ਆਤਮਾ ਨੂੰ ਕਿਸ ਗੱਲ ਦੀ ਲੋੜ ਹੈ ? ਅਤੇ ਕਿਉਂ ਉਹ ਆਪਣੇ ਆਸ਼ੇ ਵਿਚ ਸਫ਼ਲ ਨਹੀਂ ਹੋ ਰਹੀ ? ਆਤਮਾ ਦੀ ਲੋੜ ਸਚਿਆਰੇ ਬਣਨ ਦੀ ਹੈ ਅਤੇ ਕੂੜ ਦੀ ਦੀਵਾਰ ਤੋੜਨ ਦੀ। ਸਫਲ ਉਹ ਇਸ ਲਈ ਨਹੀਂ ਹੋ ਰਹੀ ਕਿ ਅਸ਼ੁੱਧ ਧਾਰਮਿਕ ਸਾਧਨਾਂ ਤੋਂ ਕੰਮ ਲੈ ਰਹੀ ਹੈ। ਪਹਿਲਾਂ ਗੁਰੂ ਸਾਹਿਬ ਨੇ ਉਹ ਦੂਸ਼ਿਤ ਸਾਧਨ ਰੱਦ ਕੀਤੇ ਹਨ, ਫਿਰ ਆਪਣੇ ਵਲੋਂ ਇਕ ਮਹਾਨ ਸਾਧਨ ਦੱਸਿਆ ਹੈ। ਰੱਦ ਕੀਤੇ ਹੋਏ ਸਾਧਨ ਇਹ ਹਨ :—

(ੳ) ਤੀਰਥਾਂ ਦੇ ਇਸ਼ਨਾਨ ਤੇ ਸਰੀਰਕ ਸੁੱਚ ਦਾ ਹਰ ਵੇਲੇ ਧਿਆਨ ਰੱਖਣਾ।

ਇਹ ਸਾਧਨ ਕਿਸੇ ਹੱਦ ਤਕ ਸਾਰਥਕ ਹੋਵੇਗਾ ਪਰ ਇਸ ਨੂੰ ਇਕੋ ਇਕ ਸਾਧਨ ਸਮਝ ਲੈਣਾ ਬਹੁਤ ਵੱਡਾ ਭੁਲੇਖਾ ਹੈ। ਮਨ ਦੀ ਮੈਲ ਸਰੀਰ ਨੂੰ ਹਰ ਵੇਲੇ ਤੇ ਲੱਖਾਂ ਵਾਰ ਧੋਣ ਨਾਲ ਦੂਰ ਨਹੀਂ ਹੁੰਦੀ। ਇਹ ਕੇਵਲ ਨਾਮ ਜਪਣ ਨਾਲ ਹੀ ਦੂਰ ਹੁੰਦੀ ਹੈ :

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥

(ਪਉੜੀ 20)

ਸਗੋਂ ਬਹੁਤ ਸੁੱਚ ਕਰਨ ਨਾਲ ਮਨੁੱਖ ਨੂੰ ਇਕ ਵਹਿਮ ਜਿਹਾ ਹੋ ਜਾਂਦਾ ਹੈ ਤੇ ਉਹ ਏਸੇ ਖਲਜਗਣ ਵਿਚ ਹੀ ਪਿਆ ਰਹਿੰਦਾ ਹੈ। ਸੁੱਚੇ ਇਕ ਸਾਧਾਰਨ (normal) ਪੱਧਰ ਤੇ ਹੀ ਹੋਣੀ ਚਾਹੀਦੀ ਹੈ।

(ਅ) ਮਨ-ਧਾਰੀ ਤੇ ਧਿਆਨ-ਧਾਰੀ ਹੋਣਾ।

ਇਹ ਸਾਧਨ ਵੀ ਬਹੁਤਾ ਉਪਯੋਗੀ ਨਹੀਂ। ਚੁੱਪ ਹੋਣ ਨਾਲ ਮਨ ਸ਼ਾਂਤ ਨਹੀਂ ਹੁੰਦਾ। ਇਸ ਵਿਚ ਵਿਸ਼ੇ-ਵਿਕਾਰਾਂ ਦੇ ਪੁਰਾਣੇ ਤੇ ਨਵੇਂ ਸੰਸਕਾਰ ਹਲਚਲ ਮਚਾਈ ਰੱਖਦੇ ਹਨ। ਏਸੇ ਤਰ੍ਹਾਂ ਯੋਗੀਆਂ ਵਾਲਾ ਧਿਆਨ ਵੀ ਬਹੁਤ ਹੱਦ ਤਕ ਬਗਲ ਸਮਾਧ ਹੀ ਹੁੰਦਾ ਹੈ। ਪਰਮਾਤਮਾ ਵਿਚ ਧਿਆਨ ਕੇਵਲ ਨਾਮ ਬਾਣੀ ਸੁਣਨ ਨਾਲ ਹੀ ਜੁੜ ਸਕਦਾ ਹੈ ਤੇ ਇਸ ਤਰ੍ਹਾਂ ਮਨ ਸ਼ਾਂਤ ਹੋ ਜਾਂਦਾ ਹੈ :

ਸੁਣਿਐ ਪੜਿ ਪੜਿ ਪਾਵਹਿ ਮਾਨੁ ॥
ਸੁਣਿਐ ਲਾਗੈ ਸਹਿਜ ਧਿਆਨੁ ॥

(ਪਉੜੀ 10)

(ੲ) ਵਰਤ ਰੱਜ਼ੇ ਰੱਖਣ ਨਾਲ ਮਨ ਦੀ ਤ੍ਰਿਸ਼ਨਾ ਨੂੰ ਮਾਰਨਾ।

ਇਹ ਵੀ ਫੋਕਟ ਕਰਮ ਹੈ। ਮਨ ਦੀ ਭੁੱਖ ਹੋਰ ਪੱਧਰ ਦੀ ਹੈ, ਸਰੀਰ ਦੀ ਭੁੱਖ ਹੋਰ ਆਸੇ ਦੀ। ਬਹੁਤੇ ਪਦਾਰਥ ਇਕੱਠੇ ਕਰਨ ਨਾਲ ਜਿਸ ਤਰ੍ਹਾਂ ਭੁੱਖ ਨਹੀਂ ਮਰਦੀ ਸਗੋਂ ਵਧਦੀ ਹੈ, ਇਸੇ ਤਰ੍ਹਾਂ ਭੁੱਖੇ ਰਹਿਣ ਨਾਲ ਵੀ ਤ੍ਰਿਸ਼ਨਾ ਵਧਦੀ ਹੈ ਘਟਦੀ ਨਹੀਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖਾਣ ਪੀਣ ਨੂੰ ਗੁਰੂ ਜੀ ਨੇ ਪਵਿਤਰ ਆਖ ਕੇ ਇਸ ਨੂੰ ਇਕ ਸਾਧਾਰਨ ਕਿਰਿਆ ਵਜੋਂ ਵਰਤੋਂ ਵਿਚ ਲਿਆਉਣ ਦਾ ਉਪਦੇਸ਼ ਕੀਤਾ ਹੈ।

(ਸ) ਡੂੰਘੀ ਸੋਚ, ਸਿਆਣਪ ਤੇ ਜੀਵਨ ਤਜਰਬਾ ਵੀ ਆਤਮਿਕ ਪੱਧਰ ਤੇ ਨਿਰਾਰਥਕ ਹਨ। ਸਗੋਂ ਬਹੁਤਾ ਸਿਆਣਾ ਮਨੁੱਖ ਆਪਣੇ ਚੌਗਿਰਦੇ ਵਿਚ ਗ੍ਰਸਤ ਹੋ ਕੇ ਤੇ ਮਾਨ-ਧਾਰੀ ਹੋ ਕੇ, ਆਤਮਕ ਕਰਤੱਵ ਵਲੋਂ ਅਵੇਸਲਾ ਹੋ ਜਾਂਦਾ ਹੈ। ਇਸ ਤਰ੍ਹਾਂ ਉਸ ਨੂੰ ਮੌਤ ਹੋਰ ਮਨੁੱਖਾਂ ਨਾਲੋਂ ਵਧੇਰੇ ਭੈ-ਭੀਤ ਕਰਦੀ ਹੈ, ਕਿਉਂਕਿ ਉਸ ਦੀ ਸੂਝ ਬਹੁਤ ਤੀਖਣ ਹੁੰਦੀ ਹੈ ਭਾਵੇਂ ਇਸ ਦੀ ਵਰਤੋਂ ਗ਼ਲਤ ਕਰਦਾ ਹੈ।

ਗੁਰੂ ਸਾਹਿਬ ਨੇ ਜੋ ਵੱਡਾ ਸਾਧਨ ਦੱਸਿਆ ਹੈ ਉਹ ਰੱਬ ਦੇ ਹੁਕਮ ਤੇ ਰਜ਼ਾ ਵਿਚ ਚਲਣ ਦਾ ਹੈ। ਹੁਕਮ ਰਜ਼ਾ ਵਿਚ ਚਲਣ ਲਈ ਅਵੱਸ਼ ਹਉਮੈ ਨੂੰ ਛੱਡਣਾ ਪੈਂਦਾ ਹੈ। ਦੂਜੇ ਦਾ ਹੁਕਮ ਤਾਂ ਹੀ ਮੰਨਿਆ ਜਾਂਦਾ ਹੈ ਜੇ ਸ੍ਵੈ-ਮਾਨ ਛੱਡ ਦਿੱਤਾ ਜਾਵੇ। ਇਸ ਲਈ ਸਭ ਤੋਂ ਜ਼ਰੂਰੀ ਗੱਲ ਹਉਮੈ ਦਾ ਤਿਆਗ ਹੈ। ਗੁਰੂ ਸਾਹਿਬ ਨੇ ਜੋ ਸਾਧਨ ਆਤਮਿਕ ਕਰਤੱਵ ਲਈ ਦਸੇ ਹਨ, ਉਹਨਾਂ ਦਾ ਮੂਲ ਆਸ਼ਾ ਹਉਮੈ ਦੀ ਨਵਿਰਤੀ ਹੀ ਹੈ।

## 3. ਕਰਤੱਵ ਦੀ ਪੂਰਤੀ ਦੇ ਸਾਧਨ

ਸਾਧਾਰਨ ਮਨੁੱਖ ਨੂੰ ਬੜੇ ਸੌਖੇ ਤੇ ਸਪੱਸ਼ਟ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਆਤਮਿਕ ਸਫਲਤਾ ਦੇ ਜੋ ਸਾਧਨ ਜਪੁਜੀ ਵਿਚ ਪ੍ਰਗਟਾਏ ਹਨ, ਇਸ ਪਰਕਾਰ ਹਨ :—

(ੳ) ਨਾਮ ਜਪਣਾ

ਮਨ ਵਿਚ ਮੈਲ ਭਰ ਜਾਏ ਜੋ ਮਨੁੱਖ ਦਾ ਸਭ ਤੋਂ ਵੱਡਾ ਰੋਗ ਹੈ, ਤਾਂ ਇਸ ਦਾ ਦਾਰੂ-ਰੂਪ ਸਭ ਤੋਂ ਵੱਡਾ ਸਾਧਨ ਨਾਮ ਹੀ ਹੈ। ਜਿਵੇਂ ਸਾਬਨ ਵਰਤ ਕੇ ਕਪੜਾ ਸਾਫ਼ ਕਰ ਲਈਦਾ ਹੈ, ਤਿਵੇਂ ਮਨ ਦੀ ਮੈਲ ਨਾਮ ਜਪਦੇ ਰਹਿਣ ਨਾਲ ਦੂਰ ਹੋ ਜਾਂਦੀ ਹੈ।

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥

(ਪਉੜੀ 20)

ਚੌਥੀ ਪਉੜੀ ਵਿਚ ਵੀ ਨਾਮ ਜਪਣ ਤੇ ਵਿਚਾਰਨ ਦਾ ਉਪਦੇਸ਼ ਦਿੱਤਾ ਹੈ :

ਅੰਮ੍ਰਿਤ ਵੇਲਾ ਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

(ਪਉੜੀ 4)


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਦੀਵੀ ਸਿਮਰਨ ਦੀ ਅਥਾਹ ਪ੍ਰੇਰਨਾ ਹੇਠਲੀਆਂ ਤੁਕਾਂ ਵਿਚ ਹੈ :

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥

(ਪਉੜੀ 6)

ਨਾਮ ਜਪਣਾ ਅਸਲ ਵਿਚ ਰੱਬ ਦੀ ਸਿਫਤ ਸਲਾਹ ਹੀ ਹੈ : ਉਸ ਦੀ ਵਡਿਆਈ ਬਾਰੇ ਵਿਚਾਰ ਕਰਨਾ, ਉਸ ਨੂੰ ਹਰ ਵੇਲੇ ਯਾਦ ਕਰਨਾ, ਉਸ ਦੀ ਕਿਰਪਾ ਦੀ ਦਾਤ ਮੰਗਦੇ ਰਹਿਣਾ। ਨਾਮ ਆਪਣੇ ਯਤਨ ਨਾਲ ਜਪਿਆ ਨਹੀਂ ਜਾ ਸਕਦਾ। ਇਹ ਇਕ ਰੱਬੀ ਦਾਤ ਹੈ, ਜਿਸ ਦੀ ਪ੍ਰਾਪਤੀ ਲਈ ਅਰਦਾਸ ਕਰਨਾ ਸਿੱਖ ਲਈ ਉਚਿਤ ਹੈ : ਹੇ ਗੁਰੂ ਸਾਨੂੰ ਇਕ ਸੂਝ ਦੇਹ ਕਿ ਅਸੀਂ ਦਾਤੇ ਪ੍ਰਭੂ ਨੂੰ ਕਦੀ ਨਾ ਭੁਲੀਏ !

(ਅ) ਬਾਣੀ ਗਾਉਣਾ ਤੇ ਸੁਣਨਾ

ਤੀਜੀ ਪਉੜੀ ਵਿਚ ਬਾਣੀ ਗਾਉਣ ਦੀ ਉਸਤਤ ਵਧ ਤੋਂ ਵਧ ਕੀਤੀ ਹੈ। ਇਸੇ ਰਹੱਸ ਨੂੰ 27ਵੀਂ 'ਸੋਦਰ' ਵਾਲੀ ਪਉੜੀ ਵਿਚ ਅੰਕਿਤ ਕੀਤਾ ਹੈ। ਪੰਜਵੀਂ ਪਉੜੀ ਵਿਚ ਵੀ ਇਹੋ ਉਪਦੇਸ਼ ਹੈ :

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

(ਪਾਉੜੀ, 5)

'ਸੁਣਿਐ' ਵਾਲੀਆਂ ਚਾਰ ਪਉੜੀਆਂ ਦਾ ਮੁੱਖ ਆਸ਼ਾ ਵੀ ਗੁਰਬਾਣੀ ਤੇ ਨਾਮ ਸੁਣਨ ਦੀ ਮਹਿਮਾ ਪੂਰਨ ਭਾਂਤ ਦੱਸਣ ਦਾ ਹੈ।

(ੲ) ਮੰਨਣ ਦੀ ਅਵਸਥਾ

ਇਹ ਅਵਸਥਾ ਪਕੇਰੀ ਤੇ ਸਥਾਈ ਅਵਸਥਾ ਹੈ। ਸਚਾਈ ਦੀ ਪੂਰਨ ਗ੍ਰਹਿਣਤਾ ਅਤੇ ਦ੍ਰਿੜ੍ਹਤਾ ਕੇਵਲ ਮੰਨਣ ਵਿਚ ਹੀ ਹੈ, ਕਿਉਂਕਿ ਕਈ ਵਾਰੀ ਪੜ੍ਹਨ ਸੁਣਨ ਨਾਲ ਵੀ ਮਨ ਭਿਜਦਾ ਨਹੀਂ। ਧਰਮ ਦਾ ਓਪਰਾ ਪ੍ਰਭਾਵ, ਜਿਸ ਨੂੰ ਕਰਮ-ਕਾਂਡ ਕਹਿੰਦੇ ਹਨ, ਗੁਰਮਤ ਵਿਚ ਸਾਰਥਕ ਨਹੀਂ। ਲੋੜ ਨਾਮ ਬਾਣੀ ਦੇ ਮਨ ਵਿਚ ਵਸਾਣ ਦੀ ਹੈ। ਇਹ ਕਿਰਿਆ ਰਹੱਸਵਾਦੀ ਹੋ ਨਿਬੜਦੀ ਹੈ। ਬਹੁਤੇ ਧਾਰਮਿਕ ਲੋਕ ਭੇਖੀ ਹੁੰਦੇ ਹਨ। ਆਤਮਿਕ ਪੱਧਰ ਤੇ ਜਗਿਆਸੂ ਹੋਣਾ ਬਹੁਤ ਵਿਰਲਾ ਹੈ।

ਮੰਨਣ ਦੀ ਅਵਸਥਾ ਮਨੁੱਖ ਨੂੰ ਹੌਲੀ ਹੌਲੀ ਹੁਕਮ ਤੇ ਭਾਣਾ ਮੰਨਣ ਤਕ ਲੈ ਜਾਂਦੀ ਹੈ, ਜੋ ਸਿੱਖ ਦੀ ਸਭ ਤੋਂ ਉਚੇਰੀ ਅਵਸਥਾ ਹੈ। ਗੁਰੂ ਸਾਹਿਬ ਨੇ 'ਪੰਚ ਪਰਵਾਣ' ਉਸ ਮਨੁੱਖ ਨੂੰ ਕਿਹਾ ਹੈ ਜਿਸ ਦਾ ਮਨ ਇਕਾਗਰ ਹੋ ਗਿਆ ਹੋਵੇ, ਨਾਮ ਵਿਚ ਲੀਨ ਹੋ ਗਿਆ ਇਸ ਕਰਕੇ ਫਰਮਾਇਆ ਹੈ :


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥

(ਪਉੜੀ 12)

'ਪੰਚ' ਸ਼ਬਦ ਦਾ ਅਸਲ ਭਾਵ ਇਹ ਜਾਪਦਾ ਹੈ—ਉਹ ਮਨੁੱਖ ਜਿਸ ਦੇ ਪੰਜ ਇੰਦਰੇ ਸੰਜੁਗਤ ਤੇ ਇਕਸੁਰ ਹੋ ਗਏ ਹੋਣ, ਪੰਜੇ ਮੂਲ ਤੱਤ ਇਕੋ ਆਸ਼ੇ ਵਿਚ ਸੰਮਿਲਤ ਹੋ ਗਏ ਹੋਣ। ਤੱਤਾਂ ਜਾਂ ਇੰਦਰਿਆਂ ਦਾ ਪਰਸਪਰ ਵਿਖਾਦ ਮੁੱਕ ਜਾਣ ਨਾਲ ਹੀ ਮਨੁੱਖ ਆਤਮਿਕ ਵਿਕਾਸ ਪ੍ਰਾਪਤ ਕਰ ਸਕਦਾ ਹੈ। ਅਜਿਹੇ ਪੁੱਗੇ ਹੋਏ ਮਨੁੱਖ ਨੂੰ ਹੀ 'ਪੰਚ' ਕਹਿੰਦੇ ਹਨ।

(ਸ) ਸਦਾਚਾਰ ਦੀ ਲੋੜ

ਜਦ ਤਕ ਮਨ ਵੱਸ ਵਿਚ ਨਾ ਆਵੇ, ਕੋਈ ਵੀ ਧਾਰਮਿਕ ਕਿਰਿਆ ਸਾਰਥਕ ਨਹੀਂ ਹੁੰਦੀ। ਬਾਹਰ ਤੇ ਅੰਦਰ ਦਾ ਭੇਦ ਮਿਟਾ ਦੇਣਾ ਜਗਿਆਸੂ ਦਾ ਪਹਿਲਾ ਕੰਮ ਹੈ, ਜੋ ਮਨ ਦੀ ਭਾਵਨਾ ਹੈ ਉਹੀ ਬਾਹਰ ਦੀ ਕਿਰਿਆ ਵਿਚੋਂ ਪ੍ਰਗਟ ਹੋਵੇ। ਕਈ ਧਰਮਾਂ ਵਿਚ ਕੇਵਲ ਬਾਹਰਲੀ ਧਾਰਮਿਕ ਰਹੁ-ਰੀਤ ਨੂੰ ਹੀ ਕਾਫ਼ੀ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਮਨ ਦੀ ਮੈਲ ਦੂਰ ਨਹੀਂ ਹੁੰਦੀ ਅਤੇ ਅਖੌਤੀ ਧਾਰਮਿਕ ਮਨੁੱਖ ਵਿਚ ਦਵੰਦ, ਦੁਬਿਧਾ ਤੇ ਦੰਭ ਦਾ ਅੰਸ਼ ਪੈਦਾ ਹੋ ਜਾਂਦਾ ਹੈ।

ਧਰਮ ਵਿਚ ਸਦਾਚਾਰ ਦੀ ਮੁਢਲੀ ਆਵੱਸ਼ਕਤਾ ਹੈ। ਜਿਸ ਧਰਮ ਦੀ ਨੀਂਹ ਸਦਾਚਾਰ ਤੇ ਨਹੀਂ ਰੱਖੀ ਗਈ ਉਹ ਅਧਰਮ ਹੈ। ਅਜੋਕੇ ਸਮੇਂ ਵਿਚ ਵੀ ਕਈ ਧਰਮ-ਸੰਪਰਦਾਇ ਵਾਮ-ਮਾਰਗੀ ਜਾਂ ਭ੍ਰਸ਼ਟਾਚਾਰੀ ਆਸ਼ੇ ਦੇ ਹਨ। ਉਹਨਾਂ ਨੇ ਸਗੋਂ ਧਰਮ ਦਾ ਨਾਂ ਬਦਨਾਮ ਕਰ ਦਿੱਤਾ ਹੈ।

ਜਪੁਜੀ ਵਿਚ ਸਾਫ਼ ਨਿਰਨਾ ਇਸ ਗੱਲ ਦਾ ਹੈ ਕਿ ਸਦਾਚਾਰ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ।

ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥

(ਪਉੜੀ 21)

16ਵੀਂ ਪਉੜੀ ਵਿਚ ਮਾਨੋ ਸਦਾਚਾਰ ਦੀ ਸਥਾਪਨਾ ਕੀਤੀ ਹੈ। ਸਭ ਤੋਂ ਪ੍ਰਥਮ ਗੁਣ ਦਇਆ, ਦੂਜਾ ਧਰਮ ਜਾਂ ਨਿਆਂ ਅਤੇ ਤੀਜਾ ਸੰਤੋਖ।

ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

(ਪਉੜੀ 16)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

28ਵੀਂ 'ਮੁੰਦਾ ਸੰਤੋਖੁ' ਵਾਲੀ ਪਉੜੀ ਵਿਚ ਮਨ ਨੂੰ ਜਿੱਤਣ ਦਾ ਸਦਾਚਾਰਕ ਢੰਗ ਅੰਕਿਤ ਕੀਤਾ ਹੈ। ਅਤੇ ਉਹੀ ਵਡੇ ਗੁਣ ਆਤਮਿਕ ਉੱਨਤੀ ਲਈ ਜ਼ਰੂਰੀ ਕਰਾਰ ਦਿਤੇ ਹਨ ਅਰਥਾਤ ਸੰਤੋਖ, ਸਰਮ ਪੱਤ (ਜਤ ਸਤ), ਧਿਆਨ (ਸਿਮਰਨ ਦੀ ਕਿਰਿਆ), ਇੰਦ੍ਰਿਆਂ ਦਾ ਵਸੀਕਰਨ, ਪ੍ਰਤੀਤ (ਵਿਸ਼ਵਾਸ) ਅਤੇ ਸਭ ਦਾ ਭਲਾ ਮੰਗਣਾ। ਇਸ ਤਰ੍ਹਾਂ ਮਨ ਜਿਤਿਆ ਜਾਂਦਾ ਹੈ। ਪਉੜੀ ਵਿਚ ਸਮੁੱਚਾ ਰੂਪਕ ਯੋਗ-ਮੱਤ ਦੀ ਧਾਰਮਿਕ ਕਿਰਿਆ ਦਾ ਹੈ।

ਏਸੇ ਤਰ੍ਹਾਂ ਅਖ਼ੀਰਲੀ 38ਵੀਂ ਪਉੜੀ ਵਿਚ ਸਦਾਚਾਰਕ ਗੁਣਾਂ ਉਤੇ ਜ਼ੋਰ ਦਿੱਤਾ ਹੈ ਅਤੇ ਸਭ ਤੋਂ ਵੱਡੀ ਪ੍ਰਾਪਤੀ 'ਸੱਚੀ ਬਾਣੀ' (ਟਕਸਾਲੀ ਬਾਣੀ) ਰਚ ਸਕਣ ਦੀ ਯੋਗਤਾ ਦੀ ਸੂਚਕ ਹੈ। ਇਸ ਵਿਚ ਜਤੁ, ਧੀਰਜ, ਗਿਆਨ, ਭੈ, ਤਪ-ਸਾਧਨਾ ਅਤੇ ਪ੍ਰੇਮ ਨੂੰ ਵਡੇ ਮਨੁੱਖੀ ਗੁਣ ਦੱਸਿਆ ਹੈ।

ਅਖ਼ੀਰਲੇ ਸ਼ਲੋਕ (ਜੋ ਅੰਤ-ਬਚਨੀ-Epilogue-ਵਜੋਂ ਹੈ) ਵਿਚ ਵੀ ਧਰਮ-ਰਾਜ ਦੇ ਚੰਗੇ ਤੇ ਮਾੜੇ ਗੁਣਾਂ ਨੂੰ ਦੇਖਦੇ ਰਹਿਣ ਦੀ ਚਿਤਾਵਨੀ ਕੀਤੀ ਹੈ। ਇਹਨਾਂ ਦੇ ਆਧਾਰ ਤੇ ਹੀ ਮਰਨ ਉਪਰੰਤ ਮਨੁੱਖ ਦੀ ਗਤੀ ਨਿਸਚਿਤ ਹੁੰਦੀ ਹੈ। ਇਹ ਅੰਤਲਾ ਨਿਰਨਾ ਗੁਰੂ ਸਾਹਿਬ ਨੇ 34ਵੀਂ ਪਉੜੀ ਵਿਚ ਵੀ ਕੀਤਾ ਹੈ :

ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥

(ਪਉੜੀ 34)

## 4. ਪਰਮਾਤਮਾ ਦੀ ਅਨੰਤਤਾ ਦਾ ਅਨੁਭਵ

ਡਾ. ਜੱਗੀ ਨੇ ਆਪਣੇ ਉਪਰੋਕਤ ਲੇਖ (ਵਿਚਾਰਧਾਰਾ, ਜਪੁਜੀ ਦਾ ਸਾਹਿਤਕ ਮੁਲਾਂਕਣ) ਵਿਚ ਪਰਮਾਤਮਾ ਦੀ ਅਨੰਤਤਾ ਦਾ ਉਲੇਖ ਤਾਂ ਕੀਤਾ ਹੈ ਪਰੰਤੂ ਇਹ ਨਹੀਂ ਦੱਸਿਆ ਕਿ ਗੁਰੂ ਜੀ ਨੇ ਪ੍ਰਭੂ ਦੀ ਅਨੰਤਤਾ ਨੂੰ ਏਨੇ ਵਿਸਥਾਰ ਨਾਲ ਕਿਉਂ ਵਰਣਨ ਕੀਤਾ ਹੈ ? ਅਤੇ ਦੂਜਾ, ਇਸ ਵਿਚਾਰ ਨੂੰ 'ਸਿਫ਼ਤ ਸਲਾਹ ਜਾਂ ਪਰਮਾਤਮਾ ਦੀ 'ਵਡਿਆਈ-ਵੀਚਾਰ' ਨਾਲ ਕਿਉਂ ਜੋੜਿਆ ਹੈ ?

ਮੇਰਾ ਵਿਚਾਰ ਇਹ ਹੈ ਕਿ ਜਪੁਜੀ ਸਾਹਿਬ ਦਾ ਮੁੱਖ ਵਿਸ਼ਾ ਪਰਮਾਤਮਾਂ ਦੀ ਅਨੰਨਤਾ ਦਾ ਡੂੰਘਾ ਅਨੁਭਵ ਕਰਕੇ ਵਿਸਮਾਦ-ਉਨਮਾਦਿਤ ਹੋ ਜਾਣਾ ਤੇ 'ਸਿਫ਼ਤ ਸਲਾਹ' ਵਿਚ ਲੀਨ ਹੋ ਜਾਣਾ ਹੈ। ਇਸ ਤੋਂ ਵੱਡੀ ਕੋਈ ਭਗਤੀ ਨਹੀਂ ਹੋ ਸਕਦੀ। ਇਸ ਤੋਂ ਵੱਡਾ ਕੋਈ ਨਾਮ ਜਪਣ ਦਾ ਸਾਧਨ ਨਹੀਂ ਹੋ ਸਕਦਾ। ਜਪੁਜੀ ਦਾ ਮੂਲ ਵਿਸ਼ਾ ਇਹੋ ਹੈ ਕਿ ਮਨੁੱਖ ਅਨੰਤ ਪ੍ਰਭੂ ਦੇ ਧਿਆਨ ਵਿਚ ਏਨਾ ਮਗਨ ਹੋ ਜਾਏ ਕਿ ਹੋਰ ਸਭ ਕੁਝ ਭੁੱਲ ਜਾਏ। ਇਹ ਤਾਂ ਹੀ ਹੋ ਸਕਦਾ ਹੈ ਜੇ ਉਹ ਰੱਬ ਦੀ ਲੀਲ੍ਹਾ ਦਾ ਠੀਕ ਠੀਕ ਅਨੁਭਵ ਕਰੇ। ਗੁਰੂ ਜੀ ਨੇ ਇਸ ਮਹਾਨ ਅਨੁਭਵ ਦੀ ਛੋਹ ਸਾਨੂੰ ਦਿਤੀ ਹੈ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਅਨੰਤਤਾ ਦਾ ਲਕਸ਼ ਇਸ ਪਰਕਾਰ ਹੈ : ਪਰਮਾਤਮਾ ਮਨੁੱਖੀ ਇੰਦ੍ਰਿਆਂ ਦੇ ਅਨੁਭਵ ਤੋਂ ਪਰੇ ਹੈ : ਇਸ ਲਈ ਉਸ ਦੇ ਸਾਹਮਣੇ ਸਿਰ ਝੁਕਾਣਾ ਹੀ ਸੋਭਦਾ ਹੈ। ਉਸ ਦੇ ਕੀਤੇ ਨੂੰ ਜਾਨਣ ਦਾ ਯਤਨ ਕਰਨਾ ਜਾਂ ਉਸ ਬਾਰੇ ਕੁਝ ਕਹਿਣਾ ਗੁਸਤਾਖ਼ੀ ਹੈ। ਇਹ ਗੱਲ ਗੁਰੂ ਜੀ ਨੇ ਬਾਰ ਬਾਰ ਆਖੀ ਹੈ, ਜਿਵੇਂ :

ਜੇ ਕੋ ਅਖੈ ਬੋਲੁ ਵਿਗਾੜੁ ॥
ਤਾ ਲਿਖੀਐ ਸਿਰਿ ਗਾਵਾਰਾ ਗਾਵਾਰੂ ॥

(ਪਉੜੀ 26)

... ... ...

ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹਿ ਖਾਇ ॥

(ਪਉੜੀ 25)

ਜਪੁਜੀ ਸਾਹਿਬ ਦੇ ਮੱਧ ਦੀਆਂ ਬਾਰਾਂ ਪਉੜੀਆਂ ਨਿਰੋਲ ਪਰਮਾਤਮਾ ਦੀ ਅਨੰਤਤਾ ਨੂੰ ਬੜੇ ਵੱਡੇ ਆਕਾਰ ਅਤੇ ਰਹੱਸਵਾਦੀ ਅਨੁਭਵ ਦੇ ਫਲ-ਸਰੂਪ ਪ੍ਰਗਟ ਕਰਨ ਵਾਲੀਆਂ ਹਨ (ਸੋਲ੍ਹਵੀਂ ਤੋਂ ਲੈ ਕੇ ਸਤਾਈਵੀਂ ਪਉੜੀ ਤੱਕ)। ਜਪੁਜੀ ਦਾ ਲਗ ਪਗ ਅੱਧਾ ਭਾਗ ਏਸੇ ਵਿਸ਼ੇ ਦਾ ਪਰਗਟਾ ਹੈ। ਉਪਰੋਕਤ 12 ਤੋਂ ਛੁੱਟ ਹੋਰ ਪਉੜੀਆਂ ਵਿਚ ਵੀ ਪਰਮਾਤਮਾ ਦੀ ਉਸਤਤ ਦਾ ਢੰਗ, ਉਸ ਦੀ ਅਨੰਤਤਾ ਦੇ ਅਨੁਭਵ ਅਤੇ ਮਨੁੱਖ ਦੀ ਅਸਮਰਥਾ ਦੇ ਅਨੁਭਵ ਉਤੇ ਨਿਰਭਰ ਹੈ। ਖ਼ਾਸ ਕਰਕੇ ਅਖੀਰਲੀਆਂ ਪੰਜ ਖੰਡਾਂ ਦੀਆਂ ਪਉੜੀਆਂ ਵੀ ਰਹੱਸਵਾਦੀ ਲੀਲ੍ਹਾ, ਜਿਸ ਨੂੰ ਕੇਵਲ ਉਹ ਆਪ ਹੀ ਜਾਣਦਾ ਹੈ, ਦਾ ਇਕ ਪ੍ਰਤੀਕ-ਮਈ ਪ੍ਰਗਟਾਅ ਹਨ। ਗੁਰੂ ਜੀ ਕੁਝ ਥੋੜ੍ਹਾ ਜਿਹਾ ਉਲੇਖ ਕਰਨ ਤੋਂ ਬਾਅਦ ਝੱਟ ਇਹ ਸੂਚਨਾ ਕਰ ਦੇਂਦੇ ਹਨ ਕਿ ਕੁਝ ਵੀ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਕਹਿਣਾ ਉਚਿਤ ਹੈ। ਦੂਜੀ ਤੇ ਸਤਵੀਂ ਪਉੜੀ ਦਾ ਭਾਵ ਵੀ ਪਰਮਾਤਮਾ ਦੇ ਅਪਾਰ ਹੁਕਮ ਨੂੰ ਦਰਸਾਣਾ ਹੈ। ਇਹ ਵੀ ਉਸ ਦੀ ਅਨੰਤਤਾ ਹੈ।

ਜਪੁਜੀ ਦੇ ਵਿਸ਼ੇ ਦਾ ਉਲੇਖ ਜਾਂ ਵਿਸ਼ਲੇਸ਼ਨ ਕਦਾਚਿਤ ਪ੍ਰਭੂ-ਅਨੰਤਤਾ ਦਾ ਠੀਕ ਰਹੱਸ ਖੋਲ੍ਹ ਕੇ ਬਿਆਨ ਕੀਤੇ ਬਗੈਰ ਨਹੀਂ ਹੋ ਸਕਦਾ। ਇਸ ਅਨੰਤਤਾ ਦੇ ਅਨੁਭਵ ਵਿਚੋਂ ਜੋ ਮਹਾਨ ਸਿੱਟਾ ਜਾਂ ਨਿਰਨਾ ਕੱਢਿਆ ਹੈ, ਉਹ ਨਾਮ-ਸਿਮਰਨ ਦਾ ਹੀ ਇਕ ਉੱਚਤਮ ਸਰੂਪ ਤੇ ਸਾਧਨ ਹੋ ਨਿਬੜਦਾ ਹੈ, ਅਰਥਾਤ :

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੇ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਪ੍ਰਾਰਥਨਾ-ਰੂਪ ਤੁਕਾਂ ਸ਼ਾਇਦ ਜਪੁਜੀ ਦੀਆਂ ਸਭ ਤੋਂ ਮਹਾਨ ਤੁਕਾਂ ਹਨ । ਪ੍ਰਭੂ-ਪ੍ਰਾਪਤੀ ਦਾ ਸਭ ਤੋਂ ਸਫ਼ਲ ਸਾਧਨ ਇਨ੍ਹਾਂ ਵਿਚ ਹੀ ਲੁਕਿਆ ਪ੍ਰਤੀਤ ਹੁੰਦਾ ਹੈ । ਪ੍ਰਭੂ ਦੀ ਬਖ਼ਸ਼ਿਸ਼ ਦੀ ਦਾਤ ਓਸੇ ਨੂੰ ਮਿਲਦੀ ਹੈ ਜੋ ਉਸ ਦੀ ਅਨੰਤਤਾ ਦੀ ਸਿਫ਼ਤ-ਸਲਾਹ ਕਰਦਾ ਹੈ ।

ਵਡਾ ਸਾਹਿਬੁ ਊਚਾ ਥਾਉ ॥
ਊਚੈ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥

(ਪਉੜੀ 24)

## 5. ਪੁੱਗੇ ਹੋਏ ਮਨੁੱਖਾਂ ਦੀ ਅਵਸਥਾ

ਨਾਮ ਬਾਣੀ ਦਾ ਰਹੱਸ ਜਗਿਆਸੂ ਨੂੰ ਗੁਰੂ ਜਾਂ ਭਗਤ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ । ਇਹ ਰਹੱਸ ਸਤਿਸੰਗ ਜਾਂ ਸੰਗਤ ਦਾ ਲਖਾਇਕ ਹੈ । ਗੁਰੂ ਤੇ ਭਗਤ ਪਾਸੋਂ ਹੀ ਆਤਮਿਕ ਛੋਹ, ਮਨੁੱਖ ਦਾ ਜੀਵਨ ਬਦਲਣ ਵਾਲੀ ਛੋਹ, ਦਾਤ ਵਜੋਂ ਮਿਲਦੀ ਹੈ । 'ਗੁਰਪ੍ਰਸਾਦਿ' ਸ਼ਬਦ ਦਾ ਇਹੋ ਭਾਵ ਹੈ । ਗੁਰੂ ਤੇ ਭਗਤ ਦੀ ਉਸਤਤ ਪਰਮਾਤਮਾ ਦੀ ਉਸਤਤ ਹੈ; ਕਿਉਂਕਿ ਇਹਨਾਂ ਵਿਚ ਕੋਈ ਅੰਤਰ ਨਹੀਂ । ਗੁਰੂ ਸਾਹਿਬ ਨੇ ਪਰਮਾਤਮਾ ਨੂੰ ਖ਼ੁਦ ਗੁਰੂ ਦੇ ਰੂਪ ਵਿਚ ਹੀ ਸੰਬੋਧਨ ਕੀਤਾ ਹੈ :

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥

(ਪਉੜੀ 5)

ਆਤਮਕ ਸਿਖਿਆ ਸਾਨੂੰ ਕੇਵਲ ਗੁਰੂ ਪਾਸੋਂ ਹੀ ਮਿਲਦੀ ਹੈ :

ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ॥

(ਪਉੜੀ 6)

'ਸੁਣਿਐ'' ਦੀਆਂ ਪਉੜੀਆਂ ਵਿਚ ਭਗਤ ਸ਼ਬਦ ਬਹੁ ਵਚਨ ਵਰਤ ਕੇ ਰੱਬ ਦੇ ਪਰਵਾਨ ਕੀਤੇ ਮਨੁੱਖਾਂ ਦੀ ਉਸਤਤ ਕੀਤੀ ਹੈ ਕਿ ਉਹ ਸਦਾ ਖੇੜੇ ਵਿਚ ਰਹਿੰਦੇ ਹਨ :

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥

(ਪਉੜੀ 8)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਤਰ੍ਹਾਂ 'ਪੰਚ ਪਰਵਾਣ' ਸ਼ਬਦ ਬਹੁ-ਵਚਨ ਵਰਤ ਕੇ ਉਹਨਾਂ ਦੀ ਬਹੁਤ ਉਸਤਤ ਕੀਤੀ :—

ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥

(ਪਉੜੀ 16)

ਦਰਗਾਹ ਵਿਚ ਵੀ ਅਤੇ ਇਸ ਦਿੱਸਦੇ ਸੰਸਾਰ ਵਿਚ ਇਹੋ ਉੱਚੇ ਮਨੁੱਖ ਅਰਥਾਤ ਪੰਚ ਹੀ ਸੋਭਾ ਤੇ ਧੰਨਤਾ ਦੇ ਪਾਤਰ ਬਣਦੇ ਹਨ। ਇਹੋ ਹਲਤ ਪਲਤ ਦੇ ਮਾਲਕ ਪਰਮਾਤਮਾ ਦੇ ਵਰੋਸਾਏ ਹੋਏ ਮਹਾਂ-ਪੁਰਖ ਹਨ।

ਪਰਮਾਤਮਾ ਦਾ ਸੱਚਾ ਦਰਬਾਰ (ਜਿਸ ਦੀ ਪੂਰਨ ਉਸਤਤ 'ਸੋਦਰ' ਵਾਲੀ ਪਉੜੀ ਵਿਚ ਹੈ) ਜਿਥੇ ਵੀ ਹੈ, ਉਥੇ ਇਹਨਾਂ ਭਗਤਾਂ ਤੇ ਪੰਚਾਂ ਨਾਲ ਹੀ ਸੋਭ ਰਿਹਾ ਹੈ :

ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥

(ਪਉੜੀ 34)

'ਕਰਮ ਖੰਡ' ਵਾਲੀ ਪਉੜੀ ਵਿਚ ਜੋ ਅਤਿ ਸੂਖਮ ਆਤਮਿਕ ਮੰਡਲ ਹੈ ਅਤੇ 'ਸੱਚ ਖੰਡ' ਦੇ ਅਤਿ ਨੇੜੇ ਹੈ, ਭਗਤਾਂ ਬਾਰੇ ਇਉਂ ਲਿਖਿਆ ਹੈ :

ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥

(ਪਉੜੀ 37)

ਭਗਤ ਪਰਮਾਤਮਾ ਨੂੰ ਇਸ ਲਈ ਪਿਆਰੇ ਹਨ ਕਿ ਉਸ ਦਾ ਜੱਸ ਗਾਇਣ ਕਰਦੇ ਹਨ, ਜਾਂ ਸ਼ਾਇਦ ਇਸ ਲਈ ਜੱਸ ਗਾਇਣ ਕਰਦੇ ਹਨ ਕਿ ਉਸ ਦੇ ਪਿਆਰੇ ਹਨ —ਇਹ ਇਕ ਡੂੰਘੀ ਰਮਜ਼ ਹੈ :

ਸੇਈ ਤੁਧੁ ਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ ॥

(ਪਉੜੀ 27)

ਪੁੱਗੇ ਹੋਏ ਉੱਜਲ-ਮੁੱਖ ਪੁਰਸ਼ ਇਹੀ ਹਨ :

ਜਿਨੀ ਨਾਮੁ ਧਿਆਇਆ ਗਏ ਮਸਤਿਕ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (ਸਲੋਕ)



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## 6. ਆਤਮਿਕ ਮੰਡਲਾਂ ਦਾ ਵਰਣਨ (ਪੰਜ ਖੰਡ)

ਪੰਜ ਖੰਡਾਂ ਦਾ ਵਿਚਾਰ ਅਤਿ ਦੁਰਗਮ ਹੈ। ਇਹ ਨਿਰੋਲ ਰਹੱਸਵਾਦੀ ਖੇਤਰ ਤੇ ਰਹੱਸਵਾਦੀ ਅਨੁਭਵ ਦਾ ਵਿਸ਼ਾ ਹੈ। ਇਥੇ ਬੁਧੀ ਅਤੇ ਫ਼ਿਲਾਸਫ਼ੀ ਦੇ ਖੰਭ ਝੜ ਜਾਂਦੇ ਹਨ। ਇਸ ਲਈ ਜੋ ਕੁਝ ਗੁਰੂ ਸਾਹਿਬ ਨੇ ਆਪਣੇ ਅਗੰਮੀ ਅਨੁਭਵ ਵਿਚੋਂ ਪ੍ਰਸਾਦਿ ਰੂਪ ਪ੍ਰਦਾਨ ਕੀਤਾ ਹੈ, ਉਸੇ ਦਾ ਹੀ ਉਲੇਖ ਜਾ ਵਿਸ਼ੇਗਤ ਵਿਆਖਿਆ ਕਰਨੀ ਉਚਿਤ ਹੈ। ਆਪਣੇ ਵਲੋਂ ਕੋਈ ਕਲਪਣਾਤਮਕ ਜਾਂ ਵਿਚਾਰਾਤਮਕ ਵਾਧ ਘਾਟ ਕਰਨਾ ਇਕ ਅਵੱਗਿਆ ਹੀ ਹੋਵੇਗੀ।

ਡਾ. ਤਾਰਨ ਸਿੰਘ ਨੇ ਪੁਸਤਕ 'ਗੁਰੂ ਨਾਨਕ : ਚਿੰਤਨ ਤੇ ਕਲਾ' ਵਿਚ ਇਹਨਾਂ ਪੰਜਾਂ ਖੰਡਾਂ ਨੂੰ ਸੂਫ਼ੀਆਂ ਦੀਆਂ ਮੰਜ਼ਲਾਂ ਦੇ ਬਰਾਬਰ ਮੰਨਿਆ ਹੈ। ਇਹ ਵਿਚਾਰ ਸ਼ੁੱਧ ਨਹੀਂ ਜਾਪਦਾ, ਕਿਉਂਕਿ ਸੂਫ਼ੀਆਂ ਦੀਆਂ ਮੰਜ਼ਲਾਂ ਇਕ ਸਾਲਿਕ ਜਾਂ ਜਗਿਆਸੂ ਦੇ ਆਤਮਿਕ ਵਿਕਾਸ ਨੂੰ ਦਰਸਾਣ ਵਾਲੀਆਂ ਹਨ। ਉਹਨਾਂ ਦਾ ਹੋਰ ਕੋਈ ਸੁਤੰਤਰ ਅਸਤਿਤਵ ਜਾਂ ਹੋਂਦ ਨਹੀਂ ਚਿਤਵੀ ਗਈ। ਸ਼ਰੀਅਤ, ਤਰੀਕਤ, ਮਾਰਫਤ ਤੇ ਹਕੀਕਤ ਕੇਵਲ ਸੂਫ਼ੀ ਸੰਕੇਤ ਹਨ, ਜਿਨ੍ਹਾਂ ਨੂੰ ਕਦੀ ਵੀ ਇਸ ਢੰਗ ਨਾਲ ਨਿਸਚਿਤ ਨਹੀਂ ਕੀਤਾ ਗਿਆ ਜਿਵੇਂ ਗੁਰੂ ਸਾਹਿਬ ਨੇ ਜਪੁਜੀ ਵਿਚ ਪੰਜ ਖੰਡਾਂ ਵਿਚ ਕੀਤਾ ਹੈ। ਪੰਜ ਖੰਡਾਂ ਵਿਚੋਂ ਪਹਿਲਾ ਖੰਡ 'ਧਰਮ ਖੰਡ' ਹੈ। ਸੂਫ਼ੀਆਂ ਵਿਚ ਪਹਿਲਾ ਪੜਾਅ ਸ਼ਰੀਅਤ ਦਾ ਹੈ। ਸ਼ਰੀਅਤ, ਇਸਲਾਮੀ ਰਹੁ-ਰੀਤ ਦਾ ਨਾਂ ਹੈ। ਪਰ ਕਦੇ ਵੀ ਸ਼ਰੀਅਤ ਨੂੰ ਕਿਸੇ ਪਰਾਭੌਤਕ ਪੱਧਰ ਤੇ ਅੰਕਿਤ ਨਹੀਂ ਕੀਤਾ ਗਿਆ, ਜਿਵੇਂ ਗੁਰੂ ਸਾਹਿਬ ਨੇ ਧਰਤੀ ਨੂੰ ਇਕ ਧਰਮਸਾਲ ਆਖ ਕੇ ਅਤੇ ਧਰਤੀ ਦੀ ਵੈਰਾਟ (cosmic) ਸਥਿਤੀ ਨੂੰ ਅਤੇ ਇਸ ਦੇ ਜੀਵਾਂ ਦੀ ਹਾਲਤ ਨੂੰ ਥੋੜੇ ਸ਼ਬਦਾਂ ਵਿਚ ਸੰਕੇਤ ਮਾਤ੍ਰ ਬਿਆਨ ਕਰ ਦਿਤਾ ਹੈ। ਇਸੇ ਤਰ੍ਹਾਂ 'ਗਿਆਨ ਖੰਡ' ਦਾ ਵਰਨਣ ਸੂਫ਼ੀਆਂ ਦੇ ਤੀਜੇ ਪੜਾਅ ਨਾਲੋਂ ਅਤਿ ਭਿੰਨ ਹੈ। ਇਥੇ ਫਿਰ ਵੈਰਾਟ ਕਲਪਣਾ ਵਾਲਾ ਅਨੁਭਵ ਹੈ। ਦੂਜੀ 'ਮੰਜ਼ਲ' ਤਰੀਕਤ ਦੇ ਸਮਾਨੰਤਰ ਕੋਈ ਖੰਡ ਨਹੀਂ। ਸਰਮ ਖੰਡ ਤੇ ਕਰਮ ਖੰਡ ਦਾ ਸੂਖਮ ਰਹੱਸ ਪ੍ਰਗਟਾਣ ਲਈ ਸੂਫ਼ੀਆਂ ਪਾਸ ਕੋਈ ਸੰਕੇਤ ਨਹੀਂ ਹਨ। ਪੰਜਵਾਂ ਖੰਡ ਸੱਚ ਖੰਡ ਵੀ ਗੁਰੂ ਸਾਹਿਬ ਦਾ ਮੌਲਿਕ ਅਨੁਭਵ ਹੈ। ਸੂਫ਼ੀ ਉਸ ਬਾਰੇ ਕੋਈ ਅਨੁਭਵ ਪੇਸ਼ ਨਹੀਂ ਕਰਦੇ।

ਭਾਈ ਵੀਰ ਸਿੰਘ ਨੇ 'ਰਾਣਾ ਸੂਰਤ ਸਿੰਘ' ਵਿਚ ਕਾਵਿ-ਕਲਪਣਾ ਦੇ ਆਧਾਰ ਤੇ ਪੰਜ ਖੰਡਾਂ ਦੀ ਸੂਖਮਤਾ ਦਾ ਕੁਝ ਅਨੁਮਾਨ ਕਾਵਿਕ ਵਿਸਥਾਰ ਨਾਲ ਪ੍ਰਗਟ ਕੀਤਾ ਹੈ ਪਰ ਇਹ ਨਿਰੋਲ ਕਲਪਣਾ ਹੈ। ਅਜਿਹੇ ਯਤਨ ਕਈ ਮਹਾਨ ਕਵੀਆਂ ਜਿਵੇਂ ਡਾਂਟੇ ਨੇ 'ਡੀਵਾਈਨ ਕਾਮੇਡੀ' ਵਿਚ, ਮਿਲਟਨ ਨੇ 'ਪੈਰਾਡਾਈਜ਼ ਲਾਸਟ' ਵਿਚ, ਗੋਇਟੇ ਨੇ 'ਫੌਸਟ' ਵਿਚ, ਇਕਬਾਲ ਨੇ ਆਪਣੀ ਕਵਿਤਾ 'ਜਾਵੇਦਨਾਮਾ' ਵਿਚ ਕੀਤੇ ਹਨ, ਪਰ ਇਹ ਨਿਰੋਲ ਕਲਪਣਾ ਦਾ ਚਮਤਕਾਰ ਹਨ। ਇਹਨਾਂ ਨੂੰ ਗੁਰੂ ਨਾਨਕ ਸਾਹਿਬ ਦੇ ਰਹੱਸਵਾਦੀ ਅਨੁਭਵ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚੋਂ ਨਿਕਲੇ ਹੋਏ ਵਾਸਤਵਿਕ ਉਲੇਖ ਤੇ ਵਰਣਨ ਨਾਲ ਤੁਲਨਾ ਨਹੀਂ ਦਿਤੀ ਜਾ ਸਕਦੀ। ਗੁਰੂ ਨਾਨਕ ਸਾਹਿਬ ਨੇ ਜੋ ਦੇਖਿਆ ਹੈ ਉਹ ਲਿਖਿਆ ਹੈ। ਜੋ ਨਹੀਂ ਦਸਿਆ ਜਾ ਸਕਦਾ ਉਹ ਨਹੀਂ ਦਸਿਆ ਤੇ ਸੰਕੇਤ-ਮਾਤ੍ਰ ਕਹਿ ਦਿਤਾ ਹੈ।

ਖੰਡਾਂ ਬਾਰੇ ਪਹਿਲੀ ਜ਼ਰੂਰੀ ਗੱਲ ਤਾਂ ਇਹ ਹੈ ਕਿ ਇਹ ਇਕ ਵਿਕਾਸ਼ਮਈ ਕ੍ਰਮ ਦੇ ਲਖਾਇਕ ਹਨ। ਦੂਜੇ ਸ਼ਬਦਾਂ ਵਿਚ ਇਹ ਖੰਡ ਇਕ ਦੂਜੇ ਦੇ ਸਮਾਨ ਜਾਂ ਇਕ-ਪੱਧਰ ਤੇ ਸਥਾਪਤ ਕੀਤੇ ਹੋਏ (horizontal) ਅਤੇ ਇਕ ਦੂਜੇ ਤੋਂ ਸੁਤੰਤਰ ਆਤਮਿਕ ਅਵਸਥਾਵਾਂ ਨਹੀਂ, ਸਗੋਂ ਇਕ ਤੋਂ ਦੂਜੇ ਵਿਚ ਪ੍ਰਵੇਸ਼ਤ ਹੋਣ ਵਾਲੇ ਹਨ ਅਤੇ ਇਕ ਦੂਜੇ ਦੇ ਪੂਰਕ ਹਨ।

ਇਸ ਤਰ੍ਹਾਂ ਇਹਨਾਂ ਨੂੰ ਅਸੀਂ ਸੰਸਾਰ ਦੇ ਸਭ ਤੋਂ ਮਹਾਨ ਰਹੱਸਵਾਦੀ ਅਨੁਭਵ ਦੀਆਂ ਹੇਠੋਂ ਉਤਾਂਹ ਨੂੰ ਜਾਣ ਵਾਲੀਆਂ (vertical) ਕੜੀਆਂ ਕਹਿ ਸਕਦੇ ਹਾਂ। ਪਰ ਇਹ ਕਹਿਣਾ ਵੀ ਇਕ ਭੁਲੇਖਾ ਹੈ। ਆਤਮਿਕ ਮੰਡਲਾਂ ਵਿਚ ਕੋਈ ਹੇਠਾਂ ਉਤਾਂਹ ਦੀ ਸਥਿਤੀ ਤੇ ਵਾਤਾਵਰਨ ਨਹੀਂ। ਉਥੇ ਨਵੇਂ ਤੋਂ ਨਵੇਂ ਆਤਮਿਕ ਮੰਡਲਾਂ ਦੀ ਅਨੰਤਤਾ ਦਾ ਪ੍ਰਭਾਵ ਪਾਉਣ ਵਾਲੇ ਚਮਤਕਾਰੀ ਪਰਿਵਰਤਨ ਵਾਪਰ ਜਾਂਦੇ ਹਨ। ਉਥੇ ਸ਼ਾਇਦ ਹੋਂਦ ਫੁਰਨੇ ਦੀ ਹੈ, ਛਿੰਨ-ਮਾਤ੍ਰ ਹੈ ਤੇ ਅਨੰਤ ਰੰਗਾਂ ਤੇ ਜਲਵਿਆਂ ਦੇ ਚਮਤਕਾਰੀ ਦਿਸ਼ਾ ਦੀ ਹੈ ਜੋ ਹਰ ਛਿੰਨ ਵਿਚ ਜੁੜਦੇ ਤੇ ਨਿਖੜਦੇ ਰਹਿੰਦੇ ਹਨ। ਇਸ ਲਈ ਵਿਕਾਸ਼-ਕ੍ਰਮ ਵਾਲੀ ਗੱਲ ਮਨੁੱਖੀ ਤੇ ਬੌਧਿਕ ਪੱਧਰ ਦੀ ਹੈ, ਸ਼ਾਇਦ ਵਾਸਤਵਿਕ ਨਹੀਂ। ਰਹੱਸਵਾਦੀ ਮੰਡਲਾਂ ਤੇ ਰਹੱਸਵਾਦੀ ਅਨੁਭਵਾਂ ਦੀਆਂ ਕੀਮਤਾਂ (values) ਪਰਾ-ਭੌਤਿਕ (transcendental) ਹੁੰਦੀਆਂ ਹਨ, ਜਿਨ੍ਹਾਂ ਦਾ ਠੀਕ ਅਨੁਮਾਨ ਨਹੀਂ ਲਾਇਆ ਜਾ ਸਕਦਾ।

ਗੁਰੂ ਸਾਹਿਬ ਨੇ ਜੋ ਖੰਡ ਦਰਸਾਏ ਹਨ (ਧਰਮ, ਗਿਆਨ, ਸਰਮ, ਕਰਮ ਤੇ ਸੱਚ), ਇਹਨਾਂ ਦੇ ਵਿਕਾਸ਼-ਮਈ ਹੋਣ ਦਾ ਇਕ ਪਰਮਾਣ ਦਿਤਾ ਜਾ ਸਕਦਾ ਹੈ। ਉਹ ਇਹ ਹੈ ਕਿ ਖੰਡ, ਪਰਸਪਰ ਤੁਲਨਾ-ਪੱਧਰ ਤੇ (comparatively speaking), ਘੱਟ ਸੂਖਮਤਾ ਤੋਂ ਅਧਿਕਤਮ ਸੂਖਮਤਾ ਵਲ ਵਧਦੇ ਪਰਤੀਤ ਹੁੰਦੇ ਹਨ। ਪਰਮਾਤਮਾ ਅਤਿ ਸੂਖਮ ਹੈ। ਉਸ ਦੀ ਸਾਰੀ ਰਚਨਾ ਮੁਢਲੇ ਤੌਰ ਤੇ ਸੂਖਮ ਹੈ। ਕੇਵਲ ਤੁਲਨਾ-ਭੇਦ ਹੋ ਸਕਦਾ ਹੈ, ਪਰ ਉਹ ਵੀ ਸਥੂਲ ਤੇ ਸੂਖਮ ਦੇ ਸਦਾ ਇਕ ਦੂਜੇ ਨਾਲ ਸੰਮਿਲਤ ਹੋਣ ਦੇ ਰੂਪ ਵਿਚ ਵਿਦਮਾਨ ਹੈ। ਇਸੇ ਨੂੰ ਪਲੋਟਾਈਨਸ ਦੇ ਰਹੱਸਵਾਦੀ ਸਿਧਾਂਤ, ਹੋਂਦ-ਨਿਕਾਸ (Emanation) ਦਾ ਨਾਂ ਦਿੱਤਾ ਜਾਂਦਾ ਹੈ: ਇਕ ਖੰਡ ਦੂਸਰੇ ਖੰਡ ਵਿਚੋਂ ਨਿਕਲਦਾ ਹੈ ਤੇ, ਇਸ ਤਰ੍ਹਾਂ, ਇਕ ਦੂਜੇ ਵਿਚ ਪ੍ਰਵੇਸ਼ਤ ਹੁੰਦਾ ਪਰਤੀਤ ਹੁੰਦਾ ਹੈ। ਪਰ ਹਰ ਇਕ, ਸੱਤ-ਰੂਪ ਸੂਖਮਤਾ (ਜਿਸ ਨੂੰ ਸੱਚ ਖੰਡ ਕਿਹਾ ਹੈ) ਵਲ ਵਧ ਰਿਹਾ ਸਿੱਧ ਹੁੰਦਾ ਹੈ।

ਧਰਮ ਖੰਡ ਵਿਚ ਕਰਮਾਂ ਦਾ ਫਲ ਹੈ। ਨੇਕੀ ਤੇ ਬੇਦੀ ਦਾ ਵਰਤਾਰਾ ਹੈ। ਸਦਾਚਾਰ ਦੀ ਕਸਵੱਟੀ ਹੈ। ਫਲ ਦਾ ਨਿਰਨਾ ਮਰਨ ਉਪਰੰਤ ਜਾਂ ਸੱਚੇ ਦਰਬਾਰ ਵਿਚ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੁੰਦਾ ਹੈ। ਇਹ ਧਰਤੀ ਇਕ ਕਰਮ ਭੂਮੀ ਹੈ ਪਰੰਤੂ ਸਤ ਮਾਰਗ ਗ੍ਰਹਿਣ ਕਰਨ ਦੀ ਸੰਭਾਵਨਾ ਰੱਖਣ ਦੇ ਕਾਰਨ ਇਹ ਇਕ ਧਰਮਸਾਲ ਵੀ ਹੈ।

ਸਦਾਚਾਰਕ ਸੋਝੀ ਪ੍ਰਾਪਤ ਕਰਕੇ ਮਨੁੱਖ ਗਿਆਨੀ ਹੋ ਜਾਂਦਾ ਹੈ। ਉਸ ਦੇ ਗਿਆਨ ਦੀ ਵਿਸ਼ਾਲਤਾ ਵਿਕਾਸ ਕਰ ਕੇ ਦੂਰ ਦੂਰ ਜਾ ਪੁੱਜਦੀ ਹੈ ਆਪੇ ਦੀ ਵਲਗਣ ਵਿਚੋਂ ਨਿਕਲ ਕੇ ਉਹ ਪਰਮਾਤਮਾ ਦੀ ਅਨੰਤਤਾ ਦਾ ਗਮਨ ਕਰਨ ਲੱਗ ਪੈਂਦਾ ਹੈ ਤੇ ਇਸ ਤਰ੍ਹਾਂ ਕਈ ਪਰਕਾਰ ਦਾ ਅਨੰਦ ਉਸ ਨੂੰ ਮਿਲਦਾ ਹੈ। ਇਹੋ ਗਿਆਨ ਖੰਡ ਦੀ ਸਥਿਤੀ ਹੈ।

ਸਰਮ ਖੰਡ ਦੀ ਵਿਆਖਿਆ ਕਠਨ ਹੈ। ਸਰਮ ਦੇ ਅਰਥ ਮਿਹਨਤ ਵੀ ਹੋ ਸਕਦੇ ਹਨ ਅਤੇ ਸਰਮ ਪੱਤ ਜਾਂ ਲੱਜ ਵੀ, ਜਿਸ ਨੂੰ ਅੰਗਰੇਜ਼ੀ ਵਿਚ ਆਨੂਰ (honour) ਕਹਿੰਦੇ ਹਨ। 'ਜੇ 'ਮਿਹਨਤ' ਅਰਥ ਕਰੀਏ ਤਾਂ ਭਾਵ ਤਤ ਸਾਧਨਾ ਤੋਂ ਹੈ, ਜਿਸ ਨਾਲ ਮਨੁੱਖ ਦਾ ਆਚਰਨ ਉੱਚਾ ਹੁੰਦਾ ਹੈ। ਆਚਰਨ ਪੈਦਾ ਹੋਣ ਨਾਲ ਅਥਾਹ ਸੁੰਦਰਤਾ ਦੀ ਘਾੜਤ ਹੁੰਦੀ ਹੈ। ਅਗੰਮੀ ਸੁੰਦਰਤਾ ਵਿਚੋਂ ਫੇਰ ਅਗੰਮੀ ਅਨੰਦ ਨਿਕਲਦਾ ਹੈ, ਜੋ ਬਿਆਨ ਨਹੀਂ ਕੀਤਾ ਜਾ ਸਕਦਾ। ਜੇ ਸਰਮ ਪੱਤ ਦੇ ਅਰਥ ਲਈਏ ਤਾਂ ਸ਼ਾਇਦ ਗੁਰਮਤ ਦੇ ਵਧੇਰੇ ਅਨੁਕੂਲ ਹੈ, ਕਿਉਂਕਿ ਗੁਰਮਤ ਵਿਚ ਹਠ-ਕਰਮ ਜਾਂ ਤਪ ਸਾਧਨਾ ਦੀ ਥਾਂ ਪ੍ਰੇਮਾ-ਭਗਤੀ ਨੂੰ ਮੁੱਖ ਰਖਿਆ ਗਿਆ ਹੈ। ਪ੍ਰੇਮੀ-ਭਗਤ ਸੁਤੇ ਸਿਧ ਆਪਣੇ ਆਪੇ ਦਾ ਤਿਆਗ ਕਰਕੇ ਪ੍ਰੇਮੀ ਹੋਣ ਦੀ ਸਰਮ ਪੱਤ ਰੱਖਦਾ ਹੈ ਅਤੇ ਦੂਜੇ ਪਾਸੇ ਪ੍ਰੀਤਮ ਵਲੋਂ ਕਿਰਪਾ-ਬਖਸ਼ਿਸ਼ ਪ੍ਰਾਪਤ ਕਰਕੇ ਆਚਰਨਕ ਉੱਚਤਾ ਦੀ ਸੁੰਦਰਤਾ ਦਾ ਸੁਆਮੀ ਹੋ ਜਾਂਦਾ ਹੈ। ਨਿਰਸੰਦੇਹ ਲੱਜ-ਸ਼ਰਮ (ਭਾਵੇਂ ਆਪਣੀ ਹੋਵੇ। ਟੱਬਰ ਦੀ ਹੋਵੇ, ਸਮਾਜ ਦੀ ਹੋਵੇ ਜਾਂ ਇਸ਼ਟ ਦੀ ਹੋਵੇ) ਤੋਂ ਬਿਨਾ ਕੋਈ ਮਨੁੱਖ ਉੱਚਾ ਆਚਰਨ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਮੈਨੂੰ 'ਸਰਮ' ਸ਼ਬਦ ਦੇ ਇਹ ਅਰਥ ਵਧੇਰੇ ਢੁਕਵੇਂ ਜਾਪਦੇ ਹਨ। ਸ਼ਰਮ ਤੇ ਪ੍ਰੇਮ ਦੋਵੇਂ ਰਲ ਕੇ ਅਦੁੱਤੀ ਪ੍ਰਭਾਵ ਪੈਦਾ ਕਰ ਜਾਂਦੇ ਹਨ। ਸ਼ਰਮ ਤੇ ਧਰਮ ਸਦਾ ਇਕੱਠੇ ਹਨ; ਜਿਵੇਂ ਗੁਰੂ ਸਾਹਿਬ ਨੇ ਫ਼ੁਰਮਾਇਆ ਹੈ :

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
(ਤਿਲੰਗ)

ਕਰਮ ਖੰਡ ਦੇ ਅਰਥਾਂ ਵਿਚ ਵੀ ਮਤ-ਭੇਦ ਹੋ ਸਕਦਾ ਹੈ। ਜਪੁਜੀ ਵਿਚ ਹੀ ਕਰਮ ਸ਼ਬਦ ਦੇ ਦੋ ਅਰਥ ਹਨ, ਇਕ ਕਾਰਜ ਜਾਂ ਕਿਰਿਆ, ਦੂਜਾ ਨਦਰ, ਬਖਸ਼ਿਸ਼ (ਬਖਸੀਸ) ਕਿਰਪਾ, ਦਾਤ। ਕਈ ਟੀਕਾਕਾਰ ਪਹਿਲੇ ਅਰਥ ਲੈਂਦੇ ਹਨ। ਪਰ ਹੈਰਾਨੀ ਹੈ ਕਿ ਏਨੀ ਉਚੇਰੀ ਤੇ ਸੂਖਮ ਅਵਸਥਾ ਤੇ ਪਹੁੰਚ ਕੇ ਕਰਮਾਂ ਦੀ ਸਥਿਤੀ ਜੋ ਸਥੂਲ ਹੈ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਵੇਂ ਸਾਰਥਕ ਹੋ ਸਕਦੀ ਹੈ ? ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ ਕਰਮ ਦੀ ਅਵਸਥਾ ਨੂੰ ਗਿਆਨ ਤੋਂ ਹੇਠਾਂ ਦੀ ਅਵਸਥਾ ਮੰਨਿਆ ਹੈ, ਅਰਥਾਤ ਗਿਆਨ ਪ੍ਰਾਪਤ ਕਰਨ ਲਈ ਕਰਮ ਕੀਤਾ ਜਾਂਦਾ ਹੈ ਅਤੇ ਜਦ ਗਿਆਨ ਪ੍ਰਾਪਤ ਹੋ ਜਾਏ ਤਾਂ ਕਰਮ ਦੀ ਕੀ ਲੋੜ :

ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥

(ਭੈਰਉ, ਰਵਿਦਾਸ)

ਇਸੇ ਲਈ ਕਰਮ ਦੇ ਅਰਥ 'ਬਖਸੀਸ' ਕਰਨਾ ਵਧੇਰੇ ਸ਼ੁੱਧ ਜਾਪਦਾ ਹੈ। ਪਰਮਾਤਮਾ ਦੀ ਬਖਸ਼ਿਸ਼ ਦਾ ਪ੍ਰਗਟਾ ਉਸ ਦੇ ਜ਼ੋਰ ਜਾਂ ਸ਼ਕਤੀ ਰਾਹੀਂ ਹੈ। ਕਰਮ ਜਾਂ ਕਿਰਿਆ ਕਰਨ ਵਾਲੇ ਵਿਚ ਸੂਖਮ ਮੰਡਲਾਂ ਦੇ ਪਰਥਾਇ ਕੀ ਸ਼ਕਤੀ ਹੋ ਸਕਦੀ ਹੈ ? ਉਹ ਤਾਂ ਫਲ ਦਾ ਭੁੱਖਾ ਹੈ, ਕਰਮ ਕਰਕੇ ਫਲ ਭੋਗ ਰਿਹਾ ਹੈ। ਇਸ ਦੇ ਉਲਟ ਬਖਸ਼ਿਆ ਹੋਇਆ ਮਨੁੱਖ ਅਸਲ ਅਰਥਾਂ ਵਿਚ ਸ਼ਕਤੀਸ਼ਾਲੀ ਹੈ। ਨੌਂ ਨਿਧਾਂ ਤੇ ਅਠਾਰਾਂ ਸਿੱਧੀਆਂ ਉਸ ਦੇ ਪਿਛੇ ਫਿਰਦੀਆਂ ਹਨ। ਰੱਬ ਦੇ ਬਖਸ਼ੇ ਹੋਏ ਮਨੁੱਖ ਹੀ ਮਹਾਂ-ਬਲੀ ਸੂਰੇ ਤੇ ਮਹਾਨ ਸ਼ਹੀਦ ਬਣਦੇ ਹਨ, ਕਿਉਂਕਿ ਉਹਨਾਂ ਦੇ ਮਨ ਵਿਚ ਹਰ ਵੇਲੇ ਪ੍ਰਭੂ ਵਸਿਆ ਹੋਇਆ ਹੁੰਦਾ ਹੈ। ਅਸਲ ਵਿਚ ਮਹਾਂ-ਬਲੀ ਸੂਰੇ ਭਗਤ-ਜਨ ਹੀ ਹਨ ਜੋ ਰੱਬ ਦੇ ਰੰਗ ਵਿਚ ਰੱਤੇ ਰਹਿੰਦੇ ਹਨ ਤੇ ਅਜਰ ਵਸਤੂ ਨੂੰ ਜਰਦੇ ਹਨ ਅਤੇ ਲੋੜ ਪੈਣ ਤੇ ਸ਼ਹੀਦ ਵੀ ਹੋ ਜਾਂਦੇ ਹਨ।

ਸੱਚ ਖੰਡ ਬਾਰੇ ਗੁਰੂ ਜੀ ਨੇ ਬਹੁਤ ਘੱਟ ਲਿਖਿਆ ਹੈ। ਉਹ ਨਿਰੰਕਾਰ ਦਾ ਦੇਸ ਹੈ, ਅਰਥਾਤ ਨਿਰੋਲ ਸੂਖਮਤਾ ਦਾ ਲਖਾਇਕ ਮੰਡਲ। ਪਰ ਉਥੇ ਕਈ ਖੰਡ ਤੇ ਕਈ ਮੰਡਲ ਹਨ ਜਿਨ੍ਹਾਂ ਦਾ ਕੋਈ ਅੰਤ ਨਹੀਂ। ਕਈ ਲੋਅ ਤੇ ਪੁਰੀਆਂ ਹਨ ਅਤੇ ਕਈ ਸੂਖਮ ਆਕਾਰ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਖੰਡ ਬਾਰੇ ਕੁਝ ਕਹਿਣਾ ਲੋਹਾ ਚਬਾਣ ਦੇ ਤੁੱਲ ਹੈ।

ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥

(ਪਉੜੀ, 37)

ਉਥੇ ਸੱਚਾ ਰੱਬ ਵਿਗਾਸ ਵਿਚ ਹੈ, ਕਿਸੇ ਅਗੰਮੀ-ਵਿਚਾਰ ਅਵਸਥਾ ਵਿਚ ਹੈ। ਉਹ 'ਤਾਕੋ ਤਾਕੁ' ਦੇਖ ਰਿਹਾ ਹੈ ਅਤੇ ਨਦਰ-ਬਖਸ਼ਿਸ਼ ਦੇ ਖਜ਼ਾਨੇ ਲੁਟਾ ਰਿਹਾ ਹੈ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨ੍ਹਾਂ ਦਾ ਕੋਈ ਪਾਰਾਵਾਰ ਨਹੀਂ। ਪਰਮਾਤਮਾ ਦੀ ਸਭ ਤੋਂ ਵਡੀ ਵਡਿਆਈ, ਜਿਸ ਦਾ ਪ੍ਰਤੀਕ ਸੱਚ ਖੰਡ ਹੈ, ਉਸ ਦੀ ਬੇਪਰਵਾਹੀ, ਉਸ ਦੇ ਲਾਉਬਾਲੀਪਨ ਅਤੇ ਉਸ ਦੀ ਅਥਾਹ ਬਖਸ਼ਿਸ਼ ਦੇ ਰਹੱਸ ਵਿਚ ਲੁਕੀ ਹੋਈ ਹੈ।

## ਹਵਾਲੇ ਅਤੇ ਟਿੱਪਣੀਆਂ

1. ਭਾਵ ਕਿਸੇ ਡੂੰਘੀ ਆਤਮਿਕ ਅਵਸਥਾ ਵਿਚੋਂ ਨਿਕਲਿਆ ਹੋਇਆ।
2. ਭਾਵ ਡੂੰਘੇ ਆਸ਼ੇ ਵਾਲਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਜਪੁਜੀ ਦੀ ਸ਼ੈਲੀ

## ਕਲਾਸੀਕਲ ਸ਼ੈਲੀ

ਪੁਸਤਕ 'ਸੱਸੀ ਹਾਸ਼ਮ' ਵਿਚ ਹਾਸ਼ਮ ਦੀ ਸ਼ੈਲੀ ਨੂੰ ਵਿਚਾਰਦਿਆਂ ਸ਼ੈਲੀ ਦੀਆਂ ਦੋ ਕਿਸਮਾਂ ਨਿਸਚਿਤ ਕੀਤੀਆਂ ਗਈਆਂ ਹਨ :

> "ਸਾਹਿੱਤ ਵਿਚ ਦੋ ਪ੍ਰਕਾਰ ਦੀ ਮਹਾਨ ਸ਼ੈਲੀਂ ਹੋ ਸਕਦੀ ਹੈ। ਇਕ, ਜਿਸ ਵਿਚ ਲਿਖਣ ਢੰਗਾ ਦੀ ਭਰਪੂਰਤਾ ਹੋਵੇ। ਦੂਜੀ, ਜਿਸ ਵਿਚ ਸੰਜਮ ਤੇ ਸੰਕੋਚ ਸਾਹਿਤ-ਕਲਾ ਦੀਆਂ ਸਿਖਰਾਂ ਛੋਂਹਦੇ ਹੋਣ। ਪਹਿਲੀ ਕਿਸਮ ਦੇ ਉਸਤਾਦ ਪੰਜਾਬੀ ਸਾਹਿੱਤ ਵਿਚ ਵਾਰਸ, ਭਾਈ ਗੁਰਦਾਸ, ਗੁਰੂ ਅਰਜਨ ਤੇ ਗੁਰੂ ਗੋਬਿੰਦ ਸਿੰਘ ਹਨ (ਜਿਵੇਂ ਅੰਗ੍ਰੇਜ਼ੀ ਸਾਹਿੱਤ ਵਿਚ ਸ਼ੈਕਸਪੀਅਰ, ਮਿਲਟਨ, ਵਰਡਜ਼ਵਰਥ, ਕਾਰਲਾਈਲ ਆਦਿ) ਅਤੇ ਦੂਜੀ ਕਿਸਮ ਦੇ ਵੱਡੇ ਮਾਹਰ ਪੰਜਾਬੀ ਵਿਚ ਬਾਬਾ ਫ਼ਰੀਦ, ਗੁਰੂ ਨਾਨਕ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਅਤੇ ਹਾਸ਼ਮ ਮੰਨੇ ਜਾ ਸਕਦੇ ਹਨ। (ਜਿਵੇਂ ਅੰਗ੍ਰੇਜ਼ੀ ਸਾਹਿਤ ਵਿਚ ਇਹਨਾਂ ਦੇ ਸਾਥੀ ਪੋਪ, ਬਲੇਕ, ਕੋਲਰਿਜ, ਟੈਨਸਨ ਆਦਿ।"[1]

ਅਸਲ ਵਿਚ ਸ਼ੈਲੀ ਦੀਆਂ ਇਹ ਦੋ ਕਿਸਮਾਂ ਸਾਹਿੱਤ ਦੀ 'ਕਲਾਸੀਕਲ' ਅਤੇ 'ਰੁਮਾਂਟਿਕ' ਰੁਚੀ ਉਤੇ ਆਧਾਰਤ ਹਨ। ਉਪਰ ਲਿਖੇ ਅਨੁਸਾਰ ਪਹਿਲੀ ਕਿਸਮ ਨੂੰ 'ਰੁਮਾਂਟਿਕ' ਅਤੇ ਦੂਜੀ ਨੂੰ 'ਕਲਾਸੀਕਲ' ਕਿਹਾ ਜਾ ਸਕਦਾ ਹੈ। ਇਨ੍ਹਾਂ ਦੋਹਾਂ ਸ਼ੈਲੀਆਂ ਦਾ ਅੰਤਰ ਪੁਸਤਕ 'ਸੱਸੀ ਹਾਸ਼ਮ' ਵਿਚ ਅੱਗੇ ਜਾ ਕੇ ਹੇਠ ਲਿਖੀ ਉਕਤੀ (ਕਥਨ) ਵਿਚ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ :

> "ਰੁਮਾਂਟਿਕ ਸ਼ੈਲੀ ਇਕ ਬਰਸਾਤੀ ਨਾਲੇ ਜਾਂ ਪਰਵਾਹ ਵਾਂਗ ਹੁੰਦੀ ਹੈ ਜੋ ਕਿਸੇ ਵਕਤੀ ਬਹੁਲਤਾ ਦੇ ਜੋਸ਼ ਵਿਚ ਉੱਗਮ ਪੈਂਦਾ ਹੈ ਤੇ ਛੇਤੀ ਹੀ ਹੱਦ ਬੰਨੇ ਟੱਪ ਜਾਂਦਾ ਹੈ। ਇਸ ਦੀ ਚਾਲ ਤਿੱਖੀ, ਇਸ ਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਗ ਖੁਲ੍ਹਾ ਤੇ ਅਬੱਝਵਾਂ ਅਤੇ ਇਸ ਦਾ ਜ਼ੋਰ ਅਥਾਹ ਹੁੰਦਾ ਹੈ। ਦੂਜੀ ਸ਼ੈਲੀ ਦੀ ਕਿਸਮ ਇਕ ਨਹਿਰ ਵਾਂਗ ਹੈ। ਜਿਸ ਦੀ ਸੁੰਦਰਤਾ ਦਾ ਬਹੁਤਾ ਅੰਸ਼ ਉਸਾਰੂ ਤੇ ਬੱਝਵਾਂ ਹੁੰਦਾ ਹੈ। ਬੱਝਵੀਂ ਚਾਲ, ਕੰਢਿਆਂ ਦੇ ਵਿਚ ਸੀਮਤ ਰਹਿਣਾ, ਸੰਭਲ ਸੰਭਲ ਕੇ ਅਗੇ ਵਧਣਾ, ਅਤੇ ਮਿਣਿਆ ਤੁਲਿਆ ਜ਼ੋਰ ਪ੍ਰਗਟਾਉਣਾ, ਇਸ ਦੇ ਲੱਛਣ ਹੁੰਦੇ ਹਨ।"[2]

ਗੁਰੂ ਨਾਨਕ ਸਾਹਿਬ ਦੀ ਸ਼ੈਲੀ ਭਾਵੇਂ ਸਮੁੱਚੇ ਤੌਰ ਤੇ ਜਾਂ ਮੁੱਢਲੇ ਤੌਰ ਤੇ ਕਲਾਸੀਕਲ ਮੰਨੀ ਜਾ ਸਕਦੀ ਹੈ, ਜਿਵੇਂ ਕਿ ਉੱਪਰ ਕਿਹਾ ਜਾ ਚੁਕਿਆ ਹੈ, ਫਿਰ ਵੀ ਇਸ ਮਹਾਨਤਮ ਸਾਹਿੱਤਕਾਰ ਦੇ ਕਲਾ ਕੌਸ਼ਲ ਦਾ ਠੀਕ ਠੀਕ ਅਨੁਮਾਨ ਲਗਾਉਣਾ ਲਗ ਭਗ ਅਸੰਭਵ ਹੈ। ਗੁਰੂ ਸਾਹਿਬ ਦੀ ਪ੍ਰਤਿਭਾ ਸਾਧਾਰਨ ਕੀ, ਅਸਾਧਾਰਨ ਨਿਯਮਾਂ ਤੋਂ ਵੀ ਪਰੇ ਜਾਂ ਅਤਿਕਿਰਤ ਹੈ। ਆਲੋਚਨਾ ਦੇ ਨਿਯਮ ਇਥੇ ਕਿਸੇ ਸ਼ੁਧਤਾ ਜਾਂ ਯਕੀਨ ਨਾਲ ਲਗਦੇ ਪ੍ਰਤੀਤ ਨਹੀਂ ਹੁੰਦੇ। ਗੁਰੂ ਸਾਹਿਬ ਦੀ ਅਪੂਰਵ ਤੇ ਅਦੁੱਤੀ ਪ੍ਰਤਿਭਾ ਆਪਣੀ ਮਿਸਾਲ ਆਪ ਹੈ ਜਾਂ ਆਪਣੇ ਹੀ ਵਿਸ਼ੇਸ਼ ਨਿਯਮ ਰਖਦੀ ਹੈ, ਆਪਣੇ ਹੀ ਮਾਪ-ਦੰਡ ਪ੍ਰਗਟ ਕਰਦੀ ਹੈ, ਇਸ ਲਈ ਜੇ ਅਸੀਂ ਗੁਰੂ ਸਾਹਿਬ ਦੀ ਸ਼ੈਲੀ ਨੂੰ, ਕਲਾਸੀਕਲ ਮੰਨਦੇ ਹੋਏ ਵੀ, ਇਸ ਸ਼ੈਲੀ ਵੰਡ ਤੋਂ ਉੱਚਾ ਮੰਨੀਏ ਤਾਂ ਵਧੇਰੇ ਉਚਿੱਤ ਹੋਵੇਗਾ।

ਇਸ ਗੱਲ ਦੀ ਪੁਸ਼ਟੀ 'ਸੱਸੀ ਹਾਸ਼ਮ' ਦੇ ਇਕ ਹੋਰ ਭਾਵਪੂਰਤ ਕਥਨ ਤੋਂ ਪੂਰਨ ਭਾਂਤ ਹੋ ਜਾਂਦੀ ਹੈ :

"ਸਾਹਿੱਤ ਦੇ ਸਭ ਤੋਂ ਮਹਾਨ ਸ਼ੈਲੀਕਾਰ ਉਹ ਹਨ ਜਿਹਨਾਂ ਨੇ ਇਹਨਾਂ ਦੋਹਾਂ ਕਿਸਮਾਂ ਦੇ ਗੁਣ ਆਪਣੀ ਸਾਹਿੱਤ-ਕਲਾ ਵਿਚ ਰੂਪਮਾਨ ਕੀਤੇ ਅਤੇ ਦੋਹਾਂ ਕਿਸਮਾਂ ਦੇ ਔਗੁਣ ਆਪਣੀ ਸਾਹਿਤ ਕਲਾ ਵਿਚੋਂ ਦੂਰ ਕੀਤੇ। ਪੰਜਾਬੀ ਸਾਹਿੱਤ ਵਿਚ ਅਜਿਹੇ ਸ਼ੈਲੀਕਾਰ ਗੁਰੂ ਨਾਨਕ ਤੇ ਭਾਈ ਗੁਰਦਾਸ ਹੋਏ ਹਨ। ਫ਼ਾਰਸੀ ਵਿਚ ਸਅਦੀ ਤੇ ਹਾਫ਼ਿਜ਼ ਇਸ ਦੀਆਂ ਸਿੱਖਰੀ ('ਸੁਪਰੀਮ') ਮਿਸਾਲਾਂ ਹਨ।"[3]

ਸੋ ਗੁਰੂ ਨਾਨਕ ਸਾਹਿਬ ਦੀ ਸ਼ੈਲੀ ਇਕ ਉਤਕ੍ਰਿਸ਼ਟ ਤੇ ਸੰਪੂਰਨ ਸ਼ੈਲੀ ਹੈ ਜਿਸ ਦੀ ਸ਼ਾਇਦ ਪੂਰਨ ਭਾਂਤ ਵਿਆਖਿਆ ਜਾਂ ਵਿਸ਼ਲੇਸ਼ਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਦਾ ਪ੍ਰਭਾਵ ਪਾਠਕ ਤੇ ਸ੍ਰੋਤੇ ਉਤੇ ਚਮਤਕਾਰੀ ਅਤੇ ਜਾਦੂਮਈ ਢੰਗ ਨਾਲ ਪੈਂਦਾ ਹੈ। ਵਿਸ਼ਾ ਕੁਝ ਇਸ ਤਰ੍ਹਾਂ ਸ਼ੈਲੀ ਨਾਲ ਸੰਜੁਗਤ ਹੋਇਆ ਮਿਲਦਾ ਹੈ ਅਤੇ ਏਨੀ ਦੀਰਘਤਾ ਤੇ ਦੈਵੀਪਨ ਦਾ ਲਖਾਇਕ ਹੁੰਦਾ ਹੈ ਕਿ ਪਾਠਕ ਵਿਸ਼ੇ ਦੇ ਪ੍ਰਕਾਸ਼ਮਾਨ ਹੋਣ ਨਾਲ ਵਿਸਮਾਦਿਤ ਅਤੇ ਚਕ੍ਰਿਤ ਰਹਿ ਜਾਂਦਾ ਹੈ। ਇਸ ਅਵਸਥਾ ਵਿਚ ਉਸ ਲਈ ਵਿਸ਼ੇ ਨਾਲੋਂ ਸ਼ੈਲੀ ਨੂੰ ਨਿਖੇੜਨਾ ਸੰਭਵ ਨਹੀਂ ਹੁੰਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਜਪੁਜੀ ਦੀ ਸ਼ੈਲੀ ਦੇ ਮੁੱਖ ਲੱਛਣ

ਜਪੁਜੀ ਦੀ ਸ਼ੈਲੀ ਦੇ ਮੁੱਖ ਲੱਛਣ ਨਿਸਚਿਤ ਕਰਨ ਲਈ 'ਕਲਾਸੀਕਲ' ਜਾਂ ਸਨਾਤਨੀ ਸ਼ੈਲੀ ਦੇ ਮੁੱਖ ਅੰਸ਼ਾਂ ਨੂੰ ਧਿਆਨ ਗੋਚਰੇ ਰਖਣਾ ਜ਼ਰੂਰੀ ਹੈ। ਸਕਾਟ ਜੇਮਜ਼ ਅਨੁਸਾਰ 'ਕਲਾਸੀਕਲ' ਸ਼ੈਲੀ ਦਾ ਆਧਾਰ ਪ੍ਰਧਾਨ ਰੂਪ ਵਿਚ ਨਿਅੰਤਰਨ ਅਤੇ ਸੰਜਮ ਉਤੇ ਹੈ।[4]

ਆਪਣੇ ਪ੍ਰਸਿੱਧ ਲੇਖ 'ਕਲਾਸਿਕ ਐਂਡ ਰੋਮਾਂਟਿਕ[5] ਵਿਚ ਉਸ ਨੇ ਕਿਹਾ ਹੈ ਕਿ 'ਕਲਾਸੀਕਲ' ਸ਼ੈਲੀ ਸਦਾ ਸਵੱਸਥ, ਸ਼ਾਂਤੀ, ਕੇਂਦਰੀਪਨ (mean), ਪਰੰਪਰਾ, ਅਨੁਪਾਤ, ਸ਼ੁਧਤਾ, ਅਨੁਭਵ-ਸੀਮਾ, ਸੁੰਦਰਤਾ, ਵਿਸ਼ੇ-ਅਨੁਕੂਲਤਾ (preciseness) ਆਦਿ ਗੁਣਾਂ ਨੂੰ ਮੁੱਖ ਰੱਖਦੀ ਹੈ। ਪਰੰਤੂ ਜਿਥੇ ਸਕਾਟ ਜੇਮਜ਼ ਨੇ ਕਲਾਸੀਕਲ ਸ਼ੈਲੀ ਨੂੰ ਕੇਵਲ ਸੰਸਾਰਕ ਖੇਤਰਾਂ (This-worldliness) ਵਿਚ ਸੀਮਤ ਕੀਤਾ ਹੈ ਅਤੇ ਰੋਮਾਂਟਿਕ ਸ਼ੈਲੀ ਨੂੰ ਅਧਿਆਤਮਕ ਤੇ ਪਰਾਸਰੀਰਕ ਖੇਤਰਾਂ (Other-worldliness) ਨਾਲ ਸਬੰਧਤ ਕੀਤਾ ਹੈ, ਉਸ ਦਾ ਇਹ ਵਿਚਾਰ ਗੁਰੂ ਨਾਨਕ ਸਾਹਿਬ ਦੀ ਸ਼ੈਲੀ ਉਤੇ ਲਾਗੂ ਨਹੀਂ ਹੁੰਦਾ, ਕਿਉਂਕਿ ਉਹਨਾਂ ਵਿਚ ਰਹੱਸਵਾਦੀ ਤੱਤ, ਦੈਵੀ ਵਿਸਮਾਦ ਅਤੇ ਭਗਤੀ ਭਾਵ ਦਾ ਅੰਸ਼ ਸਨਾਤਨਵਾਦ ਦੀਆਂ ਹੱਦਾਂ ਤੋਂ ਲੰਘ ਕੇ ਰੁਮਾਂਸਵਾਦ ਦੇ ਖੇਤਰਾਂ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਲਈ ਜਿਵੇਂ ਉਪਰ ਕਿਹਾ ਗਿਆ ਹੈ ਸਨਾਤਨੀ ਸ਼ੈਲੀ ਦੇ ਨਾਲ ਰੁਮਾਂਟਿਕ ਸ਼ੈਲੀ ਦੇ ਕੁਝ ਲੱਛਣ ਵੀ ਵਿਚਾਰਨੇ ਅਵੱਸ਼ਕ ਹੋਣਗੇ।

ਪੇਟਰ ਨੇ ਜੋ ਸ਼ੈਲੀ ਦਾ ਸਭ ਤੋਂ ਮੀਰੀ ਗੁਣ ਵਿਸ਼ੇ ਅਤੇ ਰੂਪ ਦੀ ਮੁਢਲੀ ਅੰਤ੍ਰੀਵ ਸਾਂਝ[7] ਨੂੰ ਮੰਨਿਆ ਹੈ, ਇਹ ਗਲ ਗੁਰੂ ਨਾਨਕ ਸਾਹਿਬ ਦੀ ਸ਼ੈਲੀ ਬਾਰੇ ਸਭ ਤੋਂ ਢੁੱਕਵਾਂ ਰੂਪ ਲੱਭਣ ਦਾ ਯਤਨ ਕਰਦੇ ਹਨ। ਅਜਿਹਾ ਢੰਗ ਇਕੋ ਇਕ ਢੰਗ ਹੀ ਹੋ ਸਕਦਾ ਹੈ, ਜਿਸ ਨੂੰ ਪੇਟਰ 'the only word' ਕਹਿੰਦਾ ਹੈ। ਸਭ ਤੋਂ ਢੁਕਵਾਂ ਲਿਖਣ ਢੰਗ ਉਹ ਹੁੰਦਾ ਹੈ, ਜੋ ਸਭ ਤੋਂ ਸੰਖੇਪ ਹੋਵੇ। ਇਸ ਲਈ ਗੁਰੂ ਸਾਹਿਬ ਦੀ ਸ਼ੈਲੀ ਮੁੱਢਲੇ ਰੂਪ ਵਿਚ ਅਤਿਅੰਤ ਸੰਖੇਪਤਾ ਦੀ ਲਖਾਇਕ ਹੈ—ਏਨੀ ਸੰਖੇਪ ਕਿ ਇਸ ਨੂੰ ਸੂਤ੍ਰਿਕ ਜਾਂ ਸੂਤਰਬਧ (epigrammatic) ਕਹਿਣਾ ਵਧੇਰੇ ਉਚਿੱਤ ਹੈ। ਥੋੜੇ ਤੋਂ ਥੋੜੇ ਅਤੇ ਅਤਿ ਸੰਖਿਪਤ ਸ਼ਬਦਾਂ ਵਿਚ ਗੁਰੂ ਸਾਹਿਬ ਵੱਡੇ ਤੋਂ ਵੱਡਾ ਅਤੇ ਕਠਿਨ ਤੋਂ ਕਠਿਨ ਵਿਚਾਰ ਪ੍ਰਗਟ ਕਰਨ ਦੀ ਸਮਰੱਥਾ ਰੱਖਦੇ ਹਨ। ਜਪੁਜੀ ਦੀ ਸ਼ੈਲੀ ਵਿਚ ਗੁਰੂ ਸਾਹਿਬ ਦਾ ਇਹ ਕਲਾਤਮਕ ਚਮਤਕਾਰ ਸਭ ਤੋਂ ਵਧ ਪੂਰਨਤਾ ਸਹਿਤ ਪ੍ਰਮਾਣਿਤ ਹੋਇਆ ਹੈ।

ਇਹ ਸੰਖੇਪਤਾ ਜਦ ਸੁੰਦਰਤਾ ਦੇ ਸੱਚੇ ਵਿਚ ਢਲਦੀ ਹੈ ਤਾਂ ਅਵੱਸ਼ ਸੰਗੀਤਕ ਹੋ ਜਾਂਦੀ ਹੈ। ਭਾਵੇਂ ਜਪੁਜੀ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਵੰਡ ਤੋਂ ਵਖਰਿਆਂ ਰਖਿਆ ਗਿਆ ਹੈ, ਅਤੇ ਕਿਸੇ ਰਾਗ ਦਾ ਉਲੇਖ ਇਸਦੇ ਸਿਰਲੇਖ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਨਹੀਂ ਕੀਤਾ, ਫਿਰ ਵੀ ਇਹ ਰਚਨਾ ਇਕ ਮਹਾਨ ਕਵਿਤਾ ਹੋਣ ਦੇ ਨਾਤੇ ਪੂਰਨ ਤੌਰ ਤੇ ਸੰਗੀਤਕ ਹੈ। ਕਈ ਪਉੜੀਆਂ ਵਿਚ ਪਰਸਪਰ ਸਬੰਧ ਸੰਗੀਤਕ ਅੰਸ਼ ਉਤੇ ਅਧਾਰਤ ਕੀਤਾ ਗਿਆ ਹੈ ਅਤੇ ਕਈ ਤੁੱਕਾਂ ਦੁਹਰਾਈਆਂ ਗਈਆਂ ਹਨ। ਇਸ ਤਰ੍ਹਾਂ ਉੱਚਾ ਕਲਾਤਮਕ ਸੁਹਜ ਪੈਦਾ ਕੀਤਾ ਗਿਆ ਹੈ। ਇਹ ਜਪੁਜੀ ਦੀ ਸ਼ੈਲੀ ਦਾ ਦੂਜਾ ਮੁੱਖ ਲੱਛਣ ਹੈ।

ਆਪਣੇ ਵਿਸ਼ੇ ਨੂੰ ਵਧ ਤੋਂ ਵਧ ਸਾਰਥਕ ਅਤੇ ਸਮੂਰਤ (ਮੂਰਤੀਮਾਨ) ਕਰਨ ਲਈ ਗੁਰੂ ਸਾਹਿਬ ਨੇ ਅਲੰਕਾਰਾ ਦੀ ਕਾਫ਼ੀ ਵਰਤੋਂ ਕੀਤੀ ਹੈ। ਕਈ ਪਉੜੀਆਂ ਦੀ ਸ਼ੈਲੀ ਅਸਲੋਂ ਕਲੰਕਾਰਕ ਹੈ। ਰੂਪਕ ਦੀ ਵਰਤੋਂ ਵਿਚ ਗੁਰੂ ਸਾਹਿਬ ਏਨੇ ਨਿਪੁੰਨ ਹਨ ਕਿ ਸਾਰੀ ਵਿਚਾਰਧਾਰਾ ਹੀ ਕਈ ਥਾਵਾਂ ਤੇ ਰੂਪਕਾਂ ਵਿਚ ਬੱਝੀ ਹੋਈ ਅਤੇ ਚਿੰਨ੍ਹਾਤਮਕ ਸਿੱਧ ਹੁੰਦੀ ਹੈ। ਰੂਪਕ, ਚਿੰਨ੍ਹ ਅਤੇ ਬਿੰਬ ਵਰਤਣ ਵਿਚ ਹੋਰ ਮਹਾਨ ਕਵੀਆਂ ਵਾਂਗ ਗਰੂ ਸਾਹਿਬ ਨੇ ਵੀ ਆਪਣੀ ਅਦੁੱਤੀ ਨਿਪੁੰਨਤਾ ਦਾ ਸਬੂਤ ਦਿਤਾ ਹੈ। ਇਹ ਜਪੁਜੀ ਦੀ ਸ਼ੈਲੀ ਦਾ ਤੀਜਾ ਵਿਸ਼ੇਸ਼ ਗੁਣ ਹੈ।

ਜਪੁਜੀ ਵਿਚ ਛੰਦਾਂ ਦੀ ਵਰਤੋਂ ਅਤੇ ਪਉੜੀਆਂ ਦੀ ਪਰਸਪਰ ਤਰਤੀਬ ਗੁਰੂ ਸਾਹਿਬ ਨੇ ਏਨੇ ਉਚੇਚ ਤੇ ਕਲਾਤਮਕ ਯੋਗਤਾ ਸਾਹਿਤ ਕੀਤੀ ਹੈ ਕਿ ਕਈ ਆਲੋਚਕ ਇਸ ਨੂੰ ਪ੍ਰਬੰਧ ਕਾਵਿ ਦੀ ਇਕ ਵੰਨਗੀ ਆਖਣ ਤੇ ਮਜ਼ਬੂਰ ਹਨ। ਛੰਦਾ-ਬੰਦੀ ਦੀ ਵਰਤੋਂ ਵਿਚ ਗੁਰੂ ਸਾਹਿਬ ਨੇ ਭਾਰੀ ਮੌਲਿਕਤਾ ਤੋਂ ਕੰਮ ਲਿਆ ਹੈ। ਵਖ ਵਖ ਪਉੜੀਆਂ ਵਿਚ ਵਖ ਵਖ ਛੰਦ ਵਰਤੇ ਹਨ, ਕਈ ਲੰਮੇਰੇ ਕਈ ਛੁਟੇਰੇ। ਤੁਕਾਂਤ ਦੀ ਵਰਤੋਂ ਵਿਚ ਵੀ ਕਈ ਤੁਕਾਂ ਵਿਚ ਮੌਲਿਕ ਕਿਸਮ ਦੀ ਖੁਲ੍ਹ ਲਈ ਹੈ। ਇਸ ਵਿਚ ਸੰਦੇਹ ਨਹੀਂ ਕਿ ਛੰਦਾ-ਬੰਦੀ ਦੀ ਨਿਪੁੰਨਤਾ ਕਾਵਿ-ਕਲਾ ਦੀ ਇਕ ਅਵੱਸ਼ਕ ਕਸਵੱਟੀ ਮੰਨੀ ਜਾਂਦੀ ਰਹੀ ਹੈ। ਗੁਰੂ ਸਾਹਿਬ ਨੇ ਇਸ ਨੂੰ ਜਪੁਜੀ ਵਿਚ ਪੂਰਨ ਭਾਂਤ ਨਿਭਾਇਆ ਹੈ। ਇਹ ਉਹਨਾਂ ਦੀ ਸ਼ੈਲੀ ਦਾ ਇਕ ਹੋਰ ਜ਼ਰੂਰੀ ਲੱਛਣ ਸਿੱਧ ਹੁੰਦਾ ਹੈ। ਡਾਕਟਰ ਜਾਨਸਨ ਨੇ ਤਾਂ ਕਵਿਤਾ ਦੀ ਪ੍ਰੀਭਾਸ਼ਾ ਹੀ 'ਛੰਦ-ਬਧ' ਰਚਨਾ' ਨਿਸਚਿਤ ਕੀਤੀ ਹੈ। ਕਵਿਤਾ ਦੀ ਇਹ ਰੂਪਕ ਸਚਾਈ ਸ਼ਾਇਦ ਅਜੇ ਵੀ ਓਨੀ ਪ੍ਰਮਾਣਿਕ ਹੈ ਜਿੰਨੀ ਕਿ ਪਹਿਲਾਂ ਸੀ ਪਰ ਅਜੋਕੇ ਸਮੇਂ ਵਿਚ ਇਹ ਗੱਲ ਕੁਝ ਚਰਚਾ-ਜਨਕ ਜ਼ਰੂਰ ਹੋ ਗਈ ਹੈ।

ਅਖੀਰ ਤੇ, ਸਭ ਤੋਂ ਵੱਡਾ ਗੁਣ, ਗੁਰੂ ਸਾਹਿਬ ਦੀ ਰੂਪਕ ਪ੍ਰਤਿਭਾ ਦਾ ਲਖਾਇਕ, ਜਪੁਜੀ ਦੀ ਬੋਲੀ ਤੇ ਸ਼ਬਦਾਵਲੀ ਦੇ ਰੂਪ ਵਿਚ ਵਿਦਮਾਨ ਹੈ। ਭਾਵੇਂ ਜਪੁਜੀ ਦੀ ਬੋਲੀ ਦਾ ਸਮੁੱਚਾ ਪ੍ਰਭਾਵ ਸਾਧ-ਭਾਸ਼ਾ ਦਾ ਪੈਦਾ ਹੈ, ਪਰ ਅਸਲੀਅਤ ਇਹ ਹੈ ਕਿ ਇਹ ਬੋਲੀ ਮੂਲ-ਰੂਪ ਵਿਚ ਪੰਜਾਬੀ ਤੇ ਠੇਠ ਪੰਜਾਬੀ ਹੈ। ਸ਼ਬਦਾਵਲੀ ਗੁਰੂ ਸਾਹਿਬ ਨੇ ਕਈ ਬੋਲੀਆਂ ਵਿਚੋਂ ਲੋੜ ਅਨੁਸਾਰ ਚੁਣ ਕੇ ਵਰਤੀ ਹੈ, ਖ਼ਾਸ ਕਰਕੇ ਸੰਸਕ੍ਰਿਤ ਅਤੇ ਫ਼ਾਰਸੀ ਵਿਚੋਂ, ਜਿਸ ਨਾਲ ਇਸ ਦੇ ਅਣ-ਪੰਜਾਬੀ ਹੋਣ ਦਾ ਭੁਲੇਖਾ ਪੈ ਸਕਦਾ ਹੈ। ਬੋਲੀ ਦੇ ਸਥਾਨਕ ਅਤੇ ਲੋਕ ਪੱਧਰ ਦੇ ਨੇੜੇ ਹੋਣ ਨਾਲ ਗੁਰੂ ਸਾਹਿਬ ਦੇ ਵਿਚਾਰਾਂ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri
ਵਿਚ ਅਥਾਹ ਤੇ ਬੇਪਨਾਹ ਸ਼ਕਤੀ ਪ੍ਰਵੇਸ਼ ਕਰ ਗਈ ਹੈ ਜੋ ਹੋਰ ਕਿਸੇ ਬੋਲੀ ਵਿਚ ਸੰਭਵ ਨਹੀਂ ਸੀ। ਤਕਨੀਕੀ ਤੇ ਸੁਯੋਗ ਸ਼ਬਦ-ਚੋਣ ਨੇ ਇਸ ਦਾ ਬਲ ਹੋਰ ਵਧਾ ਦਿਤਾ ਹੈ ਪਰ ਜਪੁਜੀ ਦੀ ਬੋਲੀ ਦਾ ਠੀਕ ਰਹੱਸ ਇਸ ਦੀ ਵਰਤੋਂ ਦੇ ਕਮਾਲ ਵਿਚ ਲੁਕਿਆ ਹੋਇਆ ਹੈ। ਜਿਸ ਦੀ ਅਦੁਤੀ ਢੰਗ ਨਾਲ ਵਿਸ਼ੇ ਨੂੰ ਪ੍ਰਗਟ ਕਰਨ ਲਈ ਗੁਰੂ ਸਾਹਿਬ ਨੇ ਘਟ ਤੋਂ ਘਟ ਅਤੇ ਠੀਕ ਮਾਤਰਾ ਵਿਚ ਬੋਲੀ ਤੇ ਸ਼ਬਦਾਵਲੀ ਵਰਤੀ ਹੈ, ਇਹ ਕੇਵਲ ਉਨ੍ਹਾਂ ਦੀ ਮਹਾਨ ਪ੍ਰਤਿਭਾ ਦਾ ਹੀ ਕਰਤਬ ਹੈ।

ਜਪੁਜੀ ਦੀ ਸ਼ੈਲੀ ਦਾ ਵਧੇਰੇ ਵਿਸ਼ਲੇਸ਼ਨ, ਵਿਆਖਿਆ ਅਤੇ ਸਪਸ਼ਟੀਕਰਨ ਕਾਫ਼ੀ ਵਿਸਥਾਰ ਦੀ ਮੰਗ ਕਰਦਾ ਹੈ ਜਿਸ ਦੀ ਇਸ ਸੰਖੇਪ ਅਧਿਐਨ ਵਿਚ ਗੁੰਜਾਇਸ਼ ਨਹੀਂ। ਇਥੇ ਕੇਵਲ ਸੰਕੇਤ ਮਾਤਰ ਜਪੁਜੀ ਦੀ ਸ਼ੈਲੀ ਦੇ ਮੁੱਖ ਲੱਛਣ ਸੁਝਾ ਦਿਤੇ ਹਨ।

ਇਉਂ ਪਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਜਿਥੇ ਵਿਸ਼ੇ ਦੇ ਪੱਖ ਤੋਂ, ਰਹੱਸਵਾਦੀ ਹੋਣ ਕਰਕੇ, ਅਤਿ ਮੌਲਿਕ ਅਤੇ ਸੁਤੰਤਰ ਸਨ (ਇਹ ਗੁਣ ਰੁਮਾਂਸਵਾਦੀ ਅਨੁਭਵ ਦੀ ਸਿਖਰ ਸਮਝੇ ਜਾਂਦੇ ਹਨ), ਉਥੇ ਆਪ ਸ਼ੈਲੀ ਦੇ ਪੱਖ ਤੋਂ ਇਕ ਅਤਿ ਸੁਚੇਤ ਤੇ ਨਿਪੁਣ ਕਲਾਕਾਰ ਸਿੱਧ ਹੁੰਦੇ ਹਨ (ਇਹ ਗੁਣ ਵਿਸ਼ੇਸ਼ ਕਰਕੇ ਕਲਾਸੀਕਲ ਸ਼ੈਲੀ ਦਾ ਲਖਾਇਕ ਹੈ)। ਇਸ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਗੁਰੂ ਸਾਹਿਬ ਸੰਸਾਰ ਦੇ ਉਨ੍ਹਾਂ ਸਭ ਤੋਂ ਮਹਾਨ ਸਾਹਿੱਤਕਾਰਾਂ ਵਿਚੋਂ ਸਨ, ਜਿਨ੍ਹਾਂ ਦੀ ਵਿਰਾਟ ਪ੍ਰਤਿਭਾ ਆਪਣੇ ਨਿਯਮ ਨਾਲ ਲੈ ਕੇ ਆਉਂਦੀ ਹੈ ਜਾਂ ਨਿਯਮਾਂ ਤੋਂ ਉੱਕੀ ਹੀ ਸੁਤੰਤਰ ਹੁੰਦੀ ਹੈ। ਕੋਈ ਤੁਲਨਾ, ਸਮਾਨਤਾ ਜਾਂ ਪੂਰਵਤਾ ਅਜੇਹੀ ਪ੍ਰਤਿਭਾ ਉਤੇ ਲਾਗੂ ਨਹੀਂ ਹੋ ਸਕਦੀ।

## ਹਵਾਲੇ ਅਤੇ ਟਿੱਪਣੀਆਂ

1. ਸੱਸੀ ਹਾਸ਼ਮ ਸੰਪਾਦਿਤ ਡਾ. ਦੀਵਾਨ ਸਿੰਘ ਅਤੇ ਡਾਕਟਰ ਆਹੂਜਾ, ਪੰਨਾ 84।
2. ਉਹੀ, ਪੰਨਾ 85।
3. ਉਹੀ ਪੰਨਾ 85।
4. Restraint and order.
5. Making of Literature, pp. 166-67.
6. Essay on Style, Appreciations.
7. Poetry is metrical composition.


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਆਸਾ ਦੀ ਵਾਰ : ਸਾਹਿੱਤਕ ਅਧਿਐਨ

## ਪਉੜੀ ਤੇ ਸ਼ਲੋਕ

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ (ਜਿਨ੍ਹਾਂ ਵਿਚੋਂ ਗੁਰੂ ਨਾਨਕ ਰਚਿਤ ਆਸਾ ਦੀ ਵਾਰ ਇਕ ਵਿਸ਼ੇਸ਼ ਪਦਵੀ ਰਖਦੀ ਹੈ) ਜਿਸ ਗੱਲ ਵਿਚ ਹੋਰ ਕਵੀਆਂ ਦੀਆਂ ਵਾਰਾਂ ਨਾਲੋਂ ਭਿੰਨ ਹਨ ਕਿ ਇਨ੍ਹਾਂ ਵਿਚ ਪਉੜੀਆਂ ਦੇ ਨਾਲ ਸ਼ਲੋਕ ਸ਼ਾਮਲ ਕੀਤੇ ਹੋਏ ਮਿਲਦੇ ਹਨ (ਸੱਤੇ ਬਲਵੰਡ ਦੀ ਵਾਰ ਤੋਂ ਸਿਵਾ ਬਾਕੀ ਸਭ ਵਾਰਾਂ ਵਿਚ ਅਜਿਹਾ ਹੈ) ਜਿਸ ਨਾਲ ਇਹ ਭੁਲੇਖਾ ਪੈਣ ਦੀ ਸੰਭਾਵਨਾ ਹੈ ਕਿ ਵਾਰ ਦੀ ਬਣਤਰ ਵਿਚ ਪਉੜੀਆਂ ਤੇ ਸ਼ਲੋਕ ਦੋਹਾਂ ਦੀ ਆਵੱਸ਼ਕਤਾ ਹੈ। ਇਸ ਲਈ ਇਹ ਨਿਰਨਾ ਕਰਨ ਦੀ ਲੋੜ ਹੈ ਕਿ ਪਉੜੀਆਂ ਦੇ ਨਾਲ ਸ਼ਲੋਕ ਕਿਉਂ ਤੇ ਕਦੋਂ ਸ਼ਾਮਲ ਕੀਤੇ ਗਏ।

ਇਸ ਗੱਲ ਵਿਚ ਤਾਂ ਕੋਈ ਸੰਦੇਹ ਨਹੀਂ ਹੋ ਸਕਦਾ ਕਿ ਵਾਰ ਦੀ ਤਕਨੀਕ ਵਿਚ ਪਉੜੀ (ਜੋ ਇਕ ਕਵਿਤਾ ਦਾ ਬੰਦ ਅਰਥਾਤ (stanza) ਹੈ ਜਿਵੇਂ ਕਿੱਸਿਆਂ ਵਿਚ ਬੈਂਤ ਦਾ ਇਕ ਬੰਦ ਹੁੰਦਾ ਹੈ) ਦੀ ਪੂਰਨ ਮਹੱਤਾ ਹੈ ਹਰ ਵਾਰ ਵਿਚ ਪਉੜੀਆਂ ਦੀ ਵਰਤੋਂ ਏਸ ਹੱਦ ਤਕ ਜ਼ਰੂਰੀ ਮੰਨੀ ਗਈ ਹੈ ਕਿ ਵਾਰ ਤੇ ਪਉੜੀ ਸਮਾਨਅਰਥਕ ਸ਼ਬਦ ਬਣ ਗਏ ਹਨ।[1] ਵਾਰ ਦੇ ਛੰਦ ਵਿਚ ਜਿਥੇ ਪਉੜੀ ਦੀ ਵਰਤੋਂ ਏਨੀ ਅਨਿਵਾਰਯ ਹੈ ਉਥੇ ਸ਼ਲੋਕ ਦਾ ਵਾਰ ਦੀ ਤਕਨੀਕ ਨਾਲ ਕੋਈ ਸੰਬੰਧ ਨਹੀਂ ਹੁੰਦਾ ਪਰ ਇਹ ਇਕ ਇਤਿਹਾਸਕ ਤੱਥ ਹੈ ਕਿ ਵਾਰ ਦੀ ਬਣਤਰ ਤੇ ਤਕਨੀਕ ਵਿਚ ਪਉੜੀ ਤੇ ਸ਼ਲੋਕ ਨੂੰ ਆਪਸ ਵਿਚ ਇਕ ਸਮੇਂ ਜੋੜ ਦਿਤਾ ਗਿਆ। ਇਹ ਕਾਵਿ-ਕਲਾ ਤੇ ਕਾਵਿ-ਰੂਪ ਦੀ ਅਦੁੱਤੀ ਕਾਢ ਗੁਰਮਤ ਦੇ ਮਹਾਨ ਸਾਹਿਤਕਾਰ ਤੇ ਕਵੀ ਗੁਰੂ ਅਰਜਨ ਦੇਵ ਦੇ ਹਥੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਸੰ: 1604 ਈ. ਵਿਚ ਹੋਂਦ ਵਿਚ ਆਈ।

ਗੁਰੂ ਅਰਜਨ ਸਾਹਿਬ ਨੇ ਆਪਣੀਆਂ ਅਤੇ ਪਹਿਲੇ, ਤੀਜੇ ਅਤੇ ਚੌਥੇ ਗੁਰੂ ਸਾਹਿਬਾਨ ਦੀਆਂ ਵਾਰਾਂ ਵਿਚ ਹਰ ਵਾਰ ਦੀ ਹਰ ਪਉੜੀ ਤੋਂ ਪਹਿਲਾਂ ਇਕ ਜਾਂ ਦੋ ਸ਼ਲੋਕ ਵਧਾ ਦਿਤੇ। ਵਾਰ ਦੇ ਸਿਰਲੇਖ ਵਿਚ ਵੀ ਕਈ ਥਾਂ ਇਹ ਸਪਸ਼ਟ ਕਰ ਦਿਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਿਆ ਕਿ ਸ਼ਲੋਕ ਵੀ ਓਸੇ ਗੁਰੂ-ਵਿਅਕਤੀ ਦੇ ਹੀ ਵਧਾਏ ਹਨ ਜਿਨ੍ਹਾਂ ਨੇ ਕਿ ਇਹ ਵਾਰ ਰਚੀ ਹੈ। ਉਦਾਹਰਨ ਵਜੋਂ ਆਸਾ ਦੀ ਵਾਰ ਰਚਿਤ ਗੁਰੂ ਨਾਨਕ ਸਾਹਿਬ ਦਾ ਸਿਰਲੇਖ ਇਸ ਪ੍ਰਕਾਰ ਦਿੱਤਾ ਹੈ :—

ਆਸਾ ਮਹਲਾ 1

ਵਾਰ ਸ਼ਲੋਕਾਂ ਨਾਲਿ ਸ਼ਲੋਕ ਭੀ ਮਹਲੇ
ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥

ਸ਼ਲੋਕ ਪਉੜੀਆਂ ਤੋਂ ਪਹਿਲਾਂ ਦੇਣ ਨਾਲ ਇਹ ਸ਼ਲੋਕ ਇਕ ਤਰ੍ਹਾਂ ਪਉੜੀ ਦੀ ਭੂਮਿਕਾ ਜਾਂ ਵਿਆਖਿਆ ਦਾ ਕੰਮ ਦੇਂਦੇ ਹਨ। ਇਨ੍ਹਾਂ ਸ਼ਲੋਕਾਂ ਦੀ ਸਮੁੱਚੀ ਗਿਣਤੀ ਨਹੀਂ ਕੀਤੀ ਗਈ, ਕੇਵਲ ਗੁਰੂ-ਵਿਅਕਤੀ ਦੀ ਪਛਾਣ ਲਈ ਸ਼ਲੋਕ ਦੇ ਆਰੰਭ ਵਿਚ ਮਹਲਾ 1 ਜਾਂ ਮਹਲਾ 2 ਆਦਿ ਵਧਾ ਦਿਤੇ ਜਾਂਦੇ ਹਨ। ਹਾਂ, ਪਉੜੀਆਂ ਦੀ ਗਿਣਤੀ ਜ਼ਰੂਰ ਕ੍ਰਮਵਾਰ ਦੇ ਦਿਤੀ ਹੈ, ਜਿਸ ਤੋਂ ਸਾਫ਼ ਸਿੱਧ ਹੋ ਜਾਂਦਾ ਹੈ ਕਿ ਵਾਰ ਦੀ ਅਸਲੀ ਵਸਤੂ ਪਉੜੀ ਹੈ ਸ਼ਲੋਕ ਨਹੀਂ। ਸ਼ਲੋਕ ਤਾਂ ਕੇਵਲ ਕਿਸੇ ਲੋੜ ਅਨੁਸਾਰ 'ਵਧਾਏ' ਹੋਏ ਹਨ। ਨਾ ਉਹ ਪਉੜੀ ਦੇ ਆਸੇ ਨੂੰ ਬਦਲ ਸਕਦੇ ਹਨ, ਨਾ ਹੀ ਪਉੜੀ ਦੀ ਥਾਂ ਲੈ ਸਕਦੇ ਹਨ। ਜਿਥ ਪਉੜੀ ਦਾ ਅੰਕ ਦਰਜ ਹੈ, ਉਥੋਂ ਇਕ ਤਰ੍ਹਾਂ ਸ਼ਲੋਕਾਂ ਦੇ ਰੂਪ ਵਿਚ ਨਵੀਂ ਪਉੜੀ ਸ਼ੁਰੂ ਹੋ ਜਾਂਦੀ ਹੈ। ਹਰ ਵਾਰ ਦੀ ਪਹਿਲੀ ਪਉੜੀ ਤਾਂ ਉਂਜ ਹੀ ਸ਼ਲੋਕਾਂ ਤੋਂ ਸ਼ੁਰੂ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਦਾ ਪਾਠ ਕਰਨ ਲਈ (ਖ਼ਾਸ ਕਰਕੇ 'ਵਾਕ' ਲੈਣ ਲਈ) ਉਪਰ ਲਿਖੀ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ, ਕਿ ਪਾਠ ਵਾਰ ਦੇ ਵਿਚਕਾਰ ਸ਼ਲੋਕ ਤੋਂ ਸ਼ੁਰੂ ਕਰਨਾ ਹੈ ਨਾ ਕਿ ਪਉੜੀ ਤੋਂ। ਦੂਜੇ ਸ਼ਬਦਾਂ ਵਿਚ ਵਾਰ ਦਾ ਪਾਠ ਹਰ ਸੂਰਤ ਸ਼ਲੋਕ ਤੋਂ ਸ਼ੁਰੂ ਕਰਨਾ ਹੈ ਤੇ ਪਉੜੀ ਤੇ ਖਤਮ ਕਰਨਾ ਹੈ।

ਗੁਰੂ ਅਰਜਨ ਸਾਹਿਬ ਅਗੰਮੀ ਪੁਰਸ਼ ਸਨ। ਵਾਰ ਦੇ ਨਾਲ ਸ਼ਲੋਕ ਵਧਾਉਣ ਦਾ ਉਨ੍ਹਾਂ ਦਾ ਆਸ਼ਾ ਉਹ ਆਪ ਹੀ ਜਾਣਦੇ ਸਨ, ਕਿਸੇ ਦੀ ਕੁਝ ਕਹਿਣ ਦੀ ਸਮਰਥਾ ਨਹੀਂ ਹੋ ਸਕਦੀ। ਫਿਰ ਵੀ ਅਨੁਮਾਨ ਇਹ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਦੋ ਗੱਲਾਂ ਨੂੰ ਮੁੱਖ ਰੱਖ ਕੇ ਅਜਿਹਾ ਕੀਤਾ ਹੋਵੇਗਾ।

ਪਹਿਲੀ ਗੱਲ ਇਹ ਕਿ ਵਾਰਾਂ ਰਚਨ ਦਾ ਮੁਢਲਾ ਆਸ਼ਾ ਗੁਰਮਤ ਪਰਚਾਰ ਦਾ ਸੀ। ਇਸ ਲਈ ਪਰਚਾਰ ਜਾਂ ਉਪਦੇਸ਼ ਨੂੰ ਮੁੱਖ ਰੱਖ ਕੇ ਵਾਰਾਂ ਦੀਆਂ ਪਉੜੀਆਂ ਦੇ ਨਾਲ ਸ਼ਲੋਕ ਵਧਾਏ ਗਏ ਹੋਣਗੇ ਤਾਂ ਸਿੱਖ ਸੰਗਤ ਨੂੰ ਉਪਦੇਸ਼ ਵਜੋਂ ਭਰਪੂਰ ਤੇ ਬਹੁ-ਪੱਖੀ ਗੁਰਬਾਣੀ ਨੂੰ ਰੂਪ ਸਿਖਿਆ ਤੇ ਉਹ ਵੀ ਕੀਰਤਨ ਦੇ ਰੰਗ ਢੰਗ ਵਿਚ ਪ੍ਰਾਪਤ ਹੋ ਜਾਏ।

ਦੂਜਾ ਅਨੁਮਾਨ ਇਹ ਹੋ ਸਕਦਾ ਹੈ ਕਿ ਗੁਰੂ ਸਾਹਿਬ ਆਪਣੇ ਜੀਵਨ ਦੇ ਸਾਧਾਰਨ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਵਿਸ਼ੇਸ਼ ਅਵਸਰਾਂ ਤੇ ਪਰਸੰਗ ਵਜੋਂ 'ਪਰਥਾਇ ਸਾਖੀ ਮਹਾਪੁਰਖ ਬੋਲਦੇ' ਅਨੁਸਾਰ ਜੋ ਵਿਚਾਰ ਪ੍ਰਗਟ ਕਰਦੇ ਸਨ ਉਹ ਸ਼ਲੋਕਾਂ ਦੇ ਰੂਪ ਵਿਚ ਹੀ ਹੁੰਦਾ ਸੀ, ਕਿਉਂਕਿ ਸ਼ਲੋਕ ਪੁਰਾਤਨ ਸਮਿਆਂ ਤੋਂ ਪ੍ਰਚਲਿਤ ਇਕ ਛੋਟੇ ਆਕਾਰ ਦੀ (ਦੋ ਤੋਂ ਲੈ ਕੇ ਕੁਝ ਤੁੱਕਾਂ ਵਿਚ ਸੀਮਤ) ਕਵਿਤਾ ਹੁੰਦੀ ਸੀ। ਅਜਿਹੇ ਸ਼ਲੋਕਾਂ ਦੀ ਬਹੁਤ ਭਾਰੀ ਗਿਣਤੀ ਗੁਰੂ ਸਾਹਿਬਾਨ ਦੇ ਜੀਵਨ ਵਿਚ ਸਹਿਜ ਸੁਭਾ ਹੀ ਰਚੀ ਹੋਈ ਇਕੱਠੀ ਹੋ ਗਈ ਸੀ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰੂ ਅਰਜਨ ਸਾਹਿਬ ਨੇ ਇਕ ਥਾਂ ਇਕੱਠੀ ਦਰਜ ਕਰਨ ਦੀ ਥਾਂ ਵਾਰਾਂ ਦੇ ਨਾਲ ਸ਼ਾਮਲ ਕਰ ਦਿਤਾ ਅਤੇ ਜੋ ਸ਼ਲੋਕ ਵਾਰਾਂ ਤੋਂ ਵਧ ਗਏ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ 'ਸ਼ਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਕਰ ਦਿਤਾ। ਅਜੇਹਾ ਕਰਨਾ ਕਲਾਤਮਕਤਾ ਤੇ ਸਾਰਥਕਤਾ ਦੀ ਸਿਖਰ ਸੀ ਜੋ ਗੁਰੂ ਸਾਹਿਬ ਨੇ ਇਕ ਥਾਂ ਇਕੱਠੀ ਦਰਜ ਕਰਨ ਦੀ ਥਾਂ ਵਾਰਾਂ ਦੇ ਨਾਲ ਸ਼ਾਮਲ ਕਰ ਦਿਤਾ ਅਤੇ ਜੋ ਸ਼ਲੋਕ ਵਾਰਾਂ ਤੋਂ ਵਧ ਗਏ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਕਰ ਦਿਤਾ। ਅਜੇਹਾ ਕਰਨਾ ਕਲਾਤਮਕਤਾ ਤੇ ਸਾਰਥਕਤਾ ਦੀ ਸਿਖਰ ਸੀ ਜੋ ਗੁਰੂ ਸਾਹਿਬ ਨੇ ਪ੍ਰਗਟ ਕੀਤੀ। ਵਾਰਾਂ ਦਾ ਆਸ਼ਾ, ਜੋ ਉਪਦੇਸ਼ ਦਾ ਸੀ, ਸ਼ਲੋਕਾਂ ਦੇ ਸੰਮਿਲਤ ਹੋਣ ਨਾਲ ਬਹੁਤ ਵਧ ਗਿਆ ਅਤੇ ਨਾਲ ਹੀ, ਸਾਹਿੱਤਕ ਸੁਹਜ ਅਤੇ ਵਿਸ਼ੇ ਦੇ ਪੱਖੋਂ, ਰਸ ਤੇ ਵੰਨਗੀ ਪੈਦਾ ਹੋ ਗਈ।

## ਬੀਰ-ਰਸੀ ਤੇ ਅਧਿਆਤਮਕ ਵਾਰ

ਪੰਜਾਬੀ ਸਾਹਿੱਤ ਵਿਚ 'ਵਾਰ' ਦੋ ਪਰਕਾਰ ਦੀ ਹੈ :

1. ਬੀਰ-ਰਸੀ ਜਾਂ ਯੁਧ ਦੀ ਵਾਰ
2. ਅਧਿਆਤਮਕ ਵਾਰ

ਇਹ ਦੋਵੇਂ ਕਿਸਮਾਂ ਪੰਜਾਬੀ ਸਾਹਿੱਤ ਦੇ ਇਤਿਹਾਸ ਦੇ ਆਧਾਰ ਤੇ ਨਿਸਚਿਤ ਜਾਂ ਨਿਰਮਤ ਹੋਈਆਂ। 'ਵਾਰ' ਦਾ ਵਿਕਾਸ਼ ਪੂਰਵ-ਨਾਟਕ ਕਾਲ ਤੋਂ ਜਿਨ੍ਹਾਂ ਇਤਿਹਾਸਕ ਸਥਿਤੀਆਂ ਤੇ ਪੜਾਵਾਂ ਵਿਚੋਂ ਲੰਘਿਆ, ਉਸ ਦਾ ਅਵੱਸ਼ ਸਿੱਟਾ ਇਹ ਦੋਵੇਂ ਕਿਸਮਾਂ ਦੀ ਵਾਰ ਦੇ ਰੂਪ ਵਿਚ ਹੋਇਆ। ਡਾ. ਗੰਡਾ ਸਿੰਘ (ਪੰਜਾਬ ਦੀਆਂ ਵਾਰਾਂ) ਸ. ਸਾਹਿਬ ਸਿੰਘ (ਆਸਾ ਦੀ ਵਾਰ ਸਟੀਕ), ਸਰਦਾਰ ਪਿਆਰਾ ਸਿੰਘ ਪਦਮ (ਪੰਜਾਬੀ ਵਾਰਾਂ) ਸ. ਹਰਿੰਦਰ ਸਿੰਘ ਰੂਪ (ਭਾਈ ਗੁਰਦਾਸ ਦੀਆਂ ਵਾਰਾਂ) ਆਦਿ ਲੇਖਕਾਂ ਨੇ ਵਾਰ ਦੀ ਤਕਨੀਕ, ਆਸ਼ੇ ਅਤੇ ਸਿਧਾਂਤ ਬਾਰੇ ਕਾਫੀ ਵਿਸਤ੍ਰਿਤ ਅਧਿਐਨ ਕੀਤੇ ਹਨ। ਬੀਰ-ਰਸੀ ਵਾਰ ਬਾਰੇ ਤਾਂ ਕਾਫੀ ਆਲੋਚਨਾ ਮਿਲ ਜਾਂਦੀ ਹੈ, ਪਰੰਤੂ ਅਧਿਆਤਮਕ ਵਾਰ ਸੰਬੰਧੀ ਸਾਡੀ ਆਲੋਚਨਾ ਲਗ ਪਗ ਚੁੱਪ ਹੀ ਹੈ। ਇਸ ਲਈ ਇਸ ਬਾਰੇ ਜ਼ਰੂਰੀ ਵਿਚਾਰ ਪੇਸ਼ ਕਰਦੇ ਹਾਂ।

ਪੰਜਾਬੀ ਵਾਰ ਰਾਜਗਰਦੀ ਦੇ ਸਮੇਂ ਉਪਜੀ, ਜਦ ਕਿ ਮੁਸਲਮ ਰਾਜ ਉਤਰੀ ਭਾਰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਗਿਆਰਵੀਂ ਬਾਰਵੀਂ ਸਦੀ ਵਿਚ ਸਥਾਪਿਤ ਹੋ ਰਿਹਾ ਸੀ। ਉਸ ਸਮੇਂ ਕੁਝ ਬੀਰ-ਰਸ ਦੀਆਂ ਘਟਨਾਵਾਂ ਵਾਪਰੀਆਂ ਜੋ ਕੁਝ ਕੁ ਅਣ-ਇਤਿਹਾਸਕ ਜਾਂ ਅਰਧ-ਇਤਿਹਾਸਕ ਵਿਅਕਤੀਆਂ (ਅਰਥਾਤ-ਸਥਾਨਕ ਸਰਦਾਰਾਂ ਤੇ ਹਾਕਮਾਂ) ਨਾਲ ਸੰਬੰਧਤ ਹਨ। ਇਨ੍ਹਾਂ ਕਾਰਨਾਮਿਆਂ ਨੂੰ ਵਾਰਾਂ ਦੇ ਰੂਪ ਵਿਚ ਅਣਜਾਣੇ ਤੇ ਅਗਿਆਤ ਕਵੀਆਂ ਨੇ ਸੁਰਖਿਅਤ ਕਰ ਦਿਤਾ। ਇਨ੍ਹਾਂ ਵਿਚੋਂ ਨੌ ਵਾਰਾਂ ਦੇ ਹਵਾਲੇ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੇ ਸਿਰਲੇਖਾਂ ਵਿਚ ਨਿਸਚਿਤ 'ਧੁਨੀ' ਜਾਂ ਧਾਰਨਾ ਉਤੇ ਗਾਏ ਜਾਣ ਦੇ ਸੁਝਾ ਵਜੋਂ ਮਿਲਦੇ ਹਨ, ਜਿਵੇਂ ਆਸਾ ਦੀ ਵਾਰ ਦੇ ਸਿਰਲੇਖ ਵਿਚ ਟੁੰਡੇ ਅਸਰਾਜੇ ਦੀ ਧੁਨੀ ਦਾ ਉਲੇਖ ਹੈ। ਇਸੇ ਤਰ੍ਹਾਂ ਸਕੰਦਰ ਇਬਰਾਹੀਮ ਦੀ ਵਾਰ, ਮੂਸਾ ਦੀ ਵਾਰ, ਲੱਲੇ ਬਹਿਲੀਮੇ ਦੀ ਵਾਰ ਆਦਿ। ਇਹ ਬੀਰ-ਰਸੀ ਵਾਰਾਂ ਪੰਜਾਬੀ ਸਾਹਿੱਤ ਦੇ ਮੁਢਲੇ ਕਾਲ ਦੀਆਂ ਰਚ-ਨਾਵਾਂ ਸਨ ਜੋ ਲਿਖਤੀ ਸਾਹਿੱਤ ਨਾਲੋਂ ਜ਼ਿਆਦਾ ਲੋਕ-ਸਾਹਿੱਤ ਨਾਲ ਸੰਬੰਧ ਰਖਦੀਆਂ ਹਨ।

ਪਰੰਤੂ ਜਦ ਦੇਸ਼ ਗ਼ੁਲਾਮ ਹੋ ਗਿਆ ਤਾਂ ਬੀਰਤਾ ਦੇ ਨਾਲ ਬੀਰਤਾ ਦਾ ਸਾਹਿੱਤ ਵੀ ਖਤਮ ਹੋ ਗਿਆ। ਨਾ ਬੀਰਤਾ ਰਹੀ, ਨਾ ਬੀਰਤਾ ਦਾ ਆਸ਼ਾ, ਨਾ ਬੀਰਤਾ ਦੀ ਕਵਿਤਾ। ਅਜੇਹੀ ਅਧੋਗਤੀ ਦੇ ਹਨੇਰੇ ਵਿਚ ਗੁਰੂ ਨਾਨਕ ਸਾਹਿਬ ਦੀ ਪ੍ਰਤਿਭਾ ਦਾ ਸੂਰਜ ਚਮਕਿਆ। ਨਵੇਂ ਸਿਰਿਉਂ ਬੀਰਤਾ ਦੀ ਉਪਜ ਤੇ ਪ੍ਰੇਰਨਾ ਗੁਰੂ ਸਾਹਿਬ ਨੇ ਆਰੰਭੀ। ਨਵੇਂ ਸਿਰਿਉਂ ਵਾਰ ਦੀ ਸਿਰਜਣਾ ਸ਼ੁਰੂ ਹੋਈ। ਪਰ ਇਹ ਨਵੀਂ ਵਾਰ ਯੁਧ ਦੀ ਵਾਰ ਨਹੀਂ ਸੀ, ਅਧਿਆਤਮਕ ਵਾਰ ਸੀ।

ਬੀਰ-ਰਸ ਦੀ ਸਚਾਈ ਨੂੰ ਠੀਕ ਠੀਕ ਸਮਝ ਲੈਣ ਨਾਲ ਅਧਿਆਤਮਕ ਵਾਰ ਦਾ ਆਸ਼ਾ ਸਪੱਸ਼ਟ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਏਸੇ ਅਧਿਆਤਮਕ ਆਸ਼ੇ ਨੂੰ ਮੁੱਖ ਰਖਿਆ। ਬੀਰ-ਰਸ ਇਕ ਆਤਮਕ ਗੁਣ ਹੈ ਜਿਸ ਨੂੰ ਆਚਰਨਕ ਗੁਣ ਵੀ ਕਹਿ ਸਕਦੇ ਹਾਂ। ਇਹ ਅੰਦਰੋਂ ਉਪਜਦਾ ਹੈ। ਇਹ ਇਕ ਚੜ੍ਹਦੀ ਕਲਾ ਵਿਚ ਰਹਿਣ ਦੀ ਰੁਚੀ ਜਾਂ ਸੁਭਾ ਹੈ ਜਿਸ ਨੂੰ ਅੰਗਰੇਜ਼ੀ ਵਿਚ virile spirit ਕਿਹਾ ਜਾਂਦਾ ਹੈ। ਇਹ ਇਕ ਮਰਦਊਪੁਣਾ ਹੈ, 'ਜਵਾਂਮਰਦੀ' ਹੈ। ਇਸ ਵਿਚ ਆਪਾ ਵਾਰਨ ਤੇ ਕੁਰਬਾਨੀ, ਤਿਆਗ ਤੇ ਸ਼ਹੀਦੀ ਦਾ ਰਹੱਸ ਹੈ। ਬੀਰਤਾ ਕੋਈ ਸਾਧਾਰਨ ਗੁਣ ਨਹੀਂ। ਇਹ ਮਨੁੱਖ ਦਾ ਸਮੁੱਚਾਪਨ, ਮਨੁੱਖ ਦਾ ਆਦਰਸ਼ਕ ਕਰਤੱਵ ਮੰਗਦੀ ਹੈ। ਬੀਰਤਾ ਉਹ ਦੇਵੀ ਹੈ ਜੋ ਪ੍ਰਸਿਧ ਹਿੰਦੂ ਦੇਵੀ ਦੁਰਗਾ ਵਾਂਗ ਮਾਸ ਤੇ ਖ਼ੂਨ ਦੀ ਭੇਟ ਮੰਗਦੀ ਹੈ।

ਗੁਰੂ ਨਾਨਕ ਸਾਹਿਬ ਨੇ ਵੀ ਮਨੁੱਖ ਨੂੰ ਪਹਿਲਾਂ ਅੰਦਰੋਂ, ਆਤਮਕ ਤੇ ਆਚਰਨਕ ਪੱਧਰ ਤੇ, ਬੀਰ-ਕਰਤੱਵੀ ਬਣਾਉਣ ਲਈ ਅਧਿਆਤਮਕ ਵਾਰ ਦੀ ਨੀਂਹ ਰੱਖੀ। ਆਸਾ ਦੀ ਵਾਰ ਇਸ ਪ੍ਰਯਤਨ ਦਾ ਇਕ ਵਿਸ਼ੇਸ਼ ਨਮੂਨਾ ਹੈ।

ਗੁਰੂ ਸਾਹਿਬ ਦਾ ਆਸ਼ਾ ਮਨੁੱਖ ਨੂੰ ਨਿਤਾਣੇ ਤੋਂ ਬਲੀ, ਹੀਣੇ ਤੋਂ ਅਣਖੀ, ਅਸੂਝ ਤੋਂ ਸਾਹਸੀ (ਉਤਸ਼ਾਹੀ), ਕਾਇਰ ਤੋਂ ਦਲੇਰ ਅਤੇ ਦੇਹ-ਰੱਖ ਤੋਂ ਆਪਾ-ਵਾਰੂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਾਉਣ ਦਾ ਸੀ। ਪਰ ਇਹ ਕੰਮ ਅਤਿ ਕਠਨ ਹੈ। ਇਸ ਲਈ ਅਧਿਆਤਮਕ ਵਾਰਾਂ ਰਾਹੀਂ ਅਥਾਹ ਪ੍ਰੇਰਨਾ ਦੇ ਨਾਲ ਨਾਲ ਗੁਰੂ ਸਾਹਿਬਾਨ ਨੇ ਲਗ ਪਗ 200 ਸਾਲ ਤਕ ਕੌਮ ਦੀ ਅਗਵਾਈ ਦਾ ਉੱਦਮ ਜਾਰੀ ਰਖਿਆ। ਗੁਰੂ ਹਰਿ ਗੋਬਿੰਦ ਸਾਹਿਬ ਦੇ ਵੇਲੇ ਤੋਂ ਤਾਂ ਇਹ ਜਤਨ ਨਿਰੋਲ ਅੰਦਰਮੁਖੀ ਦੀ ਥਾਂ ਪੂਰਨ ਰੂਪ ਵਿਚ ਬਾਹਰਮੁਖੀ ਤੇ ਸੈਨਿਕ ਪੱਧਰ ਤੇ ਆ ਪੁੱਜੇ ਸਨ।

ਸੋ ਇਕ ਤਰ੍ਹਾਂ ਅਧਿਆਤਮਕ ਵਾਰ ਕੌਮ ਨੂੰ ਧਰਮ-ਯੁਧ ਲਈ ਤਿਆਰ ਕਰਨ ਲਈ ਸੀ। ਇਹ ਬੀਰ-ਰਸੀ ਵਾਰ ਦਾ ਇਕ ਅਗੇਤਰ ਜਾਂ 'ਪੇਸ਼ ਖ਼ੈਮਾ' ਹੈ। ਡਿੱਗੀ ਹੋਈ ਨਿਤਾਣੀ ਕੌਮ ਕਿਸ ਤਰ੍ਹਾਂ ਇਕ ਦਮ ਬੀਰਤਾ ਦੇ ਕਰਤੱਵਾਂ ਲਈ ਯੋਗ ਹੋ ਸਕਦੀ ਸੀ, ਜਿਸ ਵਿਚੋਂ ਕਿ ਵਾਰਾਂ ਉਪਜ ਸਕਦੀਆਂ? ਸੋ ਪੰਜਾਬੀ ਕੌਮ ਗੁਰੂ ਸਾਹਿਬਾਨ ਧਾਰਮਕ ਅਗਵਾਈ ਹੇਠ ਇਕ ਜ਼ਰੂਰੀ ਪਰਿਵਰਤਨ ਕਾਲ ਵਿਚੋਂ ਲੰਘੀ ਜਿਸ ਨੂੰ ਅਧਿਆਤਮਕ ਵਾਰ ਦਾ ਕਾਲ ਕਹਿ ਸਕਦੇ ਹਾਂ।

ਅਧਿਆਤਮਕ ਵਾਰ ਵਿਚ ਬੀਰ-ਰਸੀ ਵਾਰ ਵਾਲਾ ਬੀਰਤਾ ਦਾ ਪਹਿਲਾ ਵੱਡਾ ਲੱਛਣ ਅਰਥਾਤ 'ਜੱਸ' ਜਾਂ ਉਸਤਤ ਓਨੀ ਹੀ ਮਹੱਤਾ ਸਹਿਤ ਪ੍ਰਗਟ ਹੋਇਆ ਹੈ ਜਿਤਨਾ ਕਿ ਯੁਧ ਦੀ ਵਾਰ ਵਿਚ। ਕੇਵਲ ਨਾਇਕ ਦਾ ਪੱਧਰ ਤੇ ਪਦਵੀ ਬਦਲ ਗਈ ਹੈ। ਅਧਿਆਤਮਕ ਵਾਰ ਵਿਚ ਨਾਇਕ ਪਰਮਾਤਮਾ ਹੈ ਜੋ ਸਰਬ-ਸ਼ਕਤੀਮਾਨ ਹੈ, ਕਰਨ-ਕਾਰਨ ਹੈ, ਮੁਖਤਾਰਿ ਕੁੱਲ (ਸਰਬ-ਸਮਰਥ) ਹੈ, ਕਰਤੱਵੀ, ਚੋਜੀ ਤੇ ਪਰਾਕਰਮੀ ਹੈ। ਉਸੇ ਦਾ ਹੀ ਇਸ ਸ਼੍ਰੇਣੀ ਦੀ ਵਾਰ ਵਿਚ ਬਾਰ ਬਾਰ 'ਜੱਸ' ਗਾਇਆ ਜਾਂਦਾ ਹੈ। ਜਾਂ ਫਿਰ ਨਾਇਕ ਗੁਰੂ ਤੇ ਗੁਰਮੁਖ ਹੈ। ਜੋ ਮਨੁੱਖੀ ਪੱਧਰ ਤੇ ਪਰਮਾਤਮਾ ਦੀ ਮਹਾਨ ਆਤਮਕ ਸੱਤਾ ਦਾ ਇਕ ਪ੍ਰਤੀਕ ਮੰਨਿਆ ਜਾਂਦਾ ਹੈ। ਗੁਰੂ ਤੇ ਗੁਰਮੁਖ ਦੀ ਉਸਤਤ ਅਸਲ ਵਿਚ ਪ੍ਰਭੂ ਦੀ ਉਸਤਤ ਹੈ।

ਅਧਿਆਤਮਕ ਵਾਰ ਵਿਚ ਜੱਸ ਤੋਂ ਇਲਾਵਾ ਯੁਧ ਦੀ ਵਾਰ ਦਾ ਦੂਜਾ ਵੱਡਾ ਲੱਛਣ ਟੱਕਰ ਜਾਂ ਘੋਲ ਵੀ ਪੂਰੀ ਸ਼ਿੱਦਤ (ਦੀਰਘਤਾ) ਨਾਲ ਵਿਦਮਾਨ ਹੈ। ਗੁਰਮੁਖ ਤੇ ਮਨਮੁਖ ਦਾ ਘੋਲ। ਨੇਕੀ ਤੇ ਬਦੀ ਦਾ ਘੋਲ। ਸ਼ੁਭ ਗੁਣਾਂ ਅਤੇ ਵਿਸ਼ੇ ਵਿਕਾਰਾਂ ਦਾ ਘੋਲ। ਆਤਮਕ ਸਚਾਈ ਅਤੇ ਮਾਇਆ ਰੂਪ ਕੂੜ ਦਾ ਘੋਲ। ਇਹ ਸਾਰੇ ਵਿਸ਼ੇ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਅਧਿਆਤਮਕ ਵਾਰਾਂ ਵਿਚ ਮਿਲ ਜਾਂਦੇ ਹਨ।

ਸੋ ਗੁਰੂ ਸਾਹਿਬਾਨ ਨੇ ਵਾਰ ਨੇ ਮੁਢਲੇ ਤੇ ਸਿਧਾਂਤਕ ਆਸ਼ਿਆਂ ਨੂੰ ਅਧਿਆਤਮਕ ਵਾਰ ਵਿਚ ਭੰਗ ਨਹੀਂ ਕੀਤਾ ਸਗੋਂ ਪੂਰੀ ਤਰ੍ਹਾਂ ਕਾਇਮ ਰਖਿਆ ਹੈ। ਇਸ ਦਾ ਅਵੱਸ਼ ਨਤੀਜਾ ਇਹ ਹੋਇਆ ਕਿ ਇਨ੍ਹਾਂ ਵਾਰਾਂ ਵਿਚੋਂ ਅਥਾਹ ਪ੍ਰੇਰਨਾ ਲੈ ਕੇ ਪੰਜਾਬੀ ਕੌਮ ਏਨੀ ਬੀਰ-ਭਾਵੀ ਹੋ ਗਈ ਤੇ ਏਨੀ ਬੀਰ-ਕਰਤੱਵੀ ਹੋ ਗਈ ਕਿ ਉਨ੍ਹਾਂ ਦੇ ਸੈਨਿਕ ਤੇ ਬੀਰ-ਰਸੀ ਕਾਰਨਾਮਿਆਂ ਦੀ ਧੁੰਮ ਭਾਰਤ ਕੀ, ਸਾਰੇ ਸੰਸਾਰ ਵਿਚ ਫੈਲ ਗਈ। ਫਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਈ ਸਦੀਆਂ ਬਾਅਦ ਯੁਧ ਦੀਆਂ ਵਾਰਾਂ ਰਚਣ ਦਾ ਸਾਮਾਨ ਪੈਦਾ ਹੋ ਗਿਆ, ਜਿਸ ਦਾ ਪਹਿਲਾ ਵਿਸ਼ੇਸ਼ ਨਮੂਨਾ ਗੁਰੂ ਹਰਿ ਗੋਬਿੰਦ ਸਾਹਿਬ ਦੀ ਛੱਤਰ-ਛਾਇਆ ਹੇਠ ਰਚੀਆਂ ਵਾਰਾਂ ਤੋਂ ਛੁਟ ਮਹਾਨ ਸਾਹਿੱਤਕ-ਕ੍ਰਿਤ ਗੁਰੂ ਗੋਬਿੰਦ ਸਿੰਘ ਰਚਿਤ ਚੰਡੀ ਦੀ ਵਾਰ ਦੇ ਰੂਪ ਵਿਚ ਪ੍ਰਾਪਤ ਹੋਇਆ।

ਆਸਾ ਦੀ ਵਾਰ, ਗੁਰੂ ਨਾਨਕ ਸਾਹਿਬ ਦੇ ਜਪੁਜੀ ਸਾਹਿਬ, ਗੁਰੂ ਅਮਰਦਾਸ ਜੀ ਦੇ ਅਨੰਦ ਸਾਹਿਬ ਤੇ ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹ ਅਤੇ ਸੁਖਮਨੀ ਸਾਹਿਬ ਵਾਂਗ ਸਿੱਖ ਧਰਮ ਦੀਆਂ ਸਭ ਤੋਂ ਪ੍ਰਸਿਧ, ਲੋਕ ਪ੍ਰਚਲਿਤ ਅਤੇ ਪ੍ਰਮਾਣਿਕ ਬਾਣੀ ਮੰਨੀ ਜਾਂਦੀ ਹੈ। ਇਸ ਵਿਚ ਅਧਿਆਤਮਕ ਵਾਰ ਦੇ ਸਾਰੇ ਜ਼ਰੂਰੀ ਗੁਣ ਵਿਦਮਾਨ ਹਨ। ਪਰਮਾਤਮਾ ਤੇ ਗੁਰੂ ਦੇ ਸੁੰਦਰ ਤੇ ਉਤਸ਼ਾਹ-ਭਰਪੂਰ 'ਜੱਸ' ਤੋਂ ਛੁਟ ਇਸ ਵਿਚ ਸਮਾਜਕ ਕੁਰੀਤੀਆਂ, ਵਿਸ਼ੇ-ਵਿਕਾਰਾਂ, ਪ੍ਰਤੀ-ਨਾਇਕ ਸਥਿਤੀਆਂ ਅਤੇ ਅਣ-ਸਭਿਆਚਾਰਕ ਹਾਲਤਾਂ ਦੀ ਨਿਖੇਧੀ ਪੂਰੇ ਜ਼ੋਰ ਨਾਲ ਦਰਸਾਈ ਹੈ। ਇਸ ਵਾਰ ਰਾਹੀਂ ਚੰਗੇ ਤੇ ਸੱਚੇ ਮਨੁੱਖ ਦਾ ਸਮਾਜਕ ਕਰਤੱਵ (ਜੋ ਮੁਢਲੇ ਤੌਰ ਤੇ ਅਧਿਆਤਮਕ ਪੱਧਰ ਤੇ ਨਿਰਧਾਰਤ ਹੁੰਦਾ ਹੈ) ਭਲੀ ਭਾਂਤ ਸਥਾਪਿਤ ਹੋ ਜਾਂਦਾ ਹੈ।

## ਸਾਹਿੱਤਕ ਮਹਾਨਤਾ

ਆਸਾ ਦੀ ਵਾਰ ਪੰਜਾਬੀ ਬੀਰ-ਕਾਵਿ ਦੇ ਵਿਕਾਸ਼ ਦੇ ਰਾਹ ਵਿਚ ਇਕ ਜ਼ਰੂਰੀ ਮੀਲ-ਪੱਥਰ ਦਾ ਦਰਜਾ ਰੱਖਦੀ ਹੈ। ਇਹ ਇਕ ਸਰਬ-ਪਰਵਾਣਿਤ, ਸਰਬ-ਪ੍ਰੀਯ, ਅਤੇ ਉਤਕ੍ਰਿਸ਼ਟ ਰਚਨਾ ਹੈ। ਅਧਿਆਤਮਕ ਵਾਰ ਦੀ ਮਾਨੋ ਇਹ ਵਾਰ ਇਕ ਸਿਖਰ ਜਾਂ ਚੋਟੀ ਹੈ।

ਇਸ ਵਾਰ ਦੇ ਵਿਸ਼ੇ ਅਤੇ ਰੂਪ ਦਾ ਨਿਰਭਰ ਵਾਰ ਦੀਆਂ 24 ਪਉੜੀਆਂ ਅਤੇ ਉਨ੍ਹਾਂ ਦੇ ਨਾਲ ਸ਼ਾਮਲ ਪਹਿਲੇ ਅਤੇ ਦੂਜੇ ਗੁਰੂ ਸਾਹਿਬਾਨ ਦੇ ਸ਼ਲੋਕਾਂ ਉਤੇ ਹੈ। ਪਉੜੀਆਂ ਅਤੇ ਸ਼ਲੋਕਾਂ ਦਾ ਪਰਸਪਰ ਸੰਬੰਧ ਅਤਿ ਡੂੰਘਾ ਹੈ, ਫਿਰ ਵੀ ਇਨ੍ਹਾਂ ਦੇ ਵਿਸ਼ਿਆਂ ਦਾ ਇਕ ਦੂਜੇ ਨਾਲ ਸੁਮੇਲ ਬਹੁਤ ਵਿਆਪਕ ਤੇ ਸਾਧਾਰਨ (general) ਆਸ਼ੇ ਦਾ ਹੈ। ਗੁਰਮਤ ਦੇ ਸਾਰੇ ਵਿਸ਼ੇ ਤੱਤ-ਰੂਪ ਵਿਚ ਮਿਲੇ ਜੁਲੇ ਅਤੇ ਸੰਜੁਗਤ (integeral) ਹੁੰਦੇ ਹਨ। ਇਸ ਲਈ ਪਉੜੀਆਂ ਅਤੇ ਸ਼ਲੋਕਾਂ ਦਾ ਅਧਿਆਤਮਕ ਰਹੱਸ ਤੇ ਉਪਦੇਸ਼ ਇਕ ਸਮੁੱਚੀ ਵਿਚਾਰਧਾਰਾ ਦੀ ਲੜੀ ਵਿਚ ਬੱਝਾ ਹੋਇਆ ਹੈ। ਪਰੰਤੂ ਅੰਤਰ ਪਉੜੀਆਂ ਦੇ ਇਕ ਲੜੀ ਵਿਚ ਪਰੋਏ ਹੋਏ ਵਿਚਾਰਾਂ ਦੇ ਨਾਲ ਪ੍ਰਸੰਗਕ ਤੇ ਵਿਕੋਲਿਤਰੇ ਆਸ਼ਿਆਂ ਦੇ ਸ਼ਲੋਕਾਂ ਦੀ ਵੰਨ-ਸੁਵੰਨਤਾ ਦਾ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਜਿਥੇ ਪਉੜੀਆਂ ਦਾ ਭਾਵ ਅਤੇ ਉਦੇਸ਼ ਪੂਰਨ ਰੂਪ ਵਿਚ ਅਧਿਆਤਮਕ ਹੈ, ਉਥੇ ਸ਼ਲੋਕਾਂ ਦਾ ਆਸ਼ਾ ਤੇ ਖੇਤਰ ਵਿਸ਼ੇਸ਼ ਕਰਕੇ ਸਮਾਜਕ, ਸਦਾਚਾਰਕ ਤੇ ਉਪਦੇਸ਼ਾਤਮਕ ਹੈ। ਸ਼ਲੋਕਾਂ ਵਿਚ ਕਾਫ਼ੀ ਹਦ ਤਕ ਸਮਾਜਕ ਕੁਰੀਤੀਆਂ ਤੇ ਧਾਰਮਕ ਉਕਾਈਆਂ ਦੀ ਨਿਖੇਧੀ ਤੋਂ ਕੰਮ ਲਿਆ ਹੈ। ਵਾਤਾਵਰਨ ਵਿਵਾਦ, ਤਰਕ ਵਿਤਕਰੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਹੈ। ਕਈ ਵਿਚਾਰ ਪੇਸ਼ ਕਰਕੇ ਅਖ਼ੀਰ ਤੇ ਗੁਰੂ ਸਾਹਿਬ ਦਾ ਤਾਤਵਿਕ ਤੇ ਰਹੱਸ-ਵਾਦੀ ਨਿਰਨਾ ਦਿਤਾ ਹੁੰਦਾ ਹੈ, ਜੋ ਅਸਲ ਵਿਚ ਗੁਰਮਤ ਦੀ ਅਗਵਾਈ ਜਾਂ ਸਿੱਖ ਧਰਮ ਦਾ ਮੂਲ ਉਪਦੇਸ਼ ਹੋ ਨਿਬੜਦਾ ਹੈ। ਕਈ ਸ਼ਲੋਕ ਅਸਲੋਂ ਰਹੱਸਵਾਦੀ ਆਸ਼ੇ ਦੇ ਵੀ ਹਨ, ਜਿਵੇਂ 'ਕੁਦਰਤਿ' ਅਤੇ 'ਵਿਸਮਾਦੁ' ਵਾਲੇ ਸ਼ਲੋਕ।

ਆਸਾ ਦੀ ਵਾਰ ਬੀਰ-ਕਾਵਿ ਦੇ ਵਿਕਾਸ਼ ਵਿਚ ਆਏ ਅਧਿਆਤਮਕ ਵਾਰ-ਰੂਪ ਪਰਿਵਰਤਨ-ਕਾਲ ਦੇ ਇਕ ਅਦੁਤੀ ਨਮੂਨੇ ਵਜੋਂ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਬੜਾ ਆਦਰ-ਯੋਗ ਸਥਾਨ ਰਖਦੀ ਹੈ। ਇਸ ਵਿਚ ਵਿਚਾਰਾ ਦੀ ਸਾਰਥਕਤਾ, ਰਹੱਸ, ਸਮਾਜਕ ਕੀਮਤਾਂ ਦੀ ਸ਼ੁਧੀ ਅਤੇ ਨਿਰਨਾ-ਜਨਕ ਵਿਚਾਰ-ਵਿਮਰਸ਼, ਦਲੀਲਾਂ-ਭਰੀ ਕਾਟਵੀਂ, ਤਿੱਖੀ ਸ਼ੈਲੀ, ਸਾਦਾ ਤੇ ਸਪਸ਼ਟ ਬੋਲੀ, ਜ਼ੋਰਦਾਰ ਲਿਖਣ-ਢੰਗ ਆਦਿ ਦੀ ਬੇਮਿਸਾਲ ਵਿਸ਼ੇਸ਼ਤਾ ਹੈ।

## ਆਸਾ ਦੀ ਵਾਰ ਦਾ ਮੂਲ ਵਿਸ਼ਾ (ਪਉੜੀਆਂ ਦੇ ਅਧਾਰ ਤੇ)

ਗੁਰਮਤ ਦਾ ਮੂਲ ਆਸ਼ਾ ਲੋਕ-ਕਲਿਆਨ ਦਾ ਹੈ, ਸ਼ਿਵਮ ਦਾ। ਆਸਾ ਦੀ ਵਾਰ ਵਿਚ ਵੀ ਇਸੇ ਗੱਲ ਉਤੇ ਜ਼ੋਰ ਦਿਤਾ ਹੈ ਕਿ ਕਿਵੇਂ ਮਨੁੱਖ ਗੁਰੂ ਪਾਸੋਂ ਸੱਤ-ਮਾਰਗ ਦੀ ਅਗਵਾਈ ਪ੍ਰਾਪਤ ਕਰਕੇ ਭਵ-ਸਾਗਰ ਤੋਂ ਪਾਰ ਉਤਰ ਸਕਦਾ ਹੈ। ਇਹ ਸੱਤ-ਮਾਰਗ ਅਸਲ ਰੂਪ ਵਿਚ ਅਧਿਆਤਮਕ ਹੋਣ ਕਰਕੇ ਆਸਾ ਦੀ ਵਾਰ ਦਾ ਮੂਲ ਵਿਸ਼ਾ ਅਧਿਆਤਮਕ ਹੈ ਅਤੇ ਇਸ ਦਾ ਆਧਾਰ ਮੂਲ ਰੂਪ ਵਿਚ ਪਾਉੜੀਆਂ ਦੇ ਕੁੱਮ ਵਿਚ ਬੱਝੀ ਹੋਈ ਗੁਰਮਤ-ਵਿਚਾਰਧਾਰਾ ਉਤੇ ਹੀ ਹੈ।

ਇਹ ਵਿਚਾਰਧਾਰਾ ਪਹਿਲੀ ਪਉੜੀ ਤੋਂ ਚੌਵੀਵੀਂ ਪਉੜੀ ਤਕ ਇਕ ਵਿਕਾਸ-ਲੜੀ ਦੇ ਰੂਪ ਵਿਚ ਵਿਦਮਾਨ ਹੈ, ਜਿਵੇਂ ਕਿ ਪ੍ਰੋ. ਸਾਹਿਬ ਸਿੰਘ ਤੇ 'ਆਸਾ ਦੀ ਵਾਰ ਸਟੀਕ' ਵਿਚ ਲਿਖਿਆ ਹੈ :

> "ਸੋ ਜੋ ਸੱਜਣ ਹੁਣ ਤਕ ਸ਼ਿਕਾਇਤ ਕਰਿਆ ਕਰਦੇ ਸਨ ਕਿ 'ਆਸਾ ਦੀ ਵਾਰ' ਦੇ ਸਾਰੇ ਮਜ਼ਮੂਨ ਦੀ ਇਕ ਲੜੀ ਨਹੀਂ ਬਣਦੀ, ਉਹਨਾਂ ਦੀ ਸੇਵਾ ਵਿਚ ਪ੍ਰਾਰਥਨਾ ਹੈ ਕਿ ਸਲੋਕਾਂ ਤੋਂ ਬਿਨਾਂ ਰਤਾ ਗਹੁ ਨਾਲ ਮੂਲ 'ਆਸਾ ਦੀ ਵਾਰ' ਅਰਥਾਤ ਕੇਵਲ ਪਉੜੀਆਂ ਦਾ ਪਾਠ ਕਰਨ, ਅਤੇ ਵੇਖ ਲੈਣ ਕਿ ਸਾਰੀਆਂ ਪਉੜੀਆਂ ਕਿਵੇਂ ਇਕੋ ਹੀ ਸੁੰਦਰ ਮਜ਼ਮੂਨ ਵਿਚ ਪਰੋਤੀਆਂ ਹੋਈਆਂ ਹਨ।"
>
> [ਆਸਾ ਦੀ ਵਾਰ ਸਟੀਕ ਪੰਨਾ 7

ਗੁਰੂ ਸਾਹਿਬ ਆਪਣਾ ਵਿਚਾਰ ਪਰਮਾਤਮਾ ਦੀ ਉਸਤਤ ਤੋਂ ਆਰੰਭਦੇ ਹਨ। ਪਰਮਾਤਮਾ ਨੇ ਆਪਣੇ ਆਪ ਤੋਂ ਇਹ ਸੰਸਾਰ ਰਚਿਆ, ਆਪ ਹੀ ਆਪਣਾ 'ਨਾਂ' ਰਚਿਆ। ਆਪ ਹੀ ਕੁਦਰਤ ਸਾਜੀ। ਉਹ ਕਰਤਾ ਹੈ, ਦਾਤਾ ਹੈ, ਬਖਸ਼ਿੰਦ ਹੈ, ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਲਕ, ਪਾਲਕ ਤੇ ਹਰਤਾ ਹੈ। ਹਰ ਵੇਲੇ ਅਨੰਦ ਦੀ ਅਵਸਥਾ ਵਿਚ ਹੈ, ਬੇਪਰਵਾਹ ਹੈ। ਉਹ ਸੱਚ ਦਾ ਨਿਬੇੜਾ ਕਰਨ ਵਾਲਾ ਹੈ। ਕੂੜਿਆਰਾਂ ਨੂੰ ਦੰਡ ਦੇਣ ਵਾਲਾ ਹੈ। ਉਸ ਦੇ ਨਾਮ ਵਿਚ ਰੱਤੇ ਮਨੁੱਖ ਉਸ ਦੀ ਕਿਰਪਾ ਨਾਲ ਇਹ ਜੀਵਨ ਖੇਡ ਜਿੱਤ ਜਾਂਦੇ ਹਨ। ਬਾਕੀ ਸਭ ਝੂਠੇ-ਠੱਗ ਲੋਕ ਜੀਵਨ ਦੀ ਬਾਜੀ ਹਾਰ ਜਾਂਦੇ ਹਨ। ਪਰ ਸਭ ਗੱਲਾਂ ਦਾ ਨਿਰਨਾ ਰੱਬ ਦੇ ਆਪਣੇ ਹੱਥ ਹੈ।

ਪਰਮਾਤਮਾ ਦੀ ਬਖਸ਼ਿਸ਼ ਦਾ ਇਹ ਪ੍ਰਮਾਣ ਹੈ ਕਿ ਉਹ ਸਤਿਗੁਰੂ ਦਾ ਮੇਲ ਕਰਾ ਦੇਂਦਾ ਹੈ। ਬਹੁਤ ਜਨਮਾਂ ਵਿਚ ਖ਼ਰਾਬ ਹੋ ਕੇ ਮਨੁੱਖ ਅੰਤ ਸਤਿਗੁਰੂ ਦੀ ਸ਼ਰਨ ਵਿਚ ਜਦ 'ਸ਼ਬਦ' ਦੀ ਦਾਤ ਪ੍ਰਾਪਤ ਕਰਦਾ ਹੈ ਤਾਂ ਉਸ ਦੀ ਸਦਗਤੀ ਹੁੰਦੀ ਹੈ। ਸਤਿਗੁਰੂ ਜੇਡਾ ਹੋਰ ਕੋਈ ਦਾਤਾ ਨਹੀਂ ਕਿਉਂਕਿ ਉਹ 'ਸ਼ਬਦ' ਦੀ ਸਭ ਤੋਂ ਉੱਚੀ ਦਾਤ ਦੇ ਕੇ ਮਨੁੱਖ ਦੇ ਅੰਦਰੋਂ ਹਉਮੈ ਦਾ ਵੱਡਾ ਰੋਗ ਵੀ ਕੱਟ ਦੇਂਦਾ ਹੈ।

ਇਹ ਜੀਵਨ ਨਾਸ਼ਮਾਨ ਹੈ। ਸਭ ਕੁਝ ਜੀਉ ਪਿੰਡ (ਸਰੀਰ) ਰੱਬ ਦਾ ਦਿੱਤਾ ਹੈ। ਸਭ ਪਦਾਰਥ ਉਸੇ ਨੇ ਦਿਤੇ ਹਨ। ਮਨੁੱਖ ਦਾ ਕਰਤੱਵ ਹੈ ਕਿ ਪੁੰਨ (ਸ਼ੁਭ ਕਰਮ) ਕਰੇ ਪਰ ਨਿਮਰਤਾ ਵਿਚ ਕਰੇ, ਹੰਕਾਰ ਨਾ ਕਰੇ। ਸਰੀਰ ਨੇ ਛੇਤੀ ਹੀ ਨਾਸ਼ ਹੋ ਜਾਣਾ ਹੈ। ਉਮਰ ਪੁੱਗਣ ਤੇ ਕੋਈ ਮਨੁੱਖ ਸੰਸਾਰ ਵਿਚ ਜੀਵਤ ਨਹੀਂ ਰਹਿ ਸਕਦਾ।

ਮਨੁੱਖ ਦਾ ਕਰਤੱਵ ਕੀ ਹੈ? ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਸੱਚਾ ਸੇਵਕ ਬਣੇ, ਸੱਚੀ ਸੇਵਾ ਕਰੇ। ਸੰਤੋਖ ਵਿਚ ਰਹਿ ਕੇ ਸੱਚੇ ਰੱਬ ਨੂੰ ਯਾਦ ਰੱਖੇ ਤਾਂ ਉਹ ਸੇਵਕ ਹੈ। ਮੰਦੇ ਕੰਮ ਨਾ ਕਰੇ, ਧਰਮ ਦੀ ਕਮਾਈ ਕਰੇ। ਦੁਨੀਆਂ ਵਿਚ ਖਚਿਤ ਨਾ ਹੋਵੇ, ਮੁਸਾਫਰ ਵਾਂਗ ਸਮਾਂ ਬਿਤਾਏ। ਅੰਨ ਪਾਣੀ ਥੋੜ੍ਹਾ ਖਾਏ। ਇਸ ਤਰ੍ਹਾਂ ਉਹ ਰੱਬੀ ਬਖਸ਼ਿਸ਼ ਦਾ ਭਾਗੀ ਹੋ ਜਾਏਗਾ।

ਭਗਤਾਂ ਤੇ ਸੰਸਾਰੀਆਂ ਦਾ ਪਰਸਪਰ ਵਿਰੋਧ ਹੈ। ਭਗਤ ਰੱਬ ਨੂੰ ਭਾਉਂਦੇ ਹਨ। ਸੰਸਾਰੀ ਅਭਾਗੇ ਤੇ ਦੁਰਕਾਰੇ ਹੋਏ ਹਨ। ਭਗਤਾਂ ਦੀ ਚਰਨ-ਸ਼ਰਨ ਵਿਚ ਸੰਸਾਰੀ ਲੋਕਾਂ ਦਾ ਵੀ ਸੁਧਾਰ ਹੋ ਜਾਂਦਾ ਹੈ। ਸੱਚ ਕਮਾਣ ਨਾਲ ਸੱਚ ਅਤੇ ਕੂੜ ਕਮਾਣ ਨਾਲ ਕੂੜ ਦਾ ਵਰਤਾਰਾ ਹੋ ਜਾਂਦਾ ਹੈ। ਕਰਨੀ ਅਤੇ ਕਰਮਾਂ ਦੀ ਕਸਵੱਟੀ ਅਵੱਸ਼ ਲਗਣੀ ਹੈ। ਧਰਮ ਦਾ ਰਸਤਾ ਕੋਈ ਨਿਰੀ ਫੋਕੀ ਗੱਲ ਬਾਤ ਨਹੀਂ, ਕਰੜਾ ਰਸਤਾ ਹੈ। ਬਾਰ ਬਾਰ ਗੁਰੂ ਸਾਹਿਬ ਨੇ ਰੱਬ ਦੀ ਮਿਹਰ ਉਤੇ ਜ਼ੋਰ ਦਿਤਾ ਹੈ ਤਾਂ ਜੋ ਮਨੁੱਖ ਨੇਕ ਕੰਮਾਂ ਦਾ ਹੰਕਾਰ ਨਾ ਕਰਨ। ਮਨੁੱਖਾਂ ਦੇ ਵੱਸ ਵਿਚ ਕੁਝ ਨਹੀਂ :

ਏਨਾ ਜੰਤਾ ਕੈ ਵਸਿ ਕਿਛੁ ਨਾਹੀ
ਤੁਧੁ ਵੇਕੀ ਜਗਤੁ ਉਪਾਇਆ ॥
ਇਕਨਾ ਨੋ ਤੂੰ ਮੇਲਿ ਲੈਹਿ
ਇਕਿ ਆਪਹੁ ਤੁਧੁ ਖੁਆਇਆ ॥ (ਪਉੜੀ 11)


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਬ ਦੇ ਸਾਹਮਣੇ ਪੜ੍ਹੇ ਅਨਪੜ੍ਹੇ ਬਰਾਬਰ ਹਨ। ਰੱਬ ਪ੍ਰੇਮ-ਭਾਵ ਦਾ ਚਾਹਵਾਨ ਹੈ, ਸ਼ੁਭ ਕਰਮਾਂ ਦਾ ਪਰਸੰਸਕ ਹੈ। ਪੜ੍ਹੇ ਅਨਪੜ੍ਹੇ ਸਭ ਗੁਨਾਹਗਾਰ ਹਨ। ਰੱਬ ਅਨਪੜ੍ਹੇ ਨੂੰ ਕਿਉਂ ਸਜ਼ਾ ਦੇਵੇ, ਜਦ ਕਿ ਉਸ ਨੂੰ ਗਿਆਨ ਘਟ ਸੀ। ਪੜ੍ਹੇ ਨੂੰ ਸਜ਼ਾ ਵਧੇਰੇ ਹੈ, ਉਹ ਜਾਣਦਾ ਹੋਇਆ ਗੁਨਾਹਗਾਰ ਹੈ।

ਬਾਰ ਬਾਰ ਗੁਰੂ ਦੀ ਉਸਤਤ ਕੀਤੀ ਹੈ ਕਿਉਂ ਕਿ ਵਾਰ ਵਿਚ ਨਾਇਕ ਦਾ ਜੱਸ ਗਾਇਆ ਜਾਂਦਾ ਹੈ ਅਤੇ ਗੁਰੂ ਇਕ ਪ੍ਰਮੁੱਖ ਨਾਇਕ ਹੈ ਜੋ ਪਰਮਾਤਮਾ ਨਾਲ ਇਕ-ਰੂਪ ਹੈ। ਉਪਦੇਸ਼ ਦੇ ਆਸ਼ੇ ਤੋਂ ਵਾਰ ਦੀਆਂ ਪਉੜੀਆਂ ਵਿਚ ਵਿਚਾਰਾਂ ਨੂੰ ਦੁਹਰਾਇਆ ਗਿਆ ਹੈ ਕਿਉਂਕਿ ਮਨੁੱਖ ਨੂੰ ਸਿਖਿਆ ਦੇਣ ਦਾ ਵੱਡਾ ਢੰਗ ਹੀ ਦੁਹਰਾਣ ਤੇ ਨਿਰਭਰ ਹੈ। ਅਸਲ ਉਪਦੇਸ਼ ਨਿਰੰਤਰ ਉਪਦੇਸ਼ ਹੈ।

ਰੱਬ ਦਾ ਭਉ (ਡਰ) ਅਤੇ ਭਾਉ (ਪ੍ਰੇਮ) ਦੋ ਹੀ ਗੁਰਮਤ ਮਾਰਗ ਦੀਆਂ ਸਾਰਥਕ ਗੱਲਾਂ ਹਨ। ਰੱਬ ਤੋਂ ਡਰਨਾ ਅਤਿ ਜ਼ਰੂਰੀ ਹੈ ਕਿਉਂਕਿ ਉਹ ਡਾਢਾ ਹੈ, ਬੇਪਰਵਾਹ ਹੈ। ਜੇ ਰਤਾ ਪੁੱਠੀ ਨਜ਼ਰ ਕਰੇ ਤਾਂ ਸੁਲਤਾਨਾਂ ਦੇ ਸਿਰ ਕੱਟ ਜਾਂਦੇ ਹਨ;

ਵਡਹੁ ਵਡਾ ਵਡ ਮੇਦਨੀ
ਸਿਰੇ ਸਿਰਿ ਧੰਧੈ ਲਾਇਦਾ ॥
ਨਦਰਿ ਉਪਠੀ ਜੇ ਕਰੇ
ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨ ਪਾਇਦਾ ॥

(ਪਉੜੀ 16)

ਰੱਬ ਦਾ ਪ੍ਰੇਮ ਇਸ ਲਈ ਜ਼ਰੂਰੀ ਹੈ ਕਿ ਉਹ ਕਰਤਾ ਹੈ, ਦਾਤਾ ਹੈ, ਬਖਸ਼ਿੰਦ ਹੈ, ਕਰੁਣਾਮੈ ਹੈ, ਕਿਰਪਾ-ਸਿੰਧ ਹੈ, ਜਿੰਦ ਦੀ ਜਿੰਦ ਹੈ, ਸ਼ਾਹ ਰਗ ਤੋਂ ਨੇੜੇ ਹੈ, ਪ੍ਰੇਮ ਦਾ ਸਰੂਪ ਹੈ।

ਮੰਦਾ ਕਰਨਾ ਜਿਥੇ ਪਾਪ ਹੈ, ਉਥੇ ਮੰਦਾ ਬੋਲਣਾ ਵੀ ਪਾਪ ਹੈ। ਮੂਰਖ ਦਾ ਇਹੋ ਲੱਛਣ ਹੈ ਕਿ ਮੰਦਾ ਬੋਲਦਾ ਹੈ, ਮੰਦਾ ਸੋਚਦਾ ਹੈ ਤੇ ਮੰਦਾ ਕਰਦਾ ਹੈ। ਇਸ ਲਈ ਮੂਰਖ ਦੀ ਸੰਗਤ ਛੱਡ ਦੇਣੀ ਉਚਿਤ ਹੈ, ਮੂਰਖ ਵਾਲੇ ਕਰਮ ਤਿਆਗ ਦੇਣ ਵਿਚ ਭਲਾ ਹੈ।

ਮੰਦਾ ਕਿਸੈ ਨ ਆਖੀਐ
ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥

(ਪਉੜੀ 19)

ਮੂਰਖ ਨਾਲ ਝਗੜਾ ਕਰਨਾ ਤਾਂ ਵੱਡੀ ਮੂਰਖਤਾ ਹੈ। ਇਹੋ ਸਾਰਥਕ ਉਪਦੇਸ਼



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਸਾਹਿਬ ਨੇ ਦਿਤਾ ਹੈ। ਸੇਵਕ ਨੂੰ ਆਪਣੇ ਕੰਮ ਵਿਚ ਮਗਨ ਰਹਿਣਾ ਚਾਹੀਦਾ ਹੈ। ਦੁਨੀਆਂ ਚਲਣਹਾਰ ਹੈ ਇਸ ਲਈ ਸਦਾ-ਕਾਇਮ-ਦਾਇਮ ਰੱਬ ਨੂੰ ਕਿਉਂ ਵਿਸਾਰਿਆ ਜਾਏ ? ਭੁੱਲਣ ਵਿਚ ਹੀ ਪਾਪ ਹੈ, ਭੁੱਲਣ ਵਿਚ ਹੀ ਮੌਤ ਹੈ। ਜਿਸ ਨੇ ਜੀਅ ਪਰਾਣ, ਸਰੀਰ, ਸ਼ਕਤੀ, ਸੁਖ ਸੰਪਤੀ, ਸਭ ਕੁਝ ਦਿਤਾ ਹੈ, ਉਸ ਨੂੰ ਕਿਉਂ ਭੁਲੀਏ ? ਚੰਗੇ ਰੱਬ ਦੇ ਹੋ ਕੇ ਬੁਰੇ ਕੰਮ ਕਿਉਂ ਕਰੀਏ ? ਸ਼ਜਾ ਵੀ ਤਾਂ ਜ਼ਰੂਰ ਮਿਲਣੀ ਹੈ, ਕਿਉਂ ਨਾ ਅੰਤ-ਵੇਲਾ ਤੇ ਹਿਸਾਬ-ਵੇਲਾ ਯਾਦ ਰਖੀਏ ?

ਜਿਤੁ ਕੀਤਾ ਪਾਈਐ ਆਪਣਾ
ਸਾ ਘਾਲ ਬੁਰੀ ਕਿਉਂ ਘਾਲੀਐ ॥
ਮੰਦਾ ਮੂਲਿ ਨ ਕੀਚਈ
ਦੇ ਲੰਮੀ ਨਦਰਿ ਨਿਹਾਲੀਐ ॥

(ਪਉੜੀ 21)

ਸੰਸਾਰ ਵਿਚ ਦੁਰਲੱਭ ਜੀਵਨ ਮਿਲਿਆ ਹੈ, ਕੁਝ ਲਾਹਾ ਖੱਟੀਏ. ਕੁਝ ਚੰਗਾ ਪਾਸਾ ਢਾਲੀਏ, ਤਾਂ ਜੋ ਸੱਚੇ ਸਾਹਿਬ ਨਾਲ ਸਾਡੀ ਬਣ ਆਵੇ, ਉਸ ਤੋਂ ਸ਼ਰਮਸਾਰੀ ਨਾ ਹੋਵੇ।

ਰੱਬ ਦਾ ਸੇਵਕ (ਚਾਕਰ) ਰੱਬ ਦੇ ਹੁਕਮ ਵਿਚ ਰਹਿ ਕੇ ਹੀ ਪਰਵਾਨਿਤ ਹੈ। ਜੇ ਹੰਕਾਰ ਕਰਕੇ ਮਾਲਕ ਦੀ ਬਰਾਬਰੀ ਤੇ ਗ਼ੈਰਤ ਦੀ ਹੋਂਦ ਵਿਚ ਆ ਜਾਏ ਤਾਂ ਸਭ ਕੁਝ ਗਵਾ ਲੈਂਦਾ ਹੈ। ਹੰਕਾਰ ਦੀ ਬੜੀ ਵੱਡੀ ਸਜ਼ਾ ਹੈ। ਰੱਬ ਨੂੰ ਹੰਕਾਰ ਉੱਕਾ ਹੀ ਨਹੀਂ ਭਾਉਂਦਾ। ਮਨੁੱਖ ਅਤੇ ਹੰਕਾਰ ? ਜਦ ਸਭ ਕੁਝ ਦਿੱਤਾ ਰੱਬ ਦਾ ਹੈ ਤਾਂ ਉਸੇ ਦੀ ਉਸਤਤ ਕਰਨੀ ਬਣਦੀ ਹੈ, ਉਸ ਦੇ ਅੱਗੇ ਅਰਦਾਸ ਕਰਨੀ ਹੀ ਸੋਭਦੀ ਹੈ। ਗੁਰਮਤ ਦੇ ਰਾਹ ਵਿਚ ਸਭ ਤੋਂ ਵੱਡਾ ਗੁਣ ਨਿਮਰਤਾ ਦਾ ਹੈ।

ਮਨੁੱਖੀ ਪੱਧਰ ਤੋਂ ਉੱਚਾ ਉਠ ਕੇ ਗੁਰੂ ਸਾਹਿਬ ਫਿਰ ਅਧਿਆਤਮਕ ਤੇ ਰਹੱਸ-ਵਾਦੀ ਖੇਤਰਾਂ ਵਿਚ ਪ੍ਰਵੇਸ਼ ਕਰਦੇ ਹੋਏ ਫੁਰਮਾਉਂਦੇ ਹਨ ਕਿ ਰੱਬ ਹੀ ਸਭ ਕੁਝ ਕਰਦਾ ਹੈ, ਮਿਹਰ ਵੀ ਤੇ ਸਖ਼ਤੀ ਵੀ। ਉਸ ਦਾ ਅੰਤ ਨਹੀਂ; ਉਸ ਦੇ ਵਰਤਾਰੇ ਦਾ ਵੀ ਕੋਈ ਅੰਤ ਨਹੀਂ।

ਆਪਿ ਕਰਾਏ ਸਾਖਤੀ
ਫਿਰਿ ਆਪਿ ਕਰਾਏ ਮਾਰ ॥
ਇਕਨ੍ਹਾ ਗਲੀ ਜੰਜੀਰੀਆ
ਇਤਿ ਤੁਰੀ ਚੜਹਿ ਬਿਸੀਆਰ ॥

(ਪਉੜੀ 23)

ਇਕ ਰੱਬ ਦੀ ਸਾਰੀ ਕੁਦਰਤ, ਸਾਰੀ ਸ਼ਕਤੀ ਹੈ। ਉਸ ਵੱਡੇ (ਰੱਬ) ਦੀ ਸਭ ਵਡਿਆਈ ਹੈ। ਕੁਝ ਕਿਹਾ ਨਹੀਂ ਜਾ ਸਕਦਾ। ਉਹ ਸਭ ਕੁਝ ਆਪ ਹੈ। ਜੋ ਚਾਹੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋ ਕਰਦਾ ਹੈ। ਉਸ ਦਾ ਹੁਕਮ ਅਟੱਲ ਹੈ। ਉਸ ਦੀ ਰਜ਼ਾ ਆਦਿ ਕਾਲ ਤੋਂ ਪਰੀਪੂਰਨ ਹੈ :

ਨਾਨਕ ਏਕੀ ਬਾਹਰੀ
ਹੋਰ ਦੂਜੀ ਨਾਹੀ ਜਾਇ ॥
ਸੋ ਕਰੇ ਜਿ ਤਿਸੈ ਰਜਾਇ ॥

(ਪਉੜੀ 24)

## ਸਮਾਜਕ ਤੇ ਸਦਾਚਾਰਕ ਪੱਖ (ਸ਼ਲੋਕਾਂ ਦੇ ਆਧਾਰ ਤੇ)

ਆਸਾ ਦੀ ਵਾਰ ਪ੍ਰਮੁੱਖ ਵਿਸ਼ੇਸ਼ਤਾ ਇਸ ਦੇ ਸਮਾਜਕ ਤੇ ਸਦਾਚਾਰਕ ਪੱਖ ਦੀ ਬਹੁਮੁਲੀ ਅਗਵਾਈ ਕਰਨ ਤੇ ਨਿਰਭਰ ਹੈ। ਵਾਰ ਇਕ ਪ੍ਰਸਿੱਧ ਲੋਕ-ਕਾਵਿ ਅਤੇ ਲੋਕ-ਛੰਦ ਦੀ ਵੰਨਗੀ ਮੰਨੀ ਜਾਂਦੀ ਹੈ, ਜਿਸ ਦਾ ਉਦੇਸ਼ ਜਨ-ਸਾਧਾਰਨ ਵਿਚ ਵਧ ਤੋਂ ਵਧ ਮਾਤਰਾ ਵਿਚ ਬੀਰ-ਰਸ ਤੇ ਸੈਨਿਕ ਭਾਵ ਦਾ ਸੰਚਾਰ ਕਰਨਾ ਹੁੰਦਾ ਹੈ। ਆਸਾ ਦੀ ਵਾਰ ਦੀ ਲੋਕ-ਖਿੱਚ ਜਾਂ ਲੋਕ-ਪ੍ਰੇਰਨਾ ਵੀ ਅਤਿਅੰਤ ਅਧਿਕਤਾ ਰੱਖਣ ਵਾਲੀ ਹੈ।

ਆਸਾ ਦੀ ਵਾਰ ਦੀਆਂ ਪਉੜੀਆਂ ਵਿਚ (ਜਿਵੇਂ ਕਿ ਉਪਰ ਦਸਿਆ ਗਿਆ ਹੈ) ਗੁਰੂ ਸਾਹਿਬ ਨੇ ਅਧਿਆਤਮਕ ਉਪਦੇਸ਼ ਪ੍ਰਗਟ ਕੀਤਾ ਹੈ। ਪਰੰਤੂ ਸ਼ਲੋਕਾਂ ਵਿਚ ਵਿਸ਼ੇ ਬਹੁ-ਪੱਖੀ ਹਨ, ਪਉੜੀਆਂ ਵਾਂਗ ਸੰਜੁਗਤ ਨਹੀਂ। ਸ਼ਲੋਕ ਇਕ ਲੜੀ ਵਿਚ ਪਰੋਤੇ ਹੋਏ ਵਿਚਾਰ ਪੇਸ਼ ਨਹੀਂ ਕਰਦੇ, ਜਿਵੇਂ ਕਿ ਪਉੜੀਆਂ ਵਿਚ ਇਕੋ ਬਝਵੀਂ ਵਿਚਾਰਧਾਰਾ ਹੈ। ਸ਼ਲੋਕਾਂ ਵਿਚ ਵਿਕੋਲਿਤਰੇ ਤੇ ਵਿਸਤ੍ਰਿਤ ਵਿਸ਼ੇ ਹਨ। ਅਵੱਸ਼ ਇਹ ਸਾਰੇ ਸ਼ਲੋਕ ਵੱਖ ਵੱਖ ਸਮਿਆਂ ਤੇ ਅਵਸਰਾਂ, ਵੱਖ ਵੱਖ ਪ੍ਰਸੰਗਾਂ ਤੇ ਸਥਿਤੀਆਂ ਵਿਚ ਰਚੇ ਗਏ ਹੋਣਗੇ। ਪਉੜੀਆਂ ਦੀ ਸਿਰਜਣਾ ਗੁਰੂ ਸਾਹਿਬ ਨੇ ਇਕੋ-ਵਕਤ, ਇਕੋ ਅਨੁਭਵ ਤੇ ਪਰਸਾਰ ਦੇ ਨੁਕਤੇ ਉਤੇ ਕੇਂਦਰਤ ਹੋ ਕੇ ਕੀਤੀ ਹੋਵੇਗੀ। ਇਸ ਲਈ ਪਉੜੀਆਂ ਤੇ ਸ਼ਲੋਕਾਂ ਦੇ ਵਿਸ਼ੇ ਵਿਚ ਇਕ ਮੁਢਲਾ ਵਾਪਰ ਗਿਆ ਹੈ।

ਸ਼ਲੋਕਾਂ ਵਿਚ, ਇਕ ਤਰ੍ਹਾਂ, ਪਉੜੀਆਂ ਵਿਚ ਪ੍ਰਗਟਾਏ ਅਧਿਆਤਮਕ ਅਨੁਭਵ ਦੀ ਵਿਆਖਿਆ, ਪੁਸ਼ਟੀ, ਮਾਨਵੀਕਰਨ ਜਾਂ ਸਮਾਜੀਕਰਨ ਪ੍ਰਤੀਤ ਹੁੰਦਾ ਹੈ : ਸ਼ਲੋਕਾਂ ਵਿਚ ਗੱਲ ਵਿਹਾਰਿਕ ਪੱਧਰ ਤੇ ਦੱਸੀ ਗਈ ਹੈ, ਜਿਸ ਦਾ ਆਸ਼ਾ ਅਵੱਸ਼ ਸਮਾਜਕ ਤੇ ਸਦਾਚਾਰਕ ਅਗਵਾਈ ਹੈ।

ਕੁਝ ਕੁ ਸਾਰਥਕ ਵਿਸ਼ੇ ਜੋ ਆਸਾ ਦੀ ਵਾਰ ਦੇ ਸ਼ਲੋਕਾਂ ਦੇ ਆਧਾਰ ਤੇ ਨਿਸਚਿਤ ਕੀਤੇ ਜਾ ਸਕਦੇ ਹਨ, ਹੇਠ ਲਿਖੇ ਹਨ :—

### 1. 'ਸਚੇ ਤੇਰੇ ਖੰਡ ਸਚੇ ਬ੍ਰਹਮੰਡ'

ਸੱਚੇ ਰੱਬ ਦਾ ਪੈਦਾ ਕੀਤਾ ਹੋਇਆ ਇਹ ਸੰਸਾਰ ਅਵੱਸ਼ ਸੱਚਾ ਹੈ। ਸੱਚੇ ਰੱਬ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਦਾ ਸੰਸਾਰ ਝੂਠਾ ਨਹੀਂ ਹੋ ਸਕਦਾ, ਭਾਵੇਂ ਇਹ ਕਿੰਨਾ ਹੀ ਝੂਠਾ ਜਾਪਦਾ ਹੋਵੇ। 'ਸਚੇ ਤੇਰੇ ਖੰਡ ਸਚੇ ਬ੍ਰਹਮੰਡ' ਵਾਲਾ ਸ਼ਲੋਕ ਗੁਰੂ ਨਾਨਕ ਸਾਹਿਬ ਦਾ ਹੈ। ਗੁਰੂ ਅੰਗਦ ਸਾਹਿਬ ਦਾ ਸ਼ਲੋਕ ਏਸੇ ਵਿਚਾਰ ਦੀ ਪੁਸ਼ਟੀ ਵਿਚ ਹੈ :

ਇਹ ਜਗੁ ਸਚੈ ਕੀ ਹੈ ਕੋਠੜੀ
ਸਚੈ ਕਾ ਵਿਚਿ ਵਾਸ ॥

ਇਨ੍ਹਾਂ ਸਲੋਕਾਂ ਦਾ ਭਾਵ ਤੇ ਨਿਰਨਾ ਹੈ ਕਿ ਸੱਚੇ ਰੱਬ ਨਾਲ ਜੁੜ ਕੇ ਮਨੁੱਖ 'ਸਚਿਆਰਾ' ਹੋ ਜਾਂਦਾ ਹੈ।

## 2. ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ'

ਸਾਰਾ ਸੰਸਾਰ ਕੂੜ ਦਾ ਵਰਤਾਰਾ ਹੈ। ਪਹਿਲਾਂ ਕਿਹਾ ਸੀ ਕਿ ਸੱਚਾ ਹੈ ਹੁਣ ਕਿਹਾ ਹੈ ਕਿ ਝੂਠਾ ਹੈ। ਕੀ ਇਹ ਇਕ ਵਿਚਾਰ-ਵਿਰੋਧ (contradiction) ਹੈ ਜਾਂ ਕੁਝ ਹੋਰ ? ਇਹ ਇਕ ਜ਼ਰੂਰੀ ਪ੍ਰਸ਼ਨ ਹੈ। ਉਤਰ ਇਹ ਹੈ ਕਿ ਇਹ ਵਿਚਾਰ ਅਸਲ ਵਿਚ ਇਕ ਵਿਰੋਧਾਭਾਸ (paradox) ਹੈ। ਇਹ ਸੰਸਾਰ ਦ੍ਵੰਦ-ਮਈ ਹੈ। ਇਕੋ ਵਕਤ ਸੱਚਾ ਤੇ ਝੂਠਾ ਹੈ। ਸੱਚੇ ਮਨੁੱਖ ਲਈ ਸੱਚਾ ਅਤੇ ਕੂੜ-ਗ੍ਰਹਸਤ ਮਨੁੱਖ ਲਈ ਝੂਠਾ। ਜੋ ਕਿਸੇ ਦੀ ਮਾਨਸਕ ਅਵਸਥਾ ਹੈ, ਉਹੀ ਉਸ ਦਾ ਦ੍ਰਿਸ਼ਟੀਕੋਣ ਹੈ। ਯੁਧਿਸ਼ਟਰ ਨੂੰ ਕੋਈ ਬੁਰਾ ਆਦਮੀ ਨਹੀਂ ਦਿੱਸਦਾ ਅਤੇ ਦਰਯੋਧਨ ਨੂੰ ਕੋਈ ਚੰਗਾ ਪੁਰਸ਼ ਨਹੀਂ ਲੱਭਦਾ। ਸਾਧ ਦੀ ਦ੍ਰਿਸ਼ਟੀ ਸਾਧ ਵਾਲੀ ਅਤੇ ਚੋਰ ਦੀ ਚੋਰ ਵਾਲੀ ਹੁੰਦੀ ਹੈ। ਗੁਰੂ ਸਾਹਿਬ ਦਾ ਨਿਰਨਾ ਇਹੋ ਹੈ ਕਿ :—

ਨਾਨਕੁ ਵਖਾਣੈ ਬੇਨਤੀ
ਤੁਧੁ ਬਾਝੁ ਕੂੜੋ ਕੂੜੁ ॥

## 3. 'ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ'

ਕੂੜ ਦੇ ਸ਼ਲੋਕ ਨਾਲ ਹਉਂ ਵਾਲੇ ਸ਼ਲੋਕ ਢੁਕਦੇ ਹਨ। ਸੰਸਾਰ ਦੀ ਸਾਰੀ ਕਿਰਿਆ ਮਨੁੱਖ ਦੀ ਹਉਮੈ ਵਿਚ ਹੀ ਵਾਪਰ ਰਹੀ ਹੈ। ਜਨਮ, ਮੌਤ, ਵਿਹਾਰ ਕਾਰ, ਪੁੰਨ ਪਾਪ, ਜਾਤ ਜਿਨਸ, ਮੂਰਖ ਸਿਆਣਾ ਸਭ ਕੁਝ ਹਉਮੈ ਵਿਚ ਹੀ ਉਪਜ ਰਿਹਾ ਹੈ। ਲੋੜ ਹਉਮੈ ਨੂੰ ਬੁਝਣ ਦੀ ਹੈ ਤਾਂ ਜੋ ਪ੍ਰਭੂ ਦਾ ਦਰਵਾਜ਼ਾ ਲਭ ਸਕੇ। ਮਨੁੱਖ ਦੇ ਅੰਦਰ ਆਤਮਾ ਵਿਚ ਹੀ ਸਭ ਕੁਝ ਹੈ। ਸੂਖਮ ਹਉਮੈ, ਸਥੂਲ ਹਉਮੈ, ਅੰਤਰੀਵ ਹਉਮੈ, ਬਾਹਰਮੁਖੀ ਹਉਮੈ। ਰੋਗ ਵੀ ਅੰਦਰ ਹੈ ਤੇ ਦਾਰੂ ਵੀ। ਮਾਇਆ ਦਾ ਪ੍ਰਭਾਵ ਰੋਗ ਉਪਜਾਂਦਾ ਹੈ ਤੇ ਅੰਦਰੋਂ ਹੀ ਨਾਮ ਰੂਪ ਦਾਰੂ ਪੈਦਾ ਹੋ ਜਾਂਦਾ ਹੈ :

ਹਉਮੈ ਦੀਰਘੁ ਰੋਗੁ ਹੈ
ਦਾਰੂ ਭੀ ਇਸੁ ਮਾਹਿ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ ॥

ਗੁਰੂ ਦੀ ਕਿਰਪਾ ਦਵਾਰਾ ਪ੍ਰਾਪਤ ਹੋਇਆ ਗੁਰੂ ਦਾ ਸ਼ਬਦ ਹਉਮੈ ਦਾ 'ਦੀਰਘ ਰੋਗੁ' ਕੱਟ ਸਕਦਾ ਹੈ, ਹੋਰ ਕੋਈ ਦਾਰੂ ਕਾਟ ਨਹੀਂ ਕਰ ਸਕਦਾ। ਇਨ੍ਹਾਂ ਸ਼ਲੋਕਾਂ ਦਾ ਅੰਤਮ ਨਿਰਨਾ ਇਹੋ ਹੈ।

## 4. ਕੁਦਰਤਿ, ਵਿਸਮਾਦੁ, ਭੈ ਦੇ ਰਹੱਸਵਾਦੀ ਵਿਚਾਰ

ਕੁਦਰਤ ਰੱਬ ਦੀ ਅਥਾਹ, ਅਪਾਰ ਤੇ ਅਸੀਮ ਸ਼ਕਤੀ ਦਾ ਨਾਂ ਹੈ। ਕੁਦਰਤ ਰੱਬੀ ਹੁਕਮ ਹੈ। ਕੁਦਰਤ ਰੱਬ ਦੀ ਕਰਤਾਰਤਾ ਹੈ। ਇਸ ਨੂੰ ਰਸਮੀ ਤੌਰ ਤੇ ਪ੍ਰਕਿਰਤੀ ਕਹਿੰਦੇ ਹਨ ਅਰਥਾਤ ਰੱਬ ਦਾ ਕੀਤਾ ਹੋਇਆ, ਰਚਿਆ ਹੋਇਆ ਸੰਸਾਰ। ਕੁਦਰਤ ਦਾ ਅਨੁਭਵ ਗੁਰੂ ਸਾਹਿਬ ਨੇ ਅਤਿ ਵਿਆਪਕ ਪੱਧਰ ਤੇ ਪ੍ਰਗਟ ਕੀਤਾ ਹੈ। ਕੁਦਰਤ ਵਿਚ ਸਾਰੇ ਆਕਾਰ, ਦ੍ਰਿਸ਼ਟੀ, ਸ੍ਰਵਣ, ਮਨੁੱਖੀ ਸਮਰਥਾ, ਕਾਰ ਵਿਹਾਰ, ਪ੍ਰਕਿਰਤੀ ਦੇ ਤੱਤ, ਸ਼ਕਤੀ ਦੇ ਜ਼ਹੂਰ ਸਭ ਕੁਝ ਸ਼ਾਮਲ ਹੈ ਪਰ ਇਹ ਸਾਰੀ ਕੁਦਰਤ ਕਾਦਰ ਦੀ ਹੈ; ਹੋਰ ਕਿਸੇ ਦੀ ਨਹੀਂ :

ਸਭ ਤੇਰੀ ਕੁਦਰਤਿ ਨੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ
ਵਰਤੈ ਤਾਕੋ ਤਾਕੁ ॥

'ਕੁਦਰਤਿ' ਦੇ ਇਸ ਵਿਰਾਟ ਅਨੁਭਵ ਵਿਚੋਂ ਰਹੱਸਵਾਦੀ ਪੱਧਰ ਤੇ ਵਿਸਮਾਦ (ਹੈਰਾਨੀ-ਭਰੀ ਮਸਤੀ) ਉਪਜਦਾ ਹੈ। ਇਹ ਇਕ ਅਗਲਾ ਵਿਗਸਤ ਪੜਾਅ ਹੈ। ਜੋ ਕਾਦਰ ਦੀ ਕੁਦਰਤ ਨੂੰ ਬੁਝ ਲੈਂਦਾ ਹੈ। ਅਰਥਾਤ ਕੁਦਰਤ ਵਿਚ ਕਾਦਰ ਨੂੰ ਦੇਖ ਲੈਂਦਾ ਹੈ, ਉਹ ਚੰਗੇ ਭਾਗਾਂ ਵਾਲਾ ਮਨੁੱਖ ਵਿਸਮਾਦ ਦਾ ਅਨੰਦ ਪ੍ਰਾਪਤ ਕਰਦਾ ਹੈ :

ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥

ਕੁਦਰਤ ਦੀ ਅਪਾਰ ਸ਼ਕਤੀ ਦਾ ਇਕ ਹੋਰ ਪ੍ਰਤੀਕ 'ਭੈ' ਦੀ ਅਵਸਥਾ ਦਾ ਲਖਾਇਕ ਹੋਣਾ ਹੈ। ਸਾਰਾ ਸੰਸਾਰ ਡਾਢੇ ਰੱਬ ਦੇ ਹੁਕਮ ਵਿਚ ਭੈ ਭੀਤ ਹੈ। ਚੰਨ, ਸੂਰਜ, ਪਉਣ, ਪਾਣੀ, ਅਗਣੀ, ਧਰਤੀ, ਇੰਦਰ, ਧਰਮ ਰਾਜ, ਸਿਧ, ਬੁਧ, ਸੁਰ, ਨਾਥ, ਆਕਾਸ਼, ਜੋਧ-ਮਹਾਬਲ-ਸੂਰ ਇਹ ਸਭ ਭੈ ਵਿਚ ਕੰਬ ਰਹੇ ਹਨ। ਕੇਵਲ ਰੱਬ ਆਪ ਭੈ-ਰਹਿਤ ਹੈ ਕਿਉਂ ਕਿ ਉਸ ਦੇ ਸਿਰ ਕੋਈ ਲੇਖਾ ਜਾਂ ਹਿਸਾਬ ਨਹੀਂ, ਹੋਰ ਸਭ ਦੇ ਸਿਰ ਤੇ ਲੇਖੇ ਦਾ ਡਰ ਛਾਇਆ ਹੋਇਆ ਹੈ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥

## 5. 'ਸਚੁ ਤਾ ਪਰੁ ਜਾਣਿਐ ਜਾ ਰਿਦੈ ਸਚਾ ਹੋਇ'

ਸੰਸਾਰ ਵਿਚ ਕਈ ਧਰਮ ਤੇ ਕਈ ਰਸਤੇ ਹਨ । ਗੁਰੂ ਨਾਨਕ ਸਾਹਿਬ ਦੇ ਸਮੇਂ ਹਿੰਦੂ ਧਰਮ, ਇਸਲਾਮ ਧਰਮ, ਜੈਨ ਧਰਮ (ਸਰੇਵੜੇ), ਯੋਗ ਮੱਤ ਅਤੇ ਹੋਰ ਕਿੰਨੇ ਹੀ ਧਾਰਮਕ ਭੇਖ ਸਨ । ਪਰ ਕੋਈ ਵੀ ਸੱਤ-ਮਾਰਗ ਦੀ ਪਛਾਣ ਨਹੀਂ ਦੱਸ ਰਿਹਾ । ਹਰ ਕੋਈ ਬਾਹਰਮੁਖੀ ਸਾਧਨ ਪਰਚਾਰਨ ਜਾਂ ਵਰਤਣ ਤੇ ਪਖੰਡ ਖਿਲਾਰਨ ਵਿਚ ਰੁਝਾ ਹੋਇਆ ਸੀ । ਗੁਰੂ ਸਾਹਿਬ ਨੇ ਸਭ ਦੀ ਆਲੋਚਨਾ ਅਤੇ ਨਿਖੇਧੀ ਆਸਾ ਦੀ ਵਾਰ ਦੇ ਹੇਠ ਲਿਖੇ ਸ਼ਲੋਕਾਂ ਵਿਚ ਕੀਤੀ ਹੈ :

1. ਲਿਖਿ ਲਿਖਿ ਪੜਿਆ ਤੋਤਾ ਕੜਿਆ ।
2. ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
3 ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
4. ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥
5. ਨਾਨਕ ਮੇਰੁ ਸਰੀਰ ਕਾ ਇਕੁ ਰਬੁ ਇਕੁ ਰਥਵਾਹੁ ॥
6. ਸਾਮ ਕਹੈ ਸੇਤੰਬਰੁ ਸੁਆਮੀ ਸਚਿ ਮਹਿ ਆਛੈ ਸਾਚਿ ਰਹੇ ॥
7. ਪੜਿ ਪੁਸਤਕ ਸੰਧਿਆ ਬਾਦੰ ॥
8. ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
9. ਮਾਣਸ ਖਾਣੇ ਕਰਹਿ ਨਿਵਾਜ ॥
10. ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
11. ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥
12. ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥
13. ਘੜੀਆਂ ਸਭੇ ਗੋਪੀਆਂ ਪਹਰ ਕੰਨ ਗੋਪਾਲ ॥
14. ਵਾਇਨਿ ਚੇਲੇ ਨਚਨਿ ਗੁਰ ॥
15. ਮੁਸਲਮਾਨਾ ਸਿਫਤਿ ਸਰੀਅਤਿ ਪੜਿ ਬੜਿ ਕਰਹਿ ਬੀਚਾਰੁ ॥
16. ਮਿਟੀ ਮੁਸਲਮਾਨ ਕੀ ਪੇੜੈ ਪਈ ਕੰਮ੍ਹਿਆਰ ॥

ਇਨ੍ਹਾਂ ਸ਼ਲੋਕਾਂ ਵਿਚੋਂ ਬਹੁਤਾ ਭਾਗ ਪੰਡਤ ਜਾਂ ਬ੍ਰਾਹਮਣ ਦੇ ਕੂੜ ਤੇ ਦੰਭ ਦੇ ਫੈਲਾਏ ਹੋਏ ਚਤੁਰਤਾ-ਰੂਪ ਜਾਲ ਨੂੰ ਤੋੜਨ ਅਤੇ ਰੱਦ ਕਰਨ ਤੇ ਨਿਰਭਰ ਹੈ । ਜਨੇਊ, ਸੂਤਕ ਪਾਤਕ, ਸੁੱਚ ਸੰਜਮ, ਅਹਿੰਸਾ, ਪਿੱਤਰ ਪੂਜਾ ਤੇ ਪਿਤਰੀ ਦਾਨ ਲੈਣ ਆਦਿ ਕਿੰਨੇ ਹੀ ਬ੍ਰਾਹਮਣ ਦੇ ਪਾਖੰਡ ਕਰਮ ਸਨ ਜੋ ਲੋਕਾਂ ਨੂੰ ਲੁੱਟਣ ਦਾ ਸਾਧਨ ਸਨ । ਏਸੇ ਤਰ੍ਹਾਂ ਜੋਗੀ ਜੁਗਤ ਵਿਹੂਣੇ, ਮੁਸਲਮਾਨ ਸਚਾਈ ਤੋਂ ਦੂਰ ਤੇ ਜ਼ਾਹਰ-ਪ੍ਰਸਤ, ਸਰੇਵੜੇ ਕੁਚੀਲ ਤੇ ਕਰਮਹੀਣ, ਜਤੀ ਤੇ ਮੌਨਧਾਰੀ ਪਖੰਡ-ਗ੍ਰਸਤ ਹੋ ਕੇ ਸੱਚੇ ਰਾਹ ਤੋਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਟਕ ਚੁਕੇ ਸਨ। ਰੱਬ ਦੀ ਉਸਤਤ ਜਾਂ ਸਿਫਤ-ਸਲਾਹ ਛੱਡ ਕੇ ਹਉਮੈ ਦੀ ਪੂਰਤੀ ਦੇ ਕਰਮ ਕਰੀ ਜਾਂਦੇ ਸਨ।

ਗੁਰੂ ਸਾਹਿਬ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਉਨ੍ਹਾਂ ਸਭ ਗੁਮਰਾਹ ਹੋ ਚੁਕੇ ਧਾਰਮਕ ਆਗੂਆਂ ਤੇ ਭਟਕਦੇ ਮਨੁੱਖਾਂ ਨੂੰ ਸੱਤ ਮਾਰਗ ਦਾ ਉਪਦੇਸ਼ ਦਿਤਾ। 'ਸਚੁ ਤਾ ਪਰੁ ਜਾਣੀਐ' ਵਾਲੇ ਸ਼ਲੋਕ ਵਿਚ ਇਹ ਉਪਦੇਸ਼ ਅਤਿਅੰਤ ਉਤਮ ਤੇ ਸਪਸ਼ਟ ਢੰਗ ਨਾਲ ਪ੍ਰਗਟ ਹੋਇਆ ਹੈ। ਇਸ ਸ਼ਲੋਕ ਦਾ ਭਾਵ ਇਹ ਹੈ :

ਸੱਚ ਤਾਂ ਗ੍ਰਹਿਣ ਹੁੰਦਾ ਹੈ ਜੇ ਮਨ ਵਿਚ ਸੱਚਾ ਰੱਬ ਵੱਸੇ। ਕੂੜ ਦੀ ਮੈਲ ਤਨ ਤੇ ਮਨ ਵਿਚੋਂ ਸੱਚ ਦੇ ਪ੍ਰਭਾਵ ਨਾਲ ਨਿਕਲ ਜਾਏ। ਸੱਚ ਤਾਂ ਮਿਲਦਾ ਹੈ ਜੇ ਇਸ ਨਾਲ ਪਿਆਰ ਕੀਤਾ ਜਾਏ ਅਰਥਾਤ ਨਾਮ ਜਪਣ ਦਾ ਚਾਅ ਉਪਜ ਪਵੇ। ਸੱਚ ਤਾਂ ਮਿਲਦਾ ਹੈ ਜੇ ਠੀਕ ਜੁਗਤ ਜੋ ਆਤਮਕ ਪੱਧਰ ਦੀ ਹੈ, ਪ੍ਰਾਪਤ ਹੋ ਜਾਏ ਅਤੇ ਮਨ ਦੀ ਧਰਤੀ ਸਾਫ ਹੋ ਕੇ ਵਿਚ ਨਾਮ ਦਾ ਬੀਜ ਬੋਇਆ ਜਾਏ। ਸੱਚ ਤਾਂ ਬੁਝਿਆ ਜਾਂਦਾ ਹੈ ਜੇ ਸੱਚੀ ਸਿਖਿਆ ਗੁਰੂ ਪਾਸੋਂ ਮਿਲ ਜਾਏ ਅਤੇ ਮਨ ਕੋਮਲ, ਦਇਆਵਾਨ ਤੇ ਪਰਉਪਕਾਰੀ ਰੁਚੀ ਵਾਲਾ ਹੋ ਜਾਏ। ਸੱਚ ਤਾਂ ਸਮਝ ਆਉਂਦਾ ਹੈ ਜੇ ਸਤਿਗੁਰੂ ਪਾਸੋਂ ਗਿਆਨ ਲੈ ਕੇ ਆਤਮ-ਤੀਰਥ ਦਾ ਹਰ ਵੇਲੇ ਇਸ਼ਨਾਨ ਹੁੰਦਾ ਰਹੇ, ਨਿਰੰਤਰ ਪ੍ਰਭੂ ਵਿਚ ਧਿਆਨ ਜੁੜਿਆ ਰਹੇ। ਅਖੀਰ ਤੇ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸੱਚ ਸਭ ਕਚਿਆਈਆਂ ਤੇ ਕੂੜਾਂ ਦਾ ਦਾਰੂ ਹੈ, ਸਭ ਪਾਪ ਨਾਸ਼ ਕਰਨ ਵਾਲਾ ਹੈ ਪਰ ਇਕ ਸ਼ਰਤ ਹੈ ਕਿ ਜੇ ਇਹ ਸੱਚ ਜੀਵਨ ਦੀ ਟੇਕ ਜਾਂ ਆਧਾਰ ਬਣ ਜਾਏ। ਐਵੇਂ ਜ਼ਬਾਨੀ ਜਮਾਂ-ਖਰਚ ਨਾ ਬਣੇ।

## 6 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ'

ਨਿਮਰਤਾ ਤੇ ਮਿਠੀ ਜ਼ਬਾਨ ਸਭ ਗੁਣਾਂ ਦਾ ਨਿਚੋੜ ਹਨ। ਇਹ ਗੁਰੂ ਸਾਹਿਬ ਦਾ ਨਿਰਣਾ ਸਦਾਚਾਰਕ ਉਨਤੀ ਲਈ ਇਕ ਬਹੁਤ ਵੱਡਾ ਤੇ ਜ਼ਰੂਰੀ ਗੁਰ (ਫਾਰਮੂਲਾ) ਹੈ। ਪਰ ਨਿਮਰਤਾ ਦਿਖਾਵੇ ਦੀ ਨਾ ਹੋਵੇ ਜਿਵੇਂ ਹਿਰਨ ਨੂੰ ਮਾਰਨ ਵਾਲਾ ਝੁਕ ਕੇ ਧਰਤੀ ਦੇ ਨਾਲ ਲੱਗ ਜਾਂਦਾ ਹੈ। ਮਨ ਵਿਚ ਗਰੀਬੀ ਭਾਵ ਹੋਣਾ ਅਸਲ ਸਿੱਖੀ ਹੈ। ਨਾਮ ਤੇ ਗਰੀਬੀ ਦੋ ਹੀ ਤਾਂ ਸਿੱਖੀ ਦੇ ਵੱਡੇ ਥੰਮ ਹਨ। ਤੀਜਾ ਥੰਮ ਸਾਧ ਸੰਗਤ ਸ਼ਾਮਲ ਕਰ ਲਈਏ ਤਾਂ ਸਿੱਖੀ ਉਪਦੇਸ਼ ਸੰਪੂਰਨ ਹੋ ਜਾਵੇਗਾ।

## 7. ਸੂਤਕ, ਜਨੇਊ ਦਾ ਨਿਰਨਾ

ਗੁਰੂ ਸਾਹਿਬ ਨੇ ਬਾਹਰਮੁਖੀ ਕਿਰਿਆ ਜਿਸ ਨੂੰ ਸੂਤਕ ਦਾ ਭਰਮ ਜਾਲ ਅਤੇ ਜਨੇਊ ਦੀ ਰਹੁ-ਰੀਤ ਕਿਹਾ ਜਾਂਦਾ ਹੈ, ਰੱਦ ਕੀਤੀ ਹੈ। ਪਰ ਨਿਰਾ ਖੰਡਨ ਹੀ ਨਹੀਂ ਕੀਤਾ ਅਸਲ ਭਾਵ ਤੇ ਆਸ਼ਾ ਸੂਤਕ ਅਤੇ ਜਨੇਊ ਸਬੰਧੀ ਪ੍ਰਗਟ ਕਰ ਦਿੱਤਾ ਹੈ। ਸੂਤਕ ਬਾਹਰਲੀ ਮੈਲ ਹੈ ਜੋ ਕਦੀ ਨਹੀਂ ਉਤਰ ਸਕਦੀ। ਆਤਮਕ ਸ਼ੁਧੀ ਨਾਲ ਹੀ ਸੂਤਕ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮੈਲ ਉਤਰ ਸਕਦੀ ਹੈ। ਆਤਮਕ ਸ਼ੁਧੀ ਨਾਮ ਜਪਣ ਨਾਲ ਹੁੰਦੀ ਹੈ ਨਾ ਕਿ ਗੋਹੇ ਦਾ ਪੋਚਾ ਦੇਣ ਨਾਲ। ਏਸੇ ਤਰ੍ਹਾਂ ਜਨੇਊ ਇਕ ਧਾਗਾ ਹੈ ਜੋ ਕੇਵਲ ਰਸਮੀਪਨ ਹੈ, ਆਚਰਨ ਉਤੇ ਪ੍ਰਭਾਵ ਨਹੀਂ ਪਾਉਂਦਾ। ਲੋੜ ਉਚੇ ਗੁਣਾਂ ਦੀ ਹੈ, ਇਸ ਲਈ ਧਾਗਾ ਜਾਂ ਜਨੇਊ ਅੰਦਰਮੁਖੀ ਤਥਾ ਆਤਮਕ ਚਾਹੀਦਾ ਹੈ :

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ ॥

ਬਾਹਰਲਾ ਜਨੇਊ ਕੁਝ ਨਹੀਂ ਸਵਾਰਦਾ। ਕੋਈ ਰੋਕ ਨਹੀਂ ਪਾਉਂਦਾ। ਵਿਸ਼ੇ ਵਿਕਾਰਾਂ ਤੋਂ ਨਹੀਂ ਬਚਾਉਂਦਾ। ਲੋੜ ਇੰਦਰੀਆਂ ਨੂੰ ਰੋਕਣ ਦੀ ਹੈ। ਤੰਗ ਤੋਂ ਭਾਵ ਗੁਰੂ ਸਾਹਿਬ ਨੇ ਨਿਅੰਤਰਨ ਜਾਂ ਨਿਰੋਧ ਲਿਆ ਹੈ :

ਤਗੁ ਨ ਇੰਦ੍ਰੀ ਤਗੁ ਨ ਨਾਰੀ ॥
ਭਲਕੇ ਥੁਕ ਪਵੈ ਨਿਤ ਦਾੜੀ ॥

ਸੂਤਕ ਦਾ ਭਾਵ ਮੈਲ ਜੋ ਅਸਲ ਵਿਚ ਮਨ ਦੀ ਮੈਲ ਹੈ ਅਤੇ ਜਨੇਊ ਤੋਂ ਭਾਵ ਮਨ ਨੂੰ ਰੋਕਣ ਦੇ ਸਾਧਨ ਲੱਭਣ ਤੋਂ ਹੈ ਪਰ ਬ੍ਰਾਹਮਣ ਨੇ ਇਨ੍ਹਾਂ ਜ਼ਰੂਰੀ ਗੱਲਾਂ ਨੂੰ ਕੇਵਲ ਫੋਕਟ ਰਹੁ-ਰੀਤ ਵਿਚ ਬੰਨ੍ਹ ਕੇ ਭੋਲੇ ਲੋਕਾਂ ਨੂੰ ਲੁੱਟਣ ਦਾ ਜ਼ਰੀਆ ਬਣਾ ਰਖਿਆ ਸੀ। ਗੁਰੂ ਸਾਹਿਬ ਦਾ ਫ਼ਰਮਾਨ ਹੈ :

ਮਨ ਕਾ ਸੂਤਕੁ ਲੋਭੁ ਹੈ
ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ
ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ
ਲਾਇ ਤਬਾਹੀ ਖਾਹਿ ॥
ਨਾਨਕ ਹੰਸਾ ਆਦਮੀ
ਬਧੇ ਜਮ ਪੁਰਿ ਜਾਹਿ ॥

ਉਂਜ ਮੈਲ ਦੂਰ ਕਰੀਏ ਜਾਂ ਭਿੱਟ ਤੋਂ ਬਚਣਾ ਚਾਹੀਏ ਤਾਂ ਸਭ ਕੁਝ ਮਲੀਨ ਹੈ :

ਜੇ ਕਰਿ ਸੂਤਕੁ ਮੰਨੀਐ
ਸਭ ਤੈ ਸੂਤਕੁ ਹੋਇ ॥


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਹੇ ਅਤੈ ਲਕੜੀ
ਅੰਦਰਿ ਕੀੜਾ ਹੋਇ ॥

ਗੁਰੂ ਸਾਹਿਬ ਨੇ ਇਹ ਉਪਦੇਸ਼ਿਆ ਕਿ ਬਾਹਰਲੀ ਮੈਲ ਵੀ ਸਾਫ਼ ਕਰੋ ਪਰ ਇਹ ਕਾਫ਼ੀ ਨਹੀਂ। ਇਸ ਨੂੰ ਵਹਿਮ-ਭਰਮ ਸਮਝ ਕੇ ਇਸ ਵਿਚ ਨਾ ਫਸੋ। ਸਗੋਂ ਅੰਦਰ ਦੀ ਮੈਲ ਦੂਰ ਕਰਨ ਦਾ ਉਪਰਾਲਾ ਕਰੋ, ਗੁਰੂ ਦੇ ਸ਼ਬਦ ਨਾਲ, ਗੁਰੂ ਦੇ ਦਿਤੇ ਗਿਆਨ ਨਾਲ, ਨਾਮ ਦੇ ਮੈਲ-ਕੱਟਣ ਵਾਲੇ ਸਾਧਨ ਨਾਲ। ਬ੍ਰਾਹਮਣ ਨੂੰ ਤਿੱਖੇ ਸ਼ਬਦਾਂ ਵਿਚ ਉਪਦੇਸ਼ ਦਿਤਾ :

ਛੋਡੀ ਲੇ ਪਾਖੰਡਾ ॥
ਨਾਮਿ ਲਇਐ ਜਾਹਿ ਤਰੰਦਾ ॥

## 8. 'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ'

ਇਸਤਰੀ ਨੂੰ ਲਗ ਪਗ ਸਾਰੇ ਧਰਮਾਂ ਵਿਚ ਭੰਡਿਆ ਜਾਂਦਾ ਸੀ। ਸ਼ਾਇਦ ਇਸੇ ਲਈ ਇਸ ਦਾ ਨਾਂ ਭੰਡਿ ਸੀ। ਗੁਰੂ ਨਾਨਕ ਸਾਹਿਬ ਨੇ ਇਸਤਰੀ ਦੀ ਵਿਸ਼ੇਸ਼ਤਾ ਤੇ ਠੀਕ ਕੀਮਤ ਦਰਸਾ ਕੇ ਇਕ ਅਤਿ ਮੌਲਿਕ ਵਿਚਾਰ ਭਾਰਤ ਦੀ ਸੰਸਕ੍ਰਿਤੀ ਨੂੰ ਦਿਤਾ। ਗੁਰੂ ਸਾਹਿਬ ਨੇ ਆਪਣਾ ਵਿਚਾਰ ਦਲੀਲਾਂ ਸਹਿਤ ਸਿੱਧ ਕੀਤਾ ਹੈ। ਇਸਤਰੀ ਨਾਲ ਗ੍ਰਹਸਤ, ਪਰਵਾਰ, ਸਮਾਜ ਦਾ ਬੰਧਾਨ ਹੁੰਦਾ ਹੈ। ਉਸ ਦੀ ਹਰ ਵੇਲੇ ਲੋੜ ਹੈ। ਮਨੁੱਖ ਦੀ ਜਨਨੀ ਹੈ—ਹੋਰ ਕੀ ਇਸ ਤੋਂ ਵਧ ਮਹੱਤਾ ਹੋ ਸਕਦੀ ਹੈ? ਵੱਡੇ ਪੁਰਸ਼ ਵੀ ਇਸਤਰੀ ਦੇ ਪੈਦਾ ਕੀਤੇ ਹਨ। ਹਰ ਕੋਈ ਇਸਤਰੀ ਦਾ ਰਿਨੀ ਹੈ। ਕੇਵਲ ਪਰਮਾਤਮਾ ਇਸਤਰੀ-ਰਿਣ ਤੋਂ ਉੱਚਾ ਹੈ। ਇਨ੍ਹਾਂ ਵਿਚਾਰਾਂ ਨਾਲ ਸਦਾ ਲਈ ਭਾਰਤ ਵਿਚ ਇਸਤਰੀ ਦਾ ਸਥਾਨ ਉੱਚਾ ਹੋ ਗਿਆ। ਕਿੰਨਾ ਮਹਾਨ ਪਰਉਪਕਾਰ ਹੈ ਗੁਰੂ ਸਾਹਿਬ ਦਾ!

## 9. ਵਿਦਿਆ ਤੇ ਗਿਆਨ-ਪ੍ਰਾਪਤੀ ਦਾ ਭਰਮ ਜਾਲ

ਪੰਡਤ ਨੇ ਆਪਣੇ ਗਿਆਨਵਾਨ ਅਤੇ ਵਿਦਵਾਨ ਹੋਣ ਦਾ ਬਹੁਤ ਝੂਠਾ ਪ੍ਰਭਾਵ ਪੈਦਾ ਕੀਤਾ ਹੋਇਆ ਸੀ। ਗੁਰੂ ਸਾਹਿਬ ਦਾ ਉਪਦੇਸ਼ ਇਹ ਹੈ ਕਿ ਲੋੜ ਚੰਗੇ ਮਨੁੱਖ ਬਣਨ ਦੀ ਹੈ ਨਾ ਕਿ ਵਿਦਵਾਨ ਜਾਂ ਗਿਆਨਵਾਨ ਹੋਣ ਦੀ। ਪੰਡਤ ਵੀ ਮੂਰਖ, ਪਾਪੀ ਤੇ ਨੀਚ ਹੋ ਸਕਦਾ ਹੈ। ਫਿਰ ਵਿਦਿਆ ਦਾ ਕੀ ਲਾਭ? ਅਸਲ ਵਿਦਿਆ ਤੇ ਗਿਆਨ ਰੱਬ ਨਾਲ ਜੁੜਨ ਅਤੇ ਸਦਾਚਾਰੀ ਹੋਣ ਵਿਚ ਹੈ। 'ਪੜਿ ਪੜਿ ਗੱਡੀ ਲਦੀਅਹਿ' ਵਾਲੇ ਸ਼ਲੋਕ ਦੇ ਅਖ਼ੀਰ ਵਿਚ ਦਸਿਆ ਹੈ :

ਨਾਨਕ ਲੇਖੈ ਇਕ ਗਲ
ਹੋਰੁ ਹਉਮੈ ਝਖਣਾ ਝਾਖ ॥

ਪੜ੍ਹਨਾ ਲਿਖਣਾ ਸਭ ਵਿਥਿਆ ਹੈ, ਹਉਮੈ ਦਾ ਪ੍ਰਚਾਰ ਹੈ, ਜੇ ਇਕੋ ਇਕ ਜ਼ਰੂਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱਲ ਨਾ ਸਮਝੀ। ਬਹੁਤੇ ਖਿਲਾਰੇ ਦੀ ਲੋੜ ਨਹੀਂ। ਬਹੁਤਾ ਪੜ੍ਹਨਾ ਭਟਕਣ ਹੈ। ਗੁਰੂ ਸਾਹਿਬ ਦੇ ਸ਼ਬਦਾਂ ਵਿਚ ਝੱਖ ਮਾਰਨਾ ਹੈ। ਲੇਖੇ ਵਾਲੀ, ਕੰਮ ਦੀ ਗੱਲ ਕੇਵਲ ਰੱਬ ਨੂੰ ਯਾਦ ਕਰਨਾ ਹੈ। ਗੁਰੂ ਸਾਹਿਬ ਬਹੁਤੀ ਵਿਦਿਆ ਪੜ੍ਹਨ ਵਾਲੇ ਦਾ ਦੋਸ਼ ਇਹ ਦੱਸਦੇ ਹਨ ਕਿ ਉਹ ਕ੍ਰੋਧੀ ਹੋ ਜਾਂਦਾ ਹੈ :

ਲਿਖਿ ਲਿਖਿ ਪੜਿਆ ਤੇਤਾ ਕੜਿਆ ॥

ਗੁਰੂ ਸਾਹਿਬ ਨੇ ਇਕ ਹੋਰ ਸ਼ਲੋਕ (ਲਬੁ ਪਾਪੁ ਦੋਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ) ਵਿਚ ਪੰਡਤ ਨੂੰ ਮੂਰਖ ਦਾ ਖਿਤਾਬ ਦਿਤਾ :

ਮੂਰਖ ਪੰਡਿਤ ਹਿਕਮਤਿ ਹੁਜਤਿ
ਸੰਜੈ ਕਰਹਿ ਪਿਆਰੁ ॥

ਅਰਥਾਤ ਫਜ਼ੂਲ ਬਹਿਸ ਕਰਨ ਵਾਲਾ ਪੰਡਤ (ਧਾਰਮਕ ਆਗੂ) ਸਖਤ ਮੂਰਖ ਮਨੁੱਖ ਹੈ, ਉਸ ਨੂੰ ਮਨੁੱਖਤਾ ਦੀ ਜਾਂ ਰੱਬ ਦੀ ਉੱਕੀ ਕੋਈ ਸੂਝ ਨਹੀਂ। ਉਹ ਤਾਂ ਨੀਚ ਪੁਰਸ਼ ਹੈ, ਕੇਵਲ ਰੁਪਇਆ ਲੁੱਟਣ ਤੇ ਜਮਾਂ ਕਰਨ ਦੇ ਆਹਰ ਵਿਚ ਆਪਣਾ ਜੀਵਨ ਨਸ਼ਟ ਕਰ ਰਿਹਾ ਹੈ।

## 10. ਚਾਕਰੀ, ਦਸਤੀ, ਆਸ਼ਕੀ ਦਾ ਨਿਰਨਾ

ਗੁਰੂ ਸਾਹਿਬ ਨੇ ਸਮਾਜਕ ਜੀਵਨ ਦੇ ਜਿਥੇ ਧਾਰਮਕ ਪੱਖ ਵਿਚਾਰੇ ਹਨ ਉਥੇ ਸਾਧਾਰਨ ਤੇ ਵਿਹਾਰਕ ਪੱਖਾਂ ਦੀ ਵੀ ਆਲੋਚਨਾ ਕੀਤੀ ਹੈ। ਚਾਕਰੀ ਦੀ ਅਸਲੀਅਤ ਦੱਸਦੇ ਹੋਏ ਉਨ੍ਹਾਂ ਦਸਿਆ ਕਿ ਚਾਕਰ (ਨੌਕਰ, ਸੇਵਕ) ਉਹ ਹੈ ਜੋ :

ਆਪੁ ਗਵਾਇ ਸੇਵਾ ਕਰੇ
ਤਾ ਕਿਛੁ ਪਾਏ ਮਾਨੁ ॥

ਹੰਕਾਰ ਕਰਨ ਵਾਲਾ, ਬਹੁਤਾ ਗਲਾਧੜ ਮਨੁੱਖ ਚੰਗਾ ਸੇਵਕ ਨਹੀਂ ਹੋ ਸਕਦਾ। ਇਸੇ ਤਰ੍ਹਾਂ ਦੋਸਤੀ ਬਾਰੇ ਫ਼ਰਮਾਇਆ ਹੈ ਕਿ ਦੋਸਤੀ ਬਰਾਬਰ ਦੇ ਜਾਂ ਇਕੋ ਮਾਨਸਕ ਤੇ ਆਚਰਨਕ ਪੱਧਰ ਦੇ ਮਨੁੱਖਾਂ ਵਿਚ ਹੋ ਸਕਦੀ ਹੈ। ਕਿਸੇ ਅਣਜਾਣ ਨਾਲ ਦੋਸਤੀ ਸਫਲ ਨਹੀਂ ਹੋ ਸਕਦੀ :

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥
ਪਾਣੀ ਅੰਦਰਿ ਲੀਕ ਜਿਉ ਤਿਸਦਾ ਥਾਉ ਨ ਥੇਹੁ ॥

ਆਸ਼ਕੀ ਬਾਰੇ ਆਪ ਦਾ ਫ਼ਰਮਾਨ ਹੈ :

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥
ਨਾਨਕ ਆਸਕੁ ਕਾਢੀਐ ਸਦ ਹੀ ਰਹੈ ਸਮਾਇ ॥


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਅਨੰਦ ਸਾਹਿਬ : ਵਿਸ਼ੇਗਤ ਅਧਿਐਨ

## ਰਚਨਾ ਦੀ ਮਹੱਤਾ ਅਤੇ ਉਦੇਸ਼

ਅਨੰਦ ਸਾਹਿਬ ਗੁਰੂ ਅਮਰਦਾਸ ਜੀ ਦੀ ਪ੍ਰਸਿੱਧ ਰਚਨਾ ਹੈ। ਗੁਰਮਤ ਸਾਹਿੱਤ ਵਿਚ ਇਸ ਦੀ ਬਹੁਤ ਮਹੱਤਾ ਹੈ। ਜਿਵੇਂ ਗੁਰਬਾਣੀ ਵਿਚ ਆਸਾ ਦੀ ਵਾਰ ਅਤੇ ਜਪੁਜੀ ਸਾਹਿਬ ਵਿਸ਼ੇਸ਼ ਰਚਨਾਵਾਂ ਹਨ, ਤਿਵੇਂ ਹੀ ਅਨੰਦ ਸਾਹਿਬ।

ਜਿਸ ਤਰ੍ਹਾਂ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਬਾਣੀਆਂ ਦੇ ਸਿਰਲੇਖ ਨਿਸਚਿਤ ਹੋਏ ਹਨ, ਇਸੇ ਤਰ੍ਹਾਂ ਇਸ ਬਾਣੀ ਦਾ ਸਿਰਲੇਖ ਵੀ ਨਿਸਚਿਤ ਹੈ।

ਡਾ. ਰਤਨ ਸਿੰਘ ਜੱਗੀ ਦੇ ਇਸ ਵਿਚਾਰ ਨਾਲ ਕਿ ਇਹ ਬਾਣੀ ਗੁਰੂ ਸਾਹਿਬ ਨੇ ਆਪਣੇ ਪੋਤੇ (ਅਨੰਦ) ਦੇ ਜਨਮ ਸਮੇਂ ਖੁਸ਼ੀ ਵਿਚ ਆ ਕੇ ਰਚੀ (ਪੁਸਤਕ 'ਵਿਚਾਰਧਾਰਾ' ਪੰਨਾ 92) ਸਾਡਾ ਅਸਲੋਂ ਮਤਭੇਦ ਹੈ। ਇਹ ਬਾਣੀ ਅਸਲ ਵਿਚ ਇਤਿਹਾਸਕ ਨਹੀਂ ਸਗੋਂ ਇਸ ਨੂੰ ਇਤਿਹਾਸਕ ਬਨਾਉਣ ਦਾ ਵਾਧੂ ਜਤਨ ਕੀਤਾ ਗਿਆ ਹੈ। ਇਹ ਇਕ ਆਮ ਰੁਚੀ ਹੈ ਕਿ ਹਰ ਰਚਨਾ ਨੂੰ ਪ੍ਰਸੰਗਕ ਕਰ ਦਿਤਾ ਜਾਵੇ ਤਾਂ ਜੋ ਇਸ ਤਰ੍ਹਾਂ ਉਹ ਵਧੇਰੇ ਰੋਚਕ ਤੇ ਸਮਝ-ਗੋਚਰੀ ਹੋ ਜਾਵੇ। ਸਾਖੀਕਾਰਾਂ ਵਿਚ ਇਹ ਰੁਚੀ ਵਧੇਰੇ ਰਹੀ ਹੈ। ਇਸ ਵਿਚ ਸ਼ਕ ਨਹੀਂ ਕਿ ਕੁਝ ਰਚਨਾਵਾਂ ਕਿਸੇ ਪ੍ਰਸੰਗ ਵਿਚੋਂ ਹੀ ਰਚੀਆਂ ਗਈਆਂ ਹੋਣ ਪਰ ਵਧੇਰੇ ਇਸ ਰੁਚੀ ਦਾ ਫਲ-ਸਰੂਪ ਹੀ ਇਨ੍ਹਾਂ ਰਚਨਾਵਾਂ ਨੂੰ ਇਤਿਹਾਸਕ ਤੇ ਮਿਥਿਹਾਸਕ ਰੰਗ ਦਿਤਾ ਗਿਆ। ਇਸ ਦਾ ਪ੍ਰਤੀਕਰਮ ਇਹ ਹੋਇਆ ਕਿ ਕਈ ਗੁਰਮਤ-ਵਿਰੋਧੀ ਗੱਲਾਂ ਤੇ ਵੀ ਯਕੀਨ ਕੀਤਾ ਜਾਣ ਲਗ ਪਿਆ।

ਅਸਲੀਅਤ ਇਹ ਹੈ ਕਿ ਇਕ ਸਾਹਿੱਤਕ ਰਚਨਾ ਆਪਣੇ ਆਪ ਵਿਚ ਮੂਲ ਵਿਸ਼ੇਸ਼ਤਾ ਰਖਦੀ ਹੈ। ਵਾਧੂ ਪ੍ਰਸੰਗ ਜੋੜਨ ਨਾਲ ਇਸ ਦੀ ਕੀਮਤ ਵਧਦੀ ਨਹੀਂ ਘਟਦੀ ਹੈ।

ਅਨੰਦ ਸਾਹਿਬ ਨਿਰੋਲ ਸਾਹਿੱਤਕ ਰਚਨਾ ਹੈ। ਇਸ ਦਾ ਵਿਸ਼ਾ ਆਤਮਕ ਅਨੰਦ ਹੈ। ਗੁਰਬਾਣੀ ਵਿਚ ਵਧੇਰੇ ਵਰਨਣ ਬਿਰਹਾ ਦਾ ਹੈ। ਮੇਲ ਦੀਆਂ ਘੜੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਬਹੁਤਾ ਵਰਨਣ ਨਹੀਂ ਮਿਲਦਾ। ਗੁਰੂ ਅਰਰਦਾਸ ਜੀ ਨੇ ਇਨ੍ਹਾਂ ਸੰਜੋਗ ਅਤੇ ਮੇਲ ਦੀਆਂ ਘੜੀਆਂ ਦਾ ਵਰਨਣ ਬੜੇ ਅਨੂਪਮ ਢੰਗ ਨਾਲ ਕੀਤਾ ਹੈ। ਇਹੋ ਇਸ ਰਚਨਾ ਦੀ ਅਦੁਤੀ ਮਹਾਨਤਾ ਅਤੇ ਵਿਲੱਖਣਤਾ ਦਾ ਪ੍ਰਮਾਣ ਹੈ। ਇਸ ਰਚਨਾ ਦਾ ਆਸ਼ਾ ਉਪਦੇਸ਼ਾਤਮਕ ਹੈ। ਇਸ ਵਿਚ ਗੁਰਮਤ ਦਾ ਪੂਰਨ ਉਪਦੇਸ਼ ਹੈ। ਇਸ ਵਿਚ ਉਪਦੇਸ਼ ਕੁਝ ਅਤਿਆਤਮਕ ਪਧਰ ਤੇ ਅਤੇ ਕੁਝ ਦਾਰਸ਼ਨਿਕ ਪਧਰ ਤੇ ਹੈ। ਇਸ ਤਰ੍ਹਾਂ ਇਸ ਬਾਣੀ ਦਾ ਸਮੁੱਚਾ ਆਸ਼ਾ ਤਾਂ ਬਾਕੀ ਬਾਣੀਆਂ ਵਰਗਾ ਹੀ ਹੈ ਪਰ ਵਿਸ਼ੇਸ਼ਤਾ ਇਸ ਵਿਚ ਮੌਲਿਕਤਾ ਦੇ ਅੰਸ਼ ਦੀ ਹੈ।

ਜਿਸ ਅਵਸਥਾ ਦਾ ਪਹਿਲਾ ਕਿਤੇ ਵਿਰਲਾ ਹੀ ਵਰਨਣ ਹੋਇਆ ਹੋਵੇ ਉਸ ਦਾ ਬਿਆਨ ਕਰਨਾ ਕਠਿਨ ਹੁੰਦਾ ਹੈ। ਗੁਰੂ ਅਮਰਦਾਸ ਜੀ ਨੇ ਇਹ ਰਚਨਾ ਰਚ ਕੇ ਆਪਣੀ ਸਾਹਿੱਤਕ ਮੌਲਿਕਤਾ ਦਾ ਵੱਡਾ ਸਬੂਤ ਦਿਤਾ ਹੈ।

ਬਾਕੀ ਗੁਰੂ ਸਾਹਿਬਾਨ ਨੇ ਵੀ ਪ੍ਰਭੂ ਮੇਲ ਦੀ ਅਵਸਥਾ ਬਾਰੇ ਕਈ ਸ਼ਬਦ ਰਚੇ ਹਨ ਪਰ ਗੁਰੂ ਅਮਰਦਾਸ ਜੀ ਦੀ ਇਹ ਬਾਣੀ ਅਨੰਦ ਸਾਹਿਬ ਸਾਰੀ ਹੀ ਇਸ ਅਵਸਥਾ ਦਾ ਪ੍ਰਗਟਾ ਹੈ। ਇਸ ਵਿਚੋਂ ਗੁਰੂ ਸਾਹਿਬ ਦੀ ਹੈਰਾਨੀ-ਭਰੀ ਮਸਤੀ ਅਤੇ ਵਿਸਮਾਦ ਦਾ ਪੂਰਨ ਭਾਂਤ ਅਨੁਮਾਨ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਵੀ ਇਸ ਵਿਸਮਾਦ ਦਾ ਵਰਨਣ ਕੀਤਾ ਹੈ ਪਰ ਗੁਰੂ ਅਮਰਦਾਸ ਜੀ ਦੇ ਵਿਸਮਾਦ ਦਾ ਵਿਸਤ੍ਰਿਤ ਤੇ ਸੁਭਾਵਕ ਵਰਨਣ ਹੀ ਇਹਨਾਂ ਦੀ ਵਿਸ਼ੇਸ਼ ਪ੍ਰਾਪਤੀ ਹੈ। ਅਨੰਦ ਇਕ ਆਤਮਕ ਸਚਾਈ ਹੈ। ਇਸ ਨੂੰ ਗੁਰੂ ਅਮਰਦਾਸ ਜੀ ਨੇ ਥੋੜਾ ਸੁਚੇਤ ਹੋ ਕੇ ਪ੍ਰਗਟ ਕਰ ਦਿਤਾ। ਹਰ ਕਲਾ ਬਾਰੇ ਕਿਸੇ ਹਦ ਤਕ ਸੁਚੇਤ ਹੋਣ ਦੀ ਲੋੜ ਹੈ। ਇਸ ਕਰਕੇ ਹੀ ਗੁਰੂ ਅਮਰਦਾਸ ਜੀ ਨੇ ਸੁਚੇਤ ਭਾਂਤ ਇਹ ਰਚਨਾ ਰਚੀ।

## ਅਨੰਦ ਤੋਂ ਕੀ ਭਾਵ ਹੈ?

ਅਨੰਦ ਦੀ ਵਿਆਖਿਆ ਸਫਲ ਜਾਂ ਸੰਪੂਰਨ ਰੂਪ ਵਿਚ ਨਹੀਂ ਹੋ ਸਕਦੀ ਜਦ ਤਕ ਅਸੀਂ ਅੰਮ੍ਰਿਤ ਦਾ ਭਾਵ ਨਾ ਸਮਝੀਏ। ਅੰਮ੍ਰਿਤ ਸ਼ਬਦ ਦੀ ਵਰਤੋਂ ਅਨੰਦ ਸਾਹਿਬ ਵਿਚ ਕੀਤੀ ਗਈ ਹੈ। ਸੁਖਮਨੀ ਸਾਹਿਬ ਦੇ ਆਦਿ ਵਿਚ ਵੀ ਅੰਮ੍ਰਿਤ ਸ਼ਬਦ ਦੀ ਵਰਤੋਂ ਹੋਈ ਹੈ। ਅਨੰਦ ਸਾਹਿਬ ਚਿਵ ਇਉਂ ਅੰਕਿਤ ਹੈ:

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ॥

(ਪਉੜੀ 13)

ਇਸ ਤਰ੍ਹਾਂ ਇਹ ਸਾਫ ਪ੍ਰਗਟ ਹੋ ਜਾਂਦਾ ਹੈ ਕਿ ਸਾਰੇ ਵਡੇ ਮਨੁੱਖ ਅੰਮ੍ਰਿਤ ਦੀ ਭਾਲ ਵਿਚ ਹਨ। ਇਹ ਅੰਮ੍ਰਿਤ ਪਰਮਾਤਮਾ ਦਾ ਨਾਮ ਹੈ ਜੋ ਸੱਚਾ ਹੈ ਅਤੇ ਇਹ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਵਲ ਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਮਨੁੱਖ ਦੀ ਸਦੀਵੀ ਭਾਲ ਅੰਮ੍ਰਿਤ ਦੀ ਭਾਲ ਹੈ। 'ਆਬੇ ਹਯਾਤ' ਅਰਥਾਤ ਜੀਵਨ ਦਾ ਪਾਣੀ, ਸਭ ਤੋਂ ਕੀਮਤੀ ਵਸਤੂ, ਅੰਮ੍ਰਿਤ ਹੈ, ਜਿਸ ਦੀ ਭਾਲ ਬਾਹਰਮੁਖੀ ਤੌਰ ਤੇ ਸੰਭਵ ਨਹੀਂ। ਹਿਰਨ ਜਿਵੇਂ ਕਸਤੂਰੀ ਦੀ ਭਾਲ ਵਿਚ ਹਫ ਹਫ ਕੇ ਮਰ ਜਾਂਦਾ ਹੈ ਪਰ ਆਪਣੇ ਅੰਦਰੋਂ ਆ ਰਹੀ ਖੁਸ਼ਬੂ ਦੀ ਉਸ ਨੂੰ ਸੋਝੀ ਨਹੀਂ ਹੁੰਦੀ, ਇਸੇ ਤਰ੍ਹਾਂ ਅੰਮ੍ਰਿਤ ਦੀ ਭਾਲ ਬਾਹਰੋਂ ਨਹੀਂ ਅੰਦਰੋਂ ਹੋ ਸਕਦੀ ਹੈ। ਇਹ ਜਾਨਣ ਦਾ ਵਿਸ਼ਾ ਨਹੀਂ, ਮਾਨਣ ਦਾ ਵਿਸ਼ਾ ਹੈ। ਇਸ ਦੀ ਪ੍ਰਾਪਤੀ ਅੰਦਰਮੁਖੀ ਹੈ ਬਾਹਰਮੁਖੀ ਨਹੀਂ। ਇਹ ਸ਼ਬਦ ਆਤਮਕ ਅਵਸਥਾ ਦਾ ਇਕ ਬਾਹਰਮੁਖੀ ਪ੍ਰਤੀਕ ਹੈ। ਇਹ ਇਕ ਅਟੱਲ ਸਚਾਈ ਹੈ ਕਿ ਜਦ ਅੰਦਰਮੁਖੀ ਅਨੰਦ ਦੀ ਪ੍ਰਾਪਤੀ ਹੋ ਗਈ ਤਾਂ ਬਾਹਰਮੁਖੀ ਤੌਰ ਤੇ ਆਪੇ ਹੀ ਹੋ ਜਾਂਦੀ ਹੈ।

## ਗੁਰੂ-ਪ੍ਰਾਪਤੀ ਦੀ ਮਹੱਤਾ

ਇਸ ਨਾਮ-ਰੂਪ ਅੰਮ੍ਰਿਤ ਦੀ ਪ੍ਰਾਪਤੀ ਕੇਵਲ ਗੁਰੂ ਕੋਲੋਂ ਹੀ ਹੋ ਸਕਦੀ ਹੈ। ਅਨੰਦ ਤੋਂ ਭਾਵ ਆਤਮਕ ਅਨੰਦ ਜਾਂ ਸ਼ਾਂਤੀ ਹੈ। ਗੁਰੂ ਨੂੰ ਮਿਲ ਕੇ ਮਨੁੱਖ ਦੀ ਸਾਰੀ ਤ੍ਰਿਸ਼ਨਾ ਮੁਕ ਜਾਂਦੀ ਹੈ ਅਤੇ ਅਜੇਹਾ ਅਨੰਦ ਆਉਂਦਾ ਹੈ ਕਿ ਜਿਸ ਦਾ ਵਰਣਨ ਨਹੀਂ ਹੋ ਸਕਦਾ। ਮਨੁੱਖ ਬਾਹਰਮੁਖੀ ਤੌਰ ਤੇ ਬਹੁਤ ਕੁਝ ਕਰਦਾ ਹੈ। ਇਹ ਹੀ ਮਨੁੱਖ ਦਾ ਦੁਖਾਂਤ ਹੈ। ਪਰ ਮਨੁੱਖੀ ਰੁਚੀ ਇਹ ਵੀ ਹੈ ਕਿ ਮਨੁੱਖ ਹਰ ਵੇਲੇ ਅਨੰਦ ਦੀ ਭਾਲ ਵਿਚ ਰਹਿੰਦਾ ਹੈ। ਇਸ ਅਨੰਦ ਦੀ ਪ੍ਰਾਪਤੀ ਸਤਿਗੁਰੂ ਦੀ ਪ੍ਰਾਪਤੀ ਹੈ, ਜਿਵੇਂ ਅਨੰਦ ਸਾਹਿਬ ਦੇ ਆਰੰਭ ਦੀ ਤੁਕ ਵਿਚ ਸਪਸ਼ਟ ਕੀਤਾ ਹੈ :

ਅਨੰਦੁ ਭਇਆ ਮੇਰੀ ਮਾਏ
ਸਤਿਗੁਰੂ ਮੈ ਪਾਇਆ ॥

ਗੁਰੂ ਅਨੰਦ ਦਾ ਸੋਮਾਂ ਹੈ। ਬਾਕੀ ਕਿਰਿਆ ਵਾਧੂ ਤੇ ਨਿਸਫਲ ਹੈ। ਗੁਰੂ ਦੀ ਪ੍ਰਾਪਤੀ ਵਡੀ ਚੀਜ਼ ਹੈ। ਗੁਰੂ ਜੀ ਨੂੰ ਆਪ ਵੀ ਤਾਂ ਗੁਰੂ-ਪ੍ਰਾਪਤੀ ਲਈ ਕਾਫੀ ਲੰਮੀ ਉਡੀਕ ਤੇ ਲਾਲਸਾ ਕਰਨੀ ਪਈ ਸੀ। ਧਾਰਮਕ ਖੇਤਰ ਵਿਚ ਮਨੁੱਖ ਦਾ ਪ੍ਰਯਤਨ ਇਹੋ ਹੈ ਕਿ ਜੀਵਨ ਸਦੀਵੀ ਹੋ ਜਾਏ। ਹਰ ਅਧਿਆਤਮਵਾਦੀ ਅਤੇ ਰਹੱਸਵਾਦੀ ਦਾ ਆਸ਼ਾ ਇਹੀ ਹੈ। ਹਰ ਮਨੁੱਖ ਇਸੇ ਦੀ ਭਾਲ ਵਿਚ ਹੈ।

ਗੁਰੂ ਅਮਰਦਾਸ ਜੀ ਨੇ ਆਪਣੀ ਇਸ ਰਚਨਾ ਵਿਚ ਮਨੁੱਖ ਮਾਤਰ ਨੂੰ ਦਸਿਆ ਹੈ ਕਿ ਆਤਮਿਕ ਅਨੰਦ ਕਿਵੇਂ ਪ੍ਰਾਪਤ ਹੋ ਸਕਦਾ ਹੈ। ਆਤਮਿਕ ਉਨ੍ਹਾਂ ਨੇ ਇਸ ਅਨੰਦ ਦੀ ਵਿਆਖਿਆ ਵੀ ਕੀਤੀ ਹੈ, ਤੇ ਅਨੰਦ ਦੀ ਮਸਤੀ ਦੱਸੀ ਹੈ। ਗੁਰੂ ਸਾਹਿਬ ਏਥੇ ਸ੍ਵੈ-ਪ੍ਰਗਟਾ ਕਰ ਰਹੇ ਹਨ ਪਰ ਨਾਲ ਹੀ ਦੂਜੇ ਪਾਸੇ ਰਹੱਸਵਾਦੀ ਵਿਸ਼ਵਾਸ ਵੀ ਪ੍ਰਗਟ ਕਰ ਰਹੇ ਹਨ। ਸਤਿਗੁਰੂ ਦਾ ਮਿਲਣਾ ਤੇ ਅਨੰਦ ਦੀ ਪ੍ਰਾਪਤੀ ਇਕੋ ਚੀਜ਼ ਹੈ। ਗੁਰੂ ਵਿਚ, ਗੁਰੂ ਦੀ ਕਿਰਪਾ ਵਿਚ ਵਿਸ਼ਵਾਸ ਇਸ ਰਚਨਾ ਦਾ ਮੁਢਲਾ ਆਸ਼ਾ ਹੈ। ਬਾਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰਾ ਵਿਸਥਾਰ ਗੁਰਮਤ ਦਾ ਉਪਦੇਸ਼ ਹੈ।

ਭਗਤਾ ਕੀ ਚਾਲ ਨਿਰਾਲੀ ॥

ਇਸ ਪਉੜੀ ਵਿਚ ਭਗਤਾਂ ਦੇ ਲਛਣ ਦਸੇ ਹਨ ਤਾਂ ਜੋ ਗੁਰੂ ਦੀ ਮਹੱਤਾ ਪ੍ਰਗਟ ਹੋ ਜਾਵੇ।

ਲੋੜ ਪਰਮ ਤੱਤ ਨੂੰ ਸਮਝਣ ਦੀ ਹੈ। ਸਭ ਤੋਂ ਉੱਚਾ ਆਦਰਸ਼ ਇਹੋ ਹੈ। ਇਹ ਆਤਮਿਕ ਪੱਧਰ ਤੇ ਹੈ, ਬਾਹਰਮੁਖੀ ਨਹੀਂ ਹੈ। ਇਹ ਕੋਈ ਅੰਦਰਲਾ ਰਹੱਸ ਹੈ। ਜੇ ਆਤਮਾ ਦੀ ਸੋਝੀ ਹੋ ਗਈ ਤਾਂ ਆਤਮਾ ਵਿਚ ਪ੍ਰੀਵਰਤਨ ਹੋ ਗਿਆ ਮਾਨੋ ਆਤਮਾ ਨੂੰ ਦੇਖ ਲਿਆ। ਹਰ ਮਨੁੱਖ ਦਾ ਬਾਹਰਮੁਖੀ ਪੱਧਰ ਤੇ ਸਰੀਰ ਹੈ, ਅੰਦਰ ਆਤਮਾ ਹੈ। ਇਹ ਇਕ ਸੂਖਮ ਤੱਤ ਹੈ। ਜਦ ਮਨੁੱਖ ਆਤਮ-ਚਿੰਤਨ ਕਰਦਾ ਹੈ ਤਾਂ ਉਹ ਪਰਤੱਖ ਤੌਰ ਤੇ ਪਰਮਾਤਮਾ ਨੂੰ ਵੇਖ ਲੈਂਦਾ ਹੈ। ਇਸ ਤਰ੍ਹਾਂ ਉਸ ਨੂੰ ਆਤਮਕ ਅਨੰਦ ਪ੍ਰਾਪਤ ਹੋ ਜਾਂਦਾ ਹੈ।

## ਰਹੱਸਵਾਦੀ ਅੰਸ਼

ਗੁਰੂ ਅਮਰਦਾਸ ਜੀ ਉਚੇ ਰਹੱਸਵਾਦੀ ਪੁਰਸ਼ ਸਨ। ਉਹਨਾਂ ਇਸ ਅਵਸਥਾ ਨੂੰ ਸਹਿਜ ਸ਼ਬਦ ਰਾਹੀਂ ਪ੍ਰਗਟ ਕੀਤਾ ਹੈ। ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੋਇਆ ਅਨੰਦ ਆਪਣੇ ਪ੍ਰਯਤਨ ਦਾ ਸਿੱਟਾ ਨਹੀਂ, ਇਕ ਆਤਮਕ ਤੱਤ ਹੈ ਤੇ ਇਸ ਵਿਚ ਹਉਮੈ ਦਾ ਪੂਰਨ ਅਭਾਵ ਹੈ। ਅਚਨਚੇਤ ਹੈ। ਅਚਨਚੇਤ ਪਰਮਾਤਮਾ ਦੀ ਕਿਰਪਾ ਨਾਲ ਆਤਮਾ ਵਿਚ ਸਹਿਜ ਆਨੰਦ ਪੈਦਾ ਹੋ ਜਾਂਦਾ ਹੈ। ਆਤਮਾ ਵਿਚ ਅਨਹਦ ਨਾਦ ਵਜਣ ਲਗ ਪੈਂਦੇ ਹਨ।

ਗੁਰੂ ਸਾਹਿਬ ਦਾ ਰਹੱਸਵਾਦੀ ਅਨੁਭਵ ਉਂਜ ਤਾਂ ਸਾਰੀ ਰਚਨਾ ਵਿਚ ਹੈ ਪਰ ਇਸ ਰਚਨਾ ਦੇ ਅੰਤਲੇ ਭਾਗ ਵਿਚ ਅਧਿਕ ਹੈ। ਅਨਹਦ ਨਾਦ ਦਾ ਜ਼ਿਕਰ ਵੀ ਇਸੇ ਅਨੁਭਵ ਦਾ ਪ੍ਰਗਟਾ ਹੈ। ਅਣਗਿਣਤ ਨਾਦ ਹੋ ਰਹੇ ਹਨ।

ਨਾਮੁ ਜਿਨ ਕੈ ਮਨਿ ਵਸਿਆ
ਵਾਜੇ ਸ਼ਬਦ ਘਨੇਰੇ ॥

(ਪਉੜੀ 3)

ਇਹ ਰਚਨਾ ਵੀ ਜਪੁਜੀ ਸਾਹਿਬ ਵਾਂਗ ਜਿਉਂ ਜਿਉਂ ਵਿਕਾਸ ਕਰਦੀ ਹੈ ਸੂਖਮ ਹੋਈ ਜਾਂਦੀ ਹੈ। ਇਸ ਦੇ ਨਾਲ ਹੀ ਵੱਡਾ ਗੁਣ ਇਹ ਹੈ ਕਿ ਗੁਰੂ ਅਮਰਦਾਸ ਜੀ ਨੇ ਵਿਸ਼ੇ ਨੂੰ ਇਕ ਮਹਾਨ ਕਲਾਕਾਰ ਵਾਂਗ ਇਕ ਦਮ ਅਰੰਭ ਕੀਤਾ ਹੈ।

ਰਹੱਸਵਾਦੀ ਪਰੰਪਰਾ ਅਨੁਸਾਰ ਇਹ ਰਚਨਾ ਅਤਿ ਸੰਗੀਤਕ ਹੈ। ਸੰਗੀਤ ਦੀ ਗੁਰਮਤ ਵਿਚ ਵਧ ਤੋਂ ਵਧ ਮਹੱਤਤਾ ਹੈ। ਆਤਮਕ ਅਨੰਦ ਆਤਮਾ ਦੀ ਇਕਸੁਰਤਾ ਹੈ। ਇਹ ਇਕ ਅਨੰਦਮਈ ਸੋਹਜ ਹੈ ਜੋ ਸੰਗੀਤ ਰਾਹੀਂ ਪ੍ਰਗਟ ਹੋਇਆ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਉਪਦੇਸ਼ਾਤਮਕ ਰਚਨਾ

ਗੁਰਮਤ ਦੀ ਹਰ ਰਚਨਾ, ਹਰ ਸ਼ਬਦ ਮਨੁੱਖ ਲਈ ਉਪਦੇਸ਼ਾਤਮਕ ਅਰਥ ਰਖਦਾ ਹੈ। ਇਸ ਬਾਣੀ ਦਾ ਪ੍ਰਗਟਾ ਵੀ ਮਨੁੱਖ ਮਾਤਰ ਲਈ ਹੈ। ਇਸ ਦਾ ਆਸ਼ਾ ਤੇ ਜੁਗਤੀ ਸੰਬੋਧਨੀ ਹੈ। ਜਦ ਅਸੀਂ ਇਸ ਰਚਨਾ ਨੂੰ ਗਹੁ ਨਾਲ ਦੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਹ ਕੇਵਲ ਗੁਰੂ ਸਾਹਿਬ ਦੇ ਨਿਜੀ ਆਤਮਕ ਅਨੰਦ ਦਾ ਹੀ ਪ੍ਰਗਟਾ ਨਹੀਂ ਸਗੋਂ ਇਕ ਜ਼ਰੂਰੀ ਆਤਮਕ ਤੱਥ (fact) ਦਾ ਪ੍ਰਗਟਾ ਹੈ ਅਤੇ ਇਸ ਲਈ ਕੀਤਾ ਗਿਆ ਹੈ ਕਿ ਬਾਕੀ ਮਨੁੱਖਾਂ ਲਈ ਵੀ ਕਲਿਆਣ ਦਾ ਸਾਧਨ ਬਣੇ। ਸੰਸਾਰਕ ਸੁਖ ਨਾਸ਼ਮਾਨ ਹੈ, ਦੁਖਾਂਤਕ ਹੈ। ਗੁਰੂ ਸਾਹਿਬਾਨ ਦੀ ਰੁਚੀ ਪਰਉਪਕਾਰੀ ਤੇ ਸਦਾਚਾਰਕ ਪੱਧਰ ਦੀ ਹੈ। ਇਹ ਜੋ ਬੜੀ ਮਸ਼ਹੂਰ ਗੁਰਬਾਣੀ ਦੀ ਤੁਕ ਹੈ :

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ ॥

ਇਸ ਵਿਚ ਗੁਰੂ ਅਮਰਦਾਸ ਜੀ ਨੇ ਜਗਤ ਲਈ ਅੱਗ ਦਾ 'ਰੂਪਕ' ਵਰਤਿਆ ਹੈ। ਅੱਗ ਤ੍ਰਿਸ਼ਨਾ ਦੀ ਹੈ, ਭਟਕਣਾ ਦੀ, ਪਰੇਸ਼ਾਨੀ ਦੀ ਹੈ। ਜਿਵੇਂ ਅੱਗ ਜਲਾ ਦਿੰਦੀ ਹੈ, ਇਵੇਂ ਹੀ ਪਰੇਸ਼ਾਨੀ।

ਗੁਰੂ ਅਮਰਦਾਸ ਜੀ ਦਾ ਇਹ ਪ੍ਰਭੂ-ਦਰ ਤੇ ਅਰਦਾਸ ਕਰਨਾ ਬੜਾ ਭਾਵਪੂਰਤ ਹੈ। ਇਹ ਮਨੁੱਖ ਮਾਤਰ ਨਾਲ ਡੂੰਘੀ ਹਮਦਰਦੀ ਹੈ। ਇਹ ਇਕ ਨਿਰੋਲ ਸਮਾਜਕ ਆਸ਼ਾ ਹੈ। ਅਸਲ ਵਿਚ ਇਹ ਨਵੀਨ ਤੇ ਆਧੁਨਿਕ ਆਸ਼ਾ ਹੈ। ਕੇਵਲ ਉਹੀ ਮੁਕਤ ਹੁੰਦਾ ਹੈ ਜੋ ਆਪ ਮੁਕਤ ਹੋ ਕੇ, ਦੂਜਿਆਂ ਦਾ ਕਲਿਆਣ ਕਰੇ। ਉਂਜ ਤਾਂ ਸੰਸਾਰ ਵਿਚ ਹਰ ਕੋਈ ਨਿੱਜੀ ਸਵਾਰਥ ਵਿਚ ਲੱਗਾ ਹੋਇਆ ਹੈ।

ਆਤਮਕ ਪੱਧਰ ਤੇ ਨਿੱਜਤਵ ਦਾ ਕੋਈ ਅਰਥ ਨਹੀਂ। ਉੱਚਾ ਉਠਿਆ ਮਨੁੱਖ ਸਾਰੇ ਬ੍ਰਹਮੰਡ ਦਾ ਹੋ ਜਾਂਦਾ ਹੈ। ਉਸ ਦਾ ਤਨ, ਮਨ ਸਭ ਉੱਚਾ ਉਠਦਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ :

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥

(ਪਉੜੀ 2)

ਇਹ ਪਹਿਲਾ ਵੱਡਾ ਸਾਧਨ ਹੈ ਜਿਸ ਦੇ ਰਾਹੀਂ ਮਨੁੱਖ ਪ੍ਰਭੂ ਨਾਲ ਸਦਾ ਜੁੜਿਆ ਰਹਿੰਦਾ ਹੈ ਤੇ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਦੁੱਖਾਂ ਨੂੰ ਨਾਸ ਕਰਨ ਵਾਲਾ ਕੇਵਲ ਪਰਮਾਤਮਾ ਹੈ। ਉਸ ਨਾਲ ਜੁੜਿਆਂ ਹੀ ਸਾਰੇ ਕਾਰਜ ਰਾਸ ਹੋ ਜਾਂਦੇ ਹਨ। ਸਰਬ-ਕਲਾ-ਸਮਰਥ ਪਰਮਾਤਮਾ ਦਾ ਧਿਆਨ ਕਰਨ ਨਾਲ ਹੀ ਸਾਡੇ ਪਾਪ ਤੇ ਕਲੇਸ਼ ਨਾਸ ਹੋ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਮਾਤਮਾ ਦੀ ਯਾਦ ਨਾਮ ਰੂਪ ਹੈ, ਜਿਸ ਨੂੰ ਪ੍ਰਾਪਤ ਕਰਨ ਵਾਸਤੇ ਤੀਸਰੀ ਪਉੜੀ ਵਿਚ ਦਸਿਆ ਹੈ :

ਸਦਾ ਸਿਫਤਿ ਸਲਾਹ ਤੇਰੀ
ਨਾਮੁ ਮਨਿ ਵਸਾਵਏ ॥

ਗੁਰੂ ਜੀ ਨੇ ਭਗਤੀ ਭਾਵ ਉਤੇ ਬਾਰ ਬਾਰ ਜ਼ੋਰ ਦਿਤਾ ਹੈ। ਬਾਣੀ ਗਾਉਣਾ ਅਰਥਾਤ ਕੀਰਤਨ ਵੀ ਇਕ ਪ੍ਰਮੁਖ ਧਾਰਮਕ ਸਾਧਨ ਹੈ :

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
ਗਾਵਹੁ ਸਚੀ ਬਾਣੀ ॥

(ਪਉੜੀ 23)

ਇਸੇ ਤਰ੍ਹਾਂ ਸੱਚੀ ਪ੍ਰੀਤ ਨੂੰ ਵਡਿਆਇਆ ਹੈ :

ਸਾਚੀ ਲਿਵੈ ਬਿਨ ਦੇਹ ਨਿਮਾਣੀ ॥
ਦਹਿ ਨਿਮਾਣੀ ਲਿਵੈ ਬਾਝਹੁ
ਕਿਆ ਕਰੇ ਵੇਚਾਰੀਆ ॥

(ਪਉੜੀ 6)

ਸੱਚੀ ਪ੍ਰੀਤ ਕੇਵਲ ਪਰਮਾਤਮਾ ਤੇ ਗੁਰੂ ਦੀ ਹੈ। ਬਾਕੀ ਸਭ ਝੂਠੀ ਹੈ। ਸੱਚੀ ਲਿਵ ਤੋਂ ਬਿਨਾਂ ਹੋਰ ਕੋਈ ਟਿਕਾਣਾ ਨਹੀਂ, ਸੱਚੀ ਲਿਵ ਨਾਮ ਤੇ ਸ਼ਬਦ ਦੀ ਹੈ। ਗੁਰੂ ਦੇ ਦੱਸੇ ਨਾਮ ਦੀ ਲਿਵ ਸੱਚੀ ਲਿਵ ਹੈ।

## ਕੇਂਦ੍ਰੀ ਭਾਵ

ਅਸਲ ਵਿਚ ਇਹ ਬਾਣੀ ਮੂਲ ਰੂਪ ਵਿਚ ਰਹੱਸਵਾਦੀ ਹੈ। ਰਹੱਸਵਾਦੀ ਇਸ ਲਈ ਕਿ ਇਸ ਵਿਚ ਅੰਦਰਲੀ ਸਚਾਈ ਉਤੇ ਜ਼ੋਰ ਦਿਤਾ ਗਿਆ ਹੈ। ਅਨੰਦ ਦਾ ਜ਼ਿਕਰ ਵੀ ਬਾਹਰਮੁਖੀ ਪੱਧਰ ਤੇ ਨਹੀਂ ਕੀਤਾ ਗਿਆ ਇਹ ਗੁੰਗੇ ਦੇ ਗੁੜ ਖਾਣ ਵਾਂਗ ਅਕਹਿ ਹੈ। ਸਹਿਜ ਦਾ ਵਿਚਾਰ ਵੀ ਕਠਨ ਵਿਚਾਰ ਹੈ। ਅਨਹਦ ਦਾ ਵਿਚਾਰ ਪਹਿਲਾਂ ਹੀ ਰਹੱਸਵਾਦੀ ਹੈ। ਫਿਰ ਵੀ ਸਧਾਰਨ ਲੋਕ ਇਸ ਰਚਨਾ ਵਿਚੋਂ ਗੁਰਮਤ ਦਾ ਉਪਦੇਸ਼ ਸਧਾਰਨ ਅਰਥਾਂ ਵਿਚ ਗ੍ਰਹਿਣ ਕਰ ਰਹੇ ਹਨ। ਅਨੰਦ, ਗੁਰੂ ਦੀ ਪ੍ਰਾਪਤੀ, ਸਹਿਜ ਸੁਭਾ ਮਿਲੇ ਅਨੰਦ ਦਾ ਪ੍ਰਗਟਾ, ਇਸ ਰਚਨਾ ਦਾ ਮੂਲ ਵਿਸ਼ਾ ਹਨ।

ਆਤਮਕ ਅਨੰਦ ਦੀ ਵਿਆਖਿਆ ਨਹੀਂ ਹੋ ਸਕਦੀ। ਆਵੱਸ਼ਕਤਾ ਸਾਚੀ ਲਿਵ ਦੀ ਹੈ। ਸ਼ਬਦ ਗੁਰੂ ਦੀ ਕਿਰਪਾ ਹੈ। ਗੁਰੂ ਦੀ ਕਿਰਪਾ ਨਾਲ ਹੀ ਸ਼ਬਦ ਮਿਲਦਾ ਹੈ। ਕਹਿਣ ਨੂੰ ਤਾਂ ਹਰ ਕੋਈ ਅਨੰਦ ਦਾ ਹੋਕਾ ਦੇਂਦਾ ਹੈ :


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਨੰਦੁ ਆਨੰਦੁ ਸਭੁ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ ॥

(ਪਉੜੀ 7)

ਇਵੇਂ ਹੀ :

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ ॥

(ਪਉੜੀ 13)

ਗੁਰੂ ਦੀ ਕਿਰਪਾ ਨਾਲ ਹੀ ਸਹਿਜ ਅਵਸਥਾ ਉਪਜਦੀ ਹੈ :

ਕਰਮੀ ਸਹਜੁ ਨ ਉਪਜੈ
ਵਿਣੁ ਸਹਜੈ ਸਹਸਾ ਨਾ ਜਾਇ ॥

(ਪਉੜੀ 18)

ਸ਼ੰਕੇ ਵਿਚ ਫਸਿਆ ਆਦਮੀ ਹਨੇਰੇ ਵਿਚ ਹੁੰਦਾ ਹੈ। ਸਦੀਵਤਾ ਨੂੰ ਮੌਤ ਦਾ ਡਰ ਨਹੀਂ ਹੁੰਦਾ। ਬਹੁਤੇ ਸਿਜਦੇ ਮੌਤ ਦੇ ਡਰ ਕਰਕੇ ਕੀਤੇ ਜਾਂਦੇ ਹਨ।

ਸਹਿਸਾ ਕਿਵੇਂ ਦੂਰ ਹੋ ਸਕਦਾ ਹੈ ? ਇਹ ਜ਼ਰੂਰੀ ਪ੍ਰਸ਼ਨ ਗੁਰੂ ਜੀ ਨੇ ਉਠਾਇਆ ਹੈ। ਕਰਮਾਂ ਨਾਲ ਤਾਂ ਸਹਿਜ ਪੈਦਾ ਨਹੀਂ ਹੋ ਸਕਦੀ ਤੇ ਨਾ ਹੀ ਸਹਿਸਾ ਦੂਰ ਹੁੰਦਾ ਹੈ। ਮਨ ਨੂੰ ਪਵਿਤ੍ਰ ਰਖੋ, ਨਾਮ ਜਾਂ ਸ਼ਬਦ ਚਿਤ ਵਿਚ ਰਖੋ ਕਿਉਂਕਿ ਮਲੀਨ ਮਨ ਵਿਚ ਪਵਿਤ੍ਰ ਸ਼ਬਦ ਨੂੰ ਰੱਖਣਾ ਇਸ ਦਾ ਅਪਮਾਨ ਹੈ। ਕੇਵਲ ਇਹੋ ਰਸਤਾ ਸਹਿਜ ਪ੍ਰਾਪਤੀ ਦਾ ਗੁਰੂ ਜੀ ਨੇ ਦਸਿਆ ਹੈ :

ਮਨੁ ਧੋਵਹੁ ਸਬਦ ਲਾਗਹੁ
ਹਰਿ ਸਿਉ ਰਹਹੁ ਚਿਤੁ ਲਾਇ ॥

(ਪਉੜੀ 18)

ਸੋ ਅਨੰਦ ਜੋ ਸਹਿਜ-ਅਨੰਦ ਹੈ, ਪ੍ਰਾਪਤ ਕਰਨ ਦੇ ਤਿੰਨ ਮੁੱਖ ਸਾਧਨ ਗੁਰੂ ਜੀ ਨੇ ਨਿਸਚਿਤ ਕੀਤੇ ਹਨ :

(1) ਮਨ ਦੀ ਸਫ਼ਾਈ
(2) ਸ਼ਬਦ ਦਾ ਨਿਰੰਤਰ ਜਾਪ, ਅਤੇ
(3) ਪਰਮਾਤਮਾ ਦਾ ਹਰ ਵੇਲੇ ਸਿਮਰਨ।

ਅੰਤ ਵਿਚ, ਅਨੰਦ ਸਾਹਿਬ ਦੇ ਵਿਸ਼ੇ ਦਾ ਤੱਤ-ਭਾਵ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਜਾ ਸਕਦਾ ਹੈ :

ਸਤਿਗੁਰੂ ਸੱਚੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਜੀ ਆਪਣੇ ਆਤਮਕ ਅਨੰਦ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸਮਾਦ-ਉਨਮਾਦ ਰਸ ਵਿਚ ਮਗਨ ਹੋ ਕੇ ਮਨੁੱਖਤਾ ਦੇ ਕਲਿਆਨ ਹਿੱਤ ਇਸ ਅਨੰਦ ਦਾ ਸਾਹਿੱਤਕ ਪਰਗਟਾ ਆਪਣੀ ਬਾਣੀ 'ਰਾਮਕਲੀ ਅਨੰਦ' ਵਿਚ ਕਰਦੇ ਹਨ। ਪਹਿਲੀ ਤੁਕ ਵਿਚ ਹੀ ਦਸਿਆ ਹੈ ਕਿ 'ਹੇ ਮੇਰੀ ਮਾਏ!' ਮੈਨੂੰ ਸਦੀਵੀ ਸੁਖ-ਰੂਪ ਆਤਮਕ ਅਨੰਦ ਪ੍ਰਾਪਤ ਹੋਣਾ ਹੈ। ਤੀਜੀ ਗੱਲ ਇਹ ਕਹੀ ਹੈ ਕਿ ਸਤਿਗੁਰੂ ਦਾ ਮੇਲ ਜਤਨ-ਪ੍ਰੀਸ਼ਰਮ ਨਾਲ ਨਹੀਂ ਹੋਇਆ, ਸੁਤੇ ਸਿਧ, ਸਹਿਜੇ ਹੀ ਹੋਇਆ ਹੈ। ਇਸ ਸਹਿਜ-ਅਨੰਦ ਦੇ ਪ੍ਰਾਪਤ ਹੋਣ ਨਾਲ ਜੋ ਆਤਮਕ, ਅੰਦਰਲੀ ਖੁਸ਼ੀ ਉਪਜੀ ਹੈ, ਉਹ ਮੰਗਲ-ਰੂਪ ਹੈ। ਮਨ ਵਿਚ ਵਧਾਈਆਂ ਸੰਗੀਤ-ਰਸ ਦੇ ਰੂਪ ਵਿਚ ਵੱਜ ਗਈਆਂ ਹਨ। ਅਨਹਦ ਨਾਦ ਹੋ ਰਹੇ ਹਨ। ਮੰਗਲਾਚਾਰ ਹੋ ਰਹੇ ਹਨ। ਇਹ ਹੈ ਚੌਥੀ ਗੱਲ। ਏਥੇ ਖੁਸ਼ੀ ਦਾ ਪਰਗਟਾ ਸਾਰੀ ਰਚਨਾ ਵਿਚ ਪਸਰਿਆ ਹੋਇਆ ਹੈ। ਸੋ ਪਹਿਲੀਆਂ ਦੋ ਤੁਕਾਂ ਵਿਚ ਹੀ ਜੋ ਚਾਰ ਜ਼ਰੂਰੀ ਗੱਲਾਂ ਕਹੀਆਂ ਹਨ—ਇਹੋ ਅਨੰਦ ਸਾਹਿਬ ਦਾ ਕੇਂਦ੍ਰੀ ਭਾਵ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰੂ ਅਰਜਨ : ਕਾਵਿ ਮੁਲੰਕਣ

ਗੁਰੂ ਅਰਜਨ ਸਾਹਿਬ ਦੀ ਕਵਿਤਾ ਅਨੁਭਵ ਦੀ ਕਵਿਤਾ ਹੈ। ਇਸ ਦਾ ਰਹੱਸਵਾਦੀ ਅੰਸ਼ ਇਸ ਦਾ ਪਰਧਾਨ ਅੰਗ ਹੈ। ਸੰਗੀਤ ਦੀ ਨਿਪਣਤਾ ਅਤੇ ਅਨੁਕੂਲਤਾ ਇਕ ਹੋਰ ਵੱਡੀ ਵਿਸ਼ੇਸ਼ਤਾ ਹੈ। ਆਪਣੇ ਦੈਵੀ ਅਨੁਭਵ ਰੂਪ ਵਿਸ਼ੇ ਨੂੰ ਉੱਚੀ ਤੋਂ ਉੱਚੀ ਕਾਵਿ-ਕਲਾ ਦੇ ਆਸ਼ੇ ਤੋਂ ਪੂਰਨ ਸਫ਼ਲਤਾ ਨਾਲ ਨਿਬਾਹ ਸਕਣਾ ਇਕ ਹੋਰ ਵਿਸ਼ੇਸ਼ ਗੁਣ ਗੁਰੂ ਅਰਜਨ ਜੀ ਦੀ ਕਵਿਤਾ ਵਿਚ ਪਰਤੱਖ ਮਿਲਦਾ ਹੈ।

ਗੁਰੂ ਸਾਹਿਬ ਦੀ ਅਦੁਤੀ ਪ੍ਰਤਿਭਾ, ਸੂਖਮ ਵਿਸ਼ੇ ਦੀਆਂ ਬਾਰੀਕੀਆਂ ਅਤੇ ਡੂੰਘਾਈਆਂ ਨੂੰ ਅਤਿ ਯੋਗ ਅਤੇ ਢੁਕਵੇਂ ਕਾਵਿਕ ਪ੍ਰਗਟਾ ਵਿਚ ਅਭੇਦ ਕਰਕੇ, ਰੱਬੀ ਸਰੂਰ ਵਾਲੀ ਕਵਿਤਾ ਦੇ ਰੂਪ ਵਿਚ, ਕਦੀ ਨਿੱਗਰ ਸੰਕੋਚ ਨਾਲ ਕਦੀ ਪੂਰਨ ਵਿਸਥਾਰ ਨਾਲ, ਪੇਸ਼ ਕਰਦੀ ਹੈ।

ਗੁਰੂ ਸਾਹਿਬ ਦਾ ਵਿਸਥਾਰ-ਮਈ ਬਿਆਨ, ਇਕ ਹੋਰ ਪ੍ਰਭਾਵਸ਼ਾਲੀ ਕਮਾਲ ਉਨ੍ਹਾਂ ਦੀ ਕਵਿਤਾ ਦਾ ਹੈ। ਇਸ ਗੱਲ ਵਿਚ ਉਨ੍ਹਾਂ ਦੀ ਕਵਿਤਾ ਦਾ ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਦੀ ਕਵਿਤਾ ਨਾਲ ਤੁਲਨਾਤਮਕ ਅਧਿਐਨ ਅਤਿ ਰੋਚਕ ਅਤੇ ਲਾਭਦਾਇਕ ਹੋਵੇਗਾ।

ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਬਾਣੀ ਵਿਚੋਂ ਸਭ ਤੋਂ ਵੱਡਾ ਭਾਗ ਗੁਰੂ ਅਰਜਨ ਜੀ ਦਾ ਹੈ ਤੇ ਉਸ ਤੋਂ ਘੱਟ ਗੁਰੂ ਨਾਨਕ ਸਾਹਿਬ ਦਾ। ਇਨ੍ਹਾਂ ਦੋਹਾਂ ਗੁਰੂ ਸਾਹਿਬਾਨ ਦੇ ਕਈ ਸ਼ਬਦ (ਇਥੇ ਭਾਵ ਕਾਵਿ-ਟੋਟਾ ਹੈ) ਇਕੋ ਵਿਸ਼ੇ ਉਤੇ ਲਗ ਪਗ ਰਲਵੀਂ ਮਿਲਵੀਂ ਸ਼ਬਦਾਵਲੀ ਵਿਚ ਲਿਖੇ ਹੋਏ ਮਿਲਦੇ ਹਨ ਅਰਥਾਤ ਗੁਰੂ ਅਰਜਨ ਜੀ ਨੇ ਆਦਿ ਗੁਰੂ ਜੀ ਦੇ ਕਈ ਮਹਾਨ ਕਥਨਾਂ ਅਤੇ ਸ਼ਬਦਾਂ (ਕਾਵਿ-ਟੋਟਿਆਂ) ਨੂੰ ਆਪਣੀ ਕਵਿਤਾ ਦਾ ਆਧਾਰ ਜਾਂ ਵਿਸ਼ਾ ਬਣਾਇਆ ਹੈ। ਇਸ ਲਈ ਅਜੇਹੀ ਸਮਾਂਤਰ ਆਸ਼ੇ ਅਤੇ ਰੂਪ ਵਾਲੀ ਦੁਹਾਂ ਗੁਰੂ ਵਿਅਕਤੀਆਂ ਦੀ ਕਵਿਤਾ ਨੂੰ ਅਧਿਐਨ ਅਤੇ ਤੁਲਨਾ ਦਾ ਪਾਤਰ ਬਣਾਉਣਾ ਜ਼ਰੂਰੀ ਹੈ। ਅਜੇਹਾ ਕਰਨ ਨਾਲ ਸ਼ਾਇਦ ਪਾਠਕ ਤੇ ਆਲੋਚਕ ਨੂੰ ਸਭ ਤੋਂ ਵਿਸ਼ੇਸ਼ ਤੇ ਸੁਭਾਵਕ ਅਨੁਭਵ ਗੁਰੂ ਅਰਜਨ ਜੀ ਦੀ ਕਵਿਤਾ ਦੇ ਵਿਆਖਿਆਮਈ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਵਿਸਥਾਰ-ਪੂਰਤ ਹੋਣ ਦਾ ਹੁੰਦਾ ਹੈ। ਜਪੁਜੀ ਅਤੇ ਸੁਖਮਨੀ ਦੋ ਬਾਣੀਆਂ ਇਸ ਗੱਲ ਦਾ ਪਰਤੱਖ ਸਬੂਤ ਹਨ।

ਗੁਰੂ ਅਰਜਨ ਸਾਹਿਬ ਪੰਜਵੇਂ ਤੇ ਵਿਚਕਾਰਲੇ ਗੁਰੂ ਸਨ। ਆਪ ਮੁਗ਼ਲ ਪਾਤਸ਼ਾਹ ਅਕਬਰ ਅਤੇ ਜਹਾਂਗੀਰ ਦੋ ਸਮਕਾਲੀ ਸਨ ਅਤੇ ਆਪ ਦਾ ਜੀਵਨ ਸਮਾਂ ਸੋਲ੍ਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਤੇ ਸਤਾਰ੍ਹਵੀਂ ਸਦੀ ਦੇ ਆਰੰਭ ਦਾ ਸੀ। ਭਾਈ ਗੁਰਦਾਸ, ਛਜੂ ਭਗਤ, ਕਾਨ੍ਹਾ, ਜਲ੍ਹਣ, ਸੁਥਰਾ, ਸ਼ਾਹ ਹੁਸੈਨ ਆਦਿ ਭਗਤ ਅਤੇ ਸੂਫ਼ੀ ਕਵੀ ਆਪ ਦੇ ਇਕ-ਵਕਤੇ ਸਨ। ਭਗਤੀ ਲਹਿਰ ਦੇ ਸੰਤ-ਕਵੀ ਇਸ ਸਮੇਂ ਤੋਂ ਪਹਿਲਾ ਹੋ ਚੁਕੇ ਸਨ। ਪੰਜਾਬ ਵਿਚ ਭਗਤੀ ਲਹਿਰ ਦੇ ਪ੍ਰਗਟਾਉ ਇਕ ਪਾਸੇ ਤਾਂ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਹੀ ਗੁਰਮਤ ਆਸ਼ੇ ਨੂੰ ਆਪਣੀ ਕਵਿਤਾ ਵਿਚ ਪੇਸ਼ ਕਰਨ ਵਾਲੇ ਉਨ੍ਹਾਂ ਦੇ ਗੱਦੀ ਨਸ਼ੀਨ ਗੁਰੂ ਸਾਹਿਬਾਨ ਸਨ ਅਤੇ ਦੂਜੇ ਪਾਸੇ ਸ਼ਾਹ ਹੁਸੈਨ ਵਰਗੇ ਸੂਫ਼ੀ ਅਤੇ ਭਗਤ ਕਵੀ ਸਨ।

ਕਬੀਰ, ਨਾਮਦੇਵ ਅਤੇ ਰਵਿਦਾਸ ਵਾਂਗ ਇਨ੍ਹਾਂ ਲੋਕ-ਪ੍ਰਿਯ ਕਵੀਆਂ ਨੇ ਵੀ ਸਮਾਜਕ, ਧਾਰਮਕ ਅਤੇ ਰਾਜਸੀ ਭੇਖਾਂ, ਦੰਭਾਂ, ਧਰੋਹਾਂ ਅਤੇ ਅਤਿਆਚਾਰਾਂ ਨੂੰ ਖੁਲ੍ਹੇ ਸ਼ਬਦਾਂ ਅਤੇ ਵਿਅੰਗ-ਭਰੀ ਬੋਲੀ ਵਿਚ ਭੰਡਿਆ ਅਤੇ ਸਾਰੇ ਭਰਮਾਂ ਦੇ ਪਰਦੇ ਦੂਰ ਕਰਕੇ ਸਚਾਈ ਦਾ ਸਹੀ ਰਸਤਾ ਦੱਸਿਆ ਅਤੇ ਇਹ ਸਾਰਾ ਉਪਦੇਸ਼ ਲੋਕਾਂ ਦੀ ਆਪਣੀ ਬੋਲੀ ਵਿਚ ਕੀਤਾ। ਖੁਲ੍ਹ-ਦਿਲੀ, ਰਵਾਦਾਰੀ, ਮਨੁੱਖਤਾ ਦੀ ਸਾਂਝ, ਬਰਾਬਰੀ, ਉਚ ਨੀਚ, ਅਮੀਰ ਗਰੀਬ, ਪੰਡਤ ਅਨਪੜ੍ਹ ਦੇ ਵਿਤਕਰਿਆਂ ਅਤੇ ਵਿਰੋਧਾਂ ਦੀ ਨਿਖੇਧੀ, ਮਨੁੱਖ ਮਾਤਰ ਨਾਲ ਪ੍ਰੇਮ, ਸੇਵਾ ਹਮਦਰਦੀ ਆਦਿ ਉਚੇ ਗੁਣ ਇਨ੍ਹਾਂ ਮਨੁੱਖਤਾ ਦੇ ਆਗੂ ਕਵੀਆਂ ਦੀ ਬਾਣੀ ਦਾ ਮੁਖ ਆਸ਼ਾ ਸਨ। ਲੋਕਾਂ ਦੀ ਜਨਤਕ ਭਾਵਾਂ ਵਾਲੀ, ਸਰਲ, ਸੌਖੀ ਅਤੇ ਸਾਧਾਰਨ ਬੋਲੀ ਦੇ ਨਾਲ ਇਨ੍ਹਾਂ ਨੇ ਰੂਪਕ ਅਤੇ ਅਲੰਕਾਰ ਵੀ ਘਰੋਗੀ ਅਤੇ ਨਿੱਤ ਦੇ ਜੀਵਨ ਵਿਚੋਂ ਲੈ ਕੇ ਵਰਤੇ।

ਸਿੱਖ ਮੱਤ ਸ਼ਾਇਦ ਸਮੁਚੇ ਤੌਰ ਤੇ ਭਗਤੀ ਲਹਿਰ ਦੀ ਸਭ ਤੋਂ ਸੰਪੂਰਨ ਅਤੇ ਜਥੇਬੰਦ ਧਾਰਮਕ, ਸਮਾਜਕ ਸੰਸਥਾ ਹੋ ਨਿੱਬੜੀ, ਜਿਸ ਦਾ ਸਭ ਤੋਂ ਵਧੀਕ ਚਿਰਸਥਾਈ ਪ੍ਰਭਾਵ ਉਤਰੀ ਭਾਰਤ ਦੇ ਲੋਕਾਂ ਉਤੇ ਪਿਆ। ਇਸ ਅਦੁਤੀ ਪ੍ਰਭਾਵ ਦੀ ਉਸਾਰੀ ਵਿਚ ਗੁਰੂ ਅਰਜਨ ਜੀ ਵਰਗੇ ਮਹਾਨ, ਜੁਗ-ਪਲਟਾਊ ਤੇ ਸੰਚਾਲਕ ਆਗੂ-ਕਵੀ ਦਾ ਹੀ ਹੱਥ ਸਿਧ ਹੁੰਦਾ ਹੈ। ਸਿੱਖ ਧਰਮ ਦੇ ਪ੍ਰਚਾਰ-ਸਾਧਨਾਂ ਅਤੇ ਧਰਮਸਾਲਾਂ ਦਾ ਯੋਗ ਪ੍ਰਬੰਧ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਸ ਗੱਲ ਦੇ ਪ੍ਰਗਟ ਸਬੂਤ ਹਨ। ਭਾਰਤ ਦੇ ਹੋਰ ਸੰਤ-ਕਵੀਆਂ, ਕਬੀਰ, ਨਾਮਦੇਵ, ਰਵਿਦਾਸ ਵਾਂਗ ਸਰਵ-ਪ੍ਰਚਲਿਤ ਸੰਤ ਬਾਣੀ ਨੂੰ ਆਪਣੀ ਕਵਿਤਾ ਵਿਚ ਆਮ ਬੋਲੀ ਦੇ ਪੂਰਨ ਭਾਂਤ ਨੇੜੇ ਅਤੇ ਅਨੁਕੂਲ ਕਰਕੇ ਵਰਤਣਾ ਇਸੇ ਭਗਤੀ ਲਹਿਰ ਦੇ ਆਸ਼ੇ ਦਾ ਸੂਚਕ ਹੈ। ਇਹ ਲੋਕ-ਆਸ਼ਾ ਇਸ ਕਵਿਤਾ ਦਾ ਇਕ ਹੋਰ ਲੱਛਣ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਸਾਹਿਬ ਦੀ ਕਵਿਤਾ ਵਿਚ ਪਿਆਰ-ਤੀਬਰਤਾ, ਪ੍ਰਭ-ਮਿਲਾਪ ਦੀ ਤਾਂਘ, ਬਿਰਹਾ ਦੀ ਪੀੜ, ਦਰਦ, ਖਿਆਲ-ਸੁੰਦਰਤਾ ਦੀ ਅਕਹਿ ਸੂਖਮਤਾ, ਬੋਲੀ ਦੀ ਮਿਠਾਸ ਅਤੇ ਰੋਚਕਤਾ, ਅਗੰਮੀ ਆਵੇਸ਼ ਤੇ ਚਮਤਕਾਰਮਈ ਹੁਲਾਰੇ, ਵਲਵਲੇ ਦੀ ਖਿੱਚ ਤੇ ਧੂਹ, ਉੱਚੇ ਅਧਿਆਤਮਕ ਅਨੁਭਵ ਦਾ ਵਿਸਮਾਦੀ ਰਸ ਅਤੇ ਰਹੱਸ, ਪ੍ਰੀਤਮ ਪ੍ਰਭੂ ਨਾਲ ਹੋਈ ਅਭੇਦਤਾ, ਰਜ਼ਾ ਭਾਣੇ ਵਾਲੀ ਉਨਮਾਦਕ ਅਵਸਥਾ—ਇਹ ਸਭ ਕੁਝ ਸੰਸਾਰ ਦੇ ਮਹਾਨ ਰਹੱਸਵਾਦੀ ਕਵੀਆਂ—ਹਾਫਿਜ਼, ਰੂਮੀ, ਜਾਮੀ, ਬਾਬਾ ਫਰੀਦ, ਕਬੀਰ, ਗੁਰੂ ਨਾਨਕ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਬਲੇਕ; ਸ਼ੈਲੇ, ਗੋਇਟੇ ਅਤੇ ਗ਼ਾਲਿਬ ਆਦਿ ਦੀ ਕਵਿਤਾ ਵਾਂਗ ਰੱਬੀ ਪ੍ਰੇਮ ਜਾਂ ਸੱਚੇ ਇਸ਼ਕ ਦੇ ਅਗੰਮੀ ਅਨੁਭਵ ਦੀ ਹੀ ਬਰਕਤ ਹੈ। ਨਿਰੋਲ-ਵਿਸਮਾਦ ਹੀ ਵਿਸਮਾਦ ਹੈ, ਅਨੁਭਵ ਹੀ ਅਨੁਭਵ ਹੈ, ਹੋਰ ਕੋਈ ਰਲਾ ਜਾਂ ਬਨਾਵਟ ਨਹੀਂ।

ਪੂਰਨ ਸਿੰਘ ਦੇ ਕਹਿਣ ਅਨੁਸਾਰ, ਸੰਸਾਰ ਦੀ ਸਭ ਤੋਂ ਮਹਾਨ ਕਵਿਤਾ ਇਹੀ ਹੈ, ਅਰਥਾਤ ਸਾਧ ਬਚਨ, ਜੋ ਆਵੇਸ਼ ਹੈ, ਇਲਹਾਮ ਹੈ, ਅਨੁਭਵ ਹੈ, ਆਮਦ ਹੈ। ਵੇਦ, ਉਪਨਿਸ਼ਦ, ਗੀਤਾ, ਅੰਜੀਲ, ਕੁਰਾਨ ਆਦਿ ਦੀ ਪੱਧਰ ਦੀ ਕਵਿਤਾ ਇਹੀ ਹੈ, ਜਿਸ ਨੂੰ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ। ਫਿਰਦੌਸੀ, ਸ਼ੈਕਸ-ਪੀਅਰ, ਹੋਮਰ, ਕਾਲੀ ਦਾਸ, ਦਾਤੇ ਆਦਿ ਸਭ ਕਵੀ ਇਸ ਪੱਧਰ ਤੋਂ ਹੇਠਾਂ ਹਨ। ਇਹੋ ਇਸ਼ਕ ਜਾਂ ਪ੍ਰੇਮ ਦੀ ਚਿਣਗ ਗੁਰੂ ਸਾਹਿਬ ਦੀ ਕਵਿਤਾ ਦਾ ਇਕ ਹੋਰ ਮਹਾਨ ਗੁਣ ਹੈ।

—2—

ਉਪਰਲੀ ਸਾਰੀ ਵਿਚਾਰ ਦੇ ਆਧਾਰ ਤੇ ਅਸੀਂ ਗੁਰੂ ਅਰਜਨ ਜੀ ਦੀ ਕਵਿਤਾ ਦੇ ਹੇਠ ਲਿਖੇ ਵੱਡੇ ਗੁਣ ਨਿਸਚਿਤ ਕਰ ਸਕਦੇ ਹਾਂ, ਵਿਚਾਰ ਲੜੀ ਦੇ ਕ੍ਰਮ ਅਨੁਸਾਰ :

1. ਰਹੱਸਵਾਦ
2. ਸੰਗੀਤ
3. ਕਲਾ-ਪ੍ਰਬੀਨਤਾ
4. ਵਿਸਥਾਰਮਈ ਬਿਆਨ
5. ਲੋਕ ਆਸ਼ਾ
6. ਪ੍ਰੇਮ ਰਸ

ਸਮੇਂ ਦੀ ਥੁੜ ਕਾਰਨ ਇਥੇ ਇਨ੍ਹਾਂ ਦਾ ਕੇਵਲ ਸਕੁੰਚਤ ਵਿਸ਼ਲੇਸ਼ਨ ਹੀ ਹੋ ਸਕਦਾ ਹੈ, ਵਿਸਥਾਰ ਨਾਲ ਵਿਆਖਿਆ ਵਜੋਂ ਉਦਾਹਰਨ ਤੇ ਪਰਮਾਣ ਦੇਣਾ ਸੰਭਵ ਨਹੀਂ ਜਾਪਦਾ। ਗੁਰੂ ਅਰਜਨ ਜੀ ਦੀ ਬਾਣੀ ਆਪਣੇ ਗੁਣਾਂ ਦੀ ਆਪ ਹੀ ਸਾਖੀ ਹੈ। ਇਸ ਦੇ ਸਾਰੇ ਗੁਣ ਸਵੈ-ਪ੍ਰਗਟਾਊ ਹਨ, ਪ੍ਰਕਾਸ਼ਮਈ ਹਨ। 'ਪਰਤੱਖ ਨੂੰ ਪਰਮਾਣ ਕੀ' ਵਾਲੀ ਗੱਲ ਹੈ। ਫਿਰ ਵੀ ਥੋੜਾ ਬਹੁਤ ਵੇਰਵਾ ਹਰ ਇਕ ਵਿਸ਼ੇਸ਼ਤਾਈ ਦਾ ਦੇਣਾ ਅਨੁਚਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੋਵੇਗਾ ।

## ਰਹੱਸਵਾਦ

ਗੁਰੂ ਅਰਜਨ ਸਾਹਿਬ ਦੀ ਕਵਿਤਾ ਦਾ ਰਹੱਸਵਾਦੀ ਪਿਛੋਕੜ 'ਗੁਰਮਤ' ਹੈ, ਜੋ ਉਨ੍ਹਾਂ ਨੂੰ ਆਦਿ ਗੁਰੂ ਨਾਨਕ ਸਾਹਿਬ ਤੋਂ ਗੁਰੂ ਅੰਗਦ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਰਾਹੀਂ ਅਧਿਆਤਮਕ ਵਿਰਸੇ ਵਿਚ ਮਿਲਿਆ । ਆਪ ਫ਼ੁਰਮਾਉਂਦੇ ਹਨ :

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥

ਇਹ ਵਿਚਾਰ ਠੀਕ ਨਹੀਂ ਕਿ ਗੁਰੂ ਅਰਜਨ ਸਾਹਿਬ ਨੇ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਇਧਰੋਂ ਉਧਰੋਂ ਇਕੱਠੀ ਕੀਤੀ । ਪ੍ਰੋ. ਸਾਹਿਬ ਸਿੰਘ ਅਨੁਸਾਰ, ਸਚਾਈ ਇਹ ਹੈ ਕਿ ਉਨ੍ਹਾਂ ਨੂੰ ਪਹਿਲੇ ਗੁਰੂ ਸਾਹਿਬਾਨ ਤੋਂ ਇਹ ਵਡ-ਮੁੱਲੀ ਦਾਤ, ਗੁਰ-ਗੱਦੀ ਦੇ ਨਾਲ ਹੀ ਪ੍ਰਾਪਤ ਹੋਈ ਸੀ ।

ਇਸ ਗੁਰਮਤ ਰਹੱਸਵਾਦ ਦੇ ਵਿਸ਼ੇਸ਼ ਲੱਛਣ ਹਨ : ਪ੍ਰਭੂ-ਪ੍ਰੇਮ, ਭਗਤੀ, ਕੀਰਤਨ, ਸਹਜ, ਭਾਣਾ, ਬਿਰਹਾ, ਅਨੁਭਵ-ਗਿਆਨ (ਬਿਬੇਕ) ਆਪਾ ਵਾਰੂ ਸੇਵਾ, ਨਾਮ ਸਿਮਰਨ ਆਦਿ । ਸੂਫ਼ੀ ਮਤ ਦੇ ਕਈ ਖ਼ਾਸ ਸਿਧਾਂਤ ਇਥੇ ਵੀ ਹਨ ਜਿਵੇਂ ਇਸ਼ਕ, ਰਜ਼ਾ ਮੁਰਸ਼ਦ, ਹਮਾਓਸਤ ਆਦਿ । ਜਿਥੇ ਗੁਰੂ ਸਾਹਿਬ ਦਾ ਰਹੱਸਵਾਦੀ ਅਨੁਭਵ ਵੇਦਾਂਤ ਦੇ ਦਰਸ਼ਨਵਾਦ ਤੋਂ ਅੱਡਰਾ ਹੈ, ਯੋਗ ਮਾਰਗ ਦੇ ਖੋਖਲੇ ਤੇ ਅਧੂਰੇ ਸ਼ੂੰਨਯਵਾਦ ਤੋਂ ਵੱਖ ਹੈ, ਉਥੇ ਈਸਾਈ ਤੇ ਇਸਲਾਮੀ ਮੱਤਾਂ ਦੇ ਰਹਬਾਨੀ ਤੇ ਰਿਆਜ਼ਤੀ ਹਠ-ਕਰਮ, ਤਪਵਾਦ ਤੋਂ ਵੀ ਭਿੰਨ ਹੈ । ਇਸ ਵਿਚ ਸੂਫ਼ੀਆਂ ਵਾਲੀ ਇਸ਼ਕ ਦੀ ਤੇਜ਼ ਅੱਗ ਤੇ ਗਰਮੀ ਵੀ ਨਹੀਂ ਜੋ ਆਪਣੇ ਆਪ ਨੂੰ ਸਾੜਦੀ ਅਤੇ ਫ਼ਨਾਹ ਫ਼ਿੱਲਾ ਵੱਲ ਪ੍ਰੇਰਦੀ ਹੈ । ਇਹ ਰਹੱਸਵਾਦ ਸਹਜ ਸੁਭਾ, ਸੀਤਲ ਅਤੇ ਪ੍ਰਕਾਸ਼ਮਈ ਖੇੜੇ (ਵਿਗਾਸ) ਵਾਲਾ ਹੈ । ਸੁਰਤ ਨੂੰ ਚਾਅ ਉਠਣਾ (ਭਗਤ ਕਰਉਂ ਆਤਮ ਕੈ ਚਾਇ) : ਯਾਦ-ਸਿਮਰਨ ਵਿਚ ਇਸਥਿਤ ਰਹਿਣਾ ਅਤੇ ਭੈ ਵਾਲੇ ਭਾਉ-ਪ੍ਰੇਮ ਨੂੰ ਅਪਣਾਉਣਾ ਗੁਰਮਤ ਹੈ ।

ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਪ੍ਰਭੂ ਸਭ ਕੁਝ ਆਪ ਹੀ ਆਪ ਹੈ, ਸਾਰੀ ਸਾਮਗਰੀ ਉਸ ਦਾ ਜਿਸਮ ਹੈ, ਸਾਰੀਆਂ ਅੱਖਾਂ ਵਿਚੋਂ ਉਹ ਆਪ ਵੇਖਦਾ ਹੈ, ਉਹ ਕਰਨ ਕਾਰਨ ਹੈ, ਉਹ ਨਿਰਗੁਣ ਵੀ ਹੈ ਸਰਗੁਣ ਵੀ (ਸੁਖਮਨੀ, 21ਵੀਂ ਅਸ਼ਟਪਦੀ) । ਉਸ ਦਾ ਨਾਮ, ਉਸ ਦਾ ਸਿਮਰਨ, ਮੋਖ-ਦਾਤਾ, ਰੋਗ ਹਰਤਾ ਅਤੇ ਦੁਖ-ਭੰਜਨ ਹੈ । ਗੁਰਮਤ ਦਾ ਰਾਹ ਕੇਵਲ ਗੁਰੂ (ਮੁਰਸ਼ਦ) ਦੀ ਕਿਰਪਾ ਨਾਲ (ਗੁਰ-ਪ੍ਰਸਾਦਿ) ਹੀ ਮਿਲ ਸਕਦਾ ਹੈ, ਹੋਰ ਕੋਈ ਸਾਧਨ ਨਹੀਂ । ਮਨ ਨੂੰ ਮਾਰਨਾ, ਹਉਮੈ ਦਾ ਨਾਸ ਕਰਨਾ ਤੇ ਆਤਮਾ ਨੂੰ ਜਿੱਤਣਾ ਵੀ ਜ਼ਰੂਰੀ ਹੈ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ ਅਪੁਨੇ ਤੇ ਬੁਰਾ ਮਿਟਾਨਾ ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥

(ਸੁਖਮਨੀ)

ਗੁਰੂ ਸਾਹਿਬ ਦੀ ਹੇਠਲੀ ਤੁਕ ਗੁਰਮਤ ਦੇ ਆਸ਼ੇ ਨੂੰ ਪੂਰੀ ਤਰ੍ਹਾਂ ਪਰਗਟਾਉਂਦੀ ਹੈ :—

ਉਪਜੀ ਪ੍ਰਿਤਿ ਪ੍ਰੇਮ ਰਸੁ ਚਾਉ ॥
ਮਨ ਤਨ ਅੰਤਰਿ ਇਹੀ ਸੁਆਉ ॥

(ਸੁਖਮਨੀ)

ਗੁਰਮਤ ਅਨੁਸਾਰ, ਪ੍ਰਭੂ ਦੀ ਏਕਤਾ (unity) ਕਦੀ ਭੰਗ ਨਹੀਂ ਹੁੰਦੀ, ਦਵੈਤ (ਦੂਜਾ ਭਾਵ-ਮਾਸਿਵਾ) ਦਾ ਪੂਰਨ ਅਭਾਵ। ਮਾਇਆ ਬ੍ਰਹਮ ਦਾ ਹੀ ਇਕ ਸੁਪਨਮਈ ਪਰਦਾ ਹੈ। ਗੁਰੂ ਸਾਹਿਬ ਪੂਰਨ ਬ੍ਰਹਮ ਗਿਆਨੀ, ਬ੍ਰਹਮ-ਵੇਤਾ ਸਨ, ਪ੍ਰਭੂ-ਪ੍ਰੀਤਮ ਨਾਲ ਅਭੇਦ, ਇਕ-ਮਿਕ।

## ਸੰਗੀਤ ਰਸ

ਗੁਰੂ ਸਾਹਿਬ ਸੰਗੀਤ ਕਲਾ ਦੇ ਪੂਰੇ ਮਾਹਿਰ ਸਨ। ਸੰਗੀਤ ਕਲਾ ਦੀ ਪ੍ਰਬੀਨਤਾ ਉਨ੍ਹਾਂ ਦੀ ਕਵਿਤਾ ਦੀ ਹਰ ਤੁਕ ਤੋਂ ਸਿਧ ਹੁੰਦੀ ਹੈ। ਉਨ੍ਹਾਂ ਨੇ ਸਾਰੀ ਬਾਣੀ ਦੀ ਰਾਗਾਂ, ਰਾਗਣੀਆਂ, ਘਰਾਂ ਧੁਨੀਆਂ ਦੇ ਅਨੁਸਾਰ ਤਰਤੀਬ ਦਿਤੀ ਹੈ। ਹਰ ਸ਼ਬਦ (ਕਾਵਿ-ਟੋਟੇ) ਦੇ ਮੁੱਢ ਵਿਚ ਰਾਗ ਦਾ ਪੂਰਾ ਵਿਸਥਾਰਕ ਵੇਰਵਾ ਦਿਤਾ ਹੈ। ਇਹ ਕਮਾਲ ਉਨ੍ਹਾਂ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਤੋਂ ਪ੍ਰਾਪਤ ਕੀਤਾ ਅਤੇ ਇਸ ਨੂੰ ਪੂਰੀ ਤਰ੍ਹਾਂ ਨਿਭਾਇਆ। ਉਨ੍ਹਾਂ ਨੇ ਸਿੱਖ ਮੱਤ ਦੀ ਸਿਧਾਂਤ-ਸਥਾਪਨਾ ਵਾਲੇ ਕੀਰਤਨ ਉਤੇ ਪੂਰਾ ਜ਼ੋਰ ਦਿਤਾ ਹੈ, ਜਿਵੇਂ—

ਅਨਦਿਨੁ ਕੀਰਤਨੁ ਕੇਵਲ ਬਖ੍ਯਾਨੁ ॥
ਗ੍ਰਿਹਸਤ ਮਹਿ ਸੋਈ ਨਿਰਬਾਨੁ ॥

(ਸੁਖਮਨੀ)

... ... ... ...

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਖ਼ਾਣ ਕੀਰਤਨੁ ਗਾਵਹੁ ਕਰਤੇ ਕਾ ਨਿਖਮ ਸਿਮਰਤ ਜਿਤ ਛੂਟੈ ॥

(ਰਾਗ ਸੂਹੀ)

ਅੰਦਰ ਅਨਹਦ-ਸ਼ਬਦ ਤੇ ਬਾਹਰ ਸਾਧ ਸੰਗਤ ਵਿਚ ਕੀਰਤਨ ਦਾ ਸ੍ਰਵਨ ਕਰਨਾ ਸਿਖ ਜਗਿਆਸੂ ਲਈ ਆਵੱਸ਼ਕ ਮੰਨਿਆਂ ਗਿਆ ਹੈ। ਗੁਰੂ ਸਾਹਿਬ ਨੇ ਸ਼ਬਦਾਂ ਦੀ ਵਰਤੋਂ ਸੰਗੀਤ ਰਸ ਉਪਜਾਉਣ ਦੇ ਆਸ਼ੇ ਤੋਂ ਕੀਤੀ ਹੈ, ਜਿਵੇਂ :



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਖੀ ਆਉ ਸਖੀ ਵਸਿ ਆਉ ਸਖੀ
ਅਸੀ ਪਰ ਕਾ ਮੰਗਲੁ ਗਾਵਹੁ ॥
ਤਜਿ ਮਾਨੁ ਸਖੀ ਤਜਿ ਮਾਨੁ ਸਖੀ
ਮਤੁ ਆਪਣੇ ਪ੍ਰੀਤਮ ਭਾਵਹ ॥

(ਰਾਗ ਬਿਲਾਵਲ)

## ਕਲਾ ਪ੍ਰਬੀਨਤਾ

ਗੁਰੂ ਅਰਜਨ ਸਾਹਿਬ ਨੇ ਆਪਣੀ ਕਵਿਤਾ ਵਿਚ ਪੂਰਨ ਕਲਾ-ਨਿਪੁਣਤਾ ਦਾ ਸਬੂਤ ਦਿਤਾ ਹੈ। ਆਮ ਘਰੋਗੀ ਅਤੇ ਸਮਾਜਕ ਆਸ਼ੇ ਵਾਲੇ ਕਾਵਿ-ਛੰਦਾਂ ਅਤੇ ਕਾਵਿ-ਰੂਪਾਂ ਨੂੰ ਲੈ ਕੇ ਰਹੱਸਵਾਦੀ ਤੇ ਅਧਿਆਤਮਕ ਰੰਗ ਵਿਚ ਰੰਗ ਦਿਤਾ ਹੈ, ਜਿਵੇਂ ਬਾਰਾਮਾਹ, ਕ਼ਾਫ਼ੀ, ਵਾਰ, ਅਲਾਹੁਣੀਆਂ, ਸ਼ੱਦ, ਪੱਟੀ, ਛੰਦ, ਦੁਪਦੇ, ਚਉਪਦੇ, ਅਸਟਪਦੀ, ਕਰਹਲੇ ਆਦਿ। ਇਹ ਕਾਵਿ-ਰੂਪ ਤੇ ਛੰਦ ਉਨ੍ਹਾਂ ਦੇ ਹੱਥਾਂ ਵਿਚ ਇਕ ਦਮ ਉੱਚੇ ਤੋਂ ਉੱਚੇ ਭਾਵਾਂ ਨੂੰ ਪ੍ਰਗਟਾਉਣ ਦੇ ਯੋਗ ਹੋ ਗਏ ਸਨ। ਜਿਥੇ ਗੁਰੂ ਨਾਨਕ ਸਾਹਿਬ ਨੇ ਵੀ ਕੁਝ ਲੰਮੀਆਂ ਕਵਿਤਾਵਾਂ ਰਚੀਆਂ, ਵਾਰਾਂ (ਮਾਝ, ਆਸਾ ਅਤੇ ਮਲ੍ਹਾਰ ਰਾਗਾਂ ਵਿਚ) ਸਿਧ ਗੋਸ਼ਟ, ਪੱਟੀ, ਜਪੁਜੀ, ਬਾਰਾਮਾਹ (ਤੁਖਾਰੀ ਰਾਗ), ਦਖਣੀ ਓਂਕਾਰ ਅਤੇ ਇਨ੍ਹਾਂ ਵਿਚ ਕਲਾ ਦੀ ਸੰਪੂਰਨਤਾ ਦਾ ਸਬੂਤ ਦਿਤਾ, ਗੁਰੂ ਅਰਜਨ ਸਾਹਿਬ ਨੇ ਇਸ ਕਲਾਤਮਕ ਨਿਪੁਣਤਾ ਵਿਚ ਹੋਰ ਵੀ ਵਾਧਾ ਕੀਤਾ। ਉਨ੍ਹਾਂ ਦੀਆਂ ਲੰਮੀਆਂ ਕਵਿਤਾਵਾਂ ਸੁਖਮਨੀ (ਗਉੜੀ ਰਾਗ), ਬਾਵਨ ਅਖਰੀ (ਗਉੜੀ ਰਾਗ), ਬਾਰਾਮਾਹ (ਮਾਝ ਰਾਗ) ਅਤੇ ਛੇ ਵਾਰਾਂ (ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗਾਂ ਵਿਚ) ਇਸ ਵਿਚਾਰ ਦਾ ਪਰਤੱਖ ਸਬੂਤ ਹਨ। ਸੁਖਮਨੀ ਸਾਹਿਬ ਦੀਆਂ 24 ਅਸਟਪਦੀਆਂ, ਹਰ ਅਸਟਪਦੀ ਦੀਆਂ ਅੱਠ ਅੱਠ ਪਉੜੀਆਂ ਅਤੇ ਹਰ ਇਕ ਆਪਣੇ ਆਪ ਵਿਚ ਸੰਪੂਰਨ ਤੇ ਵਿਚਾਰ ਲੜੀ ਵਿਚ ਪੂਰੀ ਤਰ੍ਹਾਂ ਢੁਕਣ-ਯੋਗ, ਕਿਸੇ ਮਹਾਨ ਕਵੀ ਦੀ ਕਲਾ ਦਾ ਹੀ ਸਿੱਟਾ ਹੋ ਸਕਦੀਆਂ ਹਨ।

ਵਿਚਾਰ ਦੀ ਸ਼ੈਲੀ ਨਾਲ ਪੂਰਨ ਇਕਸਾਰਤਾ, ਗੁਰੂ ਅਰਜਨ ਜੀ ਦੀ ਕਵਿਤਾ ਦਾ ਖ਼ਾਸ ਗੁਣ ਹੈ। ਜਿਹੋ ਜਿਹਾ ਵਿਚਾਰ-ਅਨੁਭਵ, ਉਹੋ ਜਿਹੇ ਢੁਕਵੇਂ ਸ਼ਬਦ-ਚਿਤਰ ਤੇ ਅਲੰਕਾਰ ਵਰਤੇ ਹਨ। ਹੇਠਲੀਆਂ ਤੁਕਾਂ ਵੇਖੋ :—

ਜਿਉ ਮੰਦਰ ਕਉ ਥਾਮੈ ਥੰਮਨੁ ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥
ਜਿਉ ਪਾਖਾਣੁ ਨਾਵ ਚੜਿ ਤਰੈ ॥
ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥
ਜਿਉ ਅੰਧਕਾਰ ਦੀਪਕ ਪਰਗਾਸੁ ॥
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥
ਤਿਨ ਸੰਤਨ ਕੀ ਬਾਛਉ ਧੂਰਿ ॥
ਨਾਨਕ ਕੀ ਹਰਿ ਲੋਚਾ ਪੂਰਿ ॥

(ਸੁਖਮਨੀ)

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਗਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥

(ਬਾਵਨ ਅਖਰੀ)

## ਵਿਸਥਾਰਮਈ ਬਿਆਨ

ਗੁਰੂ ਸਾਹਿਬ ਦੀ ਸ਼ੈਲੀ ਨਿਖੇੜਵੀਂ, ਵਿਸ਼ਲੇਸ਼ਨਮਈ, ਵਿਆਖਿਆ ਭਰਪੂਰ ਤੇ ਵਿਸਥਾਰਮਈ ਹੈ। ਇਕ ਖਾਸ ਵਿਸ਼ੇ ਨੂੰ ਪੂਰੀ ਤਰ੍ਹਾਂ ਬਿਆਨ ਕਰਨ ਦਾ ਜਤਨ ਇਸ ਢੰਗ ਨਾਲ ਕਿ ਵਿਸ਼ੇ ਦੇ ਸਾਰੇ ਪੱਖ ਪ੍ਰਜਵਲਤ (ਰੌਸ਼ਨ) ਹੋ ਜਾਣ, ਗੁਰੂ ਸਾਹਿਬ ਦੀ ਇਕ ਵਿਸ਼ੇਸ਼ ਕਾਵਿ ਰੁਚੀ ਹੈ। ਹਰ ਇਕ ਗੁਰਮਤ ਦੇ ਵਿਸ਼ੇ ਜਾਂ ਸਿਧਾਂਤ ਉਤੇ ਅਣਗਿਣਤ ਸ਼ਬਦ (ਕਾਵਿ-ਟੋਟੇ) ਰਚੇ ਹਨ, ਜਿਵੇਂ ਨਾਮ ਉਤੇ, ਭਾਣੇ ਉਤੇ, ਸਹਿਜ ਉਤੇ, ਗੁਰੂ ਉਤੇ ਇਤਿਆਦਿ। ਸੁਖਮਨੀ ਸਾਹਿਬ ਦੀਆਂ ਅਸ਼ਟਪਦੀਆਂ ਇਕ ਖ਼ਾਸ ਵਿਸ਼ੇ ਦਾ ਪੂਰਨ ਤੌਂ ਪੂਰਨ ਬਿਆਨ ਹਨ, ਜਿਵੇਂ ਸਿਮਰਨ (ਪਹਿਲੀ ਅਸ਼ਟਪਦੀ), ਨਾਮ (ਦੂਜੀ, ਤੀਜੀ ਤੇ ਚੌਥੀ); ਭਾਣਾ (ਪੰਜਵੀਂ), ਦਾਤ (ਛੇਵੀਂ), ਸਾਧ ਮਹਿਮਾ (ਸਤਵੀਂ), ਬ੍ਰਹਮ ਗਿਆਨੀ (ਅਠਵੀਂ), ਅਨੰਤ ਰਚਨਾ (ਦਸਵੀਂ) ਕਰਨ ਕਾਰਨ (ਯਾਰ੍ਹਵੀਂ), ਹੰਕਾਰ (ਬਾਰ੍ਹਵੀਂ) ਆਦਿ।

## ਲੋਕ ਆਸ਼ਾ

ਭਗਤੀ ਲਹਿਰ ਇਕ ਜਨਤਕ ਲਹਿਰ ਸੀ। ਗੁਰੂ ਸਾਹਿਬਾਨ ਦਾ ਉਪਦੇਸ਼ ਵੀ ਸਰਬ ਸਾਧਾਰਨ ਲਈ ਸੀ। ਬ੍ਰਾਹਮਣ ਤੇ ਮੁੱਲਾਂ ਦੋਹਾਂ ਨੂੰ ਧਰਮ ਵਿਚੋਂ ਇਕ ਪਾਸੇ ਕਰ ਦਿਤਾ ਗਿਆ। ਸੰਸਕ੍ਰਿਤ ਤੇ ਅਰਬੀ ਦਾ ਰਿਵਾਜ ਹਟਾ ਕੇ ਲੋਕਾਂ ਦੀ ਬੋਲੀ ਵਿਚ ਉੱਚੀ ਤੋਂ ਉੱਚੀ ਧਾਰਮਿਕ ਸਿਖਿਆ, ਦਰਸ਼ਨ, ਗਿਆਨ, ਉਪਦੇਸ਼ ਰਚਿਆ ਗਿਆ। ਲੋਕਾਂ ਦੇ ਘਰੋਗੀ ਰੂਪਕ ਗੁਰੂ ਸਾਹਿਬ ਨੇ ਵਰਤ ਕੇ ਜਨਤਾ ਨੂੰ ਧਰਮ ਤੇ ਪ੍ਰਭੂ ਭਗਤੀ ਵੱਲ ਪ੍ਰੇਰਿਆ। ਵਿਆਹੁਤਾ ਜੀਵਨ ਵਿਚੋਂ ਸੁਹਾਗਣ, ਦੁਹਾਗਣ, ਧਨ, ਪਤੀ, ਪੇਕੇ, ਸਹੁਰੇ ਆਦਿ ਚਿੰਨ੍ਹ ਵਰਤੇ ਗਏ। ਪੇਂਡੂ ਜੀਵਨ ਵਿਚੋਂ ਕਿਰਸਾਨੀ ਕਿੱਤੇ ਦੇ ਅਨੇਕਾਂ ਰੂਪਕਾਂ ਤੋਂ ਛੁਟ ਵਣਜ ਵਪਾਰ, ਸੌਦਾ, ਲਾਹਾ, ਤੋਟਾ ਆਦਿ ਚੁਣ ਕੇ ਵਰਤੇ। ਹੋਰ ਪੇਂਡੂ ਖੇਡਾਂ, ਮੇਲੇ, ਛਿੰਜਾਂ, ਮੱਲ-ਅਖਾੜਾ ਆਦਿ ਰੂਪਕ ਵੀ ਗੁਰੂ ਅਰਜਨ ਸਾਹਿਬ ਨੇ ਕਵਿਤਾ ਵਿਚ ਬੰਨ੍ਹੇ, ਜਿਵੇਂ ਸ਼ਾਹ ਹੁਸੈਨ ਤੇ ਉਸ ਤੋਂ ਪਹਿਲਾਂ ਬਾਬਾ ਫ਼ਰੀਦ ਸੂਫ਼ੀ ਕਵੀ ਨੇ ਘਰੋਗੀ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri
ਰੂਪਕਾਂ ਦੀ ਵਰਤੋਂ ਕੀਤੀ, ਤੰਨੂਰ, ਚਰਖਾ, ਦਾਜ ਆਦਿ। ਆਮ ਜੀਵਨ ਵਿਚੋਂ ਵੀ ਗੁਰੂ ਸਾਹਿਬ ਨੇ ਕਈ ਰੂਪਕ ਲਏ ਜਿਵੇਂ ਤੇਲ, ਬੱਤੀ, ਚਪੂ, ਰਤਨ, ਗੋਇਲ, ਗੋਇਲੀ, ਤਿਲ, ਬੂਆੜ, ਹਰਨ, ਅੰਗੂਰੀ, ਅੰਜਨ, ਹੰਸ, ਬਗਲਾ, ਕਾਗ ਆਦਿਕ। ਲਹਿੰਦੀ ਭਾਖਾ ਦੇ ਸ਼ਬਦਾਂ ਨੇ ਬੋਲੀ ਵਿਚ ਮਿਠਾਸ, ਤੇ ਰਸ ਭਰ ਦਿਤਾ, ਜਿਵੇਂ :—

ਤੈਡੈ ਸਿਮਰਣਿ ਹਭੁ ਕਿਛੁ ਲਧਮੁ, ਬਿਖਮੁ ਨ ਡਿਠਮੁ ਕੋਈ ॥
ਜਿਸੁ ਪਤਿ ਰਖੈ ਸਚਾ ਸਾਹਿਬੁ, ਨਾਨਕ ਮੇਟਿ ਨ ਸਕੈ ਕੋਈ ॥

(ਰਾਗ ਗੁਜਰੀ)

'ਕਲਾ ਪ੍ਰਬੀਨਤਾ' ਸਿਰਲੇਖ ਹੇਠ ਦਿਤੀ ਪਉੜੀ ਵਿਚ ਦੇਖੋ ਕਿੰਨੀਆਂ ਸਾਧਾਰਨ ਤੇ ਘਰੋਗੀ ਉਪਮਾਵਾਂ ਵਰਤੀਆਂ ਹਨ। ਇਸੇ ਤਰ੍ਹਾਂ ਇਹ ਸਾਰਾ ਸ਼ਬਦ ਇਕ ਅਤਿ ਸੁੰਦਰ ਰੂਪਕ ਹੈ :—

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ॥
ਦਸੁ ਬੈਠਾ ਵੇਖੈ ਆਪਿ ਜੀਉ ॥

(ਸਿਰੀ ਰਾਗ)

ਗਰੀਬਾਂ, ਦੀਨਾਂ ਨਾਲ ਡੂਘੀ ਹਮਦਰਦੀ ਇਨ੍ਹਾਂ ਤੁਕਾਂ ਵਿਚ ਦੇਖੋ :

ਗਰੀਬਾ ਉਪਰਿ ਜਿ ਖਿੰਜੈ ਦਾੜੀ ॥
ਪਾਰਬ੍ਰਹਮਿ ਸਾ ਆਗਨਿ ਮਹਿ ਸਾੜੀ ॥
ਪੂਰਾ ਨਿਆਉ ਕਰੇ ਕਰਤਾਰੁ ॥
ਅਪੁਨੇ ਦਾਸ ਕਉ ਰਾਖਨਹਾਰੁ ॥

(ਰਾਗ ਗਉੜੀ ਗੁਆਰੇਰੀ)

ਗੁਰੂ ਸਾਹਿਬ ਦਾ ਰਹੱਸਵਾਦ ਆਮ ਜਨਤਕ ਪੱਧਰ ਤੋਂ ਜ਼ਰੂਰ ਉਚੇਰਾ ਹੈ ਪਰ ਰਹੱਸਵਾਦ ਕਦੀ ਵੀ ਸਰਬ ਸਾਧਾਰਨ ਦਾ ਵਿਸ਼ਾ ਨਹੀਂ ਹੁੰਦਾ। ਗੁਰੂ ਸਾਹਿਬ ਦਾ ਕਮਾਲ ਇਸ ਗੱਲ ਵਿਚ ਹੈ ਕਿ ਬਿਖਮ ਤੋਂ ਬਿਖਮ ਰਹੱਸਵਾਦੀ ਭਾਵਾਂ ਨੂੰ ਏਨੇ ਸੌਖੇ ਸ਼ਬਦਾਂ ਅਤੇ ਸਪਸ਼ਟ ਸ਼ੈਲੀ ਵਿਚ ਬਿਆਨ ਕਰ ਗਏ ਹਨ ਕਿ ਇਸ ਤੋਂ ਵੱਧ ਸਰਲ ਬਿਆਨ ਸ਼ਾਇਦ ਸੰਭਵ ਹੀ ਨਹੀਂ। ਸੁਖਮਨੀ ਸਾਹਿਬ ਦੀਆਂ ਆਖ਼ਰੀ ਚਾਰ ਅਸ਼ਟ-ਪਦੀਆਂ ਇਸ ਗੱਲ ਦਾ ਪਰਤੱਖ ਸਬੂਤ ਹਨ। ਵਿਸਥਾਰ ਦੇਣ ਦੀ ਇਥੇ ਗੁੰਜਾਇਸ਼ ਨਹੀਂ। ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਬਹੁਤ ਸਾਰੇ ਗੁਝੇ ਭਾਵਾਂ ਨੂੰ ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਗੁਰੂ ਸਾਹਿਬਾਨ ਨੇ ਖੋਲ੍ਹਣ ਦਾ ਯਤਨ ਕੀਤਾ ਹੈ। ਇਹ ਕੰਮ ਸਭ ਤੋਂ ਵੱਧ ਗੁਰੂ ਅਰਜਨ ਸਾਹਿਬ ਨੇ ਕੀਤਾ ਕਿਉਂਕਿ ਉਨ੍ਹਾਂ ਨੂੰ ਆਮ ਲੋਕਾਂ ਦੀ ਸੂਝ-ਪੱਧਰ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਖਿਆਲ ਵਿਸ਼ੇਸ਼ ਕਰਕੇ ਰਹਿੰਦਾ ਸੀ। ਅਜੇਹੇ ਸ਼ਬਦਾਂ ਦੀਆਂ ਮਿਸਾਲਾਂ ਅਣਗਿਣਤ ਹਨ।

## ਪ੍ਰੇਮ-ਰਸ

ਗੁਰੂ ਅਰਜਨ ਜੀ ਦੀ ਕਵਿਤਾ ਵਿਚੋਂ ਰੱਬੀ-ਪ੍ਰੇਮ ਦੀ ਤਾਂਘ ਤੇ ਰਸ ਡੁਲ੍ਹ ਡੁਲ੍ਹ ਪੈਂਦਾ ਹੈ। ਗੁਰੂ ਸਾਹਿਬ ਦਾ ਪ੍ਰਭੂ ਨਾਲ ਏਨਾ ਡੂੰਘਾ ਇਸ਼ਕ ਹੈ ਕਿ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਅਨੁਭਵ ਉਨ੍ਹਾਂ ਦੀ ਕਲਪਨਾ ਵਿਚ ਨਹੀਂ ਆਉਂਦਾ। ਇਸ ਦੀ ਮਿਸਾਲ ਗੁਰੂ ਸਾਹਿਬ ਦੇ ਜੀਵਨ ਦੀ ਅਖ਼ੀਰੀ ਘਟਨਾ ਹੈ, ਜਿਸ ਤੋਂ ਸਾਫ਼ ਸਿਧ ਹੁੰਦਾ ਹੈ ਕਿ ਸੁਖ ਦੁਖ, ਜੀਵਨ ਮੌਤ ਆਦਿ ਦੇ ਮੁਕਾਬਲੇ ਤੇ ਸਭ ਤੋਂ ਵਧ ਪ੍ਰਬਲ ਜਜ਼ਬਾ ਪ੍ਰਭੂ ਦਾ ਪ੍ਰੇਮ ਹੀ ਹੈ। ਭਾਣਾ ਮੰਨਣਾ, ਇਸ ਤਰ੍ਹਾਂ ਕਿ ਜਿਸ ਤਰ੍ਹਾਂ ਗੁਰੂ ਸਾਹਿਬ ਨੇ ਜਿਉਂਦਿਆਂ ਤੇ ਸ਼ਹੀਦ ਹੋ ਕੇ, ਅਸਹਿ ਤਸੀਹੇ ਸਹਾਰ ਕੇ ਮੰਨਿਆ, ਪ੍ਰਭੂ-ਪ੍ਰੇਮ, ਰੱਬੀ-ਇਸ਼ਕ ਦੀ ਸਿਖਰ ਹੈ। ਗੁਰੂ ਸਾਹਿਬ ਅਹਿੰਸਾ, ਸ਼ਾਂਤੀ, ਕੁਰਬਾਨੀ ਦੇ ਅਦੁੱਤੀ ਅਵਤਾਰ ਸਨ। ਉਨ੍ਹਾਂ ਦੀ ਬਾਣੀ ਅਤੇ ਜੀਵਨ ਇਕੋ ਮਹਾਨ ਪੱਧਰ ਤੇ ਪਹੁੰਚੇ ਹੋਏ ਸਨ।

ਤੇਰਾ ਕੀਆ ਮੀਠਾ ਲਾਗੈ॥
ਨਾਮ ਪਦਾਰਥ ਨਾਨਕ ਮਾਗੈ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੁਖਮਨੀ : ਇਕ ਸੰਖੇਪ ਅਧਿਐਨ

## ਸੁਖਮਨੀ ਸ਼ਬਦ ਦਾ ਭਾਵ

ਸੁਖਮਨੀ ਸਾਹਿਬ ਦਾ ਆਸ਼ਾ ਸ੍ਰੀ ਗੁਰੂ ਅਮਰ ਦਾਸ ਰਚਿਤ ਬਾਣੀ ਅਨੰਦ ਸਾਹਿਬ ਨਾਲ ਵਿਸ਼ੇ ਪਖੋਂ ਮੇਲ ਖਾਂਦਾ ਹੈ। ਪ੍ਰਭੂ ਤੋਂ ਵਿਛੜੇ ਮਨੁੱਖ ਦਾ ਜੀਵਨ ਤਾਂ ਹੀ ਸਫਲ ਹੈ ਜੇ ਉਹ ਮੋਹ ਮਾਇਆ ਦੇ ਸੰਸਾਰ ਵਿਚ ਵਿਚਰਦੇ ਹੋਏ ਵੀ ਆਪਣੇ ਅਸਲੇ ਨੂੰ ਪ੍ਰਾਪਤ ਕਰੇ ਤੇ ਇਹ ਹੀ ਇਸ ਜੀਵਨ ਵਿਚ ਅਨੰਦ ਪ੍ਰਾਪਤੀ ਦੀ ਅਵਸਥਾ ਹੈ।

ਪਰਮਾਤਮਾ ਅਨੰਦ ਰੂਪ ਹੈ। ਉਸ ਦਾ ਸਰੂਪ ਹੀ ਗੁਰਬਾਣੀ ਵਿਚ ਪਰਮ-ਅਨੰਦ ਦਾ ਲਖਾਇਕ ਹੈ ਤੇ ਇਸ ਦੀ ਪ੍ਰਾਪਤੀ ਸਾਧਾਰਨ ਜੀਵ ਲਈ ਸੌਖੀ ਨਹੀਂ। ਮਨੁੱਖ ਨੂੰ ਸੰਸਾਰ ਵਿਚ ਕਠਿਨ ਘਾਲਣਾ ਘਾਲਣੀ ਪੈਂਦੀ ਹੈ, ਮੋਹ ਮਾਇਆ ਦੇ ਇੰਦਰੇ-ਰਸਾਂ ਨਾਲ ਘੋਲ ਕਰਨਾ ਪੈਂਦਾ ਹੈ, ਤਾਂ ਕਿਤੇ ਇਹ ਅਨੰਦ ਦੀ ਅਵਸਥਾ ਪ੍ਰਾਪਤੀ ਹੁੰਦੀ ਹੈ। ਇਸੇ ਲਈ ਆਨੰਦ ਸਾਹਿਬ ਵਿਚ ਇਸ ਅਵਸਥਾ ਦੀ ਪ੍ਰਾਪਤੀ ਸੰਬੰਧੀ ਕਿਹਾ ਗਿਆ ਹੈ ਕਿ :

ਖੰਨਿਅਹੁ ਤਿਖੀ ਵਾਲਹੁ ਨਿਕੀ
ਏਤੁ ਮਾਰਗਿ ਜਾਣਾ ॥

ਸੁਖਮਨੀ ਰਚਨਾ ਵੀ ਇਸੇ ਆਨੰਦ ਪ੍ਰਾਪਤੀ ਦੇ ਨਿਸਚਤ ਆਸ਼ੇ ਲਈ ਮਨੁੱਖ ਨੂੰ ਰਾਹ ਦਿਖਾਉਂਦੀ ਹੈ। ਗੁਰਬਾਣੀ ਵਿਚ ਆਨੰਦ ਦੀ ਪ੍ਰਾਪਤੀ ਨੂੰ ਰਹੱਸਵਾਦੀ ਅਰਥਾਂ ਵਿਚ 'ਅੰਮ੍ਰਿਤ' ਸ਼ਬਦ ਦੇ ਪ੍ਰਤੀਕ ਰਾਹੀਂ ਦਰਸਾਇਆ ਜਾਂਦਾ ਹੈ। ਆਨੰਦ ਦਾ ਸਮਭਾਵੀ ਸ਼ਬਦ ਸੁਖਮਨੀ ਉਸੇ ਅੰਮ੍ਰਿਤ ਦਾ ਹੀ ਸੂਚਕ ਹੈ।

ਸੁਖਮਨੀ ਸਿਰਲੇਖ ਸੰਬੰਧੀ ਕਈ ਵਿਚਾਰ ਦ੍ਰਿਸ਼ਟੀ-ਗੋਚਰ ਕੀਤੇ ਜਾ ਸਕਦੇ ਹਨ। ਇਕ ਇਹ ਕਿ ਹਰ ਲੰਮੀ ਕਵਿਤਾ ਦਾ ਕੋਈ ਸਿਰਲੇਖ ਹੋਣਾ ਜ਼ਰੂਰੀ ਹੈ, ਜਿਸ ਤੋਂ ਉਸ ਰਚਨਾ ਦੇ ਸਮੁੱਚੇ ਆਸ਼ੇ ਦਾ ਪਤਾ ਲਗਦਾ ਹੈ। ਇਸ ਗੁਰਬਾਣੀ ਰਚਨਾ ਸੁਖਮਨੀ ਦਾ ਨਾਮ ਵੀ ਸੁਖਾਂ ਦੀ ਮਨੀ, ਭਾਵ ਸੁਖਾਂ ਦੇ ਖਜ਼ਾਨੇ ਦਾ ਸੂਚਕ ਹੈ। ਭਾਵ ਕਿਸੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੀਮਤੀ, ਹੀਰੇ ਰੂਪੀ ਵਿਸ਼ੇ ਸ਼ਮੱਗਰੀ ਦੀ ਲਖਾਇਕ । ਇਹ ਤਾਂ ਇਸ ਦੇ ਸ਼ਬਦੀ ਅਰਥ ਹਨ ।

ਸੁਖਮਨੀ ਸ਼ਬਦ ਦਾ ਦੂਜਾ ਭਾਵ ਰਹੱਸਵਾਦੀ ਹੈ, ਭਾਵ ਮਨ ਦਾ ਸੁਖ । ਮਨ ਦਾ ਸੁਖ ਤੇ ਸ਼ਾਂਤੀ ਪ੍ਰਾਪਤ ਕਰਨਾ ਹੀ ਇਸ ਸੰਸਾਰ ਵਿਚ ਮਨੁੱਖ ਦਾ ਮੁਢਲਾ ਕਰਤੱਵ ਹੈ ਤੇ ਇਹ ਬਾਣੀ ਇਸ ਕਰਮ ਵਿਚ ਮਨੁੱਖ ਦੀ ਸਹਾਇਤਾ ਕਰਦੀ ਹੈ ।

ਤੀਜਾ ਭਾਵ ਵੀ ਇਕ ਰਹੱਸਵਾਦੀ ਸੰਕੇਤ ਹੈ, ਭਾਵ ਸੁਖਮਨ ਨਾੜੀ । ਇਹ ਉਚੇਰੀ ਸਮਾਧੀ ਦੀ ਅਵਸਥਾ ਹੈ ਅਰਥਾਤ ਸਹਿਜ ਅਵਸਥਾ ਤੇ ਇਸ ਦੀ ਪ੍ਰਾਪਤੀ ਵਿਚ ਹੀ ਆਨੰਦ ਹੈ । ਇਸ ਸਹਿਜ ਅਵਸਥਾ ਦਾ ਸੰਕੇਤ ਗੁਰੂ ਅਮਰ ਦਾਸ ਜੀ ਨੇ ਆਪਣੀ ਉਤਕ੍ਰਿਸ਼ਟ ਰਚਨਾ ਆਨੰਦ ਸਾਹਿਬ ਵਿਚ ਕੀਤਾ ਹੈ :

ਕਰਿ ਸਾਂਤਿ ਸੁਖ ਮਨਿ ਆਇ ਵਸਿਆ
ਜਿਨਿ ਇਛਾ ਸਭਿ ਪੁਜਾਈਆ ॥

ਇਥੇ ਭਾਵ ਇਸੇ 'ਸੁਖਮਨ' ਦੀ ਅਵਸਥਾ ਤੋਂ ਹੀ ਹੈ ।

ਸੁਖਮਨੀ ਦਾ ਸਮੁਚਾ ਵਿਸ਼ਾ ਆਨੰਦ ਪ੍ਰਾਪਤੀ ਦੀ ਅਵਸਥਾ ਦਾ ਪ੍ਰਗਟਾ ਕਰਨਾ ਹੈ ਜੋ ਇਸ ਬਾਣੀ ਦੇ ਆਰੰਭ ਵਿਚ ਹੀ ਕੁਝ ਭਾਵ-ਪੂਰਤ ਸ਼ਬਦਾਂ ਰਾਹੀਂ ਸੂਤਰ-ਬੱਧ ਕੀਤਾ ਮਿਲਦਾ ਹੈ, ਅਰਥਾਤ ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਉਪਰੰਤ :

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥

ਇਹ 'ਰਹਾਉ' ਦੀਆਂ ਤੁਕਾਂ ਸੁਖਮਨੀ ਸਾਹਿਬ ਦੀਆਂ ਸਭ ਤੋਂ ਜ਼ਰੂਰੀ ਤੁਕਾਂ ਹਨ ਤੇ ਇਸ ਦੀ ਵਿਆਖਿਆ ਹੀ ਸਮੁਚੀ ਬਾਣੀ ਵਿਚ ਕੀਤੀ ਮਿਲਦੀ ਹੈ । ਇਨ੍ਹਾਂ ਤੁਕਾਂ ਇਸ ਨਾਮ ਸਿਮਰਨ ਦਾ ਆਸ਼ਾ ਤੇ ਕਰਤੱਵ ਦੱਸ ਕੇ ਨਾਮ ਦੀ ਪ੍ਰਾਪਤੀ ਦਾ ਸਾਧਨ ਵੀ ਸੁਝਾ ਦਿਤਾ ਹੈ ।

ਇਸ ਸੁਖਮਨੀ ਰਚਨਾ ਜਾਂ ਇਸ ਸੁਖਮਨੀ ਅਵਸਥਾ ਦੀ ਸ਼ੋਭਾ ਵਰਨਣ ਨਹੀਂ ਕੀਤੀ ਜਾ ਸਕਦੀ । 24ਵੀਂ ਅਸ਼ਟਪਦੀ ਦੇ ਦੂਜੇ ਅੱਧ ਭਾਵ ਅਖੀਰਲੀਆਂ ਚੌਹਾਂ ਪਉੜੀਆਂ ਵਿਚ ਸੁਖਮਨੀ ਤੇ ਸੁਖਮਨੀ ਅਵਸਥਾ ਦੀ ਵਿਆਖਿਆ ਹੈ ਤੇ ਅਖੀਰ ਇਸ ਦੀ ਮਹੱਤਤਾ ਪ੍ਰਗਟਾਈ ਹੈ :—

ਸੁਖਮਨੀ ਸਹਜ ਗੋਬਿੰਦ ਗੁਣ ਨਾਮ ॥
ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥

ਇਸ ਤੋਂ ਅਗੇ ਸਾਰੀਆਂ ਤੁਕਾਂ ਸੁਖਮਨੀ ਸੰਕੇਤ ਦੇ ਸਬੰਧ ਵਿਚ ਹੀ ਹਨ ਤੇ ਉਹਨਾਂ ਵਿਚ ਪਰਮਾਤਮਾ ਅਤੇ ਨਾਮ ਸਿਮਰਨ ਦੀ ਉਸਤਤ ਕੀਤੀ ਗਈ ਹੈ । ਇਸ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਨ ਰਚਨਾ ਦੀਆਂ ਅੰਤਮ ਤੁਕਾਂ ਵਿਚ 'ਸੁਖਮਨੀ' ਰਚਨਾ ਜਾਂ ਬਾਣੀ ਦੀ ਅਧਿਆਤਮਕ ਕੀਮਤ ਤੇ ਮਹਾਤਮ ਦੱਸਿਆ ਹੈ :

ਸਭ ਤੇ ਊਚ ਤਾਕੀ ਸੋਭਾ ਬਨੀ ॥
ਨਾਨਕ ਇਹ ਗੁਣਿ ਨਾਮੁ ਸੁਖਮਨੀ ॥

## ਰਚਨਾ ਦਾ ਆਸ਼ਾ

ਗੁਰੂ ਅਰਜਨ ਦੇਵ ਜੀ ਰਚਿਤ ਇਹ ਬਾਣੀ ਸਿੱਖ ਸਮਾਜ ਲਈ ਅਤਿ ਮਹੱਤਵ ਪੂਰਨ ਹੈ, ਕਿਉਂਕਿ ਇਹ ਸਪਸ਼ਟ ਰੂਪ ਵਿਚ ਸਮਾਜ ਕਲਿਆਨ ਦੇ ਉੱਚੇ ਆਸ਼ੇ ਨੂੰ ਮੁੱਖ ਰੱਖ ਕੇ ਹੀ ਲਿਖੀ ਗਈ ਹੈ। ਇਤਿਹਾਸ ਗੁਆਹ ਹੈ ਕਿ ਇਹ ਬਾਣੀ ਸਿੱਖਾਂ, ਸ਼ਰਧਾਲੂਆਂ ਵਿਚ ਕਿੰਨੀ ਜਲਦੀ ਪ੍ਰਚਲਤ ਤੇ ਹਰਮਨ ਪਿਆਰੀ ਹੋ ਗਈ ਸੀ।

ਇਥੋਂ ਤਕ ਕਿ ਮੁਗ਼ਲ ਸਮਰਾਟ ਸ਼ਾਹ ਜਹਾਨ ਦਾ ਵੱਡਾ ਵਜ਼ੀਰ ਤੇ ਹਕੀਮ ਵਜ਼ੀਰ ਖ਼ਾਨ ਜੋ ਸਿੱਖ ਧਰਮ ਦਾ ਸ਼ਰਧਾਲੂ ਸੀ, ਇਸ ਦੇ ਇਲਾਹੀ ਰਸ ਤੋਂ ਇਨ੍ਹਾਂ ਪ੍ਰਭਾਵਤ ਹੋਇਆ ਕਿ ਉਸ ਨੇ ਸੁਖਮਨੀ ਦੇ ਅੰਮ੍ਰਿਤਮਈ ਨਾਮ-ਬਾਣੀ ਰਸ ਨੂੰ ਲਾਹੌਰ ਵਿਚ ਰਹਿੰਦਿਆਂ ਹਰ ਰੋਜ਼ ਪ੍ਰਾਪਤ ਕਰਨ ਦਾ ਨੇਮ ਬਣਾ ਲਿਆ ਸੀ। ਇਹ ਇਕ ਇਤਿਹਾਸਕ ਤੱਥ ਹੈ। ਇਸ ਬਾਣੀ ਦੇ ਸੁਨਣ ਨਾਲ ਉਸ ਨੂੰ ਅਥਾਹ ਸਰੀਰਕ ਤੇ ਆਤਮਕ ਸੁੱਖ ਮਿਲਦਾ ਸੀ।

## ਪ੍ਰਬੰਧ ਕਾਵਿ

ਵਿਸ਼ੇ ਪਖੋਂ ਜਿਥੇ ਇਹ ਬਾਣੀ ਬਹੁਤ ਮਹਾਨ ਹੈ, ਉਥੇ ਇਸ ਦਾ ਰੂਪਕ ਪ੍ਰਬੰਧ ਵੀ ਬਹੁਤ ਉੱਚਾ ਹੈ। ਸੁਖਮਨੀ ਸਾਹਿਬ ਇਕ ਸਫਲ ਪ੍ਰਬੰਧ-ਕਾਵਿ ਹੈ। ਜਪੁਜੀ ਸਾਹਿਬ ਵੀ ਭਾਵੇਂ 'ਪ੍ਰਬੰਧ ਕਾਵਿ' ਦਾ ਸੁੰਦਰ ਉਦਾਹਰਨ ਹੈ, ਪਰ ਸ਼ਾਸਤਰੀ ਕਸਵੱਟੀ ਤੇ ਪਰਖਿਆਂ ਡਾ. ਰਤਨ ਸਿੰਘ ਜੱਗੀ ਅਨੁਸਾਰ[1] ਉਸ ਦੇ ਵਿਧਾਨ ਤੇ ਕਿੰਤੂ ਕੀਤਾ ਜਾ ਸਕਦਾ ਹੈ। ਪਰੰਤੂ ਸੁਖਮਨੀ ਸਾਹਿਬ ਦੇ ਉਚਤਮ ਪ੍ਰਬੰਧ ਕਾਵਿ ਹੋਣ ਵਿਚ ਕੋਈ ਸ਼ਕ ਦੀ ਗੁੰਜਾਇਸ਼ ਨਹੀਂ, ਕਿਉਂਕਿ ਰੂਪਕ ਨਿਪੁਣਤਾ ਇਸ ਦੀ ਇਕ ਪ੍ਰਮੁਖ ਵਿਸ਼ੇਸ਼ਤਾ ਹੈ।

ਸੁਖਮਨੀ ਸਾਹਿਬ ਦੀਆਂ 24 ਅਸ਼ਟਪਦੀਆਂ ਹਨ ਤੇ ਹਰ ਅਸ਼ਟਪਦੀ ਦੀਆਂ ਅੱਠ ਪਉੜੀਆਂ। ਹਰ ਅਸ਼ਟਪਦੀ ਦੇ ਮੁੱਢ ਵਿਚ ਇਕ ਸ਼ਲੋਕ ਹੈ, ਜੋ ਸੁਖਮਨੀ ਦੇ ਸਮੁਚੇ ਆਸ਼ੇ ਨਾਲ ਵੀ ਮੇਲ ਖਾਂਦਾ ਹੈ। ਹਰ ਪਉੜੀ ਦੀਆਂ ਦਸ ਤੁਕਾਂ ਹਨ ਤੇ ਹਰ ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ। ਇਸ ਦਾ ਤੋਲ ਚੌਪਈ ਦਾ ਹੈ ਜੋ ਰੂਪਕ ਪਖੋਂ 'ਮਸਨਵੀ' ਦੇ ਆਸ਼ੇ ਨਾਲ ਜਾ ਮਿਲਦਾ ਹੈ।

ਗੁਰੂ ਅਰਜਨ ਸਾਹਿਬ ਜੀ ਦਾ ਆਸ਼ਾ ਸਰਲਤਾ ਤੇ ਸੁਖੈਨਤਾ ਨੂੰ ਮੁੱਖ ਰਖਦੇ ਹੋਏ ਹਰ ਅਸ਼ਟਪਦੀ ਵਿਚ ਇਕ ਨਵਾਂ ਤੇ ਵੱਖਰਾ ਵਿਚਾਰ ਦੇਣ ਦਾ ਸੀ। ਇਹੋ ਕਾਰਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਹਰ ਅਸ਼ਟਪਦੀ ਦਾ ਵਿਸ਼ਾ ਸੂਖਮ ਰੂਪ ਵਿਚ ਅੱਡਰਾ ਹੈ। ਇਹ ਵਿਸ਼ੇ ਦੀ ਵੰਡ ਜਾਂ ਵਰਗੀ-ਕਰਨ ਗੁਰੂ ਜੀ ਦੇ ਵਿਸ਼ਾਲ ਗਿਆਨ, ਸਾਰਥਕ ਤੇ ਪਰਪੱਕ ਕਲਾ ਕੌਸ਼ਲਤਾ ਦਾ ਇਕ ਨਿੱਗਰ ਪ੍ਰਮਾਣ ਹੈ।[2] ਉਂਜ ਤਾਂ ਹਰ ਅਸ਼ਟਪਦੀ ਦੇ ਮੁੱਢ ਵਿਚ ਆਇਆ ਸ਼ਲੋਕ ਮੰਗਲਾਚਰਨ ਦੇ ਰੂਪ ਵਿਚ ਲਿਆ ਜਾ ਸਕਦਾ ਹੈ, ਪਰ ਪਹਿਲਾ ਸ਼ਲੋਕ ਤਾਂ ਆਪਣੇ ਵਿਸ਼ੇਸ਼ ਅਰਥਾਂ ਵਿਚ ਪ੍ਰਸਤਾਵਨਾ ਦਾ ਹੀ ਸੂਚਕ ਹੈ। ਇਨ੍ਹਾਂ ਸ਼ਲੋਕਾਂ ਦਾ ਤੋਲ ਵੱਖਰਾ ਹੈ, ਜੋ ਸੂਤ੍ਰਕ ਤੋਲ ਹੈ।

ਕਈ ਚਿੰਤਕਾਂ ਦਾ ਵਿਚਾਰ ਹੈ ਕਿ ਗੁਰੂ ਜੀ ਨੇ ਪਹਿਲੇ ਮੰਗਲਕਾਰੀ ਸ਼ਲੋਕ ਵਿਚ ਆਪਣੇ ਤੋਂ ਪਹਿਲਾਂ ਹੋ ਚੁਕੇ ਗੁਰੂ ਸਾਹਿਬਾਨ ਨੂੰ ਸਤਿਕਾਰ ਵਜੋਂ[3] ਨਮਸਕਾਰ ਭੇਟ ਕੀਤੀ ਹੈ। ਇਹ ਵਿਚਾਰ ਪ੍ਰੋ. ਸਾਹਿਬ ਸਿੰਘ ਅਨੁਸਾਰ ਸ਼ੁੱਧ ਨਹੀਂ ਤੇ ਇਹ ਕੇਵਲ ਉਹਨਾਂ ਚਿੰਤਕਾਂ ਦੀ ਧਾਰਮਕ ਸ਼ਰਧਾ ਤੇ ਉਚੇਚ ਦਾ ਲਖਾਇਕ ਹੈ। ਮਹਾਨ ਗੁਰੂ-ਕਵੀ ਦਾ ਆਸ਼ਾ ਅਸਲ ਵਿਚ ਪਰਮਾਤਮਾ ਦੀ ਉਸਤਤ ਮੰਗਲਾਚਰਨ ਦੇ ਰੂਪ ਵਿਚ ਕਰਨਾ ਹੀ ਸਿਧ ਹੁੰਦਾ ਹੈ।

## ਰਚਨਾ ਦਾ ਵਿਸ਼ਾ

ਗੁਰੂ ਜੀ ਨੇ ਆਪਣੀ ਇਸ ਰਚਨਾ ਵਿਚ ਨਾਮ ਤੇ ਸਿਮਰਨ ਦੇ ਮਹੱਤਵ ਨੂੰ ਬਹੁਤ ਅਧਿਕ ਦਰਸਾਇਆ ਹੈ। 'ਸਿਮਰਨ' ਸ਼ਬਦ ਦੇ ਦੁਹਰਾਓ ਨਾਲ ਜਿਥੇ ਮਧੁਰ ਰਸ ਤੇ ਸੰਗੀਤ ਸਿਰਜਿਆ ਹੈ ਉਥੇ ਇਸ ਦਾ ਫਲ ਦ੍ਰਿਸ਼ਟੀ-ਗੋਚਰ ਕਰਕੇ ਕਈ ਵਹਿਮਾਂ ਭਰਮਾਂ ਨੂੰ ਵੀ ਖੰਡਤ ਕੀਤਾ ਹੈ।

ਗੁਰੂ ਜੀ ਦੇ ਵਿਚਾਰ-ਪ੍ਰਗਟਾ ਵਿਚ ਕਮਾਲ ਦਾ ਰਹੱਸ ਹੈ। ਸੁਖਮਨੀ ਦੀ ਪਹਿਲੀ ਅਸ਼ਟਪਦੀ ਵਿਚ ਹੀ ਇਹ ਨਿਪੁਣਤਾ ਪ੍ਰਤੱਖ ਹੈ। ਸਾਰੀ ਰਚਨਾ ਵਿਚ ਤੇ ਹਰ ਅਸ਼ਟਪਦੀ ਵਿਚ ਵੀ, ਵਿਸ਼ਾ ਸਥੂਲ ਤੋਂ ਸੂਖਮਤਾ ਵੱਲ ਵਧਦਾ ਹੈ। ਵਿਸ਼ੇ ਦਾ ਅਰੰਭ ਘੱਟ ਸੂਖਮ ਪਰ ਵਿਸ਼ੇ ਦਾ ਵਿਕਾਸ਼ ਨਿਰੰਤਰ ਸੂਖਮਤਾ ਵੱਲ ਹੁੰਦਾ ਹੈ। 21ਵੀਂ ਅਸ਼ਟਪਦੀ ਤੋਂ ਇਸ ਰਚਨਾ ਦੀ ਰਹੱਸਵਾਦੀ ਸੂਖਮਤਾ ਸਿਖਰ ਤੇ ਪੁੱਜ ਜਾਂਦੀ ਹੈ। ਪਹਿਲੀ ਅਸ਼ਟਪਦੀ ਦੇ ਅੰਤ ਵਿਚ ਵੀ ਸਿਮਰਨ ਦੀ ਅਤਿਅੰਤ ਰਹੱਸਮਈ ਸੂਖਮਤਾ ਦਾ ਪ੍ਰਗਟਾ ਹੈ :

ਹਰਿ ਸਿਮਰਨਿ ਕੀਓ ਸਗਲ ਅਕਾਰਾ ॥
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥

21ਵੀਂ ਅਸ਼ਟਪਦੀ ਵਿਚ ਰਹੱਸਵਾਦੀ ਵਿਸ਼ੇ ਦੀ ਸਿਖਰ ਨਿਰਗੁਣ ਤੇ ਸਰਗੁਣ ਬ੍ਰਹਮ ਦੇ ਦੋਹਾਂ ਰੂਪਾਂ ਦਾ ਨਿਰਨਾ ਕਰਨ ਤੇ ਨਿਰਭਰ ਹੈ। ਇਸ ਦੀ ਵਿਆਖਿਆ ਕਾਫ਼ੀ ਵਿਸਥਾਰ ਦੀ ਮੰਗ ਕਰਦੀ ਹੈ ਜਿਸਦੀ ਇਥੇ ਗੁੰਜਾਇਸ਼ ਨਹੀਂ। ਬ੍ਰਹਮ ਹੀ ਨਿਰਗੁਣ ਸਰੂਪ ਤੋਂ ਸਰਗੁਣ ਰੂਪ ਧਾਰਦਾ ਹੈ ਪਰ ਉਸ ਦਾ ਅਸਲ ਤੇ ਸਦੀਵੀ ਸਰੂਪ ਨਿਰਗੁਣ ਦਾ ਸੁੰਨ ਸਮਾਧੀ ਰੂਪ ਹੀ ਹੈ। ਉਹ ਆਪ ਸਭ ਕੁਝ ਹੈ, ਆਪੇ ਆਪ ਹੈ, ਸਰਬ ਬ੍ਰਹਮ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

22ਵੀਂ ਤੇ 23ਵੀਂ ਅਸ਼ਟਪਦੀ ਵਿਚ ਬ੍ਰਹਮ ਦੇ ਏਸੇ ਰਹੱਸਮਈ ਸਰੂਪ ਦਾ ਵਰਣਨ ਹੈ।

ਗੁਰੂ ਜੀ ਨੇ ਸੁਖਮਨੀ ਸਾਹਿਬ ਵਿਚ ਕਈ ਵਿਸ਼ੇ ਲਏ ਹਨ, ਜਿਥੇ ਕੁਝ ਮੁੱਖ ਵਿਸ਼ੇ ਹਨ ਉਥੇ ਮੂਲ-ਵਿਚਾਰਾਂ ਦੀ ਪ੍ਰੌੜ੍ਹਤਾ ਲਈ ਸਹਾਇਕ ਵਿਸ਼ੇ ਵੀ ਹਨ। ਨਾਮ ਸਿਮਰਨ ਦੀ ਮਹੱਤਤਾ, ਸਾਧ, ਗੁਰੂ ਤੇ ਬ੍ਰਹਮ ਗਿਆਨੀ ਦੀ ਉਸਤਤ, ਸੰਤਾਂ ਦੇ ਵਿਰੋਧੀਆਂ ਤੇ ਨਿੰਦਕਾਂ ਦੀ ਨਿਖੇਧੀ ਤੇ ਉਨ੍ਹਾਂ ਦੀ ਮਾਨਸਕ ਤੇ ਸਮਾਜਕ ਦਸ਼ਾ, ਹੰਕਾਰ ਦੇ ਪ੍ਰੀਣਾਮ, ਰਚਨਾ ਦੀ ਅਨੰਤਤਾ, ਆਪਣੇ ਆਦਰਸ਼ਕ ਰੂਪ ਵਿਚ, ਇਸ ਦੇ ਮੁਖ ਵਿਸ਼ੇ ਹਨ।

ਮਨੁੱਖਾਂ ਦੀਆਂ ਵਿਹਾਰਕ ਲੋੜਾਂ ਤੇ ਉਨ੍ਹਾਂ ਦੀ ਸਹਿਜ ਪ੍ਰਾਪਤੀ, ਪਦਾਰਥਕ ਸੁੱਖਾਂ ਵਿਚ ਗ੍ਰਸਤ ਜੀਵ ਲਈ ਗੁਰੂ ਦੀ ਲੋੜ, ਗੁਰੂ ਦੀ ਮਹੱਤਤਾ ਤੇ ਉਸ ਦੀ ਕ੍ਰਿਪਾ ਨਾਲ ਪ੍ਰਾਪਤ ਹੋਏ ਅਨੰਦ ਦਾ ਵਰਣਨ, ਇਹ ਕੁਝ ਸਹਾਇਕ ਵਿਸ਼ੇ ਹਨ। ਗੁਰੂ ਜੀ ਨਾਮ ਦੀ ਮਹੱਤਤਾ ਤੇ ਮਨੁੱਖੀ ਕਰਤੱਵ ਦੀ ਲੋੜ ਦੱਸਦੇ ਲਿਖਦੇ ਹਨ :

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ (23,1)

ਸੁਖਮਨੀ ਦੀ ਸਾਰੀ ਰਚਨਾ ਦਾ ਨਿਚੋੜ ਇਹੋ ਹੈ ਕਿ ਪਰਮਾਤਮਾ ਮਨੁੱਖ ਦੇ ਅੰਦਰ ਵੱਸਦਾ ਹੈ, ਪਰ ਮਾਇਆ ਦੇ ਜਾਲ ਵਿਚ ਫਸਿਆ ਮਨੁੱਖ ਉਸ ਨੂੰ ਵੇਖ ਨਹੀਂ ਸਕਦਾ। ਨਾਮ ਸਿਮਰਨ ਹੀ ਅਜਿਹਾ ਸਾਧਨ ਹੈ ਜਿਸ ਨਾਲ ਹਉਮੈ ਦੀ ਮੈਲ ਲੱਥਦੀ ਹੈ ਤੇ ਮਨੁੱਖ ਨਿਰਮਲ ਮਨ ਦੇ ਸ਼ੀਸ਼ੇ ਵਿਚੋਂ ਹੀ ਪ੍ਰਭੂ ਦੀ ਝਲਕ ਪਾ ਲੈਂਦਾ ਹੈ। 'ਨਾਮ' ਨੂੰ ਪ੍ਰਗਟ ਕਰਨ ਲਈ ਗੁਰੂ ਜੀ ਅੰਮ੍ਰਿਤ ਦਾ ਪ੍ਰਤੀਕ ਵਰਤਦੇ ਹਨ ਜੋ ਉਪਰਲੀ ਟੂਕ ਤੋਂ ਸਪਸ਼ਟ ਹੈ। ਭਾਣਾ ਮੰਨਣ ਅਤੇ ਪ੍ਰਭੂ-ਵਿਸ਼ਵਾਸ ਦੀ ਲੋੜ ਉਤੇ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ।

## ਰੂਪਕ ਪੱਖ

ਸੁਖਮਨੀ ਸਾਹਿਬ ਦੀ ਰੱਬੀ ਬਾਣੀ ਵਿਚ ਵਾਰਤਕ ਦੀ ਨੇੜਤਾ ਦਾ ਝਉਲਾ ਪੈਂਦਾ ਹੈ। ਭਾਵੇਂ ਕਾਵਿਕਤਾ ਦਾ ਪ੍ਰਭਾਵ ਅਤਿ ਡੂੰਘਾ ਹੈ, ਪਰ ਆਪਣੀ ਸਪਸ਼ਟਤਾ ਕਾਰਨ ਇਹ ਬਾਣੀ ਵਾਰਤਕ ਦੇ ਨੇੜੇ ਹੈ। ਸਾਧਾਰਨ ਜੀਵਨ ਨਾਲ ਸੰਬੰਧਤ ਉਪਮਾ ਅਲੰਕਾਰ ਦੀ ਵਰਤੋਂ ਕਿੰਨੀ ਸਾਰਥਕ ਹੈ :

ਚੰਦਨ ਲੇਪੁ ਉਤਾਰੈ ਧੋਇ ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥
... ... ...
ਰਤਨ ਤਿਆਗਿ ਕਉਡੀ ਸੰਗਿ ਰਚੈ ॥
ਸਾਚੁ ਛੋਡਿ ਝੂਠ ਸੰਗਿ ਮਚੈ ॥

ਇਸ ਰਚਨਾ ਦੀ ਵੱਡੀ ਵਿਸ਼ੇਸ਼ਤਾ ਇਸ ਦੇ ਸਪਸ਼ਟ ਤੇ ਸਾਰਥਕ ਉਪਦੇਸ਼ ਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਤਭਰ ਹੈ। ਸਾਦਾ ਤੇ ਸਰਲ ਬੋਲੀ ਵਿਚ ਡੂੰਘੇ ਤੋਂ ਡੂੰਘੇ ਵਿਚਾਰਾਂ ਨੂੰ ਨਿਰੂਪਨ ਕਰ ਦਿਤਾ ਹੈ। ਉਪਮਾ ਅਲੰਕਾਰ ਦੀ ਵਰਤੋਂ ਨਾਲ ਵਿਸ਼ੇ ਨੂੰ ਸਪਸ਼ਟ ਤੇ ਪ੍ਰਭਾਵਸ਼ਾਲੀ ਬਣਾਣ ਦਾ ਭਰਪੂਰ ਯਤਨ ਕੀਤਾ ਗਿਆ ਹੈ। ਗੁਰੂ ਜੀ ਇਸ ਉਪਦੇਸ਼ਾਤਮਕ ਆਸ਼ੇ ਵਿਚ, ਢੁਕਵੀਂ ਲਿਖਣ ਸ਼ੈਲੀ ਦੇ ਕਾਰਨ, ਅਤਿ ਸਫਲ ਹੋਏ ਹਨ। ਕੁਝ ਸੁੰਦਰ ਉਪਮਾਵਾਂ ਹੇਠਾਂ ਦਿਤੀਆਂ ਹਨ :

ਬਿਨ ਸਿਮਰਨੁ ਦਿਨੁ ਰੈਨਿ ਬ੍ਰਿਥਾ ਬਿਹਾਇ ॥
ਮੇਘ ਬਿਨਾ ਜਿਉ ਖੇਤੀ ਜਾਇ ॥
ਗੋਬਿੰਦ ਭਜਨ ਬਿਨੁ ਬ੍ਰਿਥੇ ਸਭ ਕਾਮ ॥
ਜਿਉ ਕਿਰਪਨ ਕੇ ਨਿਰਾਰਥ ਦਾਮ ॥ (5,6)

ਏਸੇ ਤਰ੍ਹਾਂ 15ਵੀਂ ਅਸ਼ਟਪਦੀ ਦੀ ਤੀਜੀ ਪਉੜੀ ਵਿਚ ਉਪਮਾ ਅਲੰਕਾਰ ਦਾ ਠੱਟ ਬੰਨ੍ਹ ਦਿੱਤਾ ਹੈ। ਚਾਰ ਉਪਮਾਵਾਂ ਇਕੱਠੀਆਂ ਵਰਤੀਆਂ ਹਨ :

ਜਿਉ ਮੰਦਰ ਕਉ ਥਾਮੈ ਥੰਮਨੁ ॥
ਤਿਉ ਗੁਰ ਕਾ ਸਬਦ ਮਨਹਿ ਅਸਥੰਮਨੁ ॥
ਜਿਉ ਪਾਖਾਣੁ ਨਾਵ ਚੜਿ ਤਰੈ ॥
ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥
ਜਿਉ ਅੰਧਕਾਰ ਦੀਪਕ ਪਰਗਾਸੁ ॥
ਗੁਰ ਦਰਸਨੁ ਦੇਖਿ ਮਨ ਹੋਇ ਬਿਗਾਸੁ ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥
ਤਿਨ ਸੰਤਨ ਕੀ ਬਾਛਉ ਧੂਰਿ ॥
ਨਾਨਕ ਦੀ ਹਰਿ ਲੋਚਾ ਪੂਰਿ ॥

ਤੋਲ ਤੁਕਾਂਤ ਦੀ ਵਰਤੋਂ ਵਿਚ ਗੁਰੂ ਜੀ ਅਤਿ ਨਿਪੁਣ ਹਨ। ਚੌਪਈ ਜਾਂ ਮਸਨਵੀ ਵਾਂਗ ਹਰ ਦੋ ਤੁਕਾਂ ਦਾ ਤੁਕਾਂਤ ਪੂਰਨ ਯੋਗਤਾ ਨਾਲ ਮਿਲਾਇਆ ਹੈ। ਛੰਦਾਬੰਦੀ ਦੀ ਆਤਮਾ ਸੰਗੀਤ ਜਾਂ ਲੈਅ ਮੰਨੀ ਜਾਂਦੀ ਹੈ। ਗੁਰੂ ਜੀ ਨੇ ਸੰਗੀਤਕ ਅੰਸ਼ ਦੀ ਅਧਿਕਤਾ ਦਾ ਪ੍ਰਭਾਵ ਤੁਕਾਂ ਵਿਚਲੇ ਸ਼ਬਦਾਂ ਨੂੰ ਬਾਰ ਬਾਰ ਦੁਹਰਾ ਕੇ ਉਪਜਾਇਆ ਹੈ। ਇਸ ਨਾਲ ਸਾਰੀ ਰਚਨਾ ਵਿਚ ਕਾਵਿ ਰਸ ਦੇ ਨਾਲ ਰੋਚਕਤਾ ਬਹੁਤ ਵਧ ਗਈ ਹੈ। ਬੋਲੀ ਤੇ ਸ਼ਬਦਾਵਲੀ ਦੀ ਮਿਠਾਸ ਵੀ ਬਹੁਤ ਹੱਦ ਤਕ ਇਸੇ ਸੰਗੀਤਕ ਪ੍ਰਭਾਵ ਦੇ ਕਾਰਨ ਹੈ। ਦੁਹਰਾਏ ਜਾਣ ਵਾਲੇ ਕੁਝ ਤੁਕਾਂਗ ਇਹ ਹਨ :

1. ਪ੍ਰਭ ਕੈ ਸਿਮਰਨਿ...
2. ਹਰਿ ਕਾ ਨਾਮੁ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਮਿਥਿਆ...
4. ਜਿਹ ਪ੍ਰਸਾਦਿ...
5. ਸਾਧ ਕੈ ਸੰਗਿ...
6. ਬ੍ਰਹਮ ਗਿਆਨੀ...
7. ਕਈ ਕੋਟਿ...
8. ਜਬ ਲਗੁ...
9. ਸੰਤ ਕੈ ਦੂਖਨ...
10. ਸੰਤ ਕਾ ਨਿੰਦਕ...
11. ਸੰਤ ਕਾ ਦੋਖੀ...
12. ਨਾਮ ਕੇ ਧਾਰੇ...
13. ਸੋ ਕਿਉ ਵਿਸਰੈ...
14. ਜਬ...
15. ਤਬ...

ਸਮੁਚੇ ਤੌਰ ਤੇ ਕਿਹਾ ਜਾ ਸਕਦਾ ਹੈ ਇਹ ਰਚਨਾ ਵਿਸ਼ੇ-ਸਮੱਗਰੀ ਪਖੋਂ, ਵਿਚਾਰ-ਉੱਚਤਾ ਪਖੋਂ, ਸਰੋਦੀ ਅੰਸ਼, ਸਰਲਤਾ, ਸਪਸ਼ਟਤਾ, ਪ੍ਰਭਾਵ ਦੀਰਘਤਾ, ਬੋਲੀ ਦੀ ਮਿਠਾਸ ਤੇ ਕਾਵਿ-ਕੌਸ਼ਲਤਾ ਪਖੋਂ ਪੰਜਾਬੀ ਕਾਵਿ-ਸਾਹਿੱਤ ਦੀ ਇਕ ਉਤਕ੍ਰਿਸ਼ਟ ਵੰਨਗੀ ਹੈ, ਜਿਸ ਦੀ ਮਹੱਤਤਾ ਕੇਵਲ ਸਿੱਖ ਸਮਾਜ ਵਿਚ ਹੀ ਨਹੀਂ, ਸਗੋਂ ਦੁਨੀਆਂ ਦਾ ਹਰ ਮਨੁੱਖ ਇਸ ਵਿਚੋਂ ਇਕੋ ਜਿਹਾ ਨਿੱਘ, ਆਨੰਦ, ਰਸ ਤੇ ਸੁਆਦ ਮਾਣ ਸਕਦਾ ਹੈ। ਇਸ ਦਾ ਪ੍ਰਤੱਖ ਪ੍ਰਮਾਣ ਇਹ ਹੈ ਕਿ ਇਹ ਬਾਣੀ ਸੰਸਾਰ ਦੀਆਂ ਕਈ ਬੋਲੀਆਂ ਵਿਚ ਉਲਥਾਈ ਜਾ ਚੁਕੀ ਹੈ। ਨਿਸਚੇ ਹੀ 'ਸੁਖਮਨੀ' ਪੰਜਾਬੀ ਸਾਹਿੱਤ ਦੀ ਇਕ-ਗੌਰਵ-ਮਈ ਕ੍ਰਿਤੀ ਹੈ। ਸਿੱਖ ਧਰਮ ਦੀਆਂ ਸਭ ਤੋਂ ਮਹੱਤਵ-ਪੂਰਨ ਕਾਵਿ-ਰਚਨਾਵਾਂ ਜਪੁਜੀ ਤੇ ਆਸਾ ਦੀ ਵਾਰ ਤੋਂ ਬਾਅਦ ਨਿਰਸੰਦੇਹ ਸਭ ਤੋਂ ਆਦਰਨੀਯ ਸਥਾਨ ਸੁਖਮਨੀ ਸਾਹਿਬ ਦਾ ਹੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਪੁਸਤਕ ਵਿਚਾਰਧਾਰਾ, ਲੇਖ 'ਜਪੁਜੀ ਦਾ ਸਾਹਿੱਤਕ ਮੁਲਾਂਕਣ', ਪੰਨਾ 49।
2. ਅਟਸ਼ਪਦੀਆਂ ਵਿਚਲੇ ਭਿੰਨ ਭਿੰਨ ਵਿਸ਼ਿਆਂ ਲਈ ਦੇਖੋ ਏਸੇ ਪੁਸਤਕ ਦਾ ਲੇਖ, 'ਗੁਰੂ ਅਰਜਨ : ਕਾਵਿ ਮੁਲੰਕਣ, ਪੰਨਾ ?
3. ਪੁਸਤਕ ਸੁਖਮਨੀ ਸਾਹਿਬ ਸਟੀਕ ਰਚਿਤ ਪ੍ਰੋ: ਸਾਹਿਬ ਸਿੰਘ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਭਾਈ ਗੁਰਦਾਸ ਦੀ ਕਾਵਿ-ਵਿਸ਼ੇਸ਼ਤਾ

ਭਾਈ ਗੁਰਦਾਸ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮੇ ਸਨ। ਆਪ ਦਾ ਗੁਰੂ ਘਰ ਨਾਲ ਸੰਬੰਧ ਕਾਫ਼ੀ ਲੰਮੇ ਸਮੇਂ ਤਕ ਰਿਹਾ। ਆਪ ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤਕ ਗੁਰੂ ਸਾਹਿਬਾਨ ਅਤੇ ਸਿੱਖ ਧਰਮ ਦੀ ਅਨਥੱਕ ਸੇਵਾ ਕਰਦੇ ਰਹੇ। ਬਾਬਾ ਬੁੱਢਾ ਜੀ ਤੋਂ ਸਿਵਾ ਸ਼ਾਇਦ ਕੋਈ ਸਿੱਖ ਭਾਈ ਗੁਰਦਾਸ ਵਰਗਾ ਗੁਰੂ ਸਾਹਿਬਾਨ ਦਾ ਨਿਕਟਵਰਤੀ, ਸ਼ਰਧਾਲੂ ਅਤੇ ਅਨਿਨ ਭਗਤ ਨਹੀਂ ਹੋਇਆ। ਵਿਦਵਤਾ ਦੇ ਕਮਾਲ ਵਿਚ ਤਾਂ ਕੋਈ ਸਿੱਖ ਸਾਰੇ ਸਿੱਖ ਇਤਿਹਾਸ ਵਿਚ ਆਪ ਦੇ ਟਾਕਰੇ ਦਾ ਨਹੀਂ ਮਿਲਦਾ। ਆਪ ਦੀ ਪਦਵੀ ਸਿੱਖ ਭਗਤਾਂ ਅਤੇ ਵਿਦਵਾਨਾਂ ਵਿਚ ਬਹੁਤ ਉੱਚੀ ਹੈ। ਆਪ ਦੀ ਸ਼ਖਸੀਅਤ ਦਾ ਪ੍ਰਭਾਵ ਆਪ ਦੇ ਸਮੇਂ ਵਿਚ ਤੇ ਬਾਅਦ ਵਿਚ ਹਮੇਸ਼ਾ ਅਤਿ ਡੂੰਘਾ ਰਿਹਾ ਹੈ।

ਆਪ ਦੇ ਜਨਮ ਸੰਬੰਧੀ ਭਾਵੇਂ ਸਿੱਖ ਇਤਿਹਾਸ ਦੇ ਪੁਰਾਤਨ ਗ੍ਰੰਥ ਕੁਝ ਨਹੀਂ ਦੱਸਦੇ, ਫਿਰ ਵੀ ਅਨੁਮਾਨ ਲਾਇਆ ਜਾਂਦਾ ਹੈ ਕਿ ਆਪ ਦਾ ਜਨਮ ਸੰਨ. 1551 (ਡਾ. ਗੰਡਾ ਸਿੰਘ ਤੇ ਹੋਰ ਵਿਦਵਾਨਾਂ ਅਨੁਸਾਰ) ਵਿਚ ਹੋਇਆ। ਪਿਤਾ ਦਾ ਨਾਉਂ ਦਾਤਾਰ ਚੰਦ ਸੀ। ਆਪ ਜ਼ਾਤ ਦੇ ਭੱਲਾ ਖੱਤਰੀ ਸਨ ਤੇ ਪਿੰਡ ਬਾਸਰਕੇ (ਜ਼ਿਲਾ ਅੰਮ੍ਰਿਤਸਰ) ਸੀ, ਪਰ ਸਾਰੀ ਆਯੂ ਗੁਰੂ ਸਾਹਿਬਾਨ ਦੀ ਸੇਵਾ ਵਿਚ ਗੋਇੰਦਵਾਲ ਅਤੇ ਅੰਮ੍ਰਿਤਸਰ ਰਹੇ। ਬਹੁਤ ਸਾਰਾ ਸਮਾਂ ਬਨਾਰਸ ਰਹਿ ਕੇ ਸਿੱਖੀ ਪ੍ਰਚਾਰ ਵਿਚ ਬਿਤਾਇਆ। ਦੇਹਾਂਤ ਸੰ. 1637 ਈ. ਵਿਚ ਹੋਇਆ।

ਆਪ ਦਾ ਬਚਪਨ ਦਾ ਸਮਾਂ ਗੋਇੰਦਵਾਲ ਵਿਚ ਬੀਤਿਆ, ਜਿਥੇ ਆਪ ਨੇ ਮੁਢਲੀ ਵਿਦਿਆ ਪ੍ਰਾਪਤ ਕੀਤੀ। ਆਪ ਦੀ ਰਚਨਾ ਤੋਂ ਪਤਾ ਲਗਦਾ ਹੈ ਕਿ ਆਪ ਨੇ ਹਿੰਦੀ, ਸੰਸਕ੍ਰਿਤ ਅਤੇ ਫ਼ਾਰਸੀ ਦੀ ਚੰਗੀ ਵਿਦਿਆ ਹਾਸਲ ਕੀਤੀ ਅਤੇ ਹਿੰਦੂ ਸ਼ਾਸਤਰ, ਉਪਨਿਸ਼ਦ, ਪੁਰਾਣ ਆਦਿ ਵੀ ਪੜ੍ਹੇ। ਆਪ ਨੂੰ ਹਿੰਦੂ ਮਿਥਿਹਾਸ ਦੀ ਪੂਰੀ ਵਾਕਫ਼ੀ ਸੀ, ਜਿਹਾ ਕਿ ਆਪ ਦੀ ਕਵਿਤਾ ਤੋਂ ਸਪਸ਼ਟ ਹੁੰਦਾ ਹੈ। ਇਸ ਤੋਂ ਛੁਟ ਪਿੰਗਲ ਦੇ ਵੀ ਆਪ ਉਸਤਤ ਸਨ ਜਿਹਾ ਕਿ ਆਪ ਨੇ ਆਪਣੀ ਕਵਿਤਾ ਵਿਚ ਤੋਲ ਅਤੇ ਤੁਕਾਂਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਅਤਿ ਢੁਕਵੀਂ ਤੇ ਮੌਲਿਕ ਵਰਤੋਂ ਦਿਖਾ ਕੇ ਸਬੂਤ ਦਿਤਾ ਹੈ।

ਗੁਰੂ ਸਾਹਿਬਾਨ ਦੀਆਂ ਸਾਖੀਆਂ ਵਿਚ ਭਾਈ ਗੁਰਦਾਸ ਦਾ ਵਰਨਣ ਕਈ ਥਾਂਈਂ ਹੋਇਆ ਹੈ ਅਤੇ ਆਪ ਦੇ ਸਿੱਖੀ ਸਿਦਕ, ਅਥਾਹ ਸ਼ਰਧਾ ਅਤੇ ਧਰਮ ਪ੍ਰਚਾਰ ਦੀ ਸੇਵਾ ਦੇ ਕਾਰਨ ਗੁਰੂ ਸਾਹਿਬਾਨ ਤੇ ਸਿੱਖਾਂ ਵਲੋਂ ਆਪ ਨੂੰ ਪੂਰਾ ਸਤਿਕਾਰ ਤੇ ਮਾਨ ਪ੍ਰਾਪਤ ਹੋਇਆ। ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਲਿਖਣ ਦੀ ਅਦੁਤੀ ਸੇਵਾ ਆਪ ਨੂੰ ਹੀ ਬਖਸ਼ੀ ਤੇ ਆਪ ਦਾ ਨਾਉਂ ਸਦਾ ਲਈ ਪ੍ਰਸਿੱਧ ਕਰ ਦਿਤਾ। ਇਸ ਮਾਨ ਤੋਂ ਸਿਵਾ ਆਪ ਦੀ ਰਚਨਾ ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਸ਼ਾਮਲ ਕੀਤੀ ਗਈ, ਫਿਰ ਵੀ ਇਸ ਨੂੰ ਗੁਰੂ ਸਾਹਿਬ ਵਲੋਂ ਗੁਰੂ ਗ੍ਰੰਥ ਸਾਹਿਬ ਦੀ 'ਕੁੰਜੀ' ਹੋਣ ਦੀ ਮਹਾਨ ਪਦਵੀ ਬਖਸ਼ੀ ਗਈ। ਭਾਈ ਬੁੱਢਾ ਜੀ ਦੇ ਦੇਹਾਂਤ ਉਪਰੰਤ ਭਾਈ ਗੁਰਦਾਸ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਗ੍ਰੰਥੀ ਵੀ ਰਹੇ, ਜੋ ਇਕ ਅਲੱਭ ਪਦਵੀ ਸੀ। ਆਪ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਕਾਫ਼ੀ ਸਮੇਂ ਲਈ ਬਨਾਰਸ ਵਿਚ ਜੋ ਸੰਸਕ੍ਰਿਤ ਦਾ ਗੜ੍ਹ ਸੀ, ਰਹਿ ਕੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ।

ਸਿੱਖੀ ਪ੍ਰਚਾਰ ਦੇ ਆਸ਼ੇ ਤੋਂ ਭਾਈ ਗੁਰਦਾਸ ਈਸਾਈ ਮੱਤ ਦੇ ਸੇਂਟ ਪਾਲ ਵਾਲਾ ਦਰਜਾ ਰਖਦੇ ਹਨ। ਇਨ੍ਹਾਂ ਦੀ ਕਵਿਤਾ ਵਿਚ ਗੁਰਮਤ ਦੇ ਸਿਧਾਂਤਾਂ ਨੂੰ ਭਲੀ ਭਾਂਤ ਸਪਸ਼ਟ ਕੀਤਾ ਗਿਆ ਹੈ ਅਤੇ ਬਹੁਤ ਸਾਰੀਆਂ ਗੁੰਝਲਾਂ ਖੋਲ੍ਹੀਆਂ ਗਈਆਂ ਹਨ। ਜੇ ਆਪ ਇਹ ਜ਼ਰੂਰੀ ਕੰਮ ਨਾ ਕਰਦੇ ਤਾਂ ਹੋ ਸਕਦਾ ਸੀ ਕਿ ਗੁਰੂ ਸਾਹਿਬਾਨ ਦੇ ਪਿਛੋਂ ਸਿੱਖ ਕਈ ਟਪਲੇ ਖਾ ਜਾਂਦੇ ਅਤੇ ਸਿੱਖ ਮੱਤ ਯੋਗ ਮੱਤ ਵਲ ਤੁਰ ਪੈਂਦਾ।

ਆਪ ਨੇ ਪੰਜਾਬੀ ਵਿਚ 39 ਵਾਰਾਂ ਲਿਖੀਆਂ ਹਨ ਅਤੇ ਹਿੰਦੀ ਵਿਚ 640 ਦੇ ਦੇ ਲਗ ਭਗ ਕਬਿੱਤ (ਹਰਿੰਦਰ ਸਿੰਘ ਰੂਪ ਦੀ ਪੁਸਤਕ 'ਭਾਈ ਗੁਰਦਾਸ' ਪੰਨਾ 28 ਅਨੁਸਾਰ 620)।

ਆਪ ਦਾ ਦੇਹਾਂਤ ਸੰ: 1637 (ਡਾ. ਗੰਡਾ ਸਿੰਘ ਅਨੁਸਾਰ 1629) ਵਿਚ ਹੋਇਆ।

ਭਾਈ ਗੁਰਦਾਸ ਗੁਰਮਤ ਦੇ ਬੇਮਿਸਾਲ ਕਵੀ ਹਨ। ਆਪ ਵਿਸ਼ੇ ਤੇ ਬੋਲੀ ਦੋਹਾਂ ਵਿਚ ਮਹਾਨਤਾ ਤੇ ਕਮਾਲ ਪ੍ਰਗਟ ਕਰਦੇ ਹਨ। ਇਸ ਲਈ ਆਪ ਦੀ ਕਵਿਤਾ ਪੰਜਾਬੀ ਸਾਹਿੱਤ ਦੀ ਉੱਚ ਕੋਟੀ ਦੀ ਕਵਿਤਾ ਮੰਨੀ ਜਾਂਦੀ ਹੈ। ਆਪ ਦਾ ਵਿਸ਼ਾ ਗੁਰਮਤ ਹੈ ਅਤੇ ਆਪ ਦੀ ਬੋਲੀ ਠੇਠ ਤੇ ਮੁਹਾਵਰੇ-ਭਰੀ। ਆਪ ਦੀ ਕਵਿਤਾ ਦੇ ਵੱਡੇ ਗੁਣ ਇਹ ਹਨ :—

(1) ਗੁਰਮਤ ਦੀ ਵਿਆਖਿਆ
(2) ਘਰੋਗੀ ਮਿਸਾਲਾਂ
(3) ਮਿਥਿਹਾਸਕ ਜਾਣਕਾਰੀ
(4) ਬਲੀ ਦੀ ਠੇਠਤਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(5) ਉਪਮਾਵਾਂ ਦਾ ਢੁਕਾ

## ਗੁਰਮਤ ਦੀ ਵਿਆਖਿਆ

ਡਾ. ਦਰਦੀ ਕਹਿੰਦਾ ਹੈ : "ਆਪ ਦਾ ਮੁਢਲਾ ਆਸ਼ਾ ਗੁਰੂ ਤੇ ਸਿੱਖ ਮਤ ਦੀ ਵਡਿਆਈ, ਸੇਵਾ, ਸਿਦਕ ਤੇ ਨਿਰਮਾਨਤਾ ਆਦਿਕ ਨੂੰ ਦਰਸਾਉਣਾ ਹੈ।" ਭਾਈ ਗੁਰਦਾਸ ਨੇ ਗੁਰਮਤ ਦੇ ਸਿਧਾਂਤ ਆਪਣੀਆਂ ਵਾਰਾਂ ਵਿਚ ਖੋਲ੍ਹ ਕੇ ਦੱਸੇ ਹਨ। ਗੁਰਬਾਣੀ ਨਾਲੋਂ ਆਪ ਦੀ ਕਵਿਤਾ ਵਿਚ ਵਲਵਲਾ ਘਟ ਹੈ, ਕਿਉਂਕਿ ਵਿਚਾਰਾਂ ਅਤੇ ਪ੍ਰਮਾਣਾਂ ਦਾ ਬੋਝ ਕਵਿਤਾ ਤੇ ਵਧੇਰੇ ਪਾਇਆ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਦੀ ਬਾਬਤ ਆਪ ਨੇ ਬੜੇ ਸੁੰਦਰ ਅਲੰਕਾਰ ਵਰਤ ਕੇ ਗੁਰੂ ਸਾਹਿਬ ਦੇ ਆਗਮਨ ਦੀ ਵਿਸ਼ੇਸ਼ਤਾ ਅਤੇ ਉਨ੍ਹਾਂ ਦੇ ਰੱਬੀ ਸੰਦੇਸ਼ ਦੀ ਮਹੱਤਤਾ ਪ੍ਰਗਟ ਕੀਤੀ ਹੈ। ਦੇਖੋ ਪਹਿਲੀ ਵਾਰ ਦੀਆਂ ਪਉੜੀਆਂ, 22, 23, 24, 25, 26, 27, 28, 29 ਆਦਿ 44 ਤਕ। ਇਸੇ ਤਰ੍ਹਾਂ 44 ਤੋਂ 48 ਤਕ ਪਉੜੀਆਂ ਵਿਚ ਦੂਜੇ, ਤੀਜੇ, ਚੌਥੇ, ਪੰਜਵੇਂ ਅਤੇ ਛੇਵੇਂ ਗੁਰੂ ਜੀ ਦਾ ਸੰਖੇਪ ਹਾਲ ਲਿਖ ਕੇ 49ਵੀਂ ਪਉੜੀ ਵਿਚ ਸ਼ਬਦ 'ਵਾਹਿਗੁਰੂ' ਦੀ ਵਿਆਖਿਆ ਕੀਤੀ ਹੈ। ਪਹਿਲੀ ਵਾਰ, ਗੁਰਮਤ ਦੀ ਫ਼ਿਲਾਸਫ਼ੀ ਨੂੰ ਸਮਝਣ ਲਈ ਅਤਿ ਜ਼ਰੂਰੀ ਹੈ।

ਵਾਹਿਗੁਰੂ ਅਤੇ ਗੁਰੂ ਤੋਂ ਬਾਅਦ ਪ੍ਰਭੂ-ਏਕਤਾ. ਪ੍ਰਭੂ-ਵਿਆਪਕਤਾ, ਪ੍ਰਭੂ-ਦਿਆਲਤਾ, ਪ੍ਰੇਮ, ਕਾਦਰ-ਕੁਦਰਤ-ਸੰਬੰਧ, ਗੁਰੂ-ਚੇਲਾ-ਸੰਬੰਧ, ਗੁਰਮੁਖ, ਸਾਧ ਸੰਗਤ, ਮੁਰੀਦ (ਸਿੱਖ) ਦੇ ਗੁਣ ਤੇ ਸਿੱਖ ਦਾ ਨਿਤਨੇਮ, ਗਰੀਬੀ-ਨਿਮਰਤਾ, ਸਤਿ-ਅਸਤਿ ਦਾ ਨਿਰਣਾ, ਗੁਰਮਤ ਦਾ ਰਾਹ (ਗਾਡੀ ਰਾਹ) ਗ੍ਰਿਹਸਤ ਦੀ ਲੋੜ, ਦੰਭ, ਗੁਰਮੁਖ ਰਹਿਣੀ, ਸੇਵਾ (ਨਿਸ਼ਕਾਮ ਸੇਵਾ), ਮੱਤਾਂ ਤੇ ਵਰਣਾਂ ਦੀ ਸੂਚੀ, ਪਰਉਪਕਾਰ, ਬੁਰੇ ਦਾ ਭਲਾ, ਭਗਤਾਂ ਦਾ ਵਰਣਨ, ਗੁਰੂ ਦੀ ਲੋੜ, ਗੁਰਮੁਖ, ਮਨਮੁਖ ਆਦਿ ਗੁਰਮਤ ਦੇ ਸਿਧਾਂਤ ਪਹਿਲੀਆਂ ਪੰਦਰਾਂ ਵਾਰਾਂ ਵਿਚ ਦਰਸਾਏ ਹਨ।

## ਘਰੋਗੀ ਮਿਸਾਲਾਂ

ਭਾਈ ਸਾਹਿਬ ਦੀ ਕਵਿਤਾ ਦਾ ਰੰਗ ਘਰੋਗੀ ਹੈ। ਇਸ ਤੋਂ ਆਪ ਦੀ ਡੂੰਘੀ ਨੀਝ ਦਾ ਪਤਾ ਲਗਦਾ ਹੈ। ਆਪ ਨੇ ਬੇਸ਼ੁਮਾਰ ਘਰੋਗੀ ਦ੍ਰਿਸ਼ਟਾਂਤ ਜਾਂ ਮਿਸਾਲਾਂ ਵਰਤੀਆਂ ਹਨ, ਜਿਨ੍ਹਾਂ ਦੀ ਸਾਦਗੀ ਅਤੇ ਘਰੋਗੀ ਅਸਲ ਦੇ ਕਾਰਨ ਰਸ ਤੇ ਸੁਆਦ ਬਹੁਤ ਜ਼ਿਆਦਾ ਹੈ। ਆਪ ਇਕ ਸਿਧਾਂਤ ਦੀ ਵਿਆਖਿਆ ਜਾਂ ਪੁਸ਼ਟੀ ਲਈ ਇਕ ਮਿਸਾਲ ਦੀ ਥਾਂ ਅੱਠ ਅੱਠ ਦਸ ਦਸ ਮਿਸਾਲਾਂ ਵਰਤ ਜਾਂਦੇ ਹਨ, ਜਿਸ ਨਾਲ ਆਪ ਦਾ ਆਸ਼ਾ ਬਿਲਕੁਲ ਸਪਸ਼ਟ ਹੋ ਜਾਂਦਾ ਹੈ। ਇਹ ਮਿਸਾਲਾਂ ਦੀ ਬਹੁਲਤਾ ਆਪ ਦੀ ਸਿਰਜਨਾਤਮਕ ਸ਼ਕਤੀ ਅਤੇ ਕਲਪਨਾ ਦੀ ਉਪਜ ਦੀ ਸੂਚਕ ਹੈ।

ਘਰੋਗੀ ਮਿਸਾਲਾਂ ਦੇ ਨਮੂਨੇ ਹੇਠ ਲਿਖੇ ਹਨ। ਇਹ ਸਾਰੇ ਜੀਵਨ ਖੇਤਰ ਦੀ ਵਿਸ਼ਾਲਤਾ ਨੂੰ ਖੋਜ ਅਤੇ ਟੋਲ ਕੇ ਲੱਭੀਆਂ ਹਨ : ਗੰਨਾ, ਕਪਾਹ, ਤਿਲ, ਅਨਾਰ, ਗਊ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਬਾਬ, ਖਸਖਾਸ, ਕਾਜਲ, ਪਤੰਗ, ਚੰਦ, ਚਕੋਰ, ਚਕਵੀ, ਸੂਰਜ, ਫੁਲ, ਵੜੇਵਾਂ, ਮਜੀਠ, ਕਸੁੰਭਾ, ਸਵਾਂਤ ਬੂੰਦ, ਪਾਰਸ, ਪੱਥਰ, ਸਾਗਰ, ਘਾਹ, ਬ੍ਰਿਛ, ਬੇੜੀ, ਲੋਹਾ, ਦਿਨ ਰਾਤ, ਧਰਤੀ, ਬੀਜ, ਚੀਲ, ਹੰਸ, ਤੁੰਮਾਂ, ਕੁੱਤਾ, ਖੋਤਾ, ਬਾਂਦਰ, ਹਾਥੀ, ਕਸਤੂਰੀ, ਚੰਦਨ, ਆਦਿ ।

ਭਾਈ ਸਾਹਿਬ ਦੀ ਕਵਿਤਾ ਤੋਂ ਉਨ੍ਹਾਂ ਦੇ ਸਮਕਾਲੀ ਜੀਵਨ, ਸਭਿਆਚਾਰ, ਸੰਸਕ੍ਰਿਤੀ (ਕਲਚਰ) ਰਸਮਾਂ, ਭਾਈਚਾਰਕ ਦਸ਼ਾ ਆਦਿ ਦਾ ਵੀ ਬਹੁਤ ਕੁਝ ਪਤਾ ਲੱਗਦਾ ਹੈ ।

## ਮਿਥਿਹਾਸਿਕ ਜਾਣਕਾਰੀ

ਭਾਈ ਸਾਹਿਬ ਦੀ ਕਵਿਤਾ ਵਿਚ ਮਿਥਿਹਾਸਕ ਜਾਣਕਾਰੀ ਅਤਿਅੰਤ ਹੈ । ਆਪ ਦੀਆਂ ਵਾਰਾਂ ਮਾਨੋ ਹਿੰਦੂ ਭਗਤਾਵਲੀ ਅਤੇ ਨਾਇਕਵਲੀ ਦਾ ਭੰਡਾਰ ਜਾਂ ਕੋਸ਼ ਹਨ । ਇੰਨੀ ਵਿਸ਼ਾਲ ਵਾਕਫੀ ਪੰਜਾਬੀ ਸਾਹਿੱਤ ਦੇ ਇਤਿਹਾਸ, ਵਿਚ ਸਿਵਾਏ ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਦੇ ਹੋਰ ਕਿਤੇ ਨਹੀਂ ਮਿਲਦੀ । ਆਪ ਦੀ ਰਚਨਾ ਵਿਚੋਂ ਵੇਦਾਂ, ਸ਼ਾਸਤਰਾਂ ਉਪਨਿਸ਼ਦਾਂ, ਪੁਰਾਣਾਂ ਅਤੇ ਹੋਰ ਪੁਰਾਤਨ ਹਿੰਦੂ ਗ੍ਰੰਥਾਂ ਦੀ ਪੂਰੀ ਸੂਝ ਪ੍ਰਾਪਤ ਹੁੰਦੀ ਹੈ । ਇੰਨੀ ਭਾਰੀ ਵਿਦਵਤਾ ਗੁਰੂ ਸਾਹਿਬਾਨ ਤੋਂ ਸਿਵਾ ਤੇ ਪੁਰਾਤਨ ਰਿਸ਼ੀਆਂ ਮੁਨੀਆਂ ਤੋਂ ਸਿਵਾ ਸ਼ਾਇਦ ਭਾਰਤ ਇਤਿਹਾਸ ਦੇ ਬਹੁਤ ਘਟ ਵਿਦਵਾਨਾਂ ਨੇ ਪ੍ਰਗਟ ਕੀਤੀ ਹੈ । ਭਾਈ ਸਾਹਿਬ ਦੀ ਵਿਦਵਤਾ ਨਿਰੋਲ ਥੋਥੀ ਗਿਆਨ-ਚਰਚਾ ਨਹੀਂ, ਸਗੋਂ ਜੀਵਨ ਦੀ ਕਸਵੱਟੀ ਤੇ ਲਾ ਕੇ ਸਿੱਖ ਧਰਮ ਦੇ ਸਿਧਾਂਤ ਪ੍ਰਗਟਾਣ ਲਈ ਮਿਥਿਹਾਸਕ ਵਿਦਿਆ ਤੇ ਜਾਣਕਾਰੀ ਤੋਂ ਕੰਮ ਲਿਆ ਗਿਆ ।

ਪਹਿਲੀ ਵਾਰ ਵਿਚ ਸੰਸਾਰ ਤੇ ਮਨੁੱਖ ਦੀ ਉਤਪਤੀ, ਇਸ ਦੇ ਕਾਰਨ, ਜੁਗਾਂ ਦਾ ਵਰਣਨ (ਸਤਿਜੁਗ, ਤ੍ਰੇਤਾ ਦ੍ਵਾਪਰ, ਕਲਿਜੁਗ) ਚੌਹਾਂ ਵਰਣਾਂ ਦੇ ਇਤਿਹਾਸ (ਬ੍ਰਹਮਨ, ਖੱਤਰੀ, ਵੈਸ਼, ਸ਼ੂਦਰ) ਤੋਂ ਬਾਅਦ ਵੇਖੋ ਬਾਰ੍ਹਵੀਂ ਵਾਰ ਵਿਚ ਬ੍ਰਹਮਾ, ਵਿਸ਼ਨੂੰ ਦੇ ਦਸ ਅਵਤਾਰ, ਮਹਾਂਦੇਵ (ਸ਼ਿਵ), ਇੰਦ੍ਰ, ਨਾਰਦ, ਸਨਕਾਦਿਕ, ਧਰੂਹ, ਆਦਿ ਦਾ ਕਿੰਨਾ ਭਾਵ-ਪੂਰਤ ਵਰਣਨ ਕੀਤਾ ਹੈ । ਇਸ ਤੋਂ ਸਿਵਾ ਅਠਵੀਂ ਵਾਰ ਵਿਚ ਹਿੰਦੂਆਂ ਦੇ ਮੱਤਾਂ ਮਤਾਂਤਰਾਂ ਅਤੇ ਮੁਸਲਮਾਨੀ ਮੱਤਾਂ, ਵਰਣਾਂ, ਜਾਤਾਂ ਆਦਿ ਦਾ ਬੇਹੱਦ ਵੇਰਵਾ ਦਿੱਤਾ ਹੈ । ਦਸਵੀਂ ਵਾਰ ਵਿਚ ਭਗਤਾਂ ਧਰੂਹ, ਪ੍ਰਹਿਲਾਦ, ਅੰਬਰੀਕ, ਜਨਕ, ਰਾਜਾ ਹਰੀ ਚੰਦ, ਬਿਦਰ, ਦਰੋਪਤੀ, ਸੁਦਾਮਾ, ਜੈਦੇਵ, ਤ੍ਰਿਲੋਚਨ, ਧੰਨਾ, ਬੇਣੀ, ਕਬੀਰ, ਸੈਨ ਨਾਈ, ਰਵਿਦਾਸ, ਗੋਤਮ, ਬਾਲਮੀਕ, ਅਜਾਮਲ, ਗਨਿਕਾ, ਪੂਤਨਾ ਅਤੇ ਬਧਿਕ ਦੇ ਦ੍ਰਿਸ਼ਟਾਂਤ ਵਰਤ ਕੇ ਈਸ਼ਵਰ ਭਗਤੀ ਦੀ ਸਚਾਈ ਤੇ ਅਟੱਲਤਾ ਨੂੰ ਪ੍ਰਗਟਾਇਆ ਹੈ ।

## ਬੋਲੀ ਦੀ ਠੇਠਤਾ

ਭਾਈ ਗੁਰਦਾਸ ਦਾ ਸ਼ਬਦ ਭੰਡਾਰ ਅਮੁੱਕ ਹੈ । ਆਪ ਵਰਗਾ ਪੰਜਾਬੀ ਸ਼ਬਦਾਂ ਦਾ ਕੋਸ਼ਕਾਰ, ਗੁਰੂ ਗੋਬਿੰਦ ਸਿੰਘ ਜੀ ਤੋਂ ਛੁਟ ਹੋਰ ਕੋਈ ਨਹੀਂ ਹੋ ਸਕਿਆ ਹੈ । ਬੋਲੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਠੇਠ ਪੰਜਾਬੀ ਵਰਤੀ ਹੈ। ਦੂਜੀਆਂ ਬੋਲੀਆਂ ਤੋਂ ਵੀ ਸ਼ਬਦ ਲੈ ਕੇ ਉਨ੍ਹਾਂ ਨੂੰ ਪੰਜਾਬੀ ਰੂਪ ਦੇ ਕੇ ਵਰਤ ਲਿਆ ਹੈ। ਇਨ੍ਹਾਂ ਨੇ ਵਾਰ ਦਾ ਤੋਲ ਵੀ ਠੀਕ ਵਰਤਿਆ ਹੈ ਤੇ ਤੁਕਾਂਤ ਦੀ ਵਰਤੋਂ ਬੜੀ ਸੂਝ ਤੇ ਪ੍ਰਬੀਨਤਾ ਨਾਲ ਕੀਤੀ ਹੈ। ਸ਼ਬਦਾਂ ਦੀ ਜੜਤ; ਵਾਕੰਸ਼ਾਂ ਦੀ ਬਣਤਰ ਅਤੇ ਕਾਵਿ-ਕ੍ਰਿਤਕਾਰੀ ਬੜੇ ਕਮਾਲ ਦੀ ਦਰਸਾਈ ਹੈ। ਬੋਲੀ ਦੀ ਸੁਯੋਗਤਾ ਤੇ ਢੁਕਾ ਉਨ੍ਹਾਂ ਦੀ ਕਵਿਤਾ ਵਿਚ ਇਕ ਖ਼ਾਸ ਲੈ ਤੇ ਰਾਗ ਪੈਦਾ ਕਰਦਾ ਹੈ, ਜਿਸ ਦਾ ਅਸਰ ਪਾਠਕ ਤੇ ਅਧਿਕ ਪੈਂਦਾ ਹੈ। ਭਾਈ ਸਾਹਿਬ ਗੁਰਬਾਣੀ ਦੇ ਪੂਰਨ ਅਭਿਆਸੀ ਸਿੱਖ ਸਨ। ਇਸ ਲਈ ਇਨ੍ਹਾਂ ਦੀ ਕਵਿਤਾ ਦੀ ਬੋਲੀ ਵਿਚ ਸੁਤੇ ਸਿਧ ਹੀ ਗੁਰਬਾਣੀ ਦੇ ਸ਼ਬਦ ਆ ਗਏ ਹਨ, ਜਿਨ੍ਹਾਂ ਨੇ ਕਵਿਤਾ ਦੀ ਮਿਠਾਸ ਅਤੇ ਰਸ ਨੂੰ ਹੋਰ ਵੀ ਜ਼ਿਆਦਾ ਕਰ ਦਿਤਾ ਹੈ।

## ਉਪਮਾਵਾਂ ਦਾ ਢੁਕਵਾਂਪਨ

ਆਪ ਜਿਹਾ ਉਪਮਾਕਾਰ ਤਾਂ ਸ਼ਾਇਦ ਪੰਜਾਬੀ ਸਾਹਿੱਤ ਵਿਚ ਮਿਲਣਾ ਮੁਸ਼ਕਲ ਹੈ! ਤੁਲਨਾ ਦੀ ਸੁਚੱਜਤਾ ਅਤੇ ਬਹੁਲਤਾ ਇਸ ਹੱਦ ਤਕ ਹੈ ਕਿ ਕਵਿਤਾ ਦ੍ਰਿਸ਼ਟਾਂਤ-ਸੂਚੀ ਬਣ ਗਈ ਹੈ। ਭਾਵਾਂ ਦੀ ਭਰਪੂਰਤਾ ਅਤੇ ਉਪਮਾਵਾਂ ਦੀ ਬਹੁਲਤਾ ਆਪ ਦੀ ਕਵਿਤਾ ਦਾ ਸਾਰ ਹੈ। ਵੰਨਗੀ ਲਈ ਕੁਝ ਕੁ ਤੁਕਾਂ, ਬੋਲੀ ਦੀ ਠੇਠਤਾ, ਮਿਠਾਸ; ਉਪਮਾਕਾਰੀ ਅਤੇ ਰਵਾਨੀ ਪ੍ਰਗਟ ਕਰਨ ਵਾਲੀਆਂ ਹੇਠਾਂ ਦਿਤੀਆਂ ਜਾਂਦੀਆਂ ਹਨ :—

(1) ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕੋ ਖਾਈ।
(2) ਬਾਝ ਗੁਰੂ ਡੁਬਾ ਸੰਸਾਰਾ।
(3) ਸਿੰਘ ਬੁਕੇ ਮਿਰਗਵਾਲੀ ਭੰਨੀ ਜਾਇ ਨ ਧੀਰ ਧਰੋਆ।
(4) ਆਪੇ ਪੱਟੀ ਕਲਮਿ ਆਪਿ, ਆਪੇ ਲਿਖਿਣਹਾਰਾ ਹੋਆ।
(5) ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।
(6) ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।
(7) ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁੱਖਾ।
ਗੋਬਿੰਦ ਭਾਉ ਭਗਤ ਦਾ ਭੁੱਖਾ।
(8) ਗੁਰ ਸਿੱਖੀ ਬਾਰੀਕ ਹੈ ਸਿਲ ਚੱਟਣ ਫਿੱਕੀ।
ਤਿਖੀ ਖੰਡੇ ਧਾਰ ਹੈ ਉਹ ਵਾਲਹੁੰ ਨਿੱਕੀ।

—2—

## ਵਾਰ ਬਾਰੇ ਸੰਖੇਪ ਨੋਟ

ਵਾਰ ਇਕ ਕਾਵਿ ਰੂਪ ਹੈ। ਇਸ ਸੰਬੰਧੀ ਪ੍ਰੋ. ਸਾਹਿਬ ਸਿੰਘ ਜੀ ਲਿਖਦੇ ਹਨ : 'ਹੋਰ ਅਨੇਕਾਂ ਪੰਜਾਬੀ ਸ਼ਬਦਾਂ ਵਾਂਗ ਵਾਰ ਭੀ ਸੰਸਕ੍ਰਿਤ ਬੋਲੀ ਵਿਚੋਂ ਆਪਣੇ ਅਸਲੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਵਿਚ ਹੀ ਪੰਜਾਬੀ ਬੋਲੀ ਵਿਚ ਟਿਕਿਆ ਆ ਰਿਹਾ ਹੈ। ਸੰਸਕ੍ਰਿਤ ਵਿਚ ਇਸ ਲਫ਼ਜ਼ ਦੇ ਕਈ ਅਰਥ ਹਨ। ਪੰਜਾਬੀ ਵਿਚ ਵੀ ਇਹ ਲਫ਼ਜ਼ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਪੰਜਾਬੀ ਸਾਹਿਤ ਵਿਚ 'ਵਾਰ' ਉਸ ਨੂੰ ਆਖੀਦਾ ਹੈ, ਜਿਸ ਵਿਚ ਕਿਸੇ ਸੂਰਮੇ ਦੇ ਰਣ-ਭੂਮੀ ਆਦਿ ਵਿਚ ਵਿਖਾਏ ਸੂਰਮਤਾ ਦੇ ਕਿਸੇ ਕਰਤੱਵ ਦਾ ਜ਼ਿਕਰ ਕੀਤਾ ਹੋਵੇ।'[1]

ਡਾ. ਗੰਡਾ ਸਿੰਘ ਵਾਰ ਦੀ ਪ੍ਰੀਭਾਸ਼ਾ ਇਉਂ ਦੱਸਦੇ ਹਨ : 'ਸਾਹਿਤ ਵਿਚ ਇਸ ਦੇ ਉੱਘੇ ਅਰਥ ਜੋਧਿਆਂ ਤੇ ਸੂਰਮਿਆਂ ਦੇ ਕਾਰਨਾਮਿਆਂ ਨੂੰ ਬਿਆਨ ਕਰ ਰਹੀ ਬੀਰ-ਰਸ-ਭਰੀ, ਕਰਤਾਰ ਦੀ ਮਹਿਮਾ ਭਰੀ ਯਾ ਮਨ ਵਿਚ ਦੀਆਂ ਬੁਰਾਈਆਂ ਨੂੰ ਕੱਟਣ ਵਾਲੀ ਕਵਿਤਾ ਹਨ।'[2]

ਸੋ ਇਹ ਸਪਸ਼ਟ ਹੈ ਕਿ ਬੀਰ-ਰਸ ਦੀ ਕਵਿਤਾ ਹੈ। ਇਸ ਦਾ ਸੰਬੰਧ ਕਿਸੇ ਯੁਧ, ਸੰਗਰਾਮ ਜਾਂ ਬਹਾਦਰੀ ਦੇ ਕਾਰਨਾਮਿਆਂ 'ਚੋਂ ਕੋਈ ਅਦੁੱਤੀ ਕਾਰਨਾਮਾ ਵਰਨਣ ਕਰਨ ਨਾਲ ਹੁੰਦਾ ਹੈ।

ਵਾਰਾਂ ਦੀਆਂ ਦੋ ਕਿਸਮਾਂ ਹਨ–(1) ਇਤਿਹਾਸਕ ਵਾਰਾਂ। (2) ਧਾਰਮਕ ਵਾਰਾਂ। ਡਾ. ਗੰਡਾ ਸਿੰਘ ਲਿਖਦੇ ਹਨ : 'ਜਿਸ ਤਰ੍ਹਾਂ ਮਨੁੱਖ ਦੇ ਬਾਹਰੀ ਸੰਸਾਰ ਵਿਚ ਹੱਲੇ ਤੇ ਯੁਧ ਜੰਗ ਹੁੰਦੇ ਰਹਿੰਦੇ ਹਨ, ਉਸੇ ਤਰ੍ਹਾਂ ਮਨੁੱਖ ਦੇ ਅੰਦਰ ਭੀ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਦਾ ਘਮਸਾਨ ਮਚਿਆ ਰਹਿੰਦਾ ਹੈ। ਸੱਚ ਪੁਛੋ ਤਾਂ ਬਾਹਰਲੇ ਜੰਗ ਇਨ੍ਹਾਂ ਦੇ ਹੀ ਦ੍ਰਿਸ਼ਟਮਾਨ ਭੇੜ ਹਨ।' ਸੋ ਬਾਹਰਲੇ ਕਰਮ-ਖੇਤਰ ਦੇ ਯੁਧ ਜੰਗ, ਜੋ ਸਮਾਜਕ ਘਟਨਾਵਾਂ ਦੇ ਰੂਪ ਧਾਰ ਲੈਂਦੇ ਹਨ ਤੇ ਇਤਿਹਾਸ ਅਖਵਾਂਦੇ ਹਨ, ਇਤਿਹਾਸਤਕ ਵਾਰਾਂ ਵਿਚ ਗਾਏ ਜਾਂਦੇ ਹਨ ਅਤੇ ਮਾਨਸਕ ਘਮਸਾਨਾਂ ਵਾਲੇ ਪ੍ਰਬਲ ਰਹੱਸਵਾਦੀ ਸੰਗਰਾਮਾਂ ਦਾ ਹਾਲ ਧਾਰਮਕ ਵਾਰਾਂ ਰਾਹੀਂ ਪ੍ਰਗਟ ਹੁੰਦਾ ਹੈ। ਧਾਰਮਕ ਵਾਰ ਨੂੰ ਅਧਿਆਤਮਕ ਵਾਰ ਵੀ ਕਿਹਾ ਜਾਂਦਾ ਹੈ।

ਪੰਜਾਬ ਵਿਚ ਵਾਰ ਦਾ ਰਿਵਾਜ ਬਹੁਤ ਜ਼ਿਆਦਾ ਰਿਹਾ ਹੈ, ਕਿਉਂਕਿ ਇਹ ਧਰਤੀ ਮੁਸਲਮਾਨ ਹਮਲਾ-ਆਵਰਾਂ, ਪਠਾਣਾਂ, ਤੁਰਕਾਂ, ਮੁਗਲਾਂ ਆਦਿ ਦੇ ਭਾਰਤ ਵਿਚ ਦਾਖ਼ਲ ਹੋਣ ਦੇ ਰਾਹ ਵਿਚ ਸੀ। ਪੰਜਾਬੀਆਂ ਨੂੰ ਸਦਾ ਲੜਾਈ ਲਈ ਤੱਤਪਰ ਰਹਿਣਾ ਪੈਂਦਾ ਸੀ। ਲਗ ਭਗ ਸੰਨ 1000 ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਅਖੀਰ ਤਕ ਇਸ ਧਰਤੀ ਨੇ ਬਹੁਤ ਘਟ ਅਮਨ ਚੈਨ ਵੇਖਿਆ ਹੋਵੇਗਾ। ਕਈ ਯੂਨਾਨੀ, ਗ਼ਜ਼ਨਵੀ, ਗ਼ੌਰੀ, ਤੈਮੂਰ, ਬਾਬਰ, ਨਾਦਰ ਸ਼ਾਹ, ਅਬਦਾਲੀ ਵਰਗੇ ਵਿਜੱਈ ਪੰਜਾਬ ਚੋਂ ਲੰਘ ਕੇ ਭਾਰਤ ਨੂੰ ਫ਼ਤਹ ਕਰਦੇ ਰਹੇ ਪਰ ਇਹ ਗੱਲ ਇਤਿਹਾਸ ਵਿਚ ਸੁਨਹਿਰੀ ਸ਼ਬਦਾਂ ਵਿਚ ਲਿਖਣ-ਯੋਗ ਹੈ ਕਿ ਪੰਜਾਬ ਅਤੇ ਭਾਰਤ ਵਿਚ ਸਦਾ ਲਈ ਅਮਨ ਕਾਇਮ ਕਰਨ ਵਾਲੇ ਸਿੱਖ ਸੂਰਬੀਰ, ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਪ੍ਰਸਿੱਧ ਜਰਨੈਲ ਹਰੀ ਸਿੰਘ ਨਲੂਆ ਤੇ ਅਕਾਲੀ ਫੂਲਾ ਸਿੰਘ ਸਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀਆਂ ਦੀ ਬਹਾਦਰੀ ਦਾ ਵੱਡਾ ਕਾਰਨ ਇਹੋ ਹਰ-ਰੋਜ਼ ਦੀ ਲੜਾਈ ਭੜਾਈ ਸੀ। ਪੰਜਾਬੀ ਕਦੀ ਹਿੰਮਤ ਨਹੀਂ ਸਨ ਹਾਰਦੇ। ਹੁਣ ਤਕ ਪੰਜਾਬੀ ਆਚਰਨ ਦਾ ਇਹ ਖ਼ਾਸਾ ਹੈ। ਪੰਜਾਬ ਦੇ ਸੂਰਬੀਰ ਯੋਧਿਆਂ ਦੇ ਕਾਰਨਾਮਿਆਂ ਨੂੰ ਗਾਉਣ ਵਾਲੇ ਡੂਮ, ਭੱਟ, ਮਰਾਸੀ, ਝੀਵਰ ਆਦਿ ਵੀ ਕਾਫ਼ੀ ਉਤਸ਼ਾਹ ਨਾਲ ਵਾਰਾਂ ਲਿਖਦੇ ਤੇ ਹਰ ਸਮੇਂ ਲੋਕਾਂ ਨੂੰ ਸੁਣਾ ਕੇ ਉਨ੍ਹਾਂ ਦਾ ਹੌਸਲਾ ਵਧਾਂਦੇ ਅਤੇ ਦਿਲ ਪਰਚਾਂਦੇ ਰਹੇ ਹਨ। ਡਾ. ਗੰਡਾ ਸਿੰਘ ਲਿਖਦੇ ਹਨ: "ਜਿਵੇਂ ਪੰਜਾਬ ਉਤੇ ਇਸ ਤਰ੍ਹਾਂ ਵਾਰ ਹੁੰਦੇ ਰਹੇ ਅਤੇ ਪੰਜਾਬੀ ਇਨ੍ਹਾਂ ਬਾਹਰਲੀਆਂ ਵਾਹਰਾਂ ਦੀਆਂ ਵਹਾਰਾਂ ਨੂੰ ਰੋਕਦੇ ਰਹੇ, ਉਸੇ ਤਰ੍ਹਾਂ ਹੀ ਪੰਜਾਬ ਦੇ ਜਮਾਂਦਰੂ ਕਵੀ ਇਹਨਾਂ ਦੀਆਂ ਵਾਰਾਂ ਰਚਦੇ ਰਹੇ।"

ਵਾਰ ਦਾ ਪ੍ਰਮਾਣਿਕ ਰੂਪ ਪਉੜੀਆਂ ਵਿਚ ਰਚਿਆ ਹੋਇਆ ਮਿਲਦਾ ਹੈ, ਜਿਵੇਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ। ਪਰ ਵਾਰਾਂ ਨੂੰ ਰਾਗਾਂ ਵਿਚ ਲਿਖਣ ਦੀ ਵੀ ਖੁਲ੍ਹ ਹੈ। ਗੁਰੂ ਗ੍ਰੰਥ ਵਿਚ ਆਈਆਂ ਵਾਰਾਂ ਕਈ ਰਾਗਾਂ ਵਿਚ ਹਨ। ਪ੍ਰੰਤੂ ਵਾਰ ਦਾ ਪ੍ਰਮਾਣਿਕ ਤੋਲ ਇਕੋ ਹੈ ਤੇ ਉਹ ) ਨਿਸ਼ਾਨੀ ਛੰਦ।

"ਵਾਰ ਦੀ ਬੋਲੀ", ਡਾ. ਗੰਡਾ ਸਿੰਘ ਅਨੁਸਾਰ "ਬੜੀ ਸਾਦਾ ਪਰ ਦਿਲ-ਖਿੱਚਵੀਂ ਤੇ ਜ਼ੋਰਦਾਰ ਹੁੰਦੀ ਹੈ ਅਤੇ ਮਜ਼ਮੂਨ ਇਤਨਾ ਘਰੋਗੀ ਤੇ ਨੇੜੇ ਦਾ ਤੇ ਉਤਸ਼ਾਹ-ਜਨਕ ਹੁੰਦਾ ਹੈ ਕਿ ਮਨ ਵਿਚ ਧੱਸਦਾ ਚਲਾ ਜਾਂਦਾ ਹੈ। ਵਾਰ ਮਨੁੱਖੀ ਮਨਾਂ ਅੰਦਰ ਝਰਨਾਟ ਛੇੜ ਦੇਂਦੀ ਹੈ।"

ਪੰਜਾਬ ਦੀਆਂ ਇਤਿਹਾਸਕ ਵਾਰਾਂ ਚੋਂ ਪ੍ਰਸਿਧ ਇਹ ਹਨ:—'ਵਾਰ ਹਕੀਕਤ ਰਾਏ', 'ਨਜਾਬਤ ਦੀ ਵਾਰ ਨਾਦਰ ਸ਼ਾਹ' 'ਹਾਸ਼ਮ ਦੀ ਵਾਰ ਮਹਾਂ ਸਿੰਘ', 'ਹਰੀ ਸਿੰਘ ਨਲੂਏ ਦੀ ਵਾਰ' ਆਦਿ। ਧਾਰਮਿਕ ਵਾਰਾਂ, ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ, ਭਾਈ ਗੁਰਦਾਸ ਦੀਆਂ 39 ਵਾਰਾਂ ਅਤੇ ਦਸਵੇਂ ਗੁਰੂ ਦੀ 'ਚੰਡੀ ਦੀ ਵਾਰ' ਹਨ।

## ਹਵਾਲੇ ਅਤੇ ਟਿੱਪਣੀਆਂ

1. ਆਸਾ ਦੀ ਵਾਰ ਸਟੀਕ ਦੀ ਭੂਮਕਾ।
2. ਪੰਜਾਬ ਦੀਆਂ ਵਾਰਾਂ ਭੂਮਕਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਭਾਈ ਗੁਰਦਾਸ ਤੇ ਗੁਰਮਤ

ਭਾਈ ਗੁਰਦਾਸ ਵਿਚ ਮਨੁੱਖੀ ਪ੍ਰਤਿਭਾ ਦੇ ਦੋ ਅਤਿ ਮਹਾਨ ਗੁਣ ਇਕੱਠੇ ਹੋਏ, ਉੱਚਾ ਜੀਵਨ ਅਤੇ ਉੱਚੀ ਕਵਿਤਾ। ਗੁਰਮਿੱਖੀ ਤੇ ਗੁਰਮਤ, ਜਗਜੀਵਨ-ਸਰਬਾਧਾਰ, ਜਾਗਦੀ ਜੋਤ (ਗੁਰ-ਪ੍ਰਮੇਸ਼ਰ) 'ਸਤਿਗੁਰੂ' ਦਾ ਪ੍ਰਕਾਸ਼-ਮਈ ਪ੍ਰਗਟਾ ਹਨ। ਜੋਤ ਅਤੇ ਪ੍ਰਕਾਸ਼ ਸਦਾ ਅਨਿੱਖੜ ਹਨ! ਸੂਰਜ ਦੇ ਚਾਨਣ ਨੂੰ ਕਦੀ ਸੂਰਜ ਤੋਂ ਵੱਖ ਕੀਤਾ ਜਾ ਸਕਦਾ ਹੈ? ਕਦਾਚਿਤ ਨਹੀਂ। ਤਿਵੇਂ ਗੁਰਸਿੱਖੀ ਤੇ ਗੁਰਮਤ ਨੂੰ 'ਸਤਿਗੁਰੂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਤਿਗੁਰੂ ਬਿਨਾਂ ਕੋਈ ਸਿੱਖੀ ਨਹੀਂ ਅਤੇ ਸਤਿਗੁਰੂ ਬਾਝ ਕੋਈ ਮੱਤ ਨਹੀਂ, ਕੋਈ ਬੁਧੀ ਨਹੀਂ। ਸਤਿਗੁਰੂ ਅਤੇ ਪ੍ਰਭੂ (ਗੁਰ-ਪਰਮੇਸ਼ਰ) ਨਿਰਗੁਣ ਅਤੇ ਸਰਗੁਣ ਦੁਹਾਂ ਸਰੂਪਾਂ ਵਿਚ, ਸਦਾ ਇਕ ਹਨ, ਅਭੇਦ ਹਨ। ਮੁਕਤ, ਜੁਗਤ, ਭੁਗਤ, ਸਿੱਖ, ਮਤਿ, ਬੁਧਿ, ਸਭ ਦਾ ਦਾਤਾ ਆਪ ਸਤਿਗੁਰੂ ਹੈ। ਆਦਿ ਗੁਰੂ ਸਤਿਗੁਰੂ ਨਾਨਕ ਦੇਵ ਫ਼ੁਰਮਾਉਂਦੇ ਹਨ :—

ਸਿਖਿ ਮਤਿ ਸਭ ਬੁਧਿ ਤੁਮ੍ਹਾਰੀ
ਮੰਦਿਰ ਛਾਵਾ ਤੇਰੇ ॥

ਗੁਰਸਿੱਖੀ ਅਤੇ ਗੁਰਮਤ ਦਾ ਪਰਸਪਰ ਸਬੰਧ ਕੀ ਹੈ? ਇਹ ਤਾਂ ਸਪਸ਼ਟ ਹੋ ਹੀ ਗਿਆ ਹੈ ਕਿ ਦੋਵੇਂ ਸਤਿਗੁਰੂ ਦੇ ਆਸਰਿਤ ਹਨ। ਇਨ੍ਹਾਂ ਦਾ ਪਰਸਪਰ ਭੇਦ ਪ੍ਰਾਪਤੀ ਅਤੇ ਸਾਧਨ ਦਾ ਭੇਦ ਹੈ। ਗੁਰਸਿੱਖੀ ਪ੍ਰਾਪਤੀ ਹੈ, ਮੰਜ਼ਲ ਹੈ ਤੇ ਗੁਰਮਤ ਸਾਧਨ ਹੈ, ਮਾਰਗ ਹੈ। ਗੁਰਸਿੱਖੀ ਆਸ਼ਾ ਹੈ ਜਾਂ ਸਿੱਟਾ ਹੈ, ਜਿਸ ਦਾ ਗੁਰ ਜਾਂ 'ਫ਼ਾਰਮੂਲਾ' ਗੁਰਮਤ ਹੈ। ਗੁਰਮਤ ਇਕ ਕੁਜੀ ਹੈ, ਜਿਸ ਨਾਲ ਗੁਰਸਿੱਖੀ ਦੇ ਜੀਵਨ ਦਾ ਤਾਕ ਖੁਲ੍ਹਦਾ ਹੈ। ਸੋ ਗੁਰਮਤ ਪਹਿਲਾਂ ਹੈ ਤੇ ਗੁਰਸਿੱਖੀ ਪਿਛੋਂ। ਇਕ ਕਾਰਨ ਹੈ ਤੇ ਦੂਜੀ ਕਾਰਜ। ਗੁਰਮਤ 'ਗਿਆਨ ਅੰਜਨ' ਹੈ, ਜਿਸ ਨਾਲ ਅਗਿਆਨਤਾ ਦਾ ਅਨ੍ਹੇਰਾ ਦੂਰ ਹੁੰਦਾ ਹੈ ਤੇ ਸਹੀ ਜੀਵਨ-ਮਾਰਗ ਲੱਭਦਾ ਹੈ। ਗੁਰਸਿੱਖੀ ਹੈ ਗੁਰੂ ਦੀ ਦਸੀ ਮਤਿ ਜਾਂ ਗੁਰੂ ਦੇ ਦੱਸੇ ਰਾਹ ਉਤੇ ਚਲਣਾ, ਜਿਵੇਂ ਬਾਬਾ ਫ਼ਰੀਦ ਜੀ ਦਾ ਕਥਨ ਹੈ :—

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ ॥

ਗੁਰਮਤ ਨੂੰ ਸਮਝਣਾ ਹੈ ਇਸ 'ਖਰੀ ਉਡੀਣੀ' ਵਾਟ ਨੂੰ ਅਨੁਭਵ ਕਰਨਾ ਤੇ ਫਿਰ ਉਸ ਉਤੇ ਦ੍ਰਿੜ੍ਹਤਾ ਨਾਲ ਅਮਲੀ ਜੀਵਨ ਵਿਚ ਤੁਰਨਾ। ਇਹ ਕੰਮ ਅਤਿ ਕਠਨ ਹੈ; ਇਹ ਰਾਹ ਅਤਿ ਦੁਰਗਮ ਹੈ। ਕੋਈ ਵਿਰਲਾ ਗੁਰਮੁਖ ਜਾਂ ਗੁਰਸਿੱਖ ਹੀ ਇਸ ਕਾਰ ਨੂੰ ਨਿਭਾ ਸਕਦਾ ਹੈ।

ਭਾਈ ਗਰਦਾਸ ਜੀ ਇਕ ਅਜਿਹੇ ਗੁਰਮੁਖ ਗੁਰਸਿੱਖ ਸਨ। ਉਹ ਗੁਰੂ ਸਾਹਿਬਾਨ ਦੇ ਮੁੱਖੀ ਸਿੱਖ ਸਨ। ਇਕ ਮਹਾਨ ਅਨੁਭਵੀ ਭਗਤ ਹੋਣ ਤੋਂ ਛੁਟ ਇਕ ਸਰਬੋਤਮ ਵਿਦਵਾਨ ਵੀ ਸਨ। ਗੁਰਮਤ ਨੂੰ ਉਨ੍ਹਾਂ ਨੇ ਜੀਵਨ ਵਿਚ ਤੇ ਆਪਣੀ ਕਵਿਤਾ ਵਿਚ ਪੂਰਨ ਸਫਲਤਾ ਨਾਲ ਨਿਬਾਹਿਆ ਹੈ। ਉਹ ਜੀਵਨ-ਕਲਾ ਅਤੇ ਕਾਵਿ-ਕਲਾ ਦੁਹਾਂ ਵਿਚ ਨਿਪੁਣ ਸਨ।

ਗੁਰਮਤ ਆਪਣੇ ਆਪ ਵਿਚ ਇਕ ਮਹਾਨ ਵਿਸ਼ਾ ਹੈ, ਫਿਰ ਭਾਈ ਗੁਰਦਾਸ ਜੀ ਵਰਗੇ ਸੰਤ-ਕਵੀ ਦੇ ਹੱਥਾਂ ਵਿਚ ਇਹ ਹੋਰ ਵੀ ਮਹਾਨ ਬਣ ਜਾਂਦਾ ਹੈ। ਇਥੇ ਭਾਈ ਗੁਰਦਾਸ ਜੀ ਦੀ ਕਵਿਤਾ ਵਿਚ ਗੁਰਮਤ ਦਾ ਸਾਹਿੱਤਕ ਪ੍ਰਕਾਸ਼ ਨਿਰੀ ਕਥਨੀ ਨਹੀਂ, ਮਾਨਸਕ ਦਿਲ-ਪਰਚਾਵਾ ਨਹੀਂ, ਸਗੋਂ ਇਕ ਮਹਾਨ ਆਤਮਾ ਦੀਆਂ ਗੌਰਵਤਾ-ਭਰੀਆਂ ਡੂੰਘਾਈਆਂ ਵਿਚੋਂ ਨਿਕਲੇ ਮਨੋਹਰ ਬਚਨ ਹਨ, ਜਿਵੇਂ ਅਥਾਹ ਸਾਗਰ ਵਿਚੋਂ ਅਮੁਲੇ ਮੋਤੀ ਨਿਕਲੇ ਹੋਣ। ਇਹ 'ਸਾਧ-ਬਚਨ', ਅਟਲ ਬਚਨ ਹਨ। ਇਨ੍ਹਾਂ ਦੀ ਸਚਾਈ ਸਦੀਵੀ ਸਚਾਈ ਹੈ, ਇਨ੍ਹਾਂ ਦੀ ਕਵਿਤਾ ਅਮਰ ਕਵਿਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਪਦਵੀ ਵਾਲੀ ਅਧਿਆਤਮਕ ਕਵਿਤਾ ਨੂੰ ਗੁਰਬਾਣੀ ਦੀ ਕੁੰਜੀ ਆਖ ਕੇ ਇਕ ਅਤਿ ਉਚੀ ਵਡਿਆਈ ਬਖਸ਼ੀ ਹੈ। ਗੁਰਬਾਣੀ ਨੂੰ ਸਮਝਣਾ, ਵੀਚਾਰਨਾ ਜਾਂ ਗੁਰਮਤ ਦਾ ਠੀਕ ਅਨੁਭਵ ਕਰ ਸਕਣਾ, ਗੁਰਸਿੱਖੀ ਜੀਵਨ ਵਾਸਤੇ ਕਿੰਨਾ ਜ਼ਰੂਰੀ ਹੈ ਅਤੇ ਇਹ ਯੋਗਤਾ ਭਾਈ ਗੁਰਦਾਸ ਜੀ ਦੀ ਕਵਿਤਾ ਦਾ ਅਧਿਐਨ ਕੀਤੇ ਬਿਨਾਂ ਸੰਭਵ ਨਹੀਂ।

—2—

ਗੁਰਬਾਣੀ ਵਿਚ ਜਿਥੇ ਅਧਿਆਤਮਕ ਅਨੁਭਵਾਂ ਦੇ ਵਰਣਨ ਸੰਕੇਤ-ਮਾਤਰ ਕੀਤੇ ਹਨ ਅਤੇ ਸੂਖਮ ਭਾਵ ਗੁੱਝੇ ਰਹਿ ਗਏ ਹਨ, ਭਾਈ ਗੁਰਦਾਸ ਜੀ ਨੇ ਆਪਣੀ ਕਵਿਤਾ ਵਿਚ ਗੁਰਬਾਣੀ ਅਤੇ ਗੁਰਮਤ ਦੇ ਮੁਖ ਸਿਧਾਂਤਾਂ ਨੂੰ ਸਾਧਾਰਨ ਅਤੇ ਘਰੋਗੀ ਪਰਮਾਣ, ਦ੍ਰਿਸ਼ਟਾਂਤ ਤੇ ਉਪਮਾਂ ਵਰਤ ਕੇ ਸਪਸ਼ਟ ਕਰਨ ਦਾ ਅਦੁਤੀ ਜਤਨ ਕੀਤਾ ਹੈ। ਭਾਈ ਸਾਹਿਬ ਦੀ ਕਵਿਤਾ, ਇਹ ਕਹਿਣਾ ਯੋਗ ਹੋਵੇਗਾ, ਗੁਰਬਾਣੀ ਤੇ ਗੁਰਮਤ ਦੀ ਪੂਰਨ ਵਿਆਖਿਆ ਹੈ, ਸੁਚੇਤ ਵੀ ਤੇ ਅਚੇਤ ਵੀ, ਸਪਸ਼ਟ ਵੀ ਤੇ ਸੁਝਾਊ ਵੀ। ਗੁਰਬਾਣੀ ਦੀਆਂ ਅਣਗਿਣਤ ਤੁਕਾਂ ਨੂੰ ਭਾਈ ਸਾਹਿਬ ਨੇ ਆਪਣੀ ਕਵਿਤਾ ਦਾ ਵਿਸ਼ੇਸ਼ਮਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਧਾਰ ਬਣਾਇਆ ਹੈ । ਇਨ੍ਹਾਂ ਵਾਰਾਂ ਵਿਚ ਗੁਰਬਾਣੀ ਦੀ ਸਮੁੱਚੀ ਭਾਵ-ਆਤਮਾ ਪ੍ਰਕਾਸ਼ਮਾਨ ਹੈ ਅਤੇ ਇਥੇ ਗੁਰਮਤ ਦੀ ਸਮੁੱਚੀ-ਸਿਧਾਂਤ-ਫ਼ਿਲਾਸਫ਼ੀ ਪੂਰਨ ਕਾਵਿਕ ਢੰਗ ਅਤੇ ਬੁਧੀ-ਨਿਆਇ ਨੀਤੀ ਨਾਲ ਵਿਦਮਾਨ ਹੈ ।

ਉਹ ਕਿਹੜਾ ਗੁਰਮਤ ਦਾ ਮੁਖੀ ਤੇ ਮੂਲਕ ਸਿਧਾਂਤ ਹੈ ਜਿਸਦਾ ਕਵਿ-ਮਈ ਵਿਸ਼ਲੇਸ਼ਨ ਭਾਈ ਗੁਰਦਾਸ ਜੀ ਨੇ ਨਹੀਂ ਕੀਤਾ ? ਅਣਗਿਣਤ ਵਿਸ਼ੇ ਹਨ ਅਤੇ ਉਨ੍ਹਾਂ ਦੀ ਅਮੁੱਕ ਵਿਆਖਿਆ ਹੈ । ਇਥੇ ਇਕ ਅਗੰਮੀ ਬਹੁਲਤਾ ਹੈ ਜਿਸ ਦੀ ਪ੍ਰਤਿਭਾ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਤੋਂ ਬਾਹਰ ਦੀ ਸਾਰੀ ਅਧਿਆਤਮਕ ਕਵਿਤਾ ਮਾਤ ਹੋ ਜਾਂਦੀ ਹੈ । ਇਹ ਕਾਵਿ-ਸੰਸਾਰ ਇਕ ਆਵੇਸ਼ਕ ਪਰਵਾਹ ਹੈ, ਜਿਸ ਦੇ ਟਾਕਰੇ ਤੇ ਦੂਜੇ ਕਵੀਆਂ ਦੀਆਂ ਨਹਿਰਾਂ ਤੇ ਸਰੋਵਰ ਤੁੱਛ ਜਾਪਦੇ ਹਨ । ਇਹ ਇਕ ਅਜਿਹਾ ਸਵੱਛ ਜਲ-ਜੋਮਾ ਹੈ, ਜਿਸ ਦੀ ਨਿਰਮਲਤਾ ਤੇ ਸੀਤਲਤਾ ਦਾ ਕੋਈ ਅੰਤ ਨਹੀਂ, ਅਤੇ ਇਕ ਅਜਿਹਾ ਅਮੁੱਲ ਤੇ ਅਤੁੱਟ ਭੰਡਾਰ ਹੈ, ਜਿਸ ਦੇ ਅਗੇ ਹੋਰ ਸਾਰੇ ਕਾਵਿ-ਭੰਡਾਰ ਖ਼ਾਲੀ ਤੇ ਨਿਗੂਣੇ ਭਾਸਦੇ ਹਨ ।

ਸਾਰੇ ਵਿਸ਼ਿਆਂ ਦਾ ਵਿਸਥਾਰ ਤਾਂ ਇਕ ਪੁਸਤਕ ਦਾ ਵਿਸ਼ਾ ਹੈ । ਇਥੇ ਥਾਂ ਦੀ ਥੁੜ ਦੇ ਕਾਰਨ ਕੁਝ ਕੁ ਗੁਰਮਤ-ਸਮੱਸਿਆਵਾਂ ਦੇ ਵਰਣਨ ਤੇ ਹੀ ਸੰਕੋਚ ਕਰਨਾ ਪਏਗਾ । ਭਾਈ ਗੁਰਦਾਸ ਜੀ ਦੇ ਸ੍ਰੋਮਣੀ ਗੁਰਮਤ ਵਿਸ਼ੇ ਹਨ : ਗੁਰਮਤ, ਗੁਰਸਿੱਖੀ, ਸਤਿਗੁਰੂ, ਗੁਰਮਤ, ਗੁਰਬਾਣੀ, ਪਹਿਲੇ ਛੇ ਗੁਰੂ ਸਾਹਿਬਾਨ ਦਾ ਆਗਮਨ ਤੇ ਪਰਵੇਸ਼, ਪੀਰ ਮੁਰੀਦਾਂ ਪਿਰਹੜੀ (ਗੁਰੂ-ਸਿੱਖ ਪ੍ਰੀਤ), ਗੁਰਸਿੱਖ ਰਹਿਤ ਦਾ ਚਲਣ, ਪੁਰਾਤਨ ਮਿਥਿਹਾਸਕ ਭਗਤ, ਸੰਤ, ਅਵਤਾਰ, ਸੰਸਾਰ-ਉਤਪਤੀ, ਪ੍ਰਭੂ ਦੀ ਅਨੰਤਤਾ, ਸਹਿਜ, ਸਾਧ ਸੰਗਤ, ਹੁਕਮ-ਭਾਣਾ, ਗਰੀਬੀ, ਨਿਰਮਾਣਤਾ, ਆਪਾ ਗੁਆਉਣਾ, ਗੁਰਮੁਖ ਗਾਡੀ-ਰਾਹ, ਅੰਮ੍ਰਿਤ ਵੇਲਾ, ਕਲਜੁਗ-ਧਰਮ, ਨਿੰਦਾ, ਕੁਦਰਤ-ਕਾਦਰ, ਪਰਉਪਕਾਰ, ਗੁਰ-ਸ਼ਬਦ, ਵਰਣ-ਅਵਰਣ, ਸ਼ਬਦ-ਨਾਮ ਰਸ, ਵਾਹਿਗੁਰੂ ਸ਼ਬਦ, ਗੁਰ ਪਰਮੇਸ਼ਰ, ਮਨਮੁਖ, ਉਪਦੇਸ਼ ਤੇ ਰਹਿਤ, ਨਿਗੁਰਾ, ਕਪਟ-ਦੁਰਮਤ-ਦੂਜਾ ਭਾਉ, ਵਿਸਮਾਦ, ਨਾਮ-ਰਸ ਅਚਰਜਤਾ, ਗੁਰਚੇਲਾ, ਪਿਰਮ ਪਿਆਲਾ, ਸ਼ਬਦ ਸੁਰਤਿ, ਸਚ, ਰਹਿਰਾਸ, ਨਾਮ ਦਾਨ ਇਸਨਾਨ, ਭਾਉ ਭਗਤਿ, ਸਿੱਖੀ ਸਿਦਕ, ਕਾਮਾਦਿਕ ਤੇ ਹਉਮੈ ਖੰਡਨ ਆਦਿ ।

—3—

ਇਨ੍ਹਾਂ ਸਾਰੇ ਉਪਰ-ਦਸੇ ਵਿਸ਼ਿਆਂ ਦਾ ਸਮੂਹ ਹੈ ਭਾਈ ਜੀ ਦੀ ਰਚਨਾ । ਗੁਰਮਤ ਦਾ ਆਧਾਰ ਹੈ ਪ੍ਰਿਥਮ ਗੁਰੂ ਨਾਨਕ ਦੇਵ ਜੀ ਦਾ ਮਹਾਨ-ਮੰਤਰ-ਵਾਕ, 'ਗੁਰ ਪ੍ਰਸਾਦਿ', ਜੋ ਉਨ੍ਹਾਂ ਨੇ ਜਪੁ ਨੀਸਾਣ ਦੇ ਮੁੱਢ ਵਿਚ ਫ਼ੁਰਮਾਇਆ । ਗੁਰਸਿੱਖੀ ਮਾਰਗ ਦਾ ਆਦਿ, ਮਧ, ਅੰਤ, ਚਾਨਣ, ਪਰਕਾਸ਼ ਗੁਰਮਤ ਦੇ ਆਸਰੇ ਹੈ । ਪਰ ਗੁਰਮਤ ਦਾ ਇਕ ਨਿਰੋਲ ਮਾਨਸਕ, ਬੌਧਕ ਜਾਂ ਅਧਿਆਤਮਕ ਅਨੁਭਵ ਹੀ ਨਹੀਂ, ਇਹ ਇਕ ਅਮਲੀ ਵਰਤਾਰਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਇਕ ਜੀਵਨ-ਕਲਾ ਹੈ, ਜੀਵਨ-ਅਗਵਾਈ ਹੈ। ਇਹ ਗੁਰੂ ਵਲੋਂ ਮਿਲੀ ਇਕ ਦਾਤ ਹੈ, ਜਿਸ ਦਾ ਪਾਤਰ ਸੁਭਾਗਾ ਗੁਰਸਿੱਖ ਹੀ ਬਣ ਸਕਦਾ ਹੈ। ਹਰ ਇਕ ਮਨੁੱਖ ਇਸ ਦਾ ਪਾਤਰ ਨਹੀਂ।

ਭਾਈ ਗੁਰਦਾਸ ਜੀ ਨੇ ਗੁਰਮਤ ਨੂੰ ਨਿਰੋਲ ਰੂਪ ਵਿਚ ਸਮਝਿਆ, ਪਰਤਾਇਆ, ਕਮਾਇਆ ਅਤੇ ਆਪਣੀ ਕਵਿਤਾ ਵਿਚ ਸਮਝਾਇਆ ਹੈ। ਉਹ ਗੁਰਮਤ ਦੇ ਸਹੀ ਪਰਗਟਾਉ ਹਨ। ਭਾਈ ਸਾਹਿਬ ਗੁਰਮਤ ਕਵੀ ਹਨ ਅਤੇ ਨਿਰੋਲ ਗੁਰਮਤ ਕਵੀ! ਉਹ ਆਦਰਸ਼ਕ ਕਵੀ ਹਨ, ਆਦਰਸ਼ਕ ਵਾਤਾਵਰਨ ਵਿਚ ਉਨ੍ਹਾਂ ਨੇ ਆਪਣਾ ਕਾਵਿ ਰਚਿਆ ਅਤੇ ਸ਼ਾਇਦ ਇਹ ਕਹਿਣਾ ਠੀਕ ਹੈ ਕਿ ਉਨ੍ਹਾਂ ਤੋਂ ਬਾਦ ਅਜਿਹੀ ਗੁਰਮਤ-ਵਿਆਖਿਆ ਨਹੀਂ ਹੋ ਸਕੀ, ਤੇ ਨਾ ਹੀ ਸ਼ਾਇਦ ਹੋ ਸਕੇ, ਕਿਉਂਕਿ ਉਹੋ ਜਿਹਾ ਅਧਿਆਤਮਕ ਵਾਤਾਵਰਨ ਜੋ ਗੁਰਮਤ ਲਈ ਪੂਰਨ ਭਾਂਤ ਰਾਸ ਸੀ, ਫਿਰ ਨਹੀਂ ਬੱਝ ਸਕਿਆ। ਗੁਰੂ ਜੀ ਦੀ ਕਿਰਪਾ ਤੇ ਗੁਰਮਤ, ਗੁਰ ਸ਼ਬਦ ਦਾ ਸੰਚਾਰ ਹੁਣ ਵੀ ਉਹੀ ਹੈ ਪਰ ਸਮਾਜਕ ਤੇ ਵਿਅਕਤੀਗਤ ਮਨੁੱਖੀ ਪਾਤਰਤਾ ਉਹ ਨਹੀਂ ਰਹੀ। ਗੁਰਮਤ ਦਾ ਪਰਕਾਸ਼ ਉਹੀ ਹੈ, ਸੰਭਾਵਨਾ ਉਹੀ ਹੈ, ਪਰ ਭਾਈ ਗੁਰਦਾਸ ਵਰਗਾ ਸਿੱਖ ਅੱਜ ਕਲ 'ਅਸੰਭਵਤਾ' ਬਣ ਗਈ ਹੈ। ਕਿਉਂ ?

ਸ਼ੋਕ ਦੀ ਗੱਲ ਹੈ ਕਿ ਗੁਰਮਤ ਆਪਣਾ ਅਸਲੀ ਪ੍ਰਭਾਵ-ਚਮਤਕਾਰ ਨਹੀਂ ਦਿਖਾ ਰਹੀ! ਇਸ ਵਿਚ ਗੁਰਮਤ ਦਾ ਕੋਈ ਦੋਸ਼ ਨਹੀ, ਅਵੱਸ਼ ਗੁਰਮਤ ਦੇ ਅਨੁਭਵੀਆਂ, ਢੂੰਢਾਊਆਂ, ਜਗਿਆਸੂਆਂ ਅਤੇ ਪਰਗਟਾਊਆਂ ਦੀ ਪਾਤਰਤਾ ਵਿਚ ਫ਼ਰਕ ਆ ਗਿਆ ਹੈ। ਨਾ ਉਹ ਗੁਰਮਤ ਦੀ ਅਨੁਭਵ ਹੈ, ਨਾਂ ਉਹ ਗੁਰਮਤ ਦਾ ਰਹਿਤ ਹੈ। ਨਾ ਉਹ ਗੁਰਮਤ ਦੀ ਲਗਨ ਹੈ, ਨਾ ਉਹ ਗੁਰਮਤ ਦਾ ਸਮੁੱਚਾ ਵਾਤਾਵਰਨ ਹੈ। ਭਾਈ ਗੁਰਦਾਸ ਜੀ ਦੇ ਜੀਵਨ ਅਤੇ ਕਵਿਤਾ ਵਿਚ ਗੁਰਮਤ ਦੇ ਇਹ ਸਾਰੇ ਪੱਖ ਮੌਜੂਦ ਹਨ। ਇਹੋ ਉਨ੍ਹਾਂ ਦੀ ਅਦੁੱਤੀ ਮਹਾਨਤਾ ਤੇ ਵਿਸ਼ੇਸ਼ਤਾ ਹੈ। ਭਾਈ ਗੁਰਦਾਸ ਜੀ ਅਦੁਤੀ ਹਨ, ਅਪਹੁੰਚ ਹਨ, ਲਾਸਾਨੀ ਹਨ। ਉਹ ਇਕ ਵਿਸ਼ੇਸ਼ ਜੁਗ ਅਤੇ ਵਾਤਵਰਨ ਦੀ ਪੈਦਾਵਾਰ ਹਨ। ਗੁਰਮਤ ਦੀ ਹਦਾਇਤ ਮੌਜੂਦ ਹੈ, ਹਾਦੀ ਮੌਜੂਦ ਹੈ, ਰਾਹ ਹੈ, ਰਾਹਬਰ ਹੈ, ਪਰ ਸ਼ੋਕ! ਪਾਂਧੀ ਕੋਈ ਨਹੀਂ, ਪੰਧ ਕੋਈ ਨਹੀਂ, ਪੰਧ ਦਾ ਪਰਗਟਾਉ ਕੋਈ ਨਹੀਂ, ਮੰਜ਼ਲ ਹੈ ਪਰ ਰਾਹੀ ਕੋਈ ਨਹੀਂ, 'ਗੁਰਮਤਿ' ਹੈ ਪਰ 'ਗੁਰਦਾਸ' ਕੋਈ ਨਹੀਂ।

ਅਜ ਕਲ ਨਿਰੀ ਥੋਥੀ ਫ਼ਿਲਾਸਫ਼ੀ ਹੈ, ਮਾਨਸਕ ਵਿਚਾਰ ਹੈ, ਵਾਦ ਵਿਵਾਦ ਹੈ ਪਰ ਗੁਰਮਤ ਦੀ ਅਸਲੀਅਤ ਨੂੰ ਸਮਝਣ ਵਾਲਾ ਕੋਈ ਨਹੀਂ। ਗੁਰਮਤ ਨਿਰਾ ਵਿਚਾਰ ਨਹੀਂ, ਨਿਰਾ ਸਿਧਾਂਤ (theory) ਨਹੀ, ਕੋਈ ਗਿਆਨ-ਦਰਸ਼ਨ ਨਹੀਂ, ਇਹ ਇਕ ਵਿਸ਼ੇਸ਼ ਰਹਿਤ ਹੈ, ਮਾਰਗ ਹੈ, ਪੰਥ ਹੈ। ਰਹਿਤ ਤੋਂ ਭਾਵ ਹੈ ਗੁਰਮਤ ਅਨੁਸਾਰ ਤੁਰਨਾ, ਵਧਣਾ, ਜੀਉਣਾ, ਥੀਣਾ, ਹੋਣਾ, ਬਣਨਾ।

—4—

ਸਭ ਤੋਂ ਪਹਿਲਾਂ ਅਸੀਂ ਗੁਰਮਤ ਦੇ ਰਾਹ ਸਬੰਧੀ ਵਿਚਾਰ ਕਰਦੇ ਹਾਂ। ਗੁਰਮਤ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਦਾ ਰਾਹ ਗਾਡੀ ਰਾਹ ਹੈ ਅਤੇ ਇਸ ਦਾ ਰਾਹੀ 'ਗੁਰਮੁਖ' ਇਸ ਗਾਡੀ ਰਾਹ ਤੇ ਅਡੋਲ, ਅਚੂਕ, ਅਖੰਡ, ਸਹਿਜ ਸੁਭਾ ਚਲਣ ਵਾਲਾ ਗੁਰਸਿੱਖ ਹੋਵੇਗਾ। ਇਹ ਗਾਡੀ ਰਾਹ ਕੀ ਹੈ ਤੇ ਕਿਹੋ ਜਿਹਾ ਹੈ, ਜਿਸ ਤੇ ਕੇਵਲ 'ਗੁਰਮੁਖ' ਹੀ ਚਲ ਸਕਦਾ ਹੈ ? ਮਨਮੁਖ ਇਸ ਰਾਹ ਤੇ ਨਹੀਂ ਚਲੇਗਾ। ਮਨਮੁਖ ਦਾ ਰਾਹ ਮਨਮਤ ਦਾ ਹੈ ਗੁਰਮੁਖ ਦਾ ਰਾਹ ਗੁਰਮਤ ਦਾ ਹੈ। ਇਨ੍ਹਾਂ ਦੁਹਾਂ ਰਾਹਾਂ ਦਾ ਫ਼ਰਕ ਚਾਨਣ ਤੇ ਹਨੇਰੇ ਦਾ ਫ਼ਰਕ ਹੈ। ਜਿਥੇ ਚਾਨਣ ਹੋਵੇਗਾ ਉਥੇ ਅਨ੍ਹੇਰਾ ਕਿਵੇਂ ਟਿਕ ਸਕਦਾ ਹੈ ਤੇ ਜਿਥੇ ਅਨ੍ਹੇਰਾ ਹੈ ਉਥੇ ਚਾਨਣ ਦਾ ਅਭਾਵ ਹੈ। ਗੁਰਮੁਖ ਦਾ ਰਾਹ ਚਾਨਣ ਦਾ ਰਾਹ ਹੈ, ਪਰਤੱਖ ਹੈ, ਸਾਫ਼ ਹੈ, ਸਿੱਧਾ ਹੈ, ਨਿਰ-ਵਿਘਨ ਹੈ, ਸੰਪੂਰਨ ਹੈ। ਭਾਵੇਂ ਇਹ ਰਾਹ ਕਠਨ ਤੇ ਦੁਰਗਮ ਹੈ, ਪਰ ਇਸ ਦੀ ਸਚਾਈ ਵਿਚ ਕੋਈ ਸ਼ੱਕ, ਸੰਦੇਹ ਨਹੀਂ ਹੋ ਸਕਦਾ। ਇਸੇ ਲਈ ਇਹ 'ਗਾਡੀ ਰਾਹ' ਹੈ। ਇਹ ਰਾਹ ਗੁਰਸਿੱਖੀ ਦਾ ਰਾਹ ਹੈ। ਗੁਰਮਤ ਦੇ ਇਸ ਸੂਖਮ ਰਾਹ ਦੀਆਂ ਦੋ ਵਿਸ਼ੇਸ਼ਤਾਈਆਂ ਹਨ। ਇਕ ਇਹ ਕਿ ਇਹ ਮਾਰਗ ਇਕੋ ਇਕ, ਸੱਚਾ, ਅਖ਼ੀਰੀ, ਚੋਣਵਾਂ, ਸਾਫ਼ ਅਤੇ ਸਫ਼ਲ ਮਾਰਗ ਹੈ। ਦੂਜੀ ਇਹ ਕਿ ਇਹ ਰਾਹ ਭੀੜਾ, ਔਖਾ, ਵਿਰਲਾ, ਉਡੀਣਾ, ਤਲਵਾਰੋਂ ਤਿੱਖਾ ਅਤੇ ਵਾਲੋਂ ਨਿੱਕਾ ਰਾਹ ਹੈ। ਇਹਨਾਂ ਦੁਹਾਂ ਗੱਲਾਂ ਨੂੰ ਭਾਈ ਸਾਹਿਬ ਇਉਂ ਬਿਆਨਦੇ ਹਨ :

1. ਗੁਰਮੁਖ ਪੰਥ ਅਗੰਮ ਹੈ ਜਿਉਂ ਜਲ ਅੰਦਰ ਮੀਨ ਚਲੰਦਾ।
2. ਵਾਲਹੁੰ ਨਿਕੀ ਆਖੀਐ ਖੰਡੇ ਧਾਰਹੁੰ ਸੁਣੀਐ ਤਿੱਖੀ।
3. ਗੁਰਸਿਖੀ ਦਾ ਰਾਹ ਏਹ ਗੁਰਮੁਖ ਚਾਲ ਚਲੈ ਸੋ ਦੇਖੈ।
4. ਸਿਲ ਆਲੂਣੀ ਚਟਣੀ ਸਾਦ ਨਾ ਪੁਜੈ ਲਖ ਲਖ ਮੇਵਾ।
5. ਗੁਰਮੁਖ ਸਚਾ ਪੰਥ ਹੈ ਸਿਖ ਸਹਿਜ ਘਰ ਜਾਇ ਖਲੋਵੈ।
6. ਗੁਰਸਿਖੀ ਬਾਰੀਕ ਹੈ ਸਿਲ ਚਟਣ ਫਿੱਕੀ।
7. ਗੁਰਮੁਖ ਮਾਰਗ ਚਲਣਾ ਛਡ ਖਬੈ ਸਜੈ।
8. ਮਨਮੁਖ ਟੋਟਾ ਗੁਰਮੁਖ ਲੋਹਾ।
9. ਗੁਰਮੁਖ ਗਾਡੀ ਰਾਹ ਚਲਾਯਾ
10. ਵਾਲਹੁੰ ਨਿਕਾ ਆਖੀਐ ਗੁਰਪੰਥ ਨਿਰਾਲਾ।

ਇਸ ਗਾਡੀ-ਰਾਹ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਇਹ ਰਾਹ ਆਦਰਸ਼ਕ, ਸੁਭਾਵਕ ਅਤੇ ਮਨੁੱਖ ਦੀ ਨਿਜੀ ਤੇ ਸਮਾਜਕ ਦੁਹਾਂ ਰੁਚੀਆਂ ਦਾ ਲਖਾਇਕ ਹੈ, ਭਾਵ ਗ੍ਰਿਹਸਤ ਮਾਰਗ ਹੈ। ਇਹ ਮਾਰਗ ਹੈ ਮਾਇਆ ਵਿਚ ਰਹਿਕੇ ਮਾਇਆ ਨੂੰ ਜਿੱਤਣਾ, ਮਨ ਨੂੰ ਮਨ ਦੇ ਵਿਚੋਂ ਹੀ ਮਾਰਨ ਦਾ ਜਤਨ ਕਰਨਾ। ਮਾਇਆ ਤੋਂ ਦੂਰ ਨੱਸਣਾ ਜੀਵਨ ਤੋਂ ਦੂਰ ਨੱਸਣਾ ਹੈ, ਆਤਮਘਾਤ ਹੈ। ਹਉਮੈ ਦਾ ਦਾਰੂ ਹਉਮੈ ਵਿਚ ਹੀ ਹੈ।

1. ਗੁਰਸਿੱਖ ਜੋਗੀ ਜਾਗਦੇ ਮਾਇਆ ਅੰਦਰ ਕਰਨ ਉਦਾਸੀ।
2. ਗੁਰਮੁਖ ਮਾਯਾ ਵਿਚ ਉਦਾਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਏਕਾ ਨਾਰੀ ਜਤੀ ਹੋਇ ।

4. ਘਰਬਾਰੀ ਹੋਇ ਨਿਜ ਘਰ ਜਾਏ ।

5. ਘਾਲ ਖਾਇ ਸੇਵਾ ਕਰੈ ਗੁਰ ਉਪਦੇਸ਼ ਅਵੇਸ਼ ਵਿਸੇਖੈ ।

6. ਲੇਪ ਅਲੇਪ ਸਦਾ ਨਿਰਬਾਣਾ ।

7. ਮਾਇਆ ਵਿਚ ਉਦਾਸ ਰਖਾਯਾ ।

ਗੁਰਮਤ ਦਾ ਰਾਹ ਗੁਰੂ ਦਾ ਦੱਸਿਆ ਅਤੇ ਗੁਰੂ ਦੇ ਆਸਰੇ ਤੇ ਨਿਰਭਰ ਹੁੰਦਾ ਹੈ। ਗੁਰਮੁਖ ਗੁਰੂ ਪਰਾਇਣ ਹੋ ਕੇ ਆਪਣਾ ਸਿੱਖੀ ਜੀਵਨ ਬਿਤਾਉਂਦਾ ਹੈ। ਗੁਰਮੁਖ ਸਦਾ ਗੁਰੂ ਦਾ ਆਸਰਾ ਜਾਂ ਗੁਰਮਤ ਦਾ ਸਹਾਰਾ ਤੱਕਦਾ ਹੈ। ਉਸ ਦਾ ਆਪਣਾ ਜਤਨ ਜਾਂ ਮਨ ਦਾ ਜਤਨ ਵਿਅਰਥ ਮੰਨਿਆ ਜਾਂਦਾ ਹੈ। ਮਨ ਦਾ ਜਤਨ ਤੇ ਆਪਣੀ ਹਉਮੈ ਦਾ ਆਸਰਾ ਤਾਂ ਮਨੁੱਖ ਨੂੰ ਮਨਮੁਖ ਬਣਾਉਂਦਾ ਹੈ। ਅੱਜ ਕਲ ਦੇ ਨਕਲੀ ਸਿੱਖ ਅਸਲ ਅਰਥਾਂ ਵਿਚ ਮਨਮੁਖ ਹਨ ਗੁਰਸਿੱਖ ਨਹੀਂ, ਗੁਰਮੁਖ ਨਹੀਂ ਅਖਵਾ ਸਕਦੇ। ਗੁਰੂ ਦੇ ਆਸਰੇ ਵਾਲੀ ਸਹਿਜ ਅਵਸਥਾ ਉਨ੍ਹਾਂ ਵਿਚ ਨਹੀਂ। ਗੁਰਮਤ ਦਾ ਰਾਹ ਸਹਿਜ ਦਾ ਰਾਹ ਹੈ। ਗੁਰਮਤ ਦੇ ਆਸਰੇ ਗੁਣ ਪ੍ਰਾਪਤ ਕਰਨਾ ਤੇ ਧਰਮ ਵਿਚ ਦ੍ਰਿੜ੍ਹ ਰਹਿਣਾ, ਗੁਰਸਿੱਖੀ ਹੈ। ਇਸ ਵਿਚ ਮਨ-ਹਠ-ਕਰਮ ਦੀ ਕੋਈ ਥਾਂ ਨਹੀਂ।

ਗੁਰਸਿੱਖ ਦਾ ਸਹਿਜ ਹੈ, ਸਭ ਕੁਝ ਕਦਦੇ ਹੋਏ ਕੁਝ ਨਾ ਕਰਨਾ, ਨਿਸ਼ਕਾਮ ਰਹਿਣਾ ਤੇ ਸੱਚ ਦੇ ਰਾਹ ਉਤੇ ਕਾਇਮ ਰਹਿਣਾ। ਆਪਣੀ ਅਕਲ ਤੇ ਸਿਆਣਪ ਮਨੁੱਖ ਨੂੰ ਡੋਬਦੀ ਹੈ। ਗੁਰੂ ਦੀ ਸ਼ਰਨ ਸਿੱਖ ਨੂੰ ਸਹਿਜ ਭਗਤੀ ਵਿਚ ਰਖ ਕੇ ਮੁਕਤ ਕਰ ਦਿੰਦੀ ਹੈ।

1. ਸਹਸ ਸਿਆਣਪ ਲਖ ਕੰਮ ਨ ਆਵਹੀ ।
   ਦਰ ਦਰਵੇਸ਼ ਰਸੀਦ ਨ ਆਪ ਜਣਾਵਹੀ ।

2. ਗੁਰਮੁਖ ਆਪ ਗਵਾਇ ਅੰਦਰ ਸੋਧੀਐ ।

3. ਮਨਮੁਖ ਬਦਰਾਹੀ ਬਦਰਾਹਾ ।

4. ਗੁਰਮੁਖ ਆਪ ਗਵਾਇ ਆਪ ਦਿਖਾਇਆ ।

5. ਗੁਰਮੁਖ ਸਹਿਜ ਨਿਵਾਸ ਮਨ ਹਠ ਮਾਰਿਆ ।

6. ਗੁਰਸਿੱਖ ਲੈ ਗੁਰਸਿੱਖ ਚਲੰਦਾ ।

7. ਗੁਰ ਉਪਦੇਸ਼ ਨ ਵਿਸਰੈ ਬਾਬੀਹੇ ਜਿਉਂ ਆਖ ਵਿਖਾਣੀ ।

ਸੋ ਗੁਰਮਤ ਲਈ ਗੁਰੂ ਅਵੱਸ਼ ਹੈ। ਗੁਰੂ ਬਿਨਾਂ ਰਾਹ ਨਹੀਂ ਲੱਭਦਾ। ਗੁਰੂ ਬਿਨਾਂ ਸਿੱਖ ਦਾ ਕੋਈ ਆਸਰਾ ਨਹੀਂ ਅਤੇ ਗੁਰੂ ਬਿਨਾਂ ਗੁਰਮਤ ਕਿਥੇ ? ਫਿਰ ਗੁਰੂ ਵੀ ਤਾਂ ਪੂਰਨ ਹੋਵੇ ?

1. ਗੁਰ ਪੂਰੇ ਵਿਣ ਰੋਵਣ ਧਾਹੀਂ ।

2. ਗੁਰ ਪੂਰੇ ਵਿਣ ਕਉਣ ਛੁਡਾਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਵਿਣ ਸਤਿਗੁਰ ਸਭ ਦੂਜੇ ਭਾਏ ।
4. ਗੁਰ ਪੂਰੇ ਵਿਣ ਪਾਰ ਨ ਪਾਹੀ ।
5. ਗੁਰ ਪੂਰੇ ਵਿਣ ਡਾਂਗ ਡੰਗੂਸੇ ।
6, ਬਾਝ ਗੁਰੂ ਡੁਬਾ ਜਗ ਸਾਰਾ ।
7. ਸਤਿਗੁਰੂ ਦੀ ਵਡੀ ਵਡਿਆਈ ।
8. ਗੁਰਸਿਖੀ ਸਤਿਗੁਰੂ ਵਿਣ ਸੂਰਜ ਜੋਤ ਨ ਹੋਇ ਟਟਾਣੇ ।

ਜਿਥੇ ਗੁਰੂ ਦੀ ਮਤ ਅਰਥਾਤ ਗੁਰਮਤ ਨਹੀਂ, ਉਥੇ ਮਨਮਤ ਹੈ, ਵਿਕਾਰ ਹਨ, ਦੁਖ ਤੇ ਕਲੇਸ਼ ਹੈ, ਬਿੱਖ ਹੈ, ਆਤਮਘਾਤ ਹੈ, ਜਮਾਂ ਦੀ ਫਾਂਸੀ ਹੈ, ਜੂਨਾਂ ਦਾ ਗੇੜ ਹੈ। ਮਨਮੁਖ ਸਦਾ ਮਨਮੁਖ ਹੈ, ਮੂੜ੍ਹ ਹੈ, ਸਾਕਤ ਹੈ :

1. ਕੁਤਾ ਰਾਜ ਬਹਾਲੀਐ ਫਿਰ ਚੱਕੀ ਚਟੈ ।
2. ਸਪੈ ਦੁਧ ਪਿਲਾਈਐ ਵਿਹੁ ਮੁਖ ਥੀਂ ਸੱਟੈ ॥
3. ਭੂਤੈ ਕੇਰੀ ਦੋਸਤੀ ਨਿਤ ਸਹਸਾ ਜੀਐ ।
4. ਅੰਨ੍ਹਾ ਆਗੂ ਜੇ ਥੀਐ ਸਭ ਸਾਥ ਮੁਹਾਵੈ ।
5. ਇਕਸੁ ਸਤਿਗੁਰ ਬਾਹਰੇ ਸਭ ਆਲ ਜੰਜਾਲਾ ।
6. ਵਿਣ ਗੁਰ ਪੂਜਣ ਹੋਰਨਾ ਬਰਨੇ ਬੇਮੁਖਾ ।
7. ਮੂਰਖ ਨਾਲ ਚੰਗੇਰੀ ਚੁਪੈ ।
8. ਮੂਰਖ ਬੀਜੈ ਬੀਉ ਕੁਰੁਤੇ ।
9. ਮਾਨਸ ਦੇਹੀ ਪਸੂ ਉਪੰਨਾ ।
10. ਮਨਮੁਖ ਮਾਨਸ ਦੇਹ ਤੇ ਪਸੂ ਪਰੇਤ ਅਚੇਤ ਚੰਗੇਰੇ ।
11. ਕਲਜੁਗ ਨਾਉਂ ਅਰਾਧਣਾ ਹੋਰ ਕਰਮ ਕਰਿ ਮੁਕਤਿ ਨ ਪਾਏ ।
12. ਦੂਜੇ ਭਾਉ ਮੰਦੀ ਹੂੰ ਮੰਦਾ ।

ਮਨਮੁਖ ਮਨ ਦਾ ਬੰਦਾ ਹੁੰਦਾ ਹੈ, ਗੁਰਮੁਖ ਮਨ ਨੂੰ ਮਾਰਦਾ ਹੈ, ਮਨ ਨੂੰ ਜਿੱਤਦਾ ਹੈ।

1. ਮਨ ਪਾਰਾ ਗੁਰਮੁਖ ਵਸ ਆਣੈ ।
2: ਗੁਰਮੁਖ ਜਾਇ ਮਿਲੇ ਸਚ ਸਚੈ ।
3. ਗੁਰਮੁਖ ਆਪ ਗਵਾਇ, ਆਪ ਦਿਖਾਇਆ ।
4. ਹਾਰ ਚਲੇ ਗੁਰਮੁਖ ਜਗ ਜੀਤਾ ।
5. ਪੈਰੀ ਪੈ ਪਾਖਾਕ ਹੋਇ, ਗਰਬ ਨਿਵਾਰ ਗਰੀਬੀ ਆਣੀ ।
6. ਇਕ ਮਨ ਇਕ ਧਿਆਈਂਦੇ, ਦੂਜੇ ਭਾਇ ਨਾ ਜਾਇ ਫਿਰੰਦੇ ।

ਗੁਰਮੁਖ ਦੇ ਗੁਣਾਂ ਵਿਚ ਗੁਰਮਤ ਦਾ ਦੈਵੀ ਪ੍ਰਕਾਸ਼ ਇਸੇ ਤਰ੍ਹਾਂ ਹੁੰਦਾ ਹੈ, ਜਿਵੇਂ ਸੂਰਜ ਤੋਂ ਸੁਤੇ ਸਿਧ ਚਾਨਣ ਤੇ ਨਿੱਘ ਉਤਪੰਨ ਹੁੰਦੇ ਹਨ। ਗੁਰਮੁਖ ਗਰਬ ਤੇ ਮਨ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਹੰਕਾਰ ਦੂਰ ਕਰਕੇ ਗਰੀਬੀ ਨਿੰਮ੍ਰਤਾ ਵਿਚ ਰਹਿੰਦਾ ਹੈ। ਆਪਣਾ ਆਪ ਨਹੀਂ ਜਣਾਉਂਦਾ ਤੇ ਨਿਰਮਾਣ ਰਹਿੰਦਾ ਹੈ। ਸੇਵਾ ਕਰਦਾ ਹੈ, ਪਰਉਪਕਾਰ ਕਮਾਉਂਦਾ ਹੈ। ਸਾਧ ਸੰਗਤ ਵਿਚ ਇਸ ਤਰ੍ਹਾਂ ਰਹਿੰਦਾ ਹੈ, ਜਿਵੇਂ ਮਾਨਸਰੋਵਰ ਤੇ ਹੰਸ। ਉਹ ਮਾਇਆ ਵਿਚ ਖਚਤ ਨਹੀਂ ਹੁੰਦਾ। ਕੰਵਲ ਵਾਂਗ ਚਿੱਕੜ ਵਿਚ ਰਹਿ ਕੇ ਨਿਰਲੇਪ ਰਹਿੰਦਾ ਹੈ। ਇਹ ਹੈ ਗੁਰਮੁਖ ਦਾ ਚਲਣ। ਗੁਰਮਤ ਕੀ ਹੈ? ਗੁਰਮੁਖ ਦੀ ਰਹਿਤ! ਗੁਰਮੁਖ ਦੀ ਰਹਿਤ ਕੀ? ਗੁਰੂ ਦਾ ਭੈ, ਗੁਰੂ ਦੀ ਸ਼ਰਨ, ਗੁਰਮਤ ਦਾ ਆਸਰਾ, ਸਿੱਖ ਦਾ ਮਨ ਨੀਵਾਂ ਮਤ ਉੱਚੀ, ਸਰੀਰ ਵਿਕਾਰ ਰਹਿਤ ਤੇ ਮਨ ਉਨਮਨ।

1. ਮਨ ਉਨਮਨ ਤਨ ਦੁਬਲੇ, ਦੇਹ ਬਿਦੇਹ ਸਨੇਹ ਸਥੋਈ।
2. ਗੁਰਮੁਖ ਸੁਖਫਲ ਸਹਿਜ ਘਰ, ਵਰਤਮਾਨ ਅੰਦਰ ਵਰਤੰਦਾ।
3. ਗੁਰਮੁਖ ਜਨਮ ਸਕਾਰਥਾ, ਪਰਉਪਕਾਰ ਸਹਿਜ ਸੁਭਾਈ।
4. ਪਰਉਪਕਾਰੀ ਗੁਰੂ ਪਿਆਰੇ।
5. ਗੁਰ ਕਿਰਪਾ ਸਤਸੰਗ ਮਿਲੰਦੇ।
6. ਗੁਰਸਿਖੀ ਦਾ ਜੀਵਣਾ, ਜੀਵਦਿਆਂ ਮਰਿ ਹਉਮੈ ਖੋਵੈ।
7. ਗੁਰਸਿਖੀ ਮਿਲ ਸਾਧਸੰਗ, ਸ਼ਬਦ ਸੁਰਤਿ ਜਗ ਦੁੱਤਰ ਤਰਨਾ।
8. ਗੁਰ ਕਿਰਪਾ ਗੁਰ ਸਿੱਖ ਗੁਰੂ ਸਰਨਾ।
9. ਗੁਰਸਿੱਖ ਦੂਜੇ ਭਾਵਹੁੰ ਸੰਗੇ।
10. ਗੁਰਪਰਸਾਦੀ ਸਾਧ ਸੰਗ, ਸ਼ਬਦ ਸੁਰਤਿ ਹੋਇ ਮਾਣ ਨਿਮਾਣੇ।
11. ਨਾਮ ਦਾਨ, ਇਸ਼ਨਾਨ, ਕਰਮ ਕਮਾਇਆ।
12. ਮਿਠਾ ਬੋਲਣ ਨਿਵ ਚਲਣ, ਹੱਥਹੁ ਦੇ ਕੇ ਭਲਾ ਮਨਾਏ।
13. ਥੋੜਾ ਸਵਣਾ ਖਾਵਣਾ, ਥੋੜਾ ਬੋਲਣ ਗੁਰਮਤਿ ਪਾਏ।
14. ਘਾਲ ਖਾਇ ਸੁਕਿਰਤ ਕਰੈ ਵਡਾ ਹੋਇ ਨ ਆਪ ਗਣਾਏ।
15. ਗੁਰਸਿੱਖੀ ਨ੍ਹਾਵਣਾ, ਗੁਰਮਤਿ ਲੈ ਦੁਰਮਤਿ ਮਲ ਧੋਵੈ।
16. ਗੁਰਸਿੱਖੀ ਦਾ ਜੀਵਣਾ, ਜੀਵੰਦਿਆਂ ਮਰ ਹਉਮੈ ਖੋਵੈ।

ਗੁਰਮੁਖ ਆਪਣੇ ਅੰਦਰ ਦੀ ਖੋਜ ਕਰਦਾ ਹੈ। ਬਾਹਰ ਜਾਂਦੇ ਮਨ ਨੂੰ ਅੰਦਰ ਲਿਆਉਣਾ ਹੈ।

1. ਘਰ ਹੀ ਅੰਦਰ ਜੋਗ ਗੁਰਮੁਖ ਪਾਇਆ।
2. ਗੁਰਮੁਖ ਸਹਿਜ ਨਿਵਾਸ ਮਨ ਹਠ ਮਾਰਿਆ।

ਗੁਰਮੁਖ ਅਮਲਾਂ ਦਾ ਸੂਰਾ ਹੁੰਦਾ ਹੈ। ਉਸ ਦੀ ਕਰਨੀ ਪੂਰਨ ਹੁੰਦੀ ਹੈ।

1. ਗੁਰਮੁਖ ਸੁਖਫਲ ਕਰਣੀ ਸਾਰੀ।
2. ਗੁਰਮੁਖ ਮਾਰਗ ਸਚ ਅਚਾਰਾ।
3. ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਫਕੜ ਹਿੰਦੂ ਮੁਸਲਮਾਣੈ ।

ਗੁਰਮੁਖ ਪ੍ਰੇਮ ਦਾ ਮੱਤਾ ਹੁੰਦਾ ਹੈ । ਗੁਰੂ ਤੇ ਸਿੱਖ ਦਾ ਪ੍ਰੇਮ ਸਭ ਤੋਂ ਉੱਚਾ ਪ੍ਰੇਮ ਹੈ । ਇਹੋ ਹੈ ਪੀਰ ਮੁਰੀਦਾਂ ਪਿਰਹੜੀ ।

1. ਪੀਰ ਮੁਰੀਦਾਂ ਪਿਰਹੜੀ ਸਚੀ ਰਹਿਰਾਸੇ ।
2. ਪੀਰ ਮੁਰੀਦਾਂ ਪਿਰਹੜੀ ਓਹ ਨਿਬਹੈ ਨਾਲੇ ।
3. ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ ।

ਗੁਰਸਿੱਖ ਅੰਮ੍ਰਿਤ ਵੇਲੇ ਉਠ ਕੇ ਨਾਮ ਜਾਪਦਾ ਹੈ । ਵਾਹਿਗੁਰੂ ਸ਼ਬਦ ਦੀ ਅਰਾਧਨਾ ਕਰਦਾ ਹੈ ।

1. ਗੁਰਮੁਖ ਸੁਖਫਲ ਅੰਮ੍ਰਿਤ ਵੇਲਾ ।
2. ਸਚੀ ਸਿਫਤ ਸਲਾਹ ਸਚ, ਸਚ ਸਲਾਹਣ ਅੰਮ੍ਰਿਤ ਵੇਲਾ ।
3. ਵਖਤੇ ਉਪਰ ਲੜ ਮਰੈ, ਅੰਮ੍ਰਿਤ ਵੇਲੇ ਸ਼ਬਦ ਅਲਾਪੈ ।

ਗੁਰਸਿੱਖ ਵਿਸ਼ੇ ਵਿਕਾਰਾਂ ਤੋਂ ਬਚ ਕੇ ਸੁਖੀ ਰਹਿੰਦਾ ਹੈ :

ਦੇਖ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ ।
ਉਸ ਸੂਅਰ ਉਸ ਗਾਇ ਹੈ, ਪਰ ਧਨ ਹਿੰਦੂ ਮੁਸਲਮਾਣੈ ।

ਗੁਰਮੁਖ ਮਾਇਆ ਤੋਂ ਉਦਾਸ ਹੋ ਕੇ ਵਿਚਰਦਾ ਹੈ, ਮਾਇਆ ਦੇ ਭਰਮ ਵਿਚ ਨਹੀਂ ਫਸਦਾ । ਅਲੋਪ ਰਹਿੰਦਾ ਹੈ । ਉਹ ਸੰਸਾਰ ਦਾ ਸਾਹਿਬ ਤੇ ਮਾਲਕ ਹੁੰਦਾ ਹੋਇਆ, ਫ਼ਕੀਰੀ ਧਾਰਨ ਕਰਦਾ ਹੈ, ਰਾਜ ਜੋਗੀ ਹੁੰਦਾ ਹੈ :

ਦੀਨ ਦੁਨੀ ਦੀ ਸਾਹਿਬੀ, ਗੁਰਮੁਖ ਗੋਸ਼ ਨਸ਼ੀਨੀ ਬਹਿਣਾ ।
ਕਲਜੁਗ ਵਿਚ ਨਾਮ ਹੀ ਮੁਕਤੀ ਦਾ ਸਾਧਨ ਹੈ :
ਕਲਜੁਗ ਨਾਉਂ ਅਰਾਧਣਾ, ਹੋਰ ਕਰਮ ਕਰ ਮੁਕਤਿ ਨਾ ਪਾਏ ।

ਗੁਰਸਿੱਖੀ ਮਾਰਗ ਇਕ ਵਿਸ਼ੇਸ਼ ਮਾਰਗ ਹੈ, ਹਿੰਦੂ ਤੇ ਮੁਸਲਮਾਨ ਦੋਹਾਂ ਮਤਾਂ ਤੋਂ ਸ੍ਰੇਸ਼ਟ :

ਹਿੰਦੂ ਮੁਸਲਮਾਨ ਨ ਸਚ ਸਿਞਾਣਿਆ ।
ਦਰਗਹ ਪਤਿ ਪਰਵਾਣ ਮਾਣ ਨਿਮਾਣਿਆ ।

ਗੁਰਸਿੱਖੀ ਪੂਰਨ ਗੁਰੂ ਦੀ ਮਿਹਰ ਦਾ ਪਰਕਾਸ਼ ਹੈ । ਪੂਰਨ ਗੁਰੂ ਇਕ ਹੈ । ਉਸ ਦਾ ਰਾਹ ਵੀ ਇਕ ਹੈ । ਇਕ ਦੁਕਾਨ ਤੇ ਇਕੋ ਸੌਦਾ । ਬਾਕੀ ਸਭ ਭਰਮ ਹੈ, ਭੁਲੇਖਾ ਹੈ, ਔਝੜ ਰਾਹ ਹੈ, ਭੰਭਲ ਭੂਸੇ ਹਨ ।

ਸਉਦਾ ਇਕਤੁ ਹਟ ਹੈ, ਪੀਰਾਂ ਪੀਰ ਗੁਰਾਂ ਗੁਰ ਪੂਰਾ ।

ਉਹ ਪੂਰਾ ਗੁਰੂ ਗੁਰੂ ਨਾਨਕ ਨਿਰੰਕਾਰੀ ਹੈ, ਜੋ ਦਸ ਜੋਤਾਂ ਤੇ ਜਾਮਿਆਂ ਵਿਚ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਰ ਕੇ ਆਪਣੀ ਸ਼ਬਦ-ਰੂਪ ਸਚਾਈ ਵਿਚ ਸਦਾ ਅਟੱਲ ਹੈ, ਗੁਰਸਿੱਖ ਜੱਗ ਵਿਚ ਸਦਾ ਪ੍ਰਾਹੁਣਾ ਹੋ ਕੇ ਰਹਿੰਦਾ ਹੈ। ਥੋੜ੍ਹਾ ਖਾਂਦਾ, ਥੋੜ੍ਹਾ ਸੌਂਦਾ, ਥੋੜ੍ਹਾ ਬੋਲਦਾ, ਨਿਮਾਣਾ ਹੋ ਕੇ ਗੁਰਸੇਵਾ ਕਮਾਉਂਦਾ ਅਤੇ ਆਪਾ ਵਾਰ ਕੇ, ਜੀਉਂਦਿਆਂ ਮਰ ਕੇ, ਜੀਵਨ ਮੁਕਤ ਹੋ ਜਾਂਦਾ ਹੈ।

ਗੁਰਸਿੱਖ ਮਨਹੁ ਨ ਵਿਸਰੈ, ਚਲਣ ਜਾਣ ਜਗਤ ਮਿਹਮਾਣਾ।
ਗੁਰਸਿੱਖ ਮਿਠਾ ਬੋਲਣਾ, ਨਿਵ ਚਲਣਾ ਗੁਰਸਿੱਖ ਪਰਵਾਣਾ।
ਗੁਰਸਿੱਖ ਥੋੜ੍ਹਾ ਬੋਲਣਾ, ਥੋੜਾ ਸਉਣਾ ਥੋੜ੍ਹਾ ਖਾਣਾ।
ਪਰਤਨ ਪਰਧਨ ਪਰਹਰੇ, ਪਰਨਿੰਦਾ ਸੁਣ ਮਨ ਸ਼ਰਮਾਣਾ।

ਗੁਰਸਿੱਖ ਨੂੰ ਗੁਰੂ ਦੀ ਮਿਹਰ ਚੀ ਸਦਾ ਜਾਚਨਾ ਹੁੰਦੀ ਹੈ। ਉਹ 'ਨਦਰੀ ਨਦਰ ਨਿਹਾਲ' ਹੋਣਾ ਲੋੜਦਾ ਹੈ। 'ਨਦਰ' ਤੋਂ ਹੀ ਸਾਧ ਸੰਗਤ, ਗੁਰਮਤ ਅਤੇ ਗੁਰਸਿੱਖੀ ਮਿਲਦੀ ਹੈ।

ਸਤਿਗੁਰ ਤੁਠੈ ਪਾਈਐ
ਸਾਧ ਸੰਗਤ ਗੁਰਮਤਿ ਗੁਰਸਿੱਖੀ।

ਵਰੋਸਾਇਆ ਹੋਇਆ ਗੁਰਮੁਖ ਫਿਰ ਸਦਾ ਪ੍ਰਭੂ ਦਾਤਾਰ ਦੀ ਮਿਹਰ ਦਾ ਪਾਤਰ ਰਹਿੰਦਾ ਹੈ।

1. ਗੁਰਮੁਖ ਹਸਦਾ ਜਾਇ ਅੰਤ ਨਾ ਰੋਈਐ।
2. ਧੰਨ ਜਣੇਂਦੀ ਮਾਉਂ ਜੋਧਾ ਜੋਈਐ।

ਭਾਈ ਗੁਰਦਾਸ ਜੀ ਦੀ ਗੁਰਮਤ ਵਿਆਖਿਆ ਪੂਰਨ ਭਾਂਤ ਗੁਰਬਾਣੀ ਦੀ ਅਨਕੂਲਤਾ ਰਖਦੀ ਹੈ। ਇਹ ਵਿਆਖਿਆ ਏਨੀ ਸੰਪੂਰਨ ਹੈ ਕਿ ਗੁਰਸਿੱਖੀ ਦਾ ਪੂਰਾ ਅਨੁਭਵ, ਪੂਰਾ ਆਦਰਸ਼, ਪੂਰਾ ਦਰਸ਼ਨ ਇਸ ਵਿਚ ਉਪਸਥਿਤ ਹੈ। ਹਰ ਇਕ ਵਾਰ ਵਿਚ, ਹਰ ਇਕ ਪਉੜੀ ਵਿਚ ਗੁਰਮਤ ਦੇ ਸਿਧਾਂਤਾਂ ਦੀ ਵਿਆਖਿਆ ਦੇ ਖ਼ਜ਼ਾਨੇ ਭਰਪੂਰ ਹਨ। ਇਸ ਮਹਾਨ ਅਧਿਆਤਮਕ ਸਾਗਰ ਵਿਚ ਅਗੰਮੀ ਮੋਤੀਆਂ ਦੀ ਏਨੀ ਬਹੁਲਤਾ ਹੈ ਕਿ ਉਨ੍ਹਾਂ ਦੀ ਗਿਣਤੀ ਦਾ ਪੂਰਾ ਪੂਰਾ ਉਲੇਖ ਨਹੀਂ ਹੋ ਸਕਦਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਬਾਣੀ

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗ ਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥
(ਰਾਗ ਰਾਮਕਲੀ)

ਸ੍ਰੀ ਕਬੀਰ ਜੀ ਭਗਤਾਂ ਵਿਚੋਂ ਸ੍ਰੋਮਣੀ ਭਗਤ ਮੰਨੇ ਗਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵੀ ਸਭ ਭਗਤਾਂ ਵਿਚੋਂ ਪਹਿਲੀ ਪਦਵੀ ਕਬੀਰ ਜੀ ਨੂੰ ਦਿਤੀ ਗਈ ਹੈ। ਭਗਤਾਂ ਦੀ ਬਾਣੀ ਦਰਜ ਕਰਨ ਲਗਿਆਂ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਭਗਤ ਕਬੀਰ ਜੀ ਦੀ ਬਾਣੀ ਅੰਕਿਤ ਕੀਤੀ ਹੈ, ਤੇ ਫਿਰ ਨਾਮਦੇਵ ਜੀ ਤੇ ਭਗਤ ਰਵਿਦਾਸ ਤੇ ਉਸ ਤੋਂ ਉਪਰੰਤ ਭਗਤ ਤ੍ਰਿਲੋਚਨ ਤੇ ਫਿਰ ਭਗਤਾਂ ਦੀ।

ਕਬੀਰ ਜੀ ਦੀ ਪ੍ਰਸਿੱਧੀ ਅਤੇ ਕੀਰਤੀ ਉਤਰੀ ਭਾਰਤ ਦੇ ਸਭ ਪ੍ਰਾਂਤਾਂ ਵਿਚ ਸਗੋਂ ਸਾਰੇ ਭਾਰਤ ਵਿਚ, ਪੰਦਰ੍ਹਵੀਂ ਸੋਲ੍ਹਵੀਂ ਸਦੀ ਤੋਂ ਹੀ ਫੈਲੀ ਚਲੀ ਆ ਰਹੀ ਹੈ। ਉਨ੍ਹਾਂ ਦਾ ਜੀਵਨ ਸਮਾਂ ਗੁਰੂ ਨਾਨਕ ਸਾਹਿਬ ਤੋਂ ਕੁਝ ਸਮਾਂ ਪਹਿਲਾਂ ਦਾ ਹੈ। ਉਹ ਸੰਨ 1398 ਈ. ਵਿਚ ਜਨਮੇ ਤੇ ਸੰਨ 1518 ਵਿਚ ਪਰਲੋਕ ਸਿਧਾਰ ਗਏ। ਗੁਰੂ ਨਾਨਕ ਸਾਹਿਬ ਦਾ ਸਮਾਂ ਸੰਨ 1469 ਤੋਂ 1538 ਈਸਵੀ ਹੈ। ਭਗਤੀ ਲਹਿਰ ਦੇ ਵਡੇ ਆਗੂਆਂ ਵਿਚੋਂ ਕਬੀਰ ਜੀ ਦਾ ਨਾਂ ਵਿਸ਼ੇਸ਼ ਹੋਣ ਕਰਕੇ ਗੁਰੂ ਨਾਨਕ ਸਾਹਿਬ ਦਾ ਉਨ੍ਹਾਂ ਤੋਂ ਸਿਧੇ ਤੌਰ ਤੇ ਜਾਣੂ ਅਤੇ ਪ੍ਰਭਾਵਿਤ ਹੋਣਾ ਆਵੱਸ਼ਕ ਸੀ। ਹੋ ਸਕਦਾ ਹੈ ਕਿ ਉਨ੍ਹਾਂ ਦੀ ਬਾਣੀ ਗੁਰੂ ਨਾਨਕ ਸਾਹਿਬ ਨੇ ਆਪ ਹੀ ਇਕੱਤਰ ਕਰਕੇ ਆਪਣੀ ਰਚੀ ਹੋਈ ਬਾਣੀ ਨਾਲ ਸਾਂਭ ਕੇ ਰਖੀ ਹੋਵੇ, ਜੋ 'ਪਿਉ ਦਾਦੇ ਦਾ ਖੋਲ੍ਹ ਡਿੱਠਾ ਖਜ਼ਾਨਾ' ਦੇ ਰੂਪ ਵਿਚ ਗੁਰੂ ਅਰਜਨ ਸਾਹਿਬ ਤੀਕ ਪੁਜੀ। ਤੇ ਫਿਰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋਈ। ਭਗਤ ਜੈਦੇਵ, ਨਾਮਦੇਵ, ਸ਼ੇਖ ਫ਼ਰੀਦ, ਤ੍ਰਿਲੋਚਨ, ਬੈਣੀ, ਰਾਮਾਨੰਦ ਆਦਿ ਕਬੀਰ ਜੀ ਤੋਂ ਪਹਿਲਾਂ ਹੋਏ। ਰਾਮਾਨੰਦ ਜੀ ਤਾਂ ਉਨ੍ਹਾਂ ਦੇ ਗੁਰੂ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ। ਆਕਾਰ ਵਿਚ ਵੀ ਕਬੀਰ ਜੀ ਦੀ ਬਾਣੀ ਹੋਰ ਭਗਤਾਂ ਨਾਲੋਂ ਵਧੇਰੇ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜੋ ਬਾਣੀ ਸ਼ਾਮਲ ਹੋ ਗਈ, ਉਹ ਸੁਭਾਵਕ ਤੌਰ ਤੇ ਸੁਰਖਿਅਤ ਹੋਣ ਕਰਕੇ ਆਪਣੇ ਨਿਰੋਲ ਰੂਪ ਵਿਚ ਕਾਇਮ ਰਹਿ ਸਕੀ ਹੈ। ਕਬੀਰ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਪ੍ਰਚਲਿਤ ਹੈ, ਤੇ ਕਬੀਰ ਪੰਥੀਆਂ ਨੇ ਆਪਣੇ ਪ੍ਰੀਸ਼ਰਮ ਨਾਲ ਸਮੇਂ ਦੇ ਆਕਰਮਣ ਤੋਂ ਬਚਾ ਕੇ ਹੁਣ ਤੀਕ ਸਾਂਭੀ ਹੈ, ਉਹ ਸ਼ਾਇਦ ਏਨੀ ਪ੍ਰਮਾਣਿਕ ਨਾ ਹੋਵੇ ਜਿੰਨੀ ਕਿ ਸਿੱਖਾਂ ਦੇ ਧਾਰਮਿਕ ਗ੍ਰੰਥ ਵਿਚ ਅੰਕਿਤ ਹੋਈ ਬਾਣੀ। ਇਕ ਪਾਸੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿਚਲੀ ਕਬੀਰ ਬਾਣੀ ਤੋਂ ਕਾਫ਼ੀ ਭਿੰਨ ਹੈ, ਤੇ ਦੂਜੇ ਪਾਸੇ ਇਸ ਦੇ ਕਈ ਵਿਭਿੰਨ ਰੂਪ ਪ੍ਰਚਲਿਤ ਹਨ। ਇਕ ਇਕ ਸ਼ਲੋਕ ਦੇ ਕਈ ਰੂਪ ਤੇ ਰੂਪਾਂਤਰ ਮਿਲਦੇ ਹਨ। ਧਾਰਮਿਕ ਸ਼ਰਧਾ ਤੇ ਲੋਕਪ੍ਰੀਅਤਾ ਦੇ ਕਾਰਨ ਕਬੀਰ ਜੀ ਦੇ ਸ਼ਲੋਕ ਆਮ ਲੋਕਾਂ ਤੇ ਸ਼ਰਧਾਲੂਆਂ ਦੀ ਜ਼ਬਾਨ ਤੇ ਸਦਾ ਹੀ ਚੜ੍ਹੇ ਰਹੇ ਹਨ। ਹੁਣ ਵੀ ਸ਼ਾਇਦ ਹੋਰ ਭਗਤਾਂ ਨਾਲੋਂ ਕਬੀਰ ਜੀ ਦੇ ਸ਼ਲੋਕ ਭਾਰਤ ਦੇ ਹਰ ਪ੍ਰਾਂਤ ਦੇ ਧਾਰਮਿਕ ਖੇਤਰਾਂ ਵਿਚ ਸਭ ਤੋਂ ਵਧ ਗਾਏ ਤੇ ਸੁਣਾਏ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ ਕੁਲ ਸ਼ਬਦ 292 (ਬਾਵਨ ਅਖਰੀ ਤੇ ਤਿਥੀ ਦੀਆਂ ਪਉੜੀਆਂ ਸਮੇਤ) ਅਤੇ 249 ਸ਼ਲੋਕ ਹਨ।

ਕਬੀਰ ਜੀ ਦੀ ਸ਼ਖਸੀਅਤ ਅੱਤ ਦਰਜੇ ਦੀ ਰੋਚਕ ਤੇ ਪ੍ਰਭਾਵਸ਼ਾਲੀ ਸੀ। ਉਹ ਆਪਣੇ ਸਮੇਂ ਵਿਚ ਵੀ ਤੇ ਉਸ ਤੋਂ ਬਾਅਦ ਵੀ ਸਦਾ ਹੀ ਲੋਕਾਂ ਦੇ ਪ੍ਰਤੀਨਿਧ ਰਹੇ ਹਨ। ਲੋਕ ਪੱਖ ਉਨ੍ਹਾਂ ਨੂੰ ਬਹੁਤ ਪਿਆਰਾ ਸੀ। ਉਹ ਆਪ ਕਿਰਤੀ ਸਨ। ਕਪੜੇ ਬੁਨਣਾ ਉਨ੍ਹਾਂ ਦਾ ਕਿੱਤਾ ਸੀ। ਭਾਵੇਂ ਬ੍ਰਾਹਮਣ ਘਰਾਣੇ ਵਿਚ ਜਨਮੇ ਸਨ ਪਰ ਉਨ੍ਹਾਂ ਦਾ ਪਾਲਣ ਪੋਸਣ ਮੁਸਲਮਾਨਾਂ ਦੇ ਘਰ ਹੋਇਆ। ਨੀਰੂ ਤੇ ਨੀਮਾ ਉਨ੍ਹਾਂ ਦੇ ਪਾਲਕ ਮਾਤਾ ਪਿਤਾ ਸਨ। ਉਨ੍ਹਾਂ ਨੂੰ ਆਪਣਾ ਨਾਂ ਵੀ ਮੁਸਲਮਾਨੀ ਸੰਬੰਧ ਵਿਚੋਂ ਮਿਲਿਆ। ਉਂਜ ਇਹ ਨਾਂ ਉਨ੍ਹਾਂ ਲਈ ਬਹੁਤ ਹੀ ਢੁਕਵਾਂ ਸੀ। ਕਬੀਰ ਸ਼ਬਦ ਦੇ ਅਰਥ ਵੱਡਾ ਜਾਂ ਮੁਖੀ ਦੇ ਹਨ। ਉਹ ਸੱਚ ਮੁਚ ਵੱਡੇ ਤੇ ਮੁਖੀ ਸਨ। ਹਿੰਦੂ ਮੱਤ ਤੇ ਇਸਲਾਮ ਦੁਹਾਂ ਦੇ ਸਾਂਝੇ ਪ੍ਰਭਾਵ ਤੋਂ ਉਨ੍ਹਾਂ ਦੀ ਸ਼ਖਸੀਅਤ ਦਾ ਅਦੁਤੀ ਨਿਰਮਾਨ ਹੋਇਆ ਹੈ। ਪਰੰਤੂ ਅਧਿਆਤਮਕ ਤੇ ਰਹੱਸਵਾਦੀ ਵਿਕਾਸ ਦੀ ਸਿਖਰ ਛੋਹ ਕੇ ਉਹ ਹਿੰਦੂ ਮੱਤ ਤੇ ਇਸਲਾਮ ਦੁਹਾਂ ਤੋਂ ਉਚੇਰੇ ਉਠਣ ਵਿਚ ਸਫ਼ਲ ਹੋ ਗਏ। ਉਨ੍ਹਾਂ ਦੇ ਸਮੇਂ ਵਿਚ ਤੇ ਉਸ ਤੋਂ ਪਹਿਲਾਂ ਵੀ ਹਿੰਦੂ ਧਰਮ ਅਤੇ ਇਸਲਾਮ ਦੁਹਾਂ ਵਿਚ ਕਈ ਕੁਰੀਤੀਆਂ ਪੈਦਾ ਹੋ ਗਈਆਂ ਸਨ। ਬ੍ਰਾਹਮਣ ਤੇ ਮੁੱਲਾਂ ਆਪਣੀ ਧਰਮ ਦੀ ਅਸਲੀਅਤ ਛੱਡ ਬੈਠੇ ਸਨ ਤੇ ਵਿਸ਼ੇ ਵਿਕਾਰਾਂ ਵਿਚ ਫਸ ਕੇ ਰੱਬ ਦੇ ਰਾਹ ਤੋਂ ਦੂਰ ਚਲੇ ਗਏ ਸਨ। ਇਸ ਲਈ ਹੋਰ ਭਗਤਾਂ ਵਾਂਗ ਤੇ ਗੁਰੂ ਸਾਹਿਬਾਨ ਵਾਂਗ ਕਬੀਰ ਜੀ ਨੇ ਵੀ ਆਪਣਾ ਰਸਤਾ ਇਨ੍ਹਾਂ ਪੁਰਾਤਨ ਤੇ ਪ੍ਰਚਲਿਤ ਧਰਮਾਂ ਦੀ ਵਲਗਣ ਤੋਂ ਵੱਖਰਾ ਚੁਣਿਆ। ਗੁਰੂ ਨਾਨਕ ਸਾਹਿਬ ਨੇ ਵੀ ਕਹਿਆ ਸੀ, 'ਨਾ ਕੋਈ ਹਿੰਦੂ ਨਾ ਮੁਸਲਮਾਨ'। ਕਬੀਰ ਜੀ ਨੇ ਵੀ ਇਹੋ ਗੱਲ ਆਖੀ :

ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥ 1 ॥ ਰਹਾਉ ॥
ਬੁਨਿ ਬੁਨਿ ਆਪ ਆਪੁ ਪਹਿਰਾਵਉ ॥
ਜਹ ਨਹੀ ਆਪੁ ਤਹਾ ਹੋਇ ਗਾਵਉ ॥ 2 ॥
ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥ 3 ॥

ਸੋਰਠਿ ਰਾਗ ਵਿਚ ਉਨ੍ਹਾਂ ਦਾ ਵਾਕ ਹੈ :—



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁਤ ਪੂਜਿ ਪੂਜਿ ਹਿੰਦੂ ਮੂਏ
ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ ਓਇ ਲੇ ਗਾਡੇ
ਤੇਰੀ ਗਤਿ ਦੁਹੂ ਨ ਪਾਈ ॥

ਇਸੇ ਤਰ੍ਹਾਂ ਰਾਗ ਤਿਲੰਗ ਵਿਚ ਫ਼ੁਰਮਾਉਂਦੇ ਹਨ :—

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨਾ ਜਾਇ ॥
ਟੁਕੁ ਦਮੁ ਕਰਾਹੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥
ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥ 1 ॥ ਰਹਾਉ ॥

(ਰਾਗ ਤਿਲੰਗ)

ਕਬੀਰ ਜੀ ਦੀ ਬਾਣੀ ਦਾ ਮੂਲ ਉਪਦੇਸ਼ ਉਹੀ ਹੈ ਜੋ ਗੁਰਮਤ ਦਾ ਹੈ। ਸਾਰੇ ਭਗਤਾਂ ਦਾ ਇਕੋ ਉਪਦੇਸ਼ ਹੈ, ਜਿਸ ਨੂੰ ਉਹ ਵੱਖ ਵੱਖ ਢੰਗਾਂ ਵਿਚ ਪ੍ਰਗਟ ਕਰਦੇ ਹਨ। ਵਹਿਮਾਂ ਤੇ ਭਰਮਾਂ ਨੂੰ ਛੱਡ ਕੇ ਇਕੋ ਰੱਬ ਦਾ ਨਾਮ ਜਪਣਾ, ਹਰ ਵੇਲੇ ਉਸ ਨੂੰ ਚੇਤੇ ਰਖਣਾ, ਉਸ ਨੂੰ ਦਿਲੋਂ ਪ੍ਰੇਮ ਕਰਨਾ, ਉਸ ਨੂੰ ਮਨ ਵਿਚ ਵਸਾਣਾ, ਉਸ ਦੀ ਟੇਕ ਸਦਾ ਦਿਲ ਵਿਚ ਰੱਖਣਾ, ਦੂਜਾ ਭਾਵ ਦਿਲ ਵਿਚੋਂ ਕੱਢ ਕੇ, ਦੂਈ ਦਵੈਤ ਮਿਟਾ ਕੇ ਸਭ ਮਨੁੱਖਾਂ ਨੂੰ ਇਕੋ ਰੱਬ ਦੀ ਅੰਸ਼ ਖ਼ਿਆਲ ਕਰਨਾ, ਉਚ ਨੀਚ, ਚੰਗੇ ਬੁਰੇ ਦਾ ਭੇਦ ਮਿਟਾਣਾ, ਹਰ ਵੇਲੇ ਭਗਤੀ ਭਾਵ ਵਿਚ ਮਗਨ ਰਹਿਣਾ; ਗੱਲ ਕੀ, ਦੁਨੀਆਂ ਦਾ ਲਾਲਚ ਤੇ ਮਾਇਆ ਦਾ ਲੋਭ ਤੇ ਵਿਸ਼ੇ ਵਿਕਾਰ ਤਿਆਗ ਕੇ, ਆਪਣੇ ਆਪ ਨੂੰ ਗੁਰੂ ਦੀ ਕਿਰਪਾ ਤੇ ਸਤਿ ਸੰਗਤ ਦਾ ਆਸਰਾ ਲੈ ਕੇ, ਪ੍ਰਭੂ ਨਾਲ ਜੋੜੀ ਰਖਣਾ, ਇਹ ਸਤਿ ਮਾਰਗ, ਸਭ ਭਗਤਾਂ ਦਾ ਮਾਰਗ ਹੀ ਕਬੀਰ ਜੀ ਦਾ ਮਨੁੱਖ ਮਾਤਰ ਨੂੰ ਉਪਦੇਸ਼ ਹੈ। ਵਹਿਮਾਂ ਤੇ ਪਖੰਡਾਂ ਦੀ ਉਹ ਕਰੜੀ ਆਲੋਚਨਾ ਤੇ ਨਿਖੇਧੀ ਕਰਦੇ ਹਨ। ਕਰਮ ਕਾਂਡ ਨੂੰ ਨਿੰਦਦੇ ਹਨ। ਫੋਕੇ ਕਰਮਾਂ ਤੇ ਹੰਕਾਰ ਵਿਚ ਕੀਤੇ ਪਾਪਾਂ ਤੇ ਉਪੱਦਰਾਂ ਦੇ ਸਖ਼ਤ ਵਿਰੋਧੀ ਹਨ। ਗਿਆਨ ਬਿਬੇਕ ਤੇ ਤਰਕ ਵਿਚ ਕਬੀਰ ਜੀ ਸਭ ਭਗਤਾਂ ਵਿਚੋਂ ਅਦੁਤੀ ਤੇ ਵਿਸ਼ੇਸ਼ ਹਨ। ਵਿਅੰਗ ਦਾ ਹਥਿਆਰ ਵੀ ਬੜੇ ਜੋਸ਼ ਨਾਲ ਵਰਤਦੇ ਹਨ। ਭਗਤੀ ਮਾਰਗ ਦੀਆਂ ਡੂੰਘੀਆਂ ਰਮਜ਼ਾਂ ਤੇ ਰਹੱਸਵਾਦੀ ਨੁਕਤੇ ਬਿਆਨ ਕਰਨ ਵਿਚ ਵੀ ਉਹ ਸਭ ਤੋਂ ਪ੍ਰਬੀਨ ਹਨ। ਡਾ. ਸੁਰਿੰਦਰ ਸਿੰਘ ਕੋਹਲੀ ਨੇ ਉਨ੍ਹਾਂ ਨੂੰ ਭਾਰਤੀ ਰਹੱਸਵਾਦ ਦਾ ਸ਼ਰੋਮਣੀ ਕਵੀ ਮੰਨਿਆ ਹੈ। ਉਨ੍ਹਾਂ ਦੀ ਬਹੁਤੀ ਬਾਣੀ ਰਮਜ਼ਾਂ, ਚਿੰਨ੍ਹਾਂ ਤੇ ਗੋਹਜ ਰੂਪਕਾਂ ਨਾਲ ਭਰੀ ਪਈ ਹੈ। ਇਨ੍ਹਾਂ ਸਭ ਵਿਚਾਰਾਂ ਤੇ ਕਾਵਿ-ਰੁਚੀਆਂ ਦੇ ਉਦਾਹਰਨ ਉਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਵਿਚੋਂ ਅਣਗਿਣਤ ਮਿਲ ਜਾਂਦੇ ਹਨ।

ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਾਦਸ਼ਾਹ ਅਕਬਰ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਣੀ ਸੁਨਣ ਲਈ ਇੱਛਾ ਪ੍ਰਗਟ ਕੀਤੀ ਤਾਂ ਕਬੀਰ ਜੀ ਦਾ ਇਹ ਅਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁੰਦਰ ਅਤੇ ਮਨੋਹਰ ਸ਼ਬਦ ਨਿਕਲਿਆ—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ 1 ॥
ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ ॥ 1 ॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥ 2 ॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ 3 ॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥ 4 ॥

(ਪ੍ਰਭਾਤੀ)

ਇਕੋ ਰੱਬ ਦੇ ਨੂਰ ਵਿਚੋਂ ਉਪਜੇ, ਇਕੋ ਮਿਟੀ ਦੇ ਸਾਜੇ ਸਭ ਬੰਦੇ ਉਚੇ ਨੀਵੇਂ, ਬ੍ਰਾਹਮਣ ਸ਼ੂਦਰ ਕਿਵੇਂ ਬਣ ਗਏ ? ਕਬੀਰ ਜੀ ਇਹ ਅਣਹੋਣੇ ਵਿਤਕਰੇ ਨਹੀਂ ਮੰਨਦੇ। ਬ੍ਰਾਹਮਣ ਵੀ ਇਸਤ੍ਰੀ ਵਿਚੋਂ ਜੰਮਿਆ, ਫਿਰ ਦੂਜਿਆਂ ਨਾਲੋਂ ਕਿਵੇਂ ਵੱਡਾ ਹੋ ਗਿਆ ? ਕਬੀਰ ਜੀ ਤਿੱਖੇ ਸ਼ਬਦਾਂ ਵਿਚ ਤਰਕ ਉਠਾਂਦੇ ਹਨ—

ਜੋ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਹੇ ਨਹੀ ਆਇਆ ॥

ਇਕ ਹੋਰ ਸ਼ਬਦ ਵਿਚ ਫ਼ੁਰਮਾਉਂਦੇ ਹਨ—

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥
ਹਮ ਕਤ ਲੋਹੁ ਤੁਮ ਕਤ ਦੂਧ ॥

ਰੱਬ ਦੀ ਅਗੰਮੀ ਸਚਾਈ ਉੱਤੇ ਪਾਏ ਹੋਏ ਪਰਦੇ ਤੇ ਭੁਲੇਖੇ ਦੂਰ ਕਰਨਾ ਕਬੀਰ ਜੀ ਦਾ ਵੱਡਾ ਉਦੇਸ਼ ਸੀ। ਹੰਕਾਰੀ ਮੁੱਲਾਂ ਦਾ ਮਾਣ ਵੀ ਚੰਗੀ ਤਰ੍ਹਾਂ ਤੋੜਿਆ ਹੈ :—

ਰਾਗ ਭੈਰਉ :

ਸੋ ਮੁਲਾਂ ਜੋ ਮਨ ਸਿਉ ਲਰੈ ॥
ਗੁਰ ਉਪਦੇਸਿ ਕਾਲ ਸਿਉ ਜੁਰੈ ॥
ਕਾਲ ਪੁਰਖ ਕਾ ਮਰਦੈ ਮਾਨੁ ॥
ਤਿਸੁ ਮੁਲਾ ਕਉ ਸਦਾ ਸਲਾਮੁ ॥
... ... ...
ਦਿਲ ਮਹਿ ਕਪਟੁ ਨਿਵਾਜ ਗੁਜਾਰੈ ॥
ਕਿਆ ਹਜ ਕਾਬੈ ਜਾਏ ॥

(ਪ੍ਰਭਾਤੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਬੀਰ ਜੀ ਦਾ ਦੋਹਰਾ ਉਦੇਸ਼ ਸੀ। ਇਕ ਪਾਸੇ ਲੋਕਾਂ ਨੂੰ ਕੁਬੁੱਧ ਤੇ ਫੋਕਟ ਕਰਮਾਂ ਤੋਂ ਹਟਾਣਾ, ਵਹਿਮਾਂ ਭਰਮਾਂ ਚੋਂ ਕਢਣਾ, ਬ੍ਰਹਮਣ ਮੁੱਲਾਂ ਦੇ ਕਪਟ ਜਾਲ ਵਿਚੋਂ ਛੁਡਾਣਾ। ਦੂਜੇ ਪਾਸੇ ਰੱਬ ਦਾ ਨਾਮ ਜਪਣ ਦੀ ਪ੍ਰਬਲ ਪ੍ਰੇਰਨਾ ਕਰਨਾ। ਮਨੁੱਖ ਨੂੰ ਸੰਬੋਧਨ ਕਰਕੇ ਕਹਿੰਦੇ ਹਨ, ਕਿਉਂ ਤੂੰ ਨਾਮ ਨਹੀਂ ਜਪਦਾ, ਮੂਰਖ ਗਵਾਰ ਬਣ ਕੇ ਹੀ ਜੀਵਨ ਬਿਤਾ ਰਿਹਾ ਹੈਂ, ਹੋਰ ਕੰਮ ਛੱਡ ਕੇ ਇਕੋ ਕੰਮ ਕਰ ਜੋ ਕਰਨਾ ਹੈ :

ਕਿਆ ਪੜੀਐ ਕਿਆ ਗੁਨੀਐ ॥
ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥
ਜਉ ਸਹਜ ਨ ਮਿਲਿਓ ਸੋਈ ॥
ਹਰਿ ਕਾ ਨਾਮੁ ਨ ਜਪਸਿ ਗਵਾਰਾ ॥
ਕਿਆ ਸੋਚਹਿ ਬਾਰੰਬਾਰਾ ॥

(ਰਾਗ ਸੋਰਠਿ)

ਹੇ ਮਨੁੱਖ! ਕਿਉਂ ਵਾਧੂ ਸੋਚਾਂ ਵਿਚ ਆਯੂ ਗਵਾ ਰਿਹਾ ਹੈਂ, ਉੱਠ ਸਵੇਰੇ ਨਾਮ ਜਪੁ :

7821

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸਤੁ ਦਾਰਾ ਪਹਿ ਆਨਿ ਲੁਟਾਵੈ ॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥
ਛਿਨ ਛਿਨੁ ਤਨੁ ਛੀਜੈ ਜਰਾ ਜੇਨਾਵੈ ॥
ਤਾ ਕੀ ਔਖਧਿ ਕੋਈ ਪਾਨੀਓ ਨ ਪਾਵੈ ॥
ਕਹਤੁ ਕਬੀਰੁ ਕੋਈ ਨਹੀ ਤੇਰਾ ॥
ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥

ਕਬੀਰ ਜੀ ਮਨੁੱਖ ਨੂੰ ਉਚੇਰੇ ਕਰਮਾਂ ਦੀ, ਬੀਰਤਾ ਤੇ ਕੁਰਬਾਨੀ ਦੀ ਪ੍ਰੇਰਨਾ ਵੀ ਇਨ੍ਹਾਂ ਪ੍ਰਸਿੱਧ ਤੁਕਾਂ ਰਾਹੀਂ ਕਰਦੇ ਹਨ :—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

ਕਬੀਰ ਜੀ ਦੀ ਰਮਜ਼ਾਂ ਭਰੀ, ਰਹੱਸਵਾਦੀ ਕਵਿਤਾ ਆਪਣੇ ਕਠਿਨ ਵਿਚਾਰਾਂ ਅਤੇ ਉੱਚੇ ਸਾਹਿਤਕ ਪੱਧਰ ਦੇ ਕਾਰਨ ਬਹੁਤ ਦੁਰਗਮ ਤੇ ਵਿਆਖਿਆ ਦੀ ਮੰਗ ਕਰਨ ਵਾਲੀ ਹੈ। ਇਸ ਲਈ ਏਥੇ ਉਸ ਦਾ ਉਲੇਖ ਥੋੜੇ ਆਕਾਰ ਵਿਚ ਸੰਭਵ ਨਹੀਂ। ਉਹ ਵੱਖਰੇ ਤੇ ਦੀਰਘ ਵਿਚਾਰ-ਅਧਿਐਨ ਦਾ ਵਿਸ਼ਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession
Class No.
Date
Tag etc.
Checked
Any Date
22/4/13

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar